PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

5th - 12th September 2024 • Issue No. 3046

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

IMMIGRATION ADVICE BUREAU

SPECIALISTS ESTD 1989

FOR FREE INITIAL ADVICE

Contact: S.S.RAI

ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫ਼ੋਨ ਕਰੋ!



Tel: 020 8571 6680

India:+91-181 5086389

## ਕਪੂਰਥਲਾ ਰਿਆਸਤ ਦੇ ਮਹਾਰਾਜਾ ਰਣਧੀਰ ਸਿੰਘ ਆਹਲੂਵਾਲੀਆ ਦੀ ਧੀ, ਸ਼ਹਿਜ਼ਾਦੀ ਹੇਲਨ ਰਣਧੀਰ ਸਿੰਘ ਆਹਲੂਵਾਲੀਆ ਦੀ ਯਾਦ ਵਿੱਚ ਇੰਗਲੈਂਡ ਦੇ ਸਿੱਖਾਂ ਵੱਲੋਂ ਬ੍ਰੈਂਟਵੁੱਡ ਬਾਰੋ ਕੌਂਸਲ ਦੇ ਸਹਿਯੋਗ ਨਾਲ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤਾ ਗਿਆ

ਇਸੈਕਸ ਕਲਚਰਲ ਡਾਈਵਰਸਿਟੀ ਪ੍ਰੋਜੈਕਟ ਦੁਆਰਾ ਆਯੋਜਿਤ ਪ੍ਰੋਗਰਾਮ ਦੌਰਾਨ, ਗ੍ਰੇਵਜ਼ੈਂਡ, ਗਰੇਸ, ਈਸਟ ਲੰਡਨ ਆਦਿ ਤੋਂ ਪਤਵੰਤਿਆਂ ਨੇ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ।

ਸ਼ਹਿਜ਼ਾਦੀ ਹੇਲਨ ਰਣਧੀਰ ਸਿੰਘ ਆਹਲੂਵਾਲੀਆ ਅਕਤੂਬਰ 1887 ਨੂੰ ਬਹੁਤ ਛੋਟੀ ਕੇਵਲ 23 ਸਾਲ ਦੀ ਉਮਰ ਵਿੱਚ ਹੀ ਲੰਡਨ ਵਿਖੇ ਇਸ ਸੰਸਾਰ ਨੂੰ ਅਲਵਿਦਾ ਆਖ ਗਈ ਸੀ।


























ਖ਼ਬਰ ਅੰਦਰ ਦੇਖੋ



# ਸ਼ਹੀਦ ਭਾਈ ਅਮਰੀਕ ਸਿੰਘ ਦੇ ਪਰਿਵਾਰ ਦਾ ਸਿੰਘ ਸਭਾ ਡਰਬੀ ਅਤੇ ਸਿੱਖ ਅਜਾਇਬਘਰ ਵੱਲੋਂ ਮਾਣ ਸਨਮਾਨ





ਡਰਬੀ (ਪੰਜਾਬ ਟਾਈਮਜ਼) – ਸਿੱਖ ਸੰਘਰਸ਼ ਦੇ ਰੂਹ–ਏ–ਰਵਾਂ, ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਸ਼ਹੀਦ ਭਾਈ ਅਮਰੀਕ ਸਿੰਘ ਜੀ ਦੀ ਸਿੰਘਣੀ ਬੀਬੀ ਹਰਮੀਤ ਕੌਰ ਜੀ ਅਤੇ ਉਹਨਾਂ ਦੇ ਪੁੱਤਰ ਭਾਈ ਤਰਲੋਚਨ ਸਿੰਘ ਅਤੇ ਬੇਟੀ ਬੀਬੀ ਸਤਵੰਤ ਕੌਰ ਵਿਸ਼ੇਸ਼ ਤੌਰ ਤੇ ਇਥੇ ਸ੍ਰੀ ਗੁਰੂ ਸਿੰਘ ਸਭਾ ਵਿਖੇ ਸਿੱਖ ਅਜਾਇਬ ਘਰ ਦੇ ਦਰਸ਼ਨ ਕਰਨ ਲਈ ਪਹੁੰਚੇ। ਇਥੇ ਉਹਨਾਂ ਦਾ ਗੁਰਦੁਆਰਾ ਸਾਹਿਬ ਦੇ ਸੇਵਾਦਾਰਾਂ, ਭਾਈ ਰਾਜਿੰਦਰ ਸਿੰਘ ਚੇਅਰਮੈਨ ਸਿੱਖ ਅਜਾਇਬਘਰ ਅਤੇ ਸਿੰਘ ਸਭਾ ਦੇ ਪ੍ਰਧਾਨ ਸ: ਰਘਬੀਰ ਸਿੰਘ ਅਤੇ ਅਜਾਇਬਘਰ ਦੀ ਟੀਮ ਤੇ ਡਰਬੀ ਦੀਆਂ ਸੰਗਤਾਂ ਵੱਲੋਂ ਨਿੱਘਾ ਸਵਾਗਤ ਕੀਤਾ ਅਤੇ ਗੁਰੂ ਘਰ ਵੱਲੋਂ ਸ਼ਹੀਦਾਂ ਦੇ ਪਰਿਵਾਰ ਨੂੰ ਸਿਰੋਪਾਓ ਦੇ ਕੇ ਮਾਣ ਸਨਮਾਨ ਕੀਤਾ ਗਿਆ।

ਬੀਤੇ ਹਫ਼ਤੇ ਸ਼ਨਿੱਚਰਵਾਰ ਨੂੰ ਇਥੇ ਪਹੁੰਚੇ ਬੀਬੀ ਹਰਮੀਤ ਕੌਰ ਅਤੇ ਉਹਨਾਂ ਦੇ ਪਰਿਵਾਰ ਨੇ ਅਜਾਇਬਘਰ ਦੇ ਦਰਸ਼ਨ ਕਰਨ ਉਪਰੰਤ ਗੁਰੂ ਘਰ ਅਤੇ ਅਜਾਇਬਘਰ ਦੇ ਸੇਵਾਦਾਰਾਂ ਦੀ ਭਰਪੂਰ ਸ਼ਲਾਘਾ ਕੀਤੀ। ਉਹਨਾਂ ਨੇ 1984 ਘੱਲੂਘਾਰੇ ਸਬੰਧੀ 40 ਸਾਲਾ ਪ੍ਰਦਰਸ਼ਨੀ, ਸਿੱਖ ਰੈਫਰੈਂਸ ਲਾਇਬ੍ਰੇਰੀ ਅਤੇ ਸ਼ਹੀਦੀ ਯਾਦਗਾਰ ਦੇ ਵੀ ਦਰਸ਼ਨ ਕੀਤੇ। ਉਪਰੰਤ ਉਹਨਾਂ ਕਿਹਾ ਕਿ ਹੋਰ ਵੀ ਗੁਰੂ ਘਰਾਂ ਨੂੰ ਸਿੰਘ ਸਭਾ ਡਰਬੀ ਵਾਂਗ ਪੰਥ ਲਈ ਇਹੋ ਜਿਹੇ ਕਾਰਜ ਕਰਨੇ ਚਾਹੀਦੇ ਹਨ, ਜਿੱਥੋਂ ਆਉਣ ਵਾਲੀਆਂ ਨਸਲਾਂ ਨੂੰ ਸਿੱਖਾਂ ਬਾਰੇ ਸਹੀ ਜਾਣਕਾਰੀ ਮਿਲੇ। ਇਸ ਮੌਕੇ ਭਾਈ ਮਨਪ੍ਰੀਤ ਸਿੰਘ ਅਤੇ ਅਜਾਇਬਘਰ ਦੀ ਟੀਮ ਵੱਲੋਂ ਇਥੇ ਪਈਆਂ ਵਸਤਾਂ ਬਾਰੇ ਉਹਨਾਂ ਨੂੰ ਸਾਰੀ ਜਾਣਕਾਰੀ ਮੁਹੱਈਆ ਕੀਤੀ ਗਈ। ਇਸ ਮੌਕੇ ਹੋਰ ਮਹਿਮਾਨਾਂ ਸਮੇਤ ਭਾਈ ਜੋਗਾ ਸਿੰਘ, ਪ੍ਰੋ: ਦਲਜੀਤ ਸਿੰਘ ਵਿਰਕ, ਭਾਈ ਜੁਝਾਰ ਸਿੰਘ, ਭਾਈ ਪਿਆਰਾ ਸਿੰਘ, ਭਾਈ ਬਲਿਹਾਰ ਸਿੰਘ, ਸ: ਹਰਦਿਆਲ ਸਿੰਘ ਧਮੜੈਤ, ਸ: ਅਮਰਜੀਤ ਸਿੰਘ ਤੂਰ, ਸ: ਕੁਲਬੀਰ ਸਿੰਘ, ਸ: ਰਣਜੀਤ ਸਿੰਘ ਅਤੇ ਹੋਰ ਬਹੁਤ ਸਾਰੇ ਨੌਜਵਾਨ ਹਾਜ਼ਰ ਸਨ। ਇਸ ਮੌਕੇ ਸ਼ਹੀਦ ਭਾਈ ਅਮਰੀਕ ਸਿੰਘ ਦਾ ਇੱਕ ਚਿੱਤਰ ਸ਼ਹੀਦ ਦੇ ਪਰਿਵਾਰ ਨੂੰ ਅਜਾਇਬਘਰ ਵੱਲੋਂ ਭੇਟ ਕੀਤਾ ਗਿਆ।



ਸ਼ਹੀਦੀ ਯਾਦਗਾਰ ਦੇ ਸਾਹਮਣੇ ਸ਼ਹੀਦ ਭਾਈ ਅਮਰੀਕ ਸਿੰਘ ਦੇ ਪਰਿਵਾਰ ਨਾਲ ਯੂ ਕੇ ਦੀਆਂ ਸੰਗਤਾਂ ਅਤੇ ਸ਼ਹੀਦ ਭਾਈ ਅਮਰੀਕ ਸਿੰਘ ਦੀ ਤਸਵੀਰ ਉਹਨਾਂ ਦੇ ਪਰਿਵਾਰ ਨੂੰ ਭੇਟ ਕਰਦੇ ਹੋਏ

# ਬਾਬਾ ਬਲਬੀਰ ਸਿੰਘ ਸੀਚੇਵਾਲ ਨੇ ਇੰਗਲੈਂਡ ਦੇ ਵਿਰਾਸਤੀ ਸਿੱਖ ਅਜਾਇਬ ਘਰ ਦੇ ਕੀਤੇ ਦਰਸ਼ਨ

## ਪ੍ਰਵਾਸੀ ਪੰਜਾਬੀ ਸਿੱਖ ਸਮਾਜ ਭਲਾਈ ਦੇ ਕੰਮਾਂ ਵਿੱਚ ਨਿਭਾਅ ਰਹੇ ਹਨ ਵੱਡੀ ਭੂਮਿਕਾ: ਸੰਤ ਸੀਚੇਵਾਲ



ਬਾਬਾ ਬਲਬੀਰ ਸਿੰਘ ਸੀਚੇਵਾਲ ਹੋਰਾਂ ਦਾ ਸਨਮਾਨ ਕਰਦੇ ਹੋਏ ਗੁਰੂਘਰ ਅਤੇ ਅਜਾਇਬ ਘਰ ਦੇ ਸੇਵਾਦਾਰ

ਡਰਬੀ – (ਪੰਜਾਬ ਟਾਈਮਜ਼) ਬੀਤੇ ਦਿਨੀਂ ਇੰਗਲੈਂਡ ਦੀ ਯਾਤਰਾ 'ਤੇ ਆਏ ਵਾਤਾਵਰਣ ਪ੍ਰੇਮੀ ਬਾਬਾ ਬਲਬੀਰ ਸਿੰਘ ਸੀਚੇਵਾਲ ਦਾ ਡਰਬੀ ਅਤੇ ਬਰਮਿੰਘਮ ਦੇ ਗੁਰੂਘਰਾਂ ਵੱਲੋਂ ਸਨਮਾਨ ਕੀਤਾ ਗਿਆ। ਇੰਗਲੈਂਡ ਪਹੁੰਚਣ ਤੇ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਡਰਬੀ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਸਜਾਏ ਗਏ ਧਾਰਮਿਕ ਸਮਾਗਮ ਵਿੱਚ ਹਾਜ਼ਰੀ ਭਰਦਿਆਂ ਸੰਤ ਸੀਚੇਵਾਲ ਨੇ ਸੰਗਤਾਂ ਨਾਲ ਪ੍ਰਵਚਨਾਂ ਦੀ ਸਾਂਝ ਪਾਈ।

ਸੰਤ ਸੀਚੇਵਾਲ ਨੇ ਕਿਹਾ ਕਿ ਸਿੱਖ ਕੌਮ ਦਾ ਸਮੁੱਚਾ ਇਤਿਹਾਸ ਹੀ ਸ਼ਹਾਦਤਾਂ ਨਾਲ ਭਰਿਆ ਪਿਆ ਹੈ ਗੁਰਦੁਆਰਾ ਸਿੰਘ ਸਭਾ ਡਰਬੀ ਵੱਲੋਂ ਸਥਾਪਿਤ ਕੀਤੇ ਕੌਮੀ ਸਿੱਖ ਵਿਰਾਸਤ ਕੇਂਦਰ ਅਤੇ ਘੱਲੂਘਾਰਾ ਅਜਾਇਬ ਘਰ ਨੂੰ ਦੇਖਕੇ ਉਹ ਬਹੁਤ ਪ੍ਰਭਾਵਿਤ ਹੋਏ ਹਨ। ਉਹਨਾਂ ਸਿੱਖ ਇਤਿਹਾਸ ਤੇ ਉਸਦੀ ਵਿਰਸਾਤ ਨੂੰ ਸਾਂਭੀ ਬੈਠੇ ਇਸ ਅਜਾਇਬ ਘਰ ਦੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਇੰਗਲੈਂਡ ਦੇ ਇਸ ਕੌਮੀ ਅਜਾਇਬ ਘਰ ਵਿੱਚ ਸਿੱਖ ਰਾਜ ਦੇ ਸਮੇਂ ਦੇ ਸ਼ਸਤਰ ਅਤੇ ਤੋਪਾਂ ਵੀ ਮੌਜੂਦ ਹਨ। ਉਹਨਾਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੀ ਪ੍ਰੰਸ਼ਸਾ ਕਰਦਿਆਂ ਕਿਹਾ ਕਿ ਦੇਸ਼ ਤੇ ਵਿਦੇਸ਼ ਦੇ ਹਰ ਗੁਰੂ ਘਰ ਵਿੱਚ ਅਜਿਹੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਬੱਚਿਆਂ ਨੂੰ ਸਿੱਖ ਇਤਿਹਾਸ ਬਾਰੇ ਜਾਣਕਾਰੀ ਮਿਲ ਸਕੇ। ਇਸ ਦੌਰਾਨ ਉਹਨਾਂ ਇਥੇ ਬਗੀਚੀ ਵਿੱਚ ਇੱਕ ਬੂਟਾ ਵੀ ਲਾਇਆ। ਇਸ ਦੌਰਾਨ ਸ: ਗੁਰਪਾਲ ਸਿੰਘ ਨੇ ਅਜਾਇਬਘਰ ਅਤੇ ਸ਼ਹੀਦੀ ਯਾਦਗਾਰ ਸਬੰਧੀ ਜਾਣਕਾਰੀ ਦਿੱਤੀ। ਇਸ ਮੌਕੇ ਸ: ਰਾਜਿੰਦਰ ਸਿੰਘ ਪੁਰੇਵਾਲ ਚੇਅਰਮੈਨ ਸਿੱਖ ਅਜਾਇਬਘਰ, ਸਿੰਘ ਸਭਾ ਦੇ ਪ੍ਰਧਾਨ ਸ: ਰਘਬੀਰ ਸਿੰਘ, ਸ: ਕੁਲਬੀਰ ਸਿੰਘ, ਪ੍ਰਭਜੋਤ ਸਿੰਘ ਅਤੇ ਬਾਬਾ ਬਲਬੀਰ ਸਿੰਘ ਨਾਲ ਆਈਆਂ ਸੰਗਤਾਂ ਮੌਜੂਦ ਸਨ। ਯਾਦ ਰਹੇ ਉਹਨਾਂ ਨੇ ਸੰਗਤਾਂ ਨਾਲ ਮਿਲ ਕੇ ਸਤਿਗੁਰੂ ਨਾਨਕ ਦੇਵ ਜੀ ਦੀ ਚਰਨਛੋਹ ਪ੍ਰਾਪਤ ਪਵਿੱਤਰ ਕਾਲੀ ਵੇਈਂ ਨੂੰ ਪ੍ਰਦੂਸ਼ਣ ਮੁਕਤ ਕਰਵਾਉਣ ਲਈ ਕਾਫੀ ਉਦਮ ਕੀਤਾ ਸੀ ਜਿਸਦੀ ਚਰਚਾ ਪੂਰੇ ਵਿਸ਼ਵ ਵਿੱਚ ਹੋਈ।

ਇਸੇ ਤਰ੍ਹਾਂ ਗੁਰੂ ਨਾਨਕ ਸਤਿਸੰਗ ਗੁਰਦੁਆਰਾ ਵੁਲਵਰਹੈਂਪਟਨ (ਬਰਮਿੰਘਮ) ਵਿਖੇ ਸੰਗਤਾਂ ਵੱਲੋਂ ਸਜਾਏ ਗਏ ਧਾਰਮਿਕ ਦੀਵਾਨ ਵਿੱਚ ਹਾਜ਼ਰੀ ਭਰਦਿਆ ਸੰਤ ਸੀਚੇਵਾਲ ਵੱਲੋਂ ਸੰਗਤਾਂ ਨੂੰ ਅੰਮ੍ਰਿਤ ਵੇਲੇ ਉੱਠਣ ਦੇ ਮੰਤਵ ਤੇ ਸਿਮਰਨ ਕਰਨ ਦੇ ਮਹੱਤਵ ਬਾਰੇ ਦੱਸਿਆ ਗਿਆ। ਉਹਨਾਂ ਯੂ ਕੇ ਦੀਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਜਿੱਥੇ ਵੀ ਰਹਿੰਦੇ ਹਨ ਉਥੇ ਵੱਧ ਤੋਂ ਵੱਧ ਰੁੱਖ ਤੇ ਬੂਟੇ ਲਗਾਉਣ।

# ਅਕਾਲ ਤਖਤ ਸਾਹਿਬ ਵਲੋਂ ਵਰਤੇ ਗਏ ਗੁਨਾਹਗਾਰ ਵਰਗੇ ਘਾਤਕ ਸ਼ਬਦ ਸੁਖਬੀਰ ਲਈ ਮੁਸੀਬਤ ਪੈਦਾ ਕਰਨਗੇ

ਵਿਸ਼ੇਸ਼ ਰਿਪੋਟ

- ਤਨਖਾਹੀਆ ਦੇਣ ਦੇ ਅਗਲੇ ਦਿਨ ਸੁਖਬੀਰ ਬਾਦਲ, ਸਾਬਕਾ ਮੰਤਰੀਆਂ ਸਮੇਤ ਅਕਾਲ ਤਖਤ ਪਹੁੰਚੇ
- ਸੁਖਬੀਰ ਬਾਦਲ ਮਾਮਲਾ ਜਲਦ ਨਿਪਟਾਉਣ ਦੇ ਹੱਕ ਵਿਚ ਤਾਂ ਜੋ ਅਗਲੀ ਰਣਨੀਤੀ ਘੜੀ ਜਾ ਸਕੇ





ਅਕਾਲ ਤਖ਼ਤ ਵਿਖੇ ਪੰਜ ਸਿੰਘ ਸਾਹਿਬਾਨਾਂ ਵੱਲੋਂ ਬੀਤੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ 2007 ਤੋਂ 2017 ਤੱਕ ਹੋਈਆਂ ਗ਼ਲਤੀਆਂ ਲਈ 'ਤਨਖਾਹੀਆ' ਕਰਾਰ ਦੇਣ ਕਾਰਣ ਸੁਖਬੀਰ ਸਿੰਘ ਬਾਦਲ ਦੇ ਦੋਸ਼ਾਂ ਦਾ ਪੱਧਰ ਅਕਾਲ ਤਖ਼ਤ ਸਾਹਿਬ ਦੇ ਫੈਸਲੇ ਕਾਰਣ ਕਿਤੇ ਵੱਧ ਗਿਆ ਹੈ। ਯਾਦ ਰਹੇ ਕਿ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਬੋਲਦਿਆਂ ਕਿਹਾ ਸੀ ਕਿ ਪੰਜ ਸਿੰਘ ਸਾਹਿਬਾਨਾਂ ਦੀ ਸਰਬਸੰਮਤੀ ਨਾਲ ਫ਼ੈਸਲਾ ਹੋਇਆ ਸੀ ਕਿ ਸੁਖਬੀਰ ਬਾਦਲ ਨੇ ਪੰਜਾਬ ਦੇ ਡਿਪਟੀ ਮੁੱਖ ਮੰਤਰੀ ਹੁੰਦਿਆਂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਹੁੰਦਿਆ ਹੋਇਆਂ ਕੁਝ ਅਜਿਹੇ ਫ਼ੈਸਲੇ ਲਏ ਜਿਸ ਨਾਲ ਪੰਥਕ ਸਰੂਪ ਦੇ ਅਕਸ ਤੇ ਅਕਾਲੀ ਦਲ ਨੂੰ ਭਾਰੀ ਢਾਹ ਲੱਗੀ ਹੈ। ਇਸ ਨਾਲ ਸਿੱਖ ਹਿੱਤਾਂ ਦਾ ਭਾਰੀ ਨੁਕਸਾਨ ਹੋਇਆ ਇਸ ਲਈ 2007 ਤੋਂ 2017 ਤੱਕ ਸਰਕਾਰ ਵਿੱਚ ਮੌਜੂਦ ਰਹੇ ਸੁਖਬੀਰ ਸਿੰਘ ਬਾਦਲ ਦੇ ਭਾਈਵਾਲ ਸਿੱਖ ਕੈਬਨਿਟ ਮੰਤਰੀ ਇਸ ਸਬੰਧੀ ਆਪਣਾ ਸਪੱਸ਼ਟੀਕਰਨ 15 ਦਿਨਾਂ ਦੇ ਅੰਦਰ-ਅੰਦਰ ਨਿੱਜੀ ਰੂਪ ਵਿੱਚ ਪੇਸ਼ ਹੋ ਕੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਦੇਣ।"



ਉਨ੍ਹਾਂ ਨੇ ਕਿਹਾ ਸੀ ਕਿ ਸੁਖਬੀਰ ਸਿੰਘ ਬਾਦਲ ਜਿੰਨਾ ਚਿਰ ਇੱਕ ਨਿਮਾਣੇ ਸਿੱਖ ਦੀ ਤਰ੍ਹਾਂ ਸ੍ਰੀ ਅਕਾਲ ਤਖ਼ਤ ਸਾਹਿਬ ਉੱਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿੱਖ ਸੰਗਤ ਅਤੇ ਪੰਜ ਸਿੰਘ ਸਾਹਿਬਾਨਾਂ ਦੀ ਹਾਜ਼ਰੀ ਵਿੱਚ ਆਪਣੇ ਕੀਤੇ ਹੋਏ ਗੁਨਾਹਾਂ ਦੀ ਮੁਆਫ਼ੀ ਨਹੀਂ ਮੰਗਦਾ, ਓਨਾ ਚਿਰ ਉਨ੍ਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਤਨਖਾਹੀਆ ਘੋਸ਼ਿਤ ਕੀਤਾ ਜਾਂਦਾ ਹੈ।"

ਸੋ ਪੰਜ ਸਿੰਘ ਸਾਹਿਬਾਨਾਂ ਵਲੋਂ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸੂਬਾਈ ਕੈਬਨਿਟ 'ਤੇ ਸਮੂਹਿਕ ਜ਼ਿੰਮੇਵਾਰੀ ਪਾਉਣ ਦਾ ਐਲਾਨ ਨਾ ਸਿਰਫ਼ ਸਿੰਘ ਸਾਹਿਬਾਨਾਂ ਲਈ ਸਗੋਂ ਸਮੁੱਚੀ ਅਕਾਲੀ ਦਲ ਲੀਡਰਸ਼ਿਪ ਲਈ ਵੀ ਸਥਿਤੀ ਨੂੰ ਤਣਾਅਪੂਰਨ ਬਣਾ ਸਕਦਾ ਹੈ, ਜਦੋਂ ਕਿ ਪਹਿਲਾਂ ਹੀ ਗੁਰਤੇਜ ਸਿੰਘ ਆਈਏਐਸ ਦੀ ਅਗਵਾਈ ਵਿਚ ਕੁਝ ਸਿੱਖ ਜਥੇਬੰਦੀਆਂ ਤੇ ਬੁਧੀਜੀਵੀਆਂ ਵਲੋਂ ਅਕਾਲ ਤਖਤ ਸਾਹਿਬ ਨੂੰ ਇਸ ਬਾਰੇ ਬੇਨਤੀ ਪੱਤਰ ਦਿੱਤਾ ਜਾ ਚੁੱਕਾ ਹੈ ਕਿ ਦਸੰਬਰ 2011 ਵਿੱਚ ਅਕਾਲ ਤਖਤ ਸਾਹਿਬ ਤੋਂ ਗਿਆਨੀ ਗੁਰਬਚਨ ਸਿੰਘ ਤੇ ਹੋਰਨਾਂ ਵਲੋਂ ਪ੍ਰਕਾਸ਼ ਸਿੰਘ ਬਾਦਲ ਨੂੰ ਦਿਤੇ ਪੰਥ ਰਤਨ "ਫ਼ਖ਼ਰ-ਏ-ਕੌਮ" ਦਾ ਸਨਮਾਨ ਵਾਪਸ ਲਿਆ ਜਾਵੇ।

ਇਸ ਤੋਂ ਪਹਿਲਾਂ ਅਕਾਲ ਤਖ਼ਤ ਸਾਹਿਬ ਨੂੰ ਸੌਂਪੇ ਆਪਣੇ ਦੋਸ਼ਾਂ ਦੇ ਜਵਾਬ ਵਿੱਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਆਪਣੇ ਦੋਸ਼ਾਂ ਦਾ ਵੇਰਵਾ ਨਾ ਦੇਕੇ ਧਾਰਮਿਕ ਸਜ਼ਾ ਲਗਾਉਣ ਦੀ ਬੇਨਤੀ ਕੀਤੀ ਸੀ ਤਾਂ ਜੋ ਮਸਲਾ ਲਟਕੇ ਨਾ। ਇਹ ਗਲਤੀਆਂ ਲੁਕਾਈਆਂ ਗਈਆਂ ਸਨ, ਜਿਹਨਾਂ ਨੂੰ ਹੁਣ ਸਿੰਘ ਸਾਹਿਬਾਨ ਨੇ ਸਿਖ ਪੰਥ ਵਿਰੋਧੀ ਗੰਭੀਰ ਅਪਰਾਧ ਦਸਿਆ ਹੈ।

ਅਕਾਲ ਤਖਤ ਸਾਹਿਬ ਵਲੋਂ ਬਿਆਨ ਵਿੱਚ ਵਰਤੇ ਗਏ ਸ਼ਬਦ ਸੁਖਬੀਰ ਲਈ ਹੋਰ ਸਿਆਸੀ ਮੁਸੀਬਤ ਪੈਦਾ ਕਰ ਸਕਦੇ ਹਨ ਅਤੇ ਇਸ ਕਾਰਣ ਸੰਗਤਾਂ ਦਾ ਸਿੰਘ ਸਾਹਿਬਾਨਾਂ 'ਤੇ ਹੋਰ ਦਬਾਅ ਵਧ ਸਕਦਾ ਹੈ, ਜਿਸ ਦੀ ਮੰਗ ਕਈ ਸਿੱਖ ਜਥੇਬੰਦੀਆਂ, ਕਾਰਕੁਨਾਂ ਅਤੇ ਸੁਖਬੀਰ ਬਾਦਲ ਵਿਰੋਧੀ ਬੁਧੀਜੀਵੀ ਆਲੋਚਕਾਂ ਵੱਲੋਂ ਪਹਿਲਾਂ ਹੀ ਕੀਤੀ ਜਾ ਰਹੀ ਹੈ। ਪੰਜਾਂ ਸਿੰਘ ਸਾਹਿਬਾਨਾਂ ਨੇ ਆਪਣੇ ਫੈਸਲਿਆਂ' ਵਿਚ ਸੁਖਬੀਰ ਨੂੰ 'ਗੁਨਾਹਗਾਰ' ਕਿਹਾ ਹੈ ਅਤੇ ਅਕਾਲੀ ਦਲ ਨੂੰ ਕਮਜ਼ੋਰ ਕਰਨ ਦਾ ਦੋਸ਼ ਸੁਖਬੀਰ ਸਿੰਘ ਬਾਦਲ 'ਤੇ ਮੜ੍ਹਿਆ ਹੈ।ਅਕਾਲ ਤਖਤ ਸਾਹਿਬ ਤੋਂ ਇਹ ਐਲਾਨ ਸੁਖਬੀਰ ਸਿੰਘ ਬਾਦਲ ਦੇ ਆਲੋਚਕਾਂ ਨੂੰ ਵਡਾ ਮੌਕਾ ਦੇਵੇਗਾ ਅਤੇ ਪੰਥਕ ਰਾਜਨੀਤੀ ਵਿਚ ਵਡੀ ਉਥਲ ਪੁਥਲ ਪੈਦਾ ਕਰੇਗਾ।

ਦਰਅਸਲ 1 ਜੁਲਾਈ ਨੂੰ ਬਾਗ਼ੀ ਧੜੇ ਵਿੱਚ ਸ਼ਾਮਲ ਸੀਨੀਅਰ ਆਗੂ ਬੀਬੀ ਜਗੀਰ ਕੌਰ, ਪਰਮਿੰਦਰ ਸਿੰਘ ਢੀਂਡਸਾ, ਸੁਰਜੀਤ ਸਿੰਘ ਰੱਖੜਾ, ਪ੍ਰੇਮ ਸਿੰਘ ਚੰਦੂਮਾਜਰਾ, ਸਰਵਣ ਸਿੰਘ ਫਿਲੌਰ, ਸੁੱਚਾ ਸਿੰਘ ਛੋਟੇਪੁਰ, ਭਾਈ ਮਨਜੀਤ ਸਿੰਘ ਤੇ ਹੋਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੇਸ਼ ਹੋਏ ਸਨ। ਉਨ੍ਹਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਮਿਲ ਕੇ ਲਿਖਤੀ ਤੌਰ 'ਤੇ ਮੰਨਿਆ ਸੀ ਕਿ ਉਹ 2007 ਤੋਂ 2017 ਤੱਕ ਪੰਜਾਬ 'ਤੇ ਰਾਜ ਕਰਨ ਵੇਲੇ ਅਕਾਲੀ ਦਲ ਦੇ ਧਾਰਮਿਕ ਅਪਰਾਧਾਂ ਵਿੱਚ ਸ਼ਾਮਲ ਸਨ। ਉਨ੍ਹਾਂ ਨੇ ਆਪਣੇ ਕੰਮਾਂ ਲਈ ਪਛਤਾਵਾ ਪ੍ਰਗਟ ਕੀਤਾ ਅਤੇ ਧਾਰਮਿਕ ਮਾਫੀ ਦੀ ਮੰਗ ਕੀਤੀ।

ਬਾਕੀ ਹਿਸਾ ਸਫਾ 49 ਤੇ ਪੜ੍ਹੋ

## ਕੀ ਹੁੰਦਾ ਹੈ ਤਨਖਾਹੀਆ

"ਸਿੱਖ ਧਰਮ ਵਿੱਚ ਤਨਖ਼ਾਹ ਧਾਰਮਿਕ ਸਜ਼ਾ ਨੂੰ ਕਿਹਾ ਜਾਂਦਾ ਹੈ। ਇਹ ਸਜ਼ਾ ਜਾਣੇ ਅਣਜਾਣੇ ਵਿਚ ਧਾਰਮਿਕ ਗਲਤੀਆਂ ਤੇ ਦੋਸ਼ਾਂ ਕਾਰਣ ਅਕਾਲ ਤਖਤ ਸਾਹਿਬ ਤੋਂ ਸੁਣਾਈ ਜਾਂਦੀ ਹੈ। ਇਹ ਇੱਕ ਨੈਤਿਕ ਸਜ਼ਾ ਹੈ, ਇਸ ਦਾ ਅਰਥ ਹੈ ਜਿਸ ਸਿਖ ਨੂੰ ਤਨਖ਼ਾਹ ਲਗਾਈ ਜਾਂਦੀ ਹੈ ਸਿੱਖ ਪੰਥ ਵਿੱਚ ਉਸ ਦਾ ਮਿਆਰ ਥੱਲੇ ਡਿੱਗ ਜਾਂਦਾ ਹੈ।"

2 ਸਤੰਬਰ 1984 ਨੂੰ ਗਿਆਨੀ ਕਿਰਪਾਲ ਸਿੰਘ ਸਮੇਤ ਪੰਜ ਸਿੰਘ ਸਾਹਿਬਾਨਾਂ ਦੇ ਦਸਤਖ਼ਤਾਂ ਹੇਠ ਜਾਰੀ ਕੀਤੇ ਗਏ ਹੁਕਮਨਾਮੇ ਵਿੱਚ ਕਿਹਾ ਗਿਆ ਸੀ ਕਿ ਸਿੱਖ ਪਰੰਪਰਾਵਾਂ ਦੇ ਉਲਟ ਬੂਟਾ ਸਿੰਘ ਨੇ ਅਕਾਲ ਤਖਤ ਦੀ ਢੱਠੀ ਹੋਈ ਇਮਾਰਤ ਦੀ ਕਾਰ ਸੇਵਾ ਪੰਥ ਵਿੱਚੋਂ ਛੇਕੇ ਹੋਏ ਬੁੱਢਾ ਦਲ ਦੇ ਮੁਖੀ ਸੰਤਾ ਸਿੰਘ ਨੂੰ ਦਿੱਤੀ ਸੀ। ਇਸ ਹੁਕਮਨਾਮੇ ਵਿੱਚ ਕਿਹਾ ਗਿਆ ਸੀ ਕਿ ਬੂਟਾ ਸਿੰਘ ਨੇ ਭਾਰਤ ਦੇ ਗ੍ਰਹਿ ਮੰਤਰੀ ਹੁੰਦਿਆਂ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰਕੇ 'ਸਰਬੱਤ ਖਾਲਸਾ' ਦੇ ਨਾਂ ਹੇਠ ਇੱਕ ਇਕੱਠ ਸੱਦਿਆ ਸੀ, ਜੋ ਸਿੱਖ ਮਰਿਆਦਾ ਦੇ ਉਲਟ ਸੀ।

17 ਅਗਸਤ 1984 ਨੂੰ ਪੰਜ ਸਿੰਘ ਸਾਹਿਬਾਨਾਂ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਤੋਂ ਹੁਕਮਨਾਮਾ ਜਾਰੀ ਕਰਕੇ ਜਗਰਾਉਂ ਦੇ ਨਾਨਕਸਰ ਨਾਲ ਜੁੜੇ ਭਾਈ ਨਰਾਇਣ ਸਿੰਘ ਕਲੇਰਾਂ ਵਾਲੇ ਨੂੰ ਤਨਖਾਹੀਆ ਕਰਾਰ ਦਿੱਤਾ ਸੀ।

ਇਸੇ ਹੁਕਮਨਾਮੇ ਰਾਹੀਂ ਡੇਰਾ ਬਾਬਾ ਮਹਾਰਾਜ ਸਿੰਘ ਅੰਮ੍ਰਿਤਸਰ ਦੇ ਮੁਖੀ ਭਾਈ ਬਿਕਰਮਾਜੀਤ ਸਿੰਘ ਨੂੰ ਵੀ ਤਨਖਾਹੀਆ ਐਲਾਨਿਆ ਗਿਆ ਸੀ।

ਇਸੇ ਤਰ੍ਹਾਂ ਸਾਲ 1986 ਵਿੱਚ ਅੰਮ੍ਰਿਤਸਰ ਵਿਖੇ ਹੋਏ 'ਸਾਕਾ ਕਾਲੀ ਗਰਜ' ਅਧੀਨ ਦਰਬਾਰ ਸਾਹਿਬ ਵਿੱਚ ਪੁਲਿਸ ਭੇਜਣ ਨੂੰ ਲੈ ਕੇ ਤਤਕਾਲੀ ਮੁੱਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਨੂੰ ਤਨਖ਼ਾਹੀਆ ਕਰਾਰ ਦਿੱਤਾ ਗਿਆ ਸੀ।

ਇਸੇ ਕੜੀ ਤਹਿਤ 11 ਸਤੰਬਰ 1984 ਨੂੰ ਤੱਤਕਾਲੀ ਜਥੇਦਾਰ ਗਿਆਨੀ ਕਿਰਪਾਲ ਸਿੰਘ ਵੱਲੋਂ ਹੁਕਮਨਾਮਾ ਜਾਰੀ ਕਰਕੇ ਸੀਨੀਅਰ ਅਕਾਲੀ ਆਗੂ ਰਛਪਾਲ ਸਿੰਘ ਦਿੱਲੀ ਅਤੇ ਜਥੇਦਾਰ ਕਰਤਾਰ ਸਿੰਘ ਟੱਕਰ ਨੂੰ ਤਨਖ਼ਾਹੀਆ ਕਰਾਰ ਦਿੱਤਾ ਗਿਆ ਸੀ।

ਇਸ ਤੋਂ ਇਲਾਵਾ ਤਖਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਇਕਬਾਲ ਸਿੰਘ ਨੂੰ ਵੀ ਅਕਾਲ ਤਖਤ ਤੋਂ ਤਨਖਾਹੀਆ ਕਰਾਰ ਦਿੱਤਾ ਗਿਆ ਸੀ।

ਅਜਿਹੇ ਕੁਝ ਹੋਰ ਵੀ ਹੁਕਮਨਾਮੇ ਹਨ, ਜਿਨ੍ਹਾਂ ਰਾਹੀਂ ਕਈ ਸਿੱਖ ਆਗੂਆਂ ਨੂੰ ਤਨਖ਼ਾਹੀਆ ਕਰਾਰ ਦਿੱਤਾ ਗਿਆ ਹੈ ਤੇ ਜਾਂ ਫਿਰ ਪੰਥ ਵਿੱਚੋਂ ਛੇਕਿਆ ਗਿਆ ਸੀ।

# ਪੰਜਾਬ ਸਰਕਾਰ ਨੂੰ ਕਿਸਾਨਾਂ ਦੀ ਚਿਤਾਵਨੀ: ਜੇ ਮੰਗਾਂ ਨਾ ਮੰਨੀਆਂ ਤਾਂ ਮੋਰਚਾ ਅੱਗੇ ਵਧਾਇਆ ਜਾਵੇਗਾ

## ✪ ਕਿਸਾਨਾਂ ਦੇ ਘਰਾਂ ਵਿਚ ਐਨ ਆਈ ਛਾਪਿਆਂ ਦੀ ਨਿਖੇਧੀ

ਚੰਡੀਗੜ੍ਹ-ਪੰਜਾਬ ਵਿੱਚ ਕਿਸਾਨ, ਮਜ਼ਦੂਰ ਤੇ ਵਾਤਾਵਰਣ ਪੱਖੀ ਖੇਤੀ ਨੀਤੀ ਬਣਾਉਣ ਸਣੇ ਹੋਰਨਾਂ ਮੰਗਾਂ ਨੂੰ ਲੈ ਕੇ ਬੀਕੇਯੂ (ਏਕਤਾ ਉਗਰਾਹਾਂ) ਤੇ ਪੰਜਾਬ ਖੇਤ ਮਜ਼ਦੂਰ ਯੂਨੀਅਨ ਵੱਲੋਂ ਸ਼ੁਰੂ ਕੀਤਾ 'ਖੇਤੀ ਨੀਤੀ ਮੋਰਚਾ' ਤੀਜੇ ਦਿਨ ਵੀ ਜਾਰੀ ਰਿਹਾ। ਪੰਜਾਬ ਭਰ ਤੋਂ ਵੱਡੀ ਗਿਣਤੀ ਵਿੱਚ ਨੌਜਵਾਨਾਂ, ਬਜ਼ੁਰਗਾਂ ਤੇ ਬੀਬੀਆਂ ਦੇ ਵੱਡੇ-ਵੱਡੇ ਕਾਫਲੇ ਮੋਰਚੇ ਵਿੱਚ ਪਹੁੰਚੇ, ਜਿਨ੍ਹਾਂ ਨੇ ਕੇਂਦਰ ਤੇ ਸੂਬਾ ਸਰਕਾਰ ਦੇ ਕਿਸਾਨਾਂ ਤੇ ਮਜ਼ਦੂਰਾਂ ਵਿਰੋਧੀ ਰਵੱਈਏ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਤੇ ਆਪਣੀਆਂ ਮੰਗਾਂ ਦੁਹਰਾਈਆਂ।

ਕਿਸਾਨ ਆਗੂਆਂ ਨੇ ਐਲਾਨ ਕੀਤਾ ਕਿ ਜੇ 'ਆਪ' ਸਰਕਾਰ ਵੱਲੋਂ ਉਨ੍ਹਾਂ ਦੀਆਂ ਮੰਗਾਂ ਦਾ ਢੁਕਵਾਂ ਹੱਲ ਨਾ ਕੀਤਾ ਗਿਆ ਤਾਂ ਪੰਜ ਰੋਜ਼ਾ ਮੋਰਚੇ ਨੂੰ ਅੱਗੇ ਵਧਾਇਆ ਜਾਵੇਗਾ। ਆਗੂਆਂ ਨੇ ਕਿਹਾ ਕਿ ਪਿੰਡਾਂ ਵਿੱਚੋਂ ਸਰਕਾਰ ਚਲਾਉਣ ਦਾ ਦਾਅਵਾ ਕਰਨ ਵਾਲੇ ਸਿਆਸੀ ਆਗੂ ਅੱਜ ਕਿਸਾਨਾਂ ਦੀ ਗੱਲ ਸੁਣਨ ਤੋਂ ਵੀ ਭੱਜ ਗਏ ਹਨ। ਜਮਹੂਰੀ ਹੱਕਾਂ ਦੀ ਕਾਰਕੁਨ ਡਾ. ਨਵਸ਼ਰਨ ਨੇ ਕਿਹਾ ਕਿ ਸਮੇਂ ਦੀਆਂ ਸਰਕਾਰਾਂ ਨੇ ਖੇਤੀ ਖੇਤਰ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰ ਦਿੱਤਾ ਹੈ, ਜਿਸ ਕਰਕੇ ਕਿਸਾਨ ਕਰਜ਼ੇ ਦੇ ਬੋਝ ਹੇਠ ਖੁਦਕੁਸ਼ੀਆਂ ਕਰਨ ਲਈ ਮਜਬੂਰ ਹਨ। ਉਨ੍ਹਾਂ ਕਿਹਾ ਕਿ ਦੇਸ਼ ਦੇ ਲੋਕਾਂ ਦਾ ਢਿੱਡ ਭਰਨ ਵਾਲੇ ਕਿਸਾਨਾਂ ਦੇ ਜੀਵਨ ਨੂੰ ਸੁਖਾਲਾ ਬਣਾਉਣ ਲਈ ਕਿਸਾਨ, ਮਜ਼ਦੂਰ ਤੇ ਵਾਤਾਵਰਣ ਪੱਖੀ 'ਖੇਤੀ ਨੀਤੀ' ਬਣਾਉਣੀ ਚਾਹੀਦੀ ਹੈ। ਕਿਸਾਨਾਂ ਤੇ ਮਜ਼ਦੂਰਾਂ ਦੀ ਉਜਰਤ ਇਕ ਹਜ਼ਾਰ ਰੁਪਏ ਦਿਹਾੜੀ ਤੱਕ ਕੀਤੇ ਜਾਣ ਦਾ ਪ੍ਰਬੰਧ ਕੀਤਾ ਜਾਣਾ ਚਾਹੀਦਾ ਹੈ। ਇਸ ਮੌਕੇ ਬੀਕੇਯੂ (ਏਕਤਾ ਉਗਰਾਹਾਂ) ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ, ਨੇ ਦੋਸ਼ ਲਾਇਆ ਕਿ ਪਿੰਡਾਂ ਵਿੱਚੋਂ ਸਰਕਾਰ ਚਲਾਉਣ ਦਾ ਦਾਅਵਾ ਕਰਨ ਵਾਲੇ ਸਿਆਸੀ ਆਗੂ ਚੰਡੀਗੜ੍ਹ ਵਿੱਚ ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੇ ਕਿਸਾਨਾਂ ਦੀ ਗੱਲ ਸੁਣਨ ਤੋਂ ਵੀ ਭੱਜ ਗਏ ਹਨ। ਉਨ੍ਹਾਂ ਕਿਹਾ ਕਿ ਲੰਘੇ ਦਿਨ ਵਿਧਾਨ ਸਭਾ ਵੱਲ ਮਾਰਚ ਸਮੇਂ ਸਰਕਾਰ ਦਾ ਕੋਈ ਚੁਣਿਆ ਹੋਇਆ ਨੁਮਾਇੰਦਾ ਮੰਗ ਪੱਤਰ ਹਾਸਲ ਕਰਨ ਨੂੰ ਤਿਆਰ ਨਹੀਂ ਸੀ, ਸਗੋਂ ਜਥੇਬੰਦੀਆਂ ਦੇ ਸਖ਼ਤ ਇਤਰਾਜ਼ ਮਗਰੋਂ ਖੇਤੀਬਾੜੀ ਮੰਤਰੀ ਨੂੰ ਮੰਗ ਪੱਤਰ ਲੈਣ ਲਈ ਪਹੁੰਚਣਾ ਪਿਆ।

### ਐੱਨਆਈਏ ਦੇ ਛਾਪਿਆਂ ਦੀ ਨਿਖੇਧੀ

ਕਿਸਾਨਾਂ ਤੇ ਮਜ਼ਦੂਰਾਂ ਨੇ ਬੀਤੇ ਦਿਨੀਂ ਐੱਨਆਈਏ ਵੱਲੋਂ ਕਿਸਾਨ ਆਗੂ ਸੁਖਵਿੰਦਰ ਕੌਰ ਸਮੇਤ ਵਕੀਲਾਂ ਤੇ ਹੋਰ ਬੁੱਧੀਜੀਵੀਆਂ ਦੇ ਘਰਾਂ ਉੱਤੇ ਛਾਪੇ ਮਾਰਨ ਦੀ ਸਖ਼ਤ ਨਿਖੇਧੀ ਕੀਤੀ। ਭਾਜਪਾ ਉਮੀਦਵਾਰ ਹੰਸ ਰਾਜ ਹੰਸ ਦਾ ਜਮਹੂਰੀ ਢੰਗ ਨਾਲ ਵਿਰੋਧ ਕਰਨ ਦੀ ਬਦੌਲਤ ਕਿਸਾਨ ਆਗੂ ਰਾਜਿੰਦਰ ਸਿੰਘ ਦੀਪ ਸਿੰਘਵਾਲਾ ਸਮੇਤ ਹੋਰਨਾਂ ਆਗੂਆਂ ਦੇ ਵਰੰਟ ਜਾਰੀ ਕਰਨ ਦੀ ਨਿੰਦਾ ਕਰਦਿਆਂ ਕੇਸ ਵਾਪਸ ਲੈਣ ਦੀ ਮੰਗ ਕੀਤੀ ਗਈ। ਇਸ ਦੇ ਨਾਲ ਹੀ ਬੁੱਢੇ ਦਰਿਆ 'ਚ ਦੂਸ਼ਿਤ ਪਾਣੀ ਰੋਕਣ ਲਈ



ਸੰਘਰਸ਼ ਕਰਦੇ ਲੋਕਾਂ ਨੂੰ ਗ੍ਰਿਫ਼ਤਾਰ ਕੀਤੇ ਆਗੂਆਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ ਗਈ।

ਪੰਜਾਬ ਟਾਈਮਜ ਦਾ ਮੰਨਣਾ ਹੈ ਕਿ ਚਾਹੇ ਪੰਜਾਬ ਦੀਆਂ ਤਤਕਾਲੀ ਸਰਕਾਰਾਂ ਨੇ ਆਪੋ-ਆਪਣੇ ਢੰਗ ਨਾਲ ਖੇਤੀ ਦੇ ਖੇਤਰ ਵਿਚ ਪੇਸ਼ ਆਉਂਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਦਾ ਯਤਨ ਜ਼ਰੂਰ ਕੀਤਾ ਹੈ ਪਰ ਹਾਲੇ ਵੀ ਇਸ ਪਾਸੇ ਬਹੁਤ ਕੁਝ ਕਰਨਾ ਲੋੜੀਂਦਾ ਹੈ।

ਇਸ ਤੋਂ ਇਲਾਵਾ ਵਾਜਿਬ ਭਾਅ ਨਾ ਮਿਲਣ ਅਤੇ ਹੋਰ ਕਾਰਨਾਂ ਕਰਕੇ ਵੱਡੀ ਗਿਣਤੀ ਵਿਚ ਕਿਸਾਨ ਕਰਜ਼ਿਆਂ ਦੇ ਮੱਕੜਜਾਲ ਵਿਚ ਫਸਿਆ ਹੋਇਆ ਹੈ, ਜਿਥੋਂ ਨਿਕਲਣ ਦਾ ਉਸ ਨੂੰ ਕੋਈ ਰਾਹ ਦਿਖਾਈ ਨਹੀਂ ਦਿੰਦਾ। ਇਸੇ ਕਰਕੇ ਅਕਸਰ ਇਹ ਮੰਗ ਵੀ ਉੱਠਦੀ ਰਹਿੰਦੀ ਹੈ ਕਿ ਕਿਸਾਨਾਂ ਦੇ ਕਰਜ਼ੇ ਮੁਆਫ਼ ਕੀਤੇ ਜਾਣ। ਇਸ ਦੇ ਨਾਲ ਹੀ ਰਾਜ ਨੂੰ ਕਣਕ ਝੋਨੇ ਦੇ ਦੋ ਫ਼ਸਲੀ ਚੱਕਰ 'ਚੋਂ ਕੱਢਣ ਦੀ ਵੀ ਵੱਡੀ ਲੋੜ ਮਹਿਸੂਸ ਹੁੰਦੀ ਹੈ। ਇਹ ਤਦੇ ਹੀ ਸੰਭਵ ਹੋ ਸਕਦਾ ਹੈ, ਜੇਕਰ ਹੋਰ ਤਜਵੀਜ਼ ਕੀਤੀਆਂ ਜਾਣ ਵਾਲੀਆਂ ਫ਼ਸਲਾਂ ਦੇ ਘੱਟੋ-ਘੱਟ ਭਾਅ ਨਿਸਚਿਤ ਕੀਤੇ ਜਾਣ ਅਤੇ ਇਸ ਦੇ ਨਾਲ ਹੀ ਉਨ੍ਹਾਂ ਫ਼ਸਲਾਂ ਦਾ ਮੰਡੀਕਰਨ ਵੀ ਯਕੀਨੀ ਬਣਾਇਆ ਜਾਏ।

ਕਿਸਾਨ ਜਥੇਬੰਦੀਆਂ ਨੂੰ ਇਹ ਗਿਲਾ ਵੀ ਹੈ ਕਿ ਮੌਜੂਦਾ ਪੰਜਾਬ ਸਰਕਾਰ ਨੇ ਸਮੇਂ-ਸਮੇਂ ਉਨ੍ਹਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਨਹੀਂ ਕੀਤਾ। ਸੰਯੁਕਤ ਕਿਸਾਨ ਮੋਰਚੇ ਵਲੋਂ ਸਰਕਾਰ ਨੂੰ ਦਿੱਤੇ ਗਏ ਆਪਣੇ ਮੰਗ ਪੱਤਰ ਵਿਚ ਵੀ ਇਸ ਗੱਲ 'ਤੇ ਰੋਸ ਪ੍ਰਗਟ ਕੀਤਾ ਗਿਆ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਪਿਛਲੇ ਸਾਲ ਕਿਸਾਨਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਵਿਚ ਕੋਈ ਦਿਲਚਸਪੀ ਨਹੀਂ ਵਿਖਾਈ।

ਮੁੱਖ ਮੰਤਰੀ ਨੇ ਸਹਿਕਾਰੀ ਬੈਂਕਾਂ ਦੇ ਕਰਜ਼ੇ ਇਕੋ ਵਾਰ ਨਿਬੇੜਾ ਕਰਨ ਦੀ ਸਵੀਕਾਰ ਕੀਤੀ ਹੋਈ ਯੋਜਨਾ 'ਤੇ ਵੀ ਅਮਲ ਨਹੀਂ ਕੀਤਾ। ਭਾਰਤੀ ਕਿਸਾਨ ਯੂਨੀਅਨ (ਉਗਰਾਹਾਂ) ਵਲੋਂ ਵੀ ਰਾਜ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੂੰ ਦਿੱਤੇ ਗਏ ਮੰਗ ਪੱਤਰ ਵਿਚ ਸਾਰੀਆਂ ਫ਼ਸਲਾਂ ਦੇ ਲਾਭਕਾਰੀ ਸਮਰਥਨ ਮੁੱਲ ਕੱਢੇ ਅਤੇ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਸਮੇਤ ਕਈ ਹੋਰ ਮੰਗਾਂ ਪੂਰੀਆਂ ਕਰਨ ਦੀ ਸਰਕਾਰ ਤੋਂ ਮੰਗ ਕੀਤੀ ਗਈ ਹੈ।

ਕਿਸਾਨ ਮਹਾਂ ਪੰਚਾਇਤ ਵਿਚ ਸੂਬੇ ਨੂੰ ਦਰਪੇਸ਼ ਕੁਝ ਹੋਰ ਗੰਭੀਰ ਮੁੱਦੇ ਵੀ ਉਠਾਏ ਗਏ, ਜਿਨ੍ਹਾਂ ਨੂੰ ਹੱਲ ਕਰਨਾ ਸਮੇਂ ਦੀ ਵੱਡੀ ਲੋੜ ਹੈ। ਇਨ੍ਹਾਂ ਵਿਚ ਪਾਣੀਆਂ ਦੀ ਸੰਭਾਲ ਦਾ ਵੱਡਾ ਮਸਲਾ ਵੀ ਸ਼ਾਮਿਲ ਹੈ, ਕਿਉਂਕਿ ਪਿਛਲੇ ਦੋ ਦਹਾਕਿਆਂ ਵਿਚ ਧਰਤੀ ਹੇਠਲਾ ਪਾਣੀ ਪਤਾਲ ਤੱਕ ਹੇਠਾਂ ਚਲਾ ਗਿਆ ਹੈ, ਜਿਸ ਕਾਰਨ ਨੇੜ ਭਵਿੱਖ ਵਿਚ ਸੂਬੇ ਸਾਹਮਣੇ ਪਾਣੀ ਦਾ ਵੱਡਾ ਸੰਕਟ ਆ ਖੜ੍ਹਾ ਹੋਵੇਗਾ। ਇਸ ਦੇ ਨਾਲ ਹੀ ਦਰਿਆਵਾਂ ਦਾ ਪਾਣੀ ਬੇਹੱਦ ਪ੍ਰਦੂਸ਼ਿਤ ਹੋਣ ਨੇ ਵੀ ਹਰ ਇਕ ਦੀ ਚਿੰਤਾ ਨੂੰ ਵਧਾਇਆ ਹੈ।

# ਬੇਅਦਬੀ ਮਾਮਲੇ ਬਾਰੇ ਕੁੰਵਰ ਵਿਜੇ ਪ੍ਰਤਾਪ ਵੱਲੋਂ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦੀ ਮੰਗ

## ✪ ਬਾਦਲ ਤੇ ਕੈਪਟਨ ਸਰਕਾਰ ਨੇ ਇਨਸਾਫ ਨਹੀਂ ਦਿੱਤਾ

ਚੰਡੀਗੜ੍ਹ-ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਇਸ ਤੋਂ ਬਾਅਦ ਹੋਈ ਪੁਲੀਸ ਫਾਇਰਿੰਗ ਦਾ ਮੁੱਦਾ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਉਠਾਉਂਦਿਆਂ 'ਆਪ' ਵਿਧਾਇਕ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਮੰਗ ਕੀਤੀ ਕਿ ਇਸ ਮਾਮਲੇ ਵਿਚ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਸੱਦਿਆ ਜਾਵੇ। ਉਨ੍ਹਾਂ ਕਿਹਾ ਕਿ ਬੇਅਦਬੀ ਦੀ ਘਟਨਾ ਖ਼ਿਲਾਫ਼ ਰੋਸ ਮੁਜ਼ਾਹਰਿਆਂ ਦੌਰਾਨ 2015 ਵਿਚ ਬਹਿਬਲ ਕਲਾਂ ਅਤੇ ਕੋਟਕਪੂਰਾ ਵਿਚ ਹੋਈ ਪੁਲੀਸ ਫਾਇਰਿੰਗ ਸਬੰਧੀ ਸਿਟ ਦੀ ਰਿਪੋਰਟ ਵਿਧਾਨ ਸਭਾ ਵਿਚ ਪੇਸ਼ ਕੀਤੀ ਜਾਵੇ।

ਇਸ ਮਾਮਲੇ ਉਤੇ ਆਪਣੀ ਹੀ ਸਰਕਾਰ ਉਤੇ ਸਵਾਲ ਉਠਾਉਂਦੇ ਆ ਰਹੇ 'ਆਪ' ਵਿਧਾਇਕ ਨੇ ਸਦਨ ਨੂੰ ਚੇਤੇ ਕਰਵਾਇਆ ਕਿ ਪੰਜਾਬ ਵਿਧਾਨ ਸਭਾ ਵੱਲੋਂ ਇਸ ਮਾਮਲੇ ਦੀ ਜਾਂਚ ਸੀਬੀਆਈ ਤੋਂ ਵਾਪਸ ਲੈ ਕੇ ਇਸ ਸਬੰਧੀ ਸਿਟ ਕਾਇਮ ਕੀਤੇ ਜਾਣ ਦਾ ਮਤਾ ਪਾਸ ਕੀਤੇ ਨੂੰ ਛੇ ਸਾਲ ਬੀਤ ਚੁੱਕੇ ਹਨ।

ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸ਼੍ਰੋਮਣੀ ਅਕਾਲੀ



ਦਲ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਕਾਂਗਰਸ ਸਰਕਾਰ ਉਤੇ ਨਿਸ਼ਾਨੇ ਸੇਧਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਵਾਸੀਆਂ ਨੂੰ ਪਤਾ ਲੱਗਣਾ ਚਾਹੀਦਾ ਹੈ ਕਿ ਆਖ਼ਰ ਕਿਸ ਨੇ ਜਾਂਚ ਵਿਚ ਅਜਿਹੀ ਗੜਬੜ ਕੀਤੀ ਕਿ ਪੁਲੀਸ ਫਾਇਰਿੰਗ ਬਾਰੇ ਸਿਟ ਦੀ ਰਿਪੋਰਟ ਨੂੰ ਹਾਈ ਕੋਰਟ ਵੱਲੋਂ ਖ਼ਾਰਜ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਹੁਣ ਇਹ ਰਿਪੋਰਟ ਅਦਾਲਤੀ ਕਾਰਵਾਈ ਦਾ ਹਿੱਸਾ ਨਹੀਂ ਹੈ, ਜਿਸ ਕਾਰਨ ਇਸ ਨੂੰ ਸਦਨ ਵਿਚ ਪੇਸ਼ ਕੀਤਾ ਜਾ ਸਕਦਾ ਹੈ।

# ਮੁੱਖ ਮੰਤਰੀ ਨੇ ਕਿਹਾ ਕਿ ਬੇਅਦਬੀ ਦਾ ਦਿੱਤਾ ਜਾਵੇਗਾ ਇਨਸਾਫ



ਚੰਡੀਗੜ੍ਹ-ਬੇਅਦਬੀ ਮੁੱਦੇ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਬੋਲਦਿਆਂ ਕਿਹਾ ਕਿ ਬੇਅਦਬੀ ਦੀ ਐਫਆਈਆਰ ਬਾਰੇ ਸਰਕਾਰ ਨੇ ਪੂਰੀ ਤਿਆਰੀ ਕਰ ਲਈ ਹੈ ਅਤੇ ਇਸ ਨੂੰ ਪੂਰੀ ਤਿਆਰੀ ਨਾਲ ਥੋੜ੍ਹੇ ਦਿਨਾਂ ਵਿੱਚ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਸਬੰਧੀ ਸਾਨੂੰ ਨਵੇਂ ਸਬੂਤ ਵੀ ਮਿਲੇ ਹਨ ਅਤੇ ਇਸ ਤੋ ਪਹਿਲਾਂ ਕੋਟਕਪੂਰੇ ਵਾਲੀ ਐਫਆਈਆਰ ਦਰਜ ਕੀਤੀ ਹੈ ਅਤੇ ਬਹਿਬਲ ਕਲਾਂ ਲਈ ਵੀ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦੀ ਬੇਅਦਬੀ ਦਾ ਇਨਸਾਫ ਜ਼ਰੂਰ ਦਿੱਤਾ ਜਾਵੇਗਾ ਅਤੇ ਅਦਾਲਤਾਂ ਵਿੱਚ ਮਜਬੂਤੀ ਨਾਲ ਪੱਖ ਰੱਖਿਆ ਜਾਵੇਗਾ।

# ਜਥੇਦਾਰ ਜੀ ਹੁਣ ਫੈਸਲਾ ਤੁਹਾਡਾ ਹੈ ਚਾਹੇ ਗੁਨਾਹਗਾਰ ਲੀਡਰਸ਼ਿਪ ਨੂੰ ਬਚਾ ਲਵੋ ਜਾਂ ਅਕਾਲ ਤਖਤ ਦੀ ਮਾਣ ਮਰਿਯਾਦਾ ਨੂੰ

## ✪ ਬਾਬਾ ਸਾਹਿਬ ਸਿੰਘ ਬੇਦੀ ਤੇ ਅਕਾਲੀ ਫੂਲਾ ਸਿੰਘ ਦੀਆਂ ਇਤਿਹਾਸਕ ਪਰੰਪਰਾਵਾਂ ਨੂੰ ਜਿਉਂਦਾ ਰਖਿਆ ਜਾਵੇ



### ਖਾਸ ਰਿਪੋਟ

**ਪ੍ਰੋਫੈਸਰ ਬਲਵਿੰਦਰ ਪਾਲ ਸਿੰਘ**



ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵਲੋਂ ਸ਼੍ਰੋਮਣੀ ਅਕਾਲੀ ਦਲ ਨਾਲ ਸੰਬੰਧਿਤ ਵਿਚਾਰੇ ਜਾ ਰਹੇ ਮਾਮਲੇ ਦੇ ਸੰਬੰਧ ਵਿਚ ਵੱਖ-ਵੱਖ ਅਕਾਲੀ ਆਗੂਆਂ ਵਲੋਂ ਇਕ-ਦੂਜੇ ਖ਼ਿਲਾਫ਼ ਕੀਤੀ ਜਾ ਰਹੀ ਬਿਆਨਬਾਜ਼ੀ ਦਾ ਸਖ਼ਤ ਨੋਟਿਸ ਲੈਂਦਿਆਂ ਤੇ ਇਸ ਨੂੰ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਿਆਦਾ ਦੇ ਵਿਰੁੱਧ ਕਰਾਰ ਦਿੰਦਿਆਂ ਅਜਿਹਾ ਕਰਨ ਵਾਲੇ ਅਕਾਲੀ ਆਗੂਆਂ ਨੂੰ ਸਖ਼ਤ ਤਾੜਨਾ ਕੀਤੀ ਹੈ। ਅਕਾਲ ਤਖ਼ਤ ਸਕੱਤਰੇਤ ਦੇ ਮੀਡੀਆ ਸਲਾਹਕਾਰ ਤਲਵਿੰਦਰ ਸਿੰਘ ਬੁੱਟਰ ਵਲੋਂ ਜਾਰੀ ਬਿਆਨ ਅਨੁਸਾਰ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਇਹ ਵਰਤਾਰਾ ਅਕਾਲ ਤਖ਼ਤ ਸਾਹਿਬ ਦੀ ਮਾਣ ਮਰਿਯਾਦਾ ਅਤੇ ਸਰਬਉੱਚਤਾ ਦੇ ਵਿਰੁੱਧ ਹੈ, ਕਿਉਂਕਿ ਜਦੋਂ ਤੱਕ ਇਹ ਮਾਮਲਾ ਵਿਚਾਰ ਅਧੀਨ ਹੈ ਤਦ ਤੱਕ ਇਸ 'ਤੇ ਕਿਸੇ ਤਰ੍ਹਾਂ ਦੀਆਂ ਵੀ ਟਿੱਪਣੀਆਂ ਉਚਿਤ ਨਹੀਂ ਹਨ। ਉਨ੍ਹਾਂ ਸਿੱਖ ਸਿਆਸਤ ਨਾਲ ਜੁੜੇ ਆਗੂਆਂ ਨੂੰ ਸਖ਼ਤ ਹਦਾਇਤ ਕਰਦਿਆਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ, ਸਤਿਕਾਰ, ਸਿਧਾਂਤ ਅਤੇ ਪਰੰਪਰਾ ਨੂੰ ਧਿਆਨ ਵਿਚ ਰੱਖਦਿਆਂ ਇਕ-ਦੂਜੇ ਵਿਰੁੱਧ ਬਿਆਨਬਾਜ਼ੀ ਤੁਰੰਤ ਬੰਦ ਕੀਤੀ ਜਾਵੇ। ਜੇਕਰ ਸਿੱਖ ਸਿਆਸੀ ਆਗੂ ਬਾਜ਼ ਨਾ ਆਏ ਤਾਂ ਅਕਾਲ ਤਖ਼ਤ ਸਾਹਿਬ ਦੀ ਮਾਣ-ਮਰਿਆਦਾ ਦੀ ਉਲੰਘਣਾ ਕਰਨ ਵਾਲੇ ਆਗੂਆਂ ਦੇ ਖ਼ਿਲਾਫ਼ ਪੰਥਕ ਰਹੁ-ਰੀਤਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਅਕਾਲ ਤਖਤ ਸਾਹਿਬ ਦੇ ਜਥੇਦਾਰ ਦੇ ਇਸ ਬਿਆਨ ਉਪਰ ਕੋਈ ਟਿਪਣੀ ਨਹੀਂ ਹੋ ਸਕਦੀ, ਕਿਉਂਕਿ ਅਜੇ ਇਸ ਬਾਰੇ ਫੈਸਲਾ ਆਉਣਾ ਹੈ। ਪਰ ਸਿੰਘ ਸਾਹਿਬਾਨ ਨੂੰ ਯਾਦ ਰਖਣਾ ਚਾਹੀਦਾ ਹੈ ਕਿ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇ ਗੁਰੂ ਪੰਥ ਨੂੰ ਸਰਵਉਚ ਦਰਜਾ ਦਿਤਾ ਹੈ, ਹੋਰ ਕਿਸੇ ਨੂੰ ਨਹੀਂ। ਅਠਾਰਵੀ ਸਦੀ ਵਿਚ ਸਿਖ ਮਿਸਲਦਾਰਾਂ ਦੇ ਯੁਗ ਵਿਚ ਅਕਾਲ ਤਖਤ ਤੋਂ ਵੀ ਫੈਸਲੇ ਹੋਏ, ਜੰਗਲਾਂ ਵਿਚ ਵੀ ਗੁਰੂ ਪੰਥ ਨੇ ਆਪਣੇ ਵਿਚੋਂ ਪੰਜ ਪਿਆਰਿਆਂ ਦੀ ਚੋਣ ਕਰਕੇ ਮੀਰੀ ਪੀਰੀ ਸਿਧਾਂਤ ਅਨੁਸਾਰ ਫੈਸਲੇ ਕੀਤੇ। ਇਸ ਬਾਰੇ ਖਾਲਸਾ ਪੰਥ ਦੀ ਸਹਿਮਤੀ ਸੀ। ਅਕਾਲ ਤਖਤ ਸਾਹਿਬ ਗੁਰੂ ਗ੍ਰੰਥ ਤੇ ਗੁਰੂ ਪੰਥ ਦਾ ਰਾਜਨੀਤਕ ਤਖਤ ਹੈ ਇਥੋਂ ਫੈਸਲੇ ਉਹੀ ਮਨਜੂਰ ਹੁੰਦੇ ਨੇ ਜੋ ਖਾਲਸਾ ਪੰਥ ਤੇ ਗੁਰੂ ਸਿਧਾਂਤ ਮੁਤਾਬਕ ਹੁੰਦੇ ਹਨ। ਇਸ ਲਈ ਸਿਖ ਪੰਥ ਤੁਹਾਡੇ ਕੋਲੋਂ ਇਹੀ ਇਛਾ ਰਖਦਾ ਹੈ ਕਿ ਤੁਸੀਂ ਪੰਥ ਦੀ ਸਹਿਮਤੀ ਅਨੁਸਾਰ ਇਸ ਬਾਰੇ ਫੈਸਲਾ ਲਵੋ ਤਾਂ ਜੋ ਅਕਾਲ ਤਖਤ ਸਾਹਿਬ ਦੀ ਇਤਿਹਾਸਕ ਪਰੰਪਰਾ ਰੋਸ਼ਨ ਰਹੇ। ਗੁਰੂ ਕਾ ਖਾਲਸਾ ਹਮੇਸ਼ਾ ਅਕਾਲ ਤਖਤ ਸਾਹਿਬ ਦੀਆਂ ਪਰੰਪਰਾਵਾਂ ਪ੍ਰਤੀ ਸੁਚੇਤ ਰਿਹਾ ਹੈ। ਇਹੀ ਕਾਰਣ ਹੈ ਕਿ ਕੁਝ ਫੈਸਲਿਆਂ ਕਾਰਣ ਗਿਆਨੀ ਗੁਰਬਚਨ ਸਿੰਘ ਨੂੰ ਸੌਦਾ ਸਾਧ ਨੂੰ ਮਾਫ ਕਰਨ ਦਾ ਹੁਕਮਨਾਮਾ ਵਾਪਸ ਲੈਣਾ ਪਿਆ। ਸੰਗਤ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇਸੇ ਕਾਰਣ ਅਕਾਲੀ ਦਲ ਨੀਵਾਣਾਂ ਵਲ ਆਇਆ।

ਇਹ ਗਲ ਹੁਣ ਸੱਚ ਹੈ ਕਿ ਸਿਖ ਪੰਥ ਨੂੰ, ਗੁਨਾਹਗਾਰ ਲੀਡਰਸ਼ਿਪ ਮਨਜੂਰ ਨਹੀਂ। ਉਸ ਵਿਰੁੱਧ ਰੋਸਾ ਤੇ ਵਿਰੋਧ ਜਾਰੀ ਰਹੇਗਾ।

ਸਿਖ ਸੰਗਤ ਦੀ ਮੰਗ ਹੈ ਕਿ ਗਿਆਨੀ ਗੁਰਬਚਨ ਸਿੰਘ, ਗਿਆਨੀ ਗੁਰਮੁਖ ਸਿੰਘ, ਗਿਆਨੀ ਇਕਬਾਲ ਸਿੰਘ ਆਦਿ ਨੂੰ ਗੁਨਾਹਗਾਰ ਮੰਨਕੇ ਇਨ੍ਹਾਂ ਨੂੰ ਤਲਬ ਕੀਤਾ ਜਾਵੇ ਤਾਂ ਜੋ ਉਸ ਸਮੇਂ ਦਾ ਸਾਰਾ ਸੱਚ ਸਾਹਮਣੇ ਆ ਸਕੇ।

ਸਿਖ ਪੰਥ ਇਹ ਵੀ ਚਾਹੁੰਦਾ ਹੈ ਕਿ ਪ੍ਰਕਾਸ਼ ਸਿੰਘ ਬਾਦਲ ਦਾ ਅਕਾਲ ਤਖਤ ਤੋਂ ਦਿਤਾ ਖਿਤਾਬ ਫਖਰੇ ਕੌਮ ਵਾਪਸ ਲਿਆ ਜਾਵੇ, ਕਿਉਂ ਸਿਖ ਪੰਥ ਵਲੋਂ ਗੁਨਾਹਗਾਰ ਕਰਾਰ ਦਿਤੇ ਪ੍ਰਕਾਸ਼ ਸਿੰਘ ਬਾਦਲ ਨੂੰ ਅਕਾਲ ਤਖਤ ਸਾਹਿਬ ਤੋਂ ਮਹਾਨਤਾ ਦਾ ਦਰਜਾ ਨਹੀਂ ਦਿਤਾ ਜਾ ਸਕਦਾ।

ਸੰਨ 2015 ਵਿੱਚ ਜਥੇਦਾਰ ਗਿਆਨੀ ਗੁਰਬਚਨ ਸਿੰਘ ਅਤੇ ਹੋਰ ਸਹਿਯੋਗੀਆਂ ਰਾਹੀਂ ਸੌਦਾ ਸਾਧ ਨੂੰ ਮਾਫ਼ ਕਰਵਾਉਣ ਵਾਲਾ ਕੋਝਾ ਕੰਮ ਕਰਵਾਉਣ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਭੂਮਿਕਾ ਨੇ ਸੰਸਥਾਵਾਂ ਦਾ ਮਿਆਰ ਡੇਗਣ ਤੋਂ ਇਲਾਵਾ ਸਿਖ ਪੰਥ ਨੂੰ ਨੀਵਾਂ ਦਿਖਾਇਆ ਉਹ ਇਤਿਹਾਸ ਵਿਚ ਦਰਜ ਹੋ ਚੁਕਾ ਹੈ। ਇਹ ਗੁਨਾਹ ਮਾਫ ਨਹੀਂ ਹੋਣੇ ਚਾਹੀਦੇ। ਇਸ ਸਾਰੀ ਖੇਡ ਦਾ ਕਪਤਾਨ ਬਾਦਲ ਪਰਿਵਾਰ ਹੈ। ਗੁਰੂ ਦੀ ਗੋਲਕ 'ਚੋਂ 94 ਲੱਖ ਰੁਪਏ ਤੋਂ ਵੱਧ; ਇਸ (ਸੌਦਾ ਸਾਧ) ਕੁਫ਼ਰ ਨੂੰ ਸਹੀ ਸਿੱਧ ਕਰਨ ਲਈ ਅਖ਼ਬਾਰੀ ਇਸ਼ਤਿਹਾਰੀ 'ਤੇ ਖ਼ਰਚ ਕਰ ਦਿੱਤਾ ਗਿਆ। ਉਸਦਾ ਹਿਸਾਬ ਲੈਣਾ ਚਾਹੀਦਾ ਹੈ। ਗੁਰੂ ਦੀ ਗੋਲਕ ਦੀ ਭਰਪਾਈ ਕਰਾਉਣੀ ਚਾਹੀਦੀ ਹੈ।

ਸੋ ਫੈਸਲਾ ਤੁਹਾਡਾ ਹੈ ਕਿ ਤੁਸੀਂ ਅਕਾਲੀ ਦਲ ਜਿਉਂਦਾ ਰਖਣਾ ਹੈ ਜਾਂ ਗੁਨਾਹਗਾਰ ਲੀਡਰਸ਼ਿਪ ਨੂੰ।

ਯਾਦ ਰਖਣ ਵਾਲੀ ਗੱਲ ਇਹ ਹੈ ਕਿ ਅਕਾਲ ਤਖਤ ਸਾਹਿਬ ਦੀਆਂ ਮਹਾਨ ਪਰੰਪਰਾਵਾਂ ਨੂੰ ਉਸ ਸਮੇਂ ਦੇ ਜਥੇਦਾਰਾਂ ਬਾਬਾ ਸਾਹਿਬ ਸਿੰਘ ਬੇਦੀ ਤੇ ਅਕਾਲੀ ਫੂਲਾ ਸਿੰਘ ਨੇ ਬਚਾਈਆਂ। ਕਿਸੇ ਸ਼ਾਸ਼ਕ ਦੀ ਦਖਲਅੰਦਾਜ਼ੀ ਨਹੀਂ ਹੋਣ ਦਿਤੀ।ਨਾ ਈਨ ਮੰਨੀ। ਫੈਸਲੇ ਅਕਾਲ ਤਖਤ ਸਾਹਿਬ ਤੋਂ ਉਹੀ ਪ੍ਰਵਾਨ ਚੜ੍ਹੇ ਜੋ ਸਿਖ ਪੰਥ ਨੂੰ ਮਨਜੂਰ ਸਨ ਤੇ ਮੀਰੀ ਪੀਰੀ ਸਿਧਾਂਤ ਅਨੁਸਾਰ ਸਨ।

# ਟਾਈਟਲਰ ਬਾਰੇ ਅਦਾਲਤ ਸਖਤ ਕਿਹਾ ਕਿ ਭੀੜ ਨੂੰ ਸਿੱਖਾਂ ਨੂੰ ਮਾਰਨ ਤੇ ਜਾਇਦਾਦਾਂ ਲੁੱਟਣ ਲਈ ਉਕਸਾਇਆ

## ✪ ਟਾਈਟਲਰ ਦੀਆਂ ਮੁਸ਼ਕਲਾਂ ਵਧੀਆਂ



ਨਵੀਂ ਦਿੱਲੀ-1984 ਦੇ ਸਿੱਖ ਕਤਲੇਆਮ ਦੇ ਇੱਕ ਮਾਮਲੇ ਵਿੱਚ ਦੋਸ਼ੀ ਕਰਾਰ ਦਿੱਤੇ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਤੋਂ ਬਾਅਦ ਹੁਣ ਇੱਕ ਹੋਰ ਮਾਮਲੇ ਵਿੱਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਦੀਆਂ ਮੁਸ਼ਕਲਾਂ ਵਧਣ ਵਾਲੀਆਂ ਹਨ।

ਗੁਰੂਦੁਆਰਾ ਪੁਲ ਬੰਗਸ਼ ਵਿਖੇ ਤਿੰਨ ਸਿੱਖਾਂ ਦੇ ਕਤਲ ਨਾਲ ਸਬੰਧਤ ਕੇਸ ਵਿੱਚ ਜਗਦੀਸ਼ ਟਾਈਟਲਰ ਖ਼ਿਲਾਫ਼ ਦੋਸ਼ ਆਇਦ ਕਰਨ ਦਾ ਹੁਕਮ ਦਿੰਦਿਆਂ ਰੌਜ਼ ਐਵੇਨਿਊ ਦੀ ਅਦਾਲਤ ਨੇ ਪਹਿਲੀ ਨਜ਼ਰੇ ਕਿਹਾ ਕਿ ਟਾਈਟਲਰ ਨੇ ਨਾ ਸਿਰਫ਼ ਗ਼ੈਰ-ਕਾਨੂੰਨੀ ਢੰਗ ਨਾਲ ਲੋਕਾਂ ਨੂੰ ਇਕੱਠਾ ਕੀਤਾ ਸੀ ਸਗੋਂ ਸਿੱਖਾਂ ਨੂੰ ਨੁਕਸਾਨ ਪਹੁੰਚਾਉਣ ਅਤੇ ਉਨ੍ਹਾਂ ਦੀਆਂ ਸੰਪਤੀਆਂ ਲੁੱਟਣ ਲਈ ਭੀੜ ਨੂੰ ਉਕਸਾਇਆ ਸੀ।

ਮ੍ਰਿਤਕ ਬਾਦਲ ਸਿੰਘ ਦੀ ਪਤਨੀ ਲਖਵਿੰਦਰ ਕੌਰ ਦੀ ਸ਼ਿਕਾਇਤ 'ਤੇ ਵਿਸ਼ੇਸ਼ ਜੱਜ ਰਾਕੇਸ਼ ਸਿਆਲ ਨੇ ਕਿਹਾ ਕਿ ਟਾਈਟਲਰ ਨੇ ਦੰਗਾਕਾਰੀਆਂ ਨੂੰ ਸਿੱਖਾਂ ਵਿਰੁੱਧ ਅਪਰਾਧਿਕ ਤਾਕਤ ਜਾਂ ਹਿੰਸਾ ਲਈ ਉਕਸਾਇਆ ਸੀ। ਟਾਈਟਲਰ ਉਸ ਭੀੜ ਦਾ ਹਿੱਸਾ ਸੀ ਜੋ ਗੁਰਦੁਆਰੇ ਨੇੜੇ ਇਕੱਠੀ ਹੋਈ ਸੀ ਅਤੇ ਗੁਰਦੁਆਰਾ ਪੁਲ ਬੰਗਸ਼ ਨੂੰ ਅੱਗ ਲਗਾ ਦਿੱਤੀ ਸੀ।

# ਕੈਨੇਡਾ ਸਰਕਾਰ ਨੇ ਹੁਣ ਵਿਜ਼ਟਰ ਵਰਕ ਪਰਮਿਟ ਦੀ ਸੁਵਿਧਾ ਨੂੰ ਕੀਤਾ ਬੰਦ

ਬਿਊਰੋ ਰਿਪੋਰਟ-ਕੈਨੇਡਾ ਸਰਕਾਰ ਵੱਲੋਂ ਲਗਾਤਾਰ ਝਟਕੇ 'ਤੇ ਝਟਕੇ ਦਿੱਤਾ ਰਿਹਾ ਹੈ। ਜੇਕਰ ਤੁਸੀਂ ਵੀ ਕੈਨੇਡਾ ਜਾਣਾ ਚਾਹੁੰਦੇ ਹੋ ਤਾਂ ਇਹ ਖਬਰ ਤੁਹਾਡੇ ਲਈ ਬਹੁਤ ਅਹਿਮ ਹੈ ਕਿਉਂਕਿ ਕੈਨੇਡਾ ਸਰਕਾਰ ਨੇ ਹੁਣ ਵਿਜ਼ਟਰ ਵਰਕ ਪਰਮਿਟ ਦੀ ਸੁਵਿਧਾ ਨੂੰ ਬੰਦ ਕਰ ਦਿੱਤਾ ਹੈ। ਇਹ ਜਾਣਕਾਰੀ ਇਮੀਗਰੇਸ਼ਨ, ਰਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ ਤੋਂ ਪ੍ਰਾਪਤ ਹੋਈ ਹੈ। ਉਨ੍ਹਾਂ ਦੱਸਿਆ ਕਿ ਕੈਨੇਡਾ ਸਰਕਾਰ ਨੇ ਵਰਕਿਟ ਪਰਮਿਟ ਦੀ ਇਹ ਸਹੂਲਤ 28 ਅਗਸਤ 2024 ਤੋਂ ਬੰਦ ਕਰ ਦਿੱਤੀ ਹੈ।

ਦੱਸ ਦੇਈਏ ਕਿ ਵਿਜ਼ੀਟਰ ਵੀਜ਼ੇ 'ਤੇ ਕੈਨੇਡਾ ਜਾਣ ਵਾਲੇ ਲੋਕਾਂ ਨੂੰ ਕੈਨੇਡਾ ਵਿੱਚ ਅਸਥਾਈ ਤੌਰ 'ਤੇ ਕੰਮ ਕਰਨ ਦੀ ਆਗਿਆ ਮਿਲ ਜਾਂਦੀ ਸੀ ਅਤੇ ਇਸ ਦੇ ਲਈ ਆਈਆਰਸੀਸੀ ਦੁਆਰਾ ਵਰਕ ਪਰਮਿਟ ਜਾਰੀ ਕੀਤਾ ਜਾਂਦਾ ਸੀ। ਪਰ ਮੌਜੂਦ ਟਰੂਡੋ ਸਰਕਾਰ ਨੇ ਇਸ ਦੇ ਵੀ ਨਿਯਮ ਸਖਤ ਕਰ ਦਿੱਤੇ ਹਨ। ਇਸ ਤੋਂ ਬਾਅਦ ਹੁਣ ਵਿਜ਼ਟਰ




ਵੀਜ਼ੇ ਉੱਤੇ ਸੈਲਾਨੀ ਵਰਕ ਪਰਮਿਟ ਲਈ ਅਰਜ਼ੀ ਨਹੀਂ ਦੇ ਸਕਣਗੇ। ਇਹ ਦੱਸਣਾ ਜ਼ਰੂਰੀ ਹੈ ਕਿ ਇਹ ਨਿਯਮ ਅਗਸਤ 2020 ਵਿੱਚ ਕਰੋਨਾ ਮਹਾਂਮਾਰੀ ਸਮੇਂ ਲਾਗੂ ਕੀਤਾ ਗਿਆ ਸੀ ਅਤੇ ਉਦੋਂ ਬਹੁਤ ਸਾਰੇ ਲੋਕ ਕੈਨੇਡਾ ਵਿੱਚ ਫਸ ਗਏ ਸਨ ਅਤੇ ਜਿਸ ਕਰਕੇ ਉਹ ਵਾਪਸ ਨਹੀਂ ਆ ਸਕੇ ਅਤੇ ਇਸੇ ਕਰਕੇ ਹੀ ਕੈਨੇਡਾ ਦੀ ਸਰਕਾਰ ਨੇ ਉਨ੍ਹਾਂ ਨੂੰ ਕੰਮ ਕਰਨ ਦੀ ਆਗਿਆ ਦੇ ਦਿੱਤੀ ਸੀ।

# ਯੂਕਰੇਨ ਨਾਲ ਜੰਗ ਵਿਚ 66,000 ਤੋਂ ਵੱਧ ਰੂਸੀ ਫੌਜੀਆਂ ਦੀ ਹੋਈ ਮੌਤ

## ✪ ਰੂਸੀ ਮੀਡੀਆ ਨੇ ਕੀਤਾ ਵੱਡਾ ਖੁਲਾਸਾ, ਪਿਛਲੇ ਚਾਰ ਹਫਤਿਆਂ ਵਿਚ ਹੀ 4600 ਫੌਜੀਆਂ ਦੀ ਹੋਈ ਮੌਤ

### ਖਾਸ ਖਬਰ

ਯੂਰਪੀਅਨ ਦੇਸ਼ਾਂ ਤੇ ਅਮਰੀਕਾ ਦੀ ਮਦਦ ਕਾਰਣ ਯੂਕਰੇਨ ਰੂਸ ਉਪਰ ਭਾਰੂ ਪੈਂਦਾ ਦਿਖਾਈ ਦੇ ਰਿਹਾ ਹੈ। ਰੂਸ ਅਤੇ ਯੂਕਰੇਨ ਵਿਚਾਲੇ ਚੱਲ ਰਹੀ ਜੰਗ ਵਿੱਚ ਪੁਤਿਨ ਦੀ ਫੌਜ ਨੂੰ ਵੱਡਾ ਝਟਕਾ ਲੱਗਾ ਹੈ। ਇਹ ਜੰਗ ਪਿਛਲੇ ਦੋ ਸਾਲਾਂ ਤੋਂ ਚੱਲ ਰਹੀ ਹੈ। ਇਸ ਦੌਰਾਨ ਖ਼ਬਰ ਆਈ ਹੈ ਕਿ ਇਸ ਜੰਗ ਵਿੱਚ 66,000 ਤੋਂ ਵੱਧ ਰੂਸੀ ਸੈਨਿਕ ਮਾਰੇ ਗਏ ਹਨ। ਸੁਤੰਤਰ ਰੂਸੀ ਮੀਡੀਆ ਆਊਟਲੈਟ ਮੀਡੀਆ ਜ਼ੋਨਾ ਦਾ ਅੰਦਾਜ਼ਾ ਹੈ ਕਿ ਯੂਕਰੇਨ ਵਿੱਚ ਜੰਗ ਦੌਰਾਨ 66,000 ਤੋਂ ਵੱਧ ਰੂਸੀ ਫੌਜੀ ਮਾਰੇ ਗਏ ਹਨ। ਮੀਡੀਆ ਜ਼ੋਨਾ ਓਪਨ ਸੋਰਸ ਡੇਟਾ ਦੀ ਵਰਤੋਂ ਨਾਲ ਬੀਬੀਸੀ ਰੂਸੀ ਸੇਵਾ ਦੇ ਨਾਲ ਮਿਲਕੇ ਜਾਣੇ-ਪਛਾਣੇ ਫੌਜੀਆਂ ਦੀ ਮੌਤਾਂ ਬਾਰੇ ਸੂਚੀ ਤਿਆਰ ਕਰ ਰਿਹਾ ਹੈ। ਇਸ ਤੋਂ ਪਹਿਲਾਂ ਅਪ੍ਰੈਲ ਵਿੱਚ ਉਸਨੇ ਐਲਾਨ ਕੀਤਾ ਸੀ ਕਿ ਉਸਨੂੰ ਮਾਰੇ ਗਏ 50,000 ਤੋਂ ਵੱਧ ਰੂਸੀਆਂ ਦੇ ਨਾਮ ਮਿਲੇ ਹਨ।

ਮੀਡੀਆ ਜ਼ੋਨਾ ਅਨੁਸਾਰ 30 ਅਗਸਤ ਤੱਕ, ਉਹ ਯੁੱਧ ਵਿੱਚ ਮਾਰੇ ਗਏ 66,471 ਰੂਸੀ ਸੈਨਿਕਾਂ ਦੇ ਨਾਮ ਜਾਣਦੇ ਹਾਨ। ਪਿਛਲੇ ਚਾਰ ਹਫ਼ਤਿਆਂ ਵਿੱਚ ਇਸ ਸੂਚੀ ਵਿੱਚ 4600 ਤੋਂ ਵੱਧ ਨਵੇਂ ਨਾਂ ਸ਼ਾਮਲ ਹੋਏ ਹਨ। ਰਿਪੋਰਟ ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਇਹ ਕੋਈ ਪੱਕਾ ਅੰਕੜਾ ਨਹੀਂ ਹੈ, ਕਿਉਂਕਿ ਬਹੁਤ ਸਾਰੇ ਸੈਨਿਕਾਂ ਦੀਆਂ ਮੌਤਾਂ ਨੂੰ ਜਨਤਕ ਨਹੀਂ ਕੀਤਾ ਗਿਆ ਹੈ। ਮੀਡੀਆ ਜ਼ੋਨਾ ਦੀ ਪੱਤਰਕਾਰ ਅਨਾਸਤਾਸੀਆ ਅਲੈਕਸੀਏਵਾ ਨੇ ਕਿਹਾ ਕਿ ਅੰਕੜਿਆਂ ਵਿੱਚ ਵਧੇ ਹੋਏ ਨਵੇਂ ਨਾਂ ਰੂਸ ਦੇ ਕੁਰਸਕ ਖੇਤਰ ਵਿੱਚ ਯੂਕਰੇਨ ਦੇ ਹਮਲਿਆਂ ਨਾਲ ਜੁੜੇ ਹੋਏ ਨਹੀਂ ਹਨ। ਕਿਉਂਕਿ ਖੋਜਕਾਰ ਅਜੇ ਵੀ ਪੁਰਾਣੀਆਂ ਮੌਤਾਂ 'ਤੇ ਕੰਮ ਕਰ ਰਹੇ ਹਨ।

ਯੂਕਰੇਨ ਨੇ 150 ਡਰੋਨਾਂ ਨੂੰ ਡੇਗਣ ਦਾ ਦਾਅਵਾ ਕੀਤਾ ਹੈ। ਰੂਸ ਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ ਉਸ ਦੇ ਹਵਾਈ ਰੱਖਿਆ ਪ੍ਰਣਾਲੀਆਂ ਨੇ ਬੀਤੇ ਐਤਵਾਰ ਰਾਤੋਂ ਰਾਤ 158 ਯੂਕਰੇਨੀ ਡਰੋਨਾਂ ਨੂੰ ਡੇਗ ਦਿੱਤਾ ਸੀ, ਜਿਸ ਵਿੱਚ ਮਾਸਕੋ ਸ਼ਹਿਰ ਵਿੱਚ ਦੋ ਅਤੇ ਮਾਸਕੋ ਦੇ ਆਲੇ ਦੁਆਲੇ ਖੇਤਰ ਵਿਚ ਨੌਂ ਸ਼ਾਮਲ ਹਨ।

ਸੋਮਵਾਰ ਦੀ ਰਾਤ ਦੌਰਾਨ ਯੂਕਰੇਨ ਵੱਲੋਂ ਕੀਤੇ ਗਏ ਡਰੋਨ ਹਮਲੇ ਨੂੰ ਯੂਕਰੇਨ ਵੱਲੋਂ ਹੁਣ ਤੱਕ ਦਾ ਸਭ ਤੋਂ ਵੱਡਾ ਡਰੋਨ ਹਮਲਾ ਦੱਸਿਆ ਜਾ ਰਿਹਾ ਹੈ। ਕੁਰਸਕ ਖੇਤਰ ਵਿੱਚ ਚਾਲੀ-ਛਿਆਲੀ ਡਰੋਨ ਨਸ਼ਟ ਕਰ ਦਿੱਤੇ ਗਏ ਸਨ, ਜਿੱਥੇ ਯੂਕਰੇਨ ਨੇ ਹਾਲ ਹੀ ਦੇ ਹਫ਼ਤਿਆਂ ਵਿੱਚ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਰੂਸੀ ਧਰਤੀ ਉੱਤੇ ਸਭ ਤੋਂ ਵੱਡੇ ਹਮਲੇ ਵਿੱਚ ਸੈਨਿਕ ਭੇਜੇ ਹਨ। ਬ੍ਰਾਇੰਸਕ ਖੇਤਰ ਵਿੱਚ 34 ਹੋਰ ਡਰੋਨ ਨਸ਼ਟ ਕੀਤੇ ਗਏ ਸਨ, ਵੋਰੋਨੇਜ਼ ਖੇਤਰ



ਵਿੱਚ 28 ਹੋਰ ਡਰੋਨ ਤਬਾਹ ਕੀਤੇ ਗਏ ਅਤੇ ਯੂਕਰੇਨ ਦੀ ਸਰਹੱਦ ਨਾਲ ਲੱਗਦੇ ਬੇਲਗੋਰੋਡ ਖੇਤਰ ਵਿੱਚ 14 ਡਰੋਨ ਨਸ਼ਟ ਕੀਤੇ ਗਏ ਸਨ।

### ਰੂਸ ਉੱਤੇ ਹਵਾਈ ਹਮਲੇ ਤੇਜ਼ ਹੋ ਗਏ

ਰੂਸ ਦੇ ਅੰਦਰੂਨੀ ਹਿੱਸੇ ਵਿੱਚ ਡਰੋਨ ਵੀ ਨਸ਼ਟ ਕੀਤੇ ਗਏ,ਜਿਨ੍ਹਾਂ ਵਿਚ ਇਕ ਇਕ ਡਰੋਨ ਉੱਤਰ-ਪੱਛਮੀ ਮਾਸਕੋ ਦੇ ਤਵੇਰ ਖੇਤਰ ਅਤੇ ਉੱਤਰ-ਪੂਰਬੀ ਮਾਸਕੋ ਦੇ ਇਵਾਨੋਵੋ ਖੇਤਰ ਵਿੱਚ ਇੱਕ-ਇੱਕ ਡਰੋਨ ਨਸ਼ਟ ਕੀਤੇ ਗਏ। ਯੂਕਰੇਨ ਵੱਲੋਂ ਕੀਤੇ ਗਏ ਇਨ੍ਹਾਂ ਡਰੋਨ ਹਮਲਿਆਂ ਕਾਰਨ ਇਹ ਲੜਾਈ ਹੁਣ ਰੂਸ ਦੀ ਰਾਜਧਾਨੀ ਤੱਕ ਪਹੁੰਚ ਗਈ ਹੈ। ਇਸ ਸਾਲ ਦੀ ਸ਼ੁਰੂਆਤ ਤੋਂ, ਯੂਕਰੇਨ ਨੇ ਰੂਸੀ ਜ਼ਮੀਨ 'ਤੇ ਹਵਾਈ ਹਮਲੇ ਤੇਜ਼ ਕਰ ਦਿੱਤੇ ਹਨ ਅਤੇ ਇਸ ਦੀਆਂ ਰਿਫਾਇਨਰੀਆਂ ਅਤੇ ਤੇਲ ਕੇਂਦਰਾਂ ਨੂੰ ਨਿਸ਼ਾਨਾ ਬਣਾਇਆ ਹੈ।

ਯੂਕਰੇਨੀ ਹਵਾਈ ਸੈਨਾ ਦੇ ਅਨੁਸਾਰ, ਰੂਸ ਦੁਆਰਾ ਯੂਕਰੇਨ ਵਿੱਚ ਲਾਂਚ ਕੀਤੇ ਗਏ 11 ਵਿੱਚੋਂ ਅੱਠ ਡਰੋਨ ਨਸ਼ਟ ਹੋ ਗਏ। ਸਥਾਨਕ ਅਧਿਕਾਰੀਆਂ ਨੇ ਦੱਸਿਆ ਕਿ ਦੇਸ਼ ਦੇ ਉੱਤਰ-ਪੂਰਬੀ ਖਾਰਕੀਵ ਖੇਤਰ 'ਚ ਹੋਏ ਬੰਬ ਧਮਾਕੇ ਵਿਚ ਪੰਜ ਲੋਕ ਜ਼ਖਮੀ ਹੋ ਗਏ ਸਨ।

ਇਹ ਜੰਗ ਰੁਕਣ ਦਾ ਨਾਮ ਨਹੀਂ ਲੈ ਰਹੀ। ਭਾਵੇਂ ਭਾਰਤ ਵਲੋਂ ਸ਼ਾਂਤੀ ਦੇ ਯਤਨ ਹੋ ਰਹੇ ਹਨ। ਪਰ ਅਮਰੀਕਾ ਦੀ ਪਾਲਿਸੀ ਰੂਸ ਨੂੰ ਜੰਗ ਵਿਚ ਉਲਝਾਉਣ ਦੀ ਹੈ। ਯੂਰਪ ਯੂਕਰੇਨ ਦੀ ਪੂਰੀ ਫੌਜੀ ਸਹਾਇਤਾ ਕਰ ਰਿਹਾ ਹੈ। ਉੱਤਰੀ ਕੋਰੀਆ ਤੋਂ ਇਲਾਵਾ ਰੂਸ ਨੂੰ ਆਪਣੇ ਅਸਲ੍ਹੇ ਅਤੇ ਹਥਿਆਰਾਂ ਦੇ ਜ਼ਖ਼ੀਰੇ ਬਰਕਰਾਰ ਰੱਖਣ ਲਈ ਬੇਲਾਰੂਸ, ਚੀਨ ਅਤੇ ਇਰਾਨ ਤੋਂ ਵੀ ਮਦਦ ਮਿਲ ਰਹੀ ਹੈ। ਯੂਕਰੇਨ ਅਤੇ ਇਸ ਦੇ ਯੂਰੋਪੀਅਨ ਹਮਾਇਤੀਆਂ ਨੂੰ ਫ਼ੌਜੀ ਸਾਜ਼ੋ-ਸਾਮਾਨ ਦੀ ਪੂਰਤੀ ਦੇ ਮੁੱਦਿਆਂ ਕਰ ਕੇ ਜੰਗ ਛੇਤੀ ਖਤਮ ਹੋਣ ਦੀ ਉਮੀਦ ਨਹੀਂ ਕਰਨੀ ਚਾਹੀਦੀ। ਯੂਕਰੇਨ ਜੰਗ ਕਰ ਕੇ ਆਲਮੀ ਸੁਰੱਖਿਆ ਦੇ ਹਾਲਾਤ ਖਰਾਬ ਹੋ ਜਾਣ ਨਾਲ ਅਮਰੀਕੀ ਹਥਿਆਰਾਂ ਦੀ ਵਿਕਰੀ ਵਿਚ ਭਾਰੀ ਵਾਧਾ ਹੋਇਆ ਹੈ। ਪਿਛਲੇ ਸਾਲ ਅਮਰੀਕੀ ਰੱਖਿਆ ਕੰਪਨੀਆਂ ਨੇ ਏਸ਼ੀਆ, ਯੂਰੋਪ ਅਤੇ ਅਫਰੀਕਾ ਵਿਚ ਆਪਣੇ ਗਾਹਕਾਂ ਨੂੰ ਹਥਿਆਰ ਅਤੇ ਰੱਖਿਆ ਪਲੈਟਫਾਰਮ ਵੇਚ ਕੇ ਭਾਰੀ ਮੁਨਾਫ਼ੇ ਕਮਾਏ ਹਨ। ਤਾਜ਼ਾਤਰੀਨ ਅੰਕੜਿਆਂ ਮੁਤਾਬਕ 2022 ਵਿਚ ਹਥਿਆਰਾਂ ਦੀ ਵਿਕਰੀ ਵਿਚ 51.9 ਅਰਬ ਡਾਲਰ ਦਾ ਇਜ਼ਾਫ਼ਾ ਹੋਇਆ ਹੈ। ਜ਼ਿਆਦਾਤਰ ਹਥਿਆਰ ਰੂਸ-ਯੂਕਰੇਨ ਜੰਗ ਕਰ ਕੇ ਵਿਕੇ ਹਨ ਜਿਸ ਵਿਚ ਅਮਰੀਕਾ ਵਲੋਂ ਯੂਕਰੇਨ ਦੀ ਮਦਦ ਕੀਤੀ ਜਾ ਰਹੀ ਹੈ। ਯੂਕਰੇਨ ਜੰਗ ਕਰ ਕੇ ਜਰਮਨੀ, ਪੋਲੈਂਡ ਅਤੇ ਸਪੇਨ ਜਿਹੇ ਯੂਰੋਪੀਅਨ ਦੇਸ਼ਾਂ ਅੰਦਰ ਅਸੁਰੱਖਿਆ ਦਾ ਮਾਹੌਲ ਹੈ ਜਿਸ ਕਰ ਕੇ ਇਨ੍ਹਾਂ ਨੇ ਆਪੋ-ਆਪਣੀ ਸੁਰੱਖਿਆ ਦੀ ਮਜ਼ਬੂਤੀ ਲਈ ਰੂਸ ਤੋਂ ਡਰਦਿਆਂ ਹਥਿਆਰ ਖਰੀਦਣੇ ਸ਼ੁਰੂ ਕੀਤੇ ਹਨ। ਇਨ੍ਹਾਂ ਨੂੰ ਡਰ ਹੈ ਕਿ ਜੇ ਯੂਕਰੇਨ ਜੰਗ ਲੰਮਾ ਸਮਾਂ ਚਲਦੀ ਰਹੀ ਤਾਂ ਇਸ ਦਾ ਅਸਰ ਉਨ੍ਹਾਂ ਦੀਆਂ ਸਰਹੱਦਾਂ 'ਤੇ ਵੀ ਹੋ ਸਕਦਾ ਹੈ।

### ਰੂਸ ਦੀ ਅਮਰੀਕਾ ਨੂੰ ਚਿਤਾਵਨੀ

ਯੂਕਰੇਨ-ਰੂਸ ਜੰਗ ਦੇ ਵਿਚਕਾਰ ਰੂਸ ਦੇ ਵਿਦੇਸ਼ ਮੰਤਰੀ ਸਰਗੇਈ ਲਾਵਰੋਵ ਨੇ ਅਮਰੀਕਾ ਨੂੰ ਸਖ਼ਤ ਚੇਤਾਵਨੀ ਦਿੱਤੀ ਹੈ ਕਿ ਜੇਕਰ ਪੱਛਮੀ ਦੇਸ਼ਾਂ ਨੇ ਯੂਕਰੇਨ ਨੂੰ ਰੂਸ ਦੇ ਅੰਦਰ ਹਮਲਾ ਕਰਨ ਲਈ ਲੰਬੀ ਦੂਰੀ ਦੀਆਂ ਮਿਜ਼ਾਈਲਾਂ ਦੀ ਵਰਤੋਂ ਕਰਨ ਦੀ ਇਜਾਜ਼ਤ ਦਿੱਤੀ ਤਾਂ ਮੁਸੀਬਤਾਂ ਦਾ ਪਹਾੜ ਟੁੱਟ ਸਕਦਾ ਹੈ ਅਤੇ ਦੁਨੀਆਂ ਤੀਜੀ ਦੁਨੀਆਂ ਵੱਲ ਵਧ ਸਕਦੀ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ ਲੰਬੇ ਸਮੇਂ ਤੋਂ ਇਹ ਅਟਕਲਾਂ ਸੁਣ ਰਹੇ ਹਾਂ ਕਿ ਅਮਰੀਕਾ ਨੇ ਨਾ ਸਿਰਫ਼ ਸਟੌਰਮ ਸ਼ੈਡੋ, ਸਗੋਂ ਲੰਬੀ ਦੂਰੀ ਦੀਆਂ ਮਿਜ਼ਾਈਲਾਂ ਦੀ ਵਰਤੋਂ ਦੀ ਇਜਾਜ਼ਤ ਦਿੱਤੀ ਹੈ।

# ਭਾਰਤ 'ਚ ਮੁੜ ਫੈਲ ਸਕਦਾ ਏ ਕੋਰੋਨਾ ?

## ✪ ਮਾਹਿਰਾਂ ਨੇ ਸਾਵਧਾਨ ਰਹਿਣ ਲਈ ਦਿਤੀ ਹਦਾਇਤ

ਨਵੀਂ ਦਿੱਲੀ-ਅਮਰੀਕਾ ਤੇ ਦੱਖਣੀ ਕੋਰੀਆ ਸਮੇਤ ਕਈ ਦੇਸ਼ਾਂ ਵਿਚ ਮਾਮਲਿਆਂ ਵਿਚ ਵਾਧੇ ਦੇ ਵਿਚਕਾਰ ਇਕ ਮਾਹਿਰ ਨੇ ਕਿਹਾ ਕਿ ਭਾਰਤ ਨੂੰ ਇੱਕ ਹੋਰ ਕੋਵਿਡ -19 ਲਹਿਰ ਲਈ ਤਿਆਰ ਰਹਿਣਾ ਚਾਹੀਦਾ ਹੈ। ਯੂਐੱਸ ਸੈਂਟਰਜ਼ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਂਸ਼ਨ (ਸੀਡੀਸੀ) ਦੇ ਅਨੁਮਾਨਾਂ ਅਨੁਸਾਰ ਦੇਸ਼ ਦੇ 25 ਰਾਜਾਂ ਵਿਚ ਕੋਵਿਡ ਦੀ ਲਾਗ ਵਧ ਰਹੀ ਹੈ। ਦੱਖਣੀ ਕੋਰੀਆ ਵੀ ਬਹੁਤ ਸਾਰੇ ਹਸਪਤਾਲਾਂ 'ਚ ਲੋਕਾਂ ਨੂੰ ਦਾਖਲ ਕਰਵਾਇਆ ਜਾ ਰਿਹਾ ਹੈ। ਵਰਲਡ ਹੈਲਥ ਆਰਗੇਨਾਈਜ਼ੇਸ਼ਨ (ਡਬਲਯੂਐੱਚਓ) ਦੇ ਤਾਜ਼ਾ ਅਪਡੇਟ ਨੇ ਦਿਖਾਇਆ ਕਿ 24 ਜੂਨ ਤੋਂ 21 ਜੁਲਾਈ ਦੇ ਵਿਚਕਾਰ 85 ਦੇਸ਼ਾਂ ਵਿੱਚ ਹਰ ਹਫ਼ਤੇ ਸਾਰਸ-ਕੋਵ-2 ਲਈ ਔਸਤਨ 17,358 ਕੋਵਿਡ ਨਮੂਨਿਆਂ ਦੀ ਜਾਂਚ ਕੀਤੀ ਗਈ। ਡਬਲਯੂ ਐਚ ਓ ਦੇ ਅਨੁਸਾਰ ਭਾਰਤ ਵਿਚ ਇਸ ਸਾਲ ਜੂਨ ਅਤੇ ਜੁਲਾਈ ਦੇ ਵਿਚਕਾਰ 908 ਨਵੇਂ ਕੋਵਿਡ -19 ਮਾਮਲੇ ਅਤੇ ਦੋ ਮੌਤਾਂ ਵੀ ਸਾਹਮਣੇ ਆਈਆਂ ਹਨ। ਨੋਇਡਾ ਦੀ ਸ਼ਿਵ ਨਾਦਰ ਯੂਨੀਵਰਸਿਟੀ ਦੇ ਵਾਇਰੋਲੋਜਿਸਟ ਪ੍ਰੋਫੈਸਰ ਦੀਪਕ ਸਹਿਗਲ ਨੇ ਆਈਏਐੱਨਐੱਸ ਨੂੰ ਦੱਸਿਆ ਕਿ ਭਾਰਤ ਵਿਚ ਸਥਿਤੀ ਦੂਜੇ ਦੇਸ਼ਾਂ ਵਾਂਗ ਗੰਭੀਰ ਨਹੀਂ ਹੈ, ਪਰ ਸਾਨੂੰ ਇਸ ਲਈ ਤਿਆਰ ਰਹਿਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਵਾਇਰਸ ਨਿਸ਼ਚਤ ਤੌਰ 'ਤੇ ਦੁਬਾਰਾ ਉੱਭਰਿਆ ਹੈ ਤੇ ਡਬਲਯੂ ਐਚ ਓ ਨੇ ਦੱਸਿਆ ਕਿ ਇਸ ਵਾਇਰਸ ਨਾਲ ਹੋਣ ਵਾਲੀਆਂ ਮੌਤਾਂ ਵਿੱਚ ਲਗਭਗ 26 ਫੀਸਦੀ ਅਤੇ ਮਾਮਲਿਆਂ ਵਿਚ ਵਾਧਾ 11 ਫੀਸਦੀ ਦਰਜ ਹੋਇਆ ਹੈ ਤੇ ਇਹ ਕਾਫ਼ੀ ਚਿੰਤਾਜਨਕ ਹੈ। ਹਾਲ ਵਿਚ ਵਾਇਰਸ ਦਾ ਫੈਲਾਅ ਕਈ ਰੂਪਾਂ ਵਿਚ ਹੋਇਆ ਹੈ, ਜੋ ਓਮੀਕਰੋਨ ਵੈਰੀਅੰਟ ਨਾਲ ਸਬੰਧਤ ਹੈ। ਓਮੀਕਰੋਨ ਬਹੁਤ ਜ਼ਿਆਦਾ ਪ੍ਰਸਾਰਣਯੋਗ ਸੀ ਤੇ ਬਹੁਤ ਮੁਸ਼ਕਲ ਨਾਲ ਇਸ ਤੋਂ ਬਚਿਆ ਜਾ ਸਕਦਾ ਸੀ। ਜਨਵਰੀ ਵਿੱਚ ਵਿਸ਼ਵ ਪੱਧਰ 'ਤੇ ਪਹਿਲੀ ਵਾਰ ਪਛਾਣਿਆ ਗਿਆ, ਕੇਪੀ.2 ਓਮੀਕਰਨ ਦੇ ਜੇਐੱਨ.1 ਦਾ ਵੇਰੀਅੰਟ ਹੈ। ਭਾਰਤ ਵਿਚ ਕੇਪੀ.2 ਪਹਿਲੀ ਵਾਰ ਉੜੀਸਾ ਵਿਚ ਦਸੰਬਰ 2023 ਵਿਚ ਖੋਜਿਆ ਗਿਆ ਸੀ।

ਕੇਂਦਰੀ ਸਿਹਤ ਮੰਤਰੀ ਜੇਪੀ ਨੱਡਾ ਨੇ ਜੁਲਾਈ ਵਿੱਚ ਸੰਸਦ ਨੂੰ ਸੂਚਿਤ ਕੀਤਾ ਸੀ ਕਿ ਹਾਲਾਂਕਿ ਹੁਣ ਤੱਕ ਹਸਪਤਾਲ ਵਿਚ ਦਾਖਲ ਹੋਣ ਜਾਂ ਬਿਮਾਰੀ ਦੀ ਗੰਭੀਰਤਾ ਵਿੱਚ ਕੋਈ ਵਾਧਾ ਨਹੀਂ ਹੋਇਆ ਹੈ। ਸਹਿਗਲ ਨੇ ਕਿਹਾ ਕਿ ਸਰਕਾਰ ਨੇ ਨਿਗਰਾਨੀ ਨੂੰ ਵਧਾ ਦਿੱਤਾ ਹੈ, ਖਾਸ ਕਰਕੇ ਜੀਨੋਮ ਕ੍ਰਮ ਦੇ ਨਾਲ। ਇਹ ਯਕੀਨੀ ਬਣਾਉਣ ਲਈ ਵੀ ਯਤਨ ਕੀਤੇ ਜਾ ਰਹੇ ਹਨ ਕਿ ਆਬਾਦੀ ਵਿਚ ਟੀਕੇ ਅਤੇ ਬੂਸਟਰ ਖੁਰਾਕਾਂ ਆਸਾਨੀ ਨਾਲ ਉਪਲਬਧ ਹੋਣ। ਸਾਡੇ ਕੋਲ ਇੱਕ ਬੂਸਟਰ ਵੈਕਸੀਨ ਦੀ ਇੱਕ ਖੁਰਾਕ ਹੋ ਸਕਦੀ ਹੈ ਜੋ ਅਸਲ ਵਿੱਚ ਮਦਦ ਕਰੇਗੀ। ਨਹੀਂ ਤਾਂ ਇੱਥੇ ਬਹੁਤ ਸਾਰੇ ਜੋਖਮ ਹਨ ਜਿਨ੍ਹਾਂ ਨੂੰ ਸਾਨੂੰ ਭਵਿੱਖ ਵਿੱਚ ਘਟਾਉਣ ਦੀ ਜ਼ਰੂਰਤ ਹੋਏਗੀ।

# ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿਚ ਸੱਤਾ ਪੱਖੀ ਤੇ ਵਿਰੋਧੀ ਧਿਰਾਂ ਵਿਚਾਲੇ ਖੜਕਾ ਦੜਕਾ ਪਹਿਲਾਂ ਵਾਂਗ ਜਾਰੀ

**✪ ਆਪ ਪਾਰਟੀ ਨੇ ਇਜਲਾਸ ਦੇ ਦਿਨ ਘਟਾ ਕੇ ਪ੍ਰਕਿਰਿਆ ਦੇ ਨਿਯਮਾਂ ਦੀ ਉਲੰਘਣਾ ਕੀਤੀ : ਬਾਜਵਾ ✪ ਨਸ਼ਿਆਂ ਕਾਰੋਬਾਰੀਆਂ ਨੂੰ ਫਿਰੌਤੀ ਦੇ ਫ਼ੋਨ, ਬੇਅਦਬੀ ਦਾ ਇਨਸਾਫ਼ ਬੇਰੁਜ਼ਗਾਰੀ ਕਿਸਾਨਾਂ ਦੇ ਮਸਲੇ ਉਠੇ ✪ ਪੰਜਾਬੀ ਹੁਣ ਭਗਵੰਤ ਮਾਨ ਦੇ ਚੁਟਕਲਿਆਂ ਤੋਂ ਅਕੇ**

## ਵਿਸ਼ੇਸ਼ ਰਿਪੋਟ



ਪਿਛਲੇ ਲੰਬੇ ਸਮੇਂ ਤੋਂ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਸੁੰਗੜਦੇ ਜਾ ਰਹੇ ਹਨ ਤੇ ਇਹ ਪੰਜਾਬ ਦੇ ਮਸਲਿਆਂ ਦਾ ਹੱਲ ਕਰਨ ਵਿਚ ਅਸਮਰਥ ਰਹੇ ਹਨ। ਸ਼ਾਇਦ ਸਰਕਾਰਾਂ, ਸਿਆਸੀ ਪਾਰਟੀਆਂ ਅਤੇ ਪੰਜਾਬ ਦੇ ਸਤਾਧਾਰੀ ਨੇਤਾਵਾਂ ਨੇ ਆਲੋਚਨਾ ਤੋਂ ਬਚਣ ਦਾ ਰਾਹ ਲੱਭ ਲਿਆ ਹੈ ਤੇ ਸਰਕਾਰ ਜਵਾਬਦੇਹੀ ਤੋਂ ਬਚਣ ਲਈ ਸਾਲ ਵਿਚ ਤਿੰਨ ਵਾਰ ਸੰਖੇਪ ਸੈਸ਼ਨ ਸੱਦ ਕੇ ਕਾਰਵਾਈ ਪੂਰੀ ਕਰਨ ਦੇ ਰਾਹ ਤੁਰ ਪਈ ਹੈ। ਇਸ ਪੱਖ ਤੋਂ ਆਮ ਆਦਮੀ ਪਾਰਟੀ ਪਿਛਲੀਆਂ ਸਾਰੀਆਂ ਸਰਕਾਰਾਂ ਦੇ ਰਿਕਾਰਡ ਤੋੜਨ ਲੱਗੀ ਹੋਈ ਹੈ। ਪੰਜਾਬ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਦੀ ਗੱਲ ਕਰੀਏ ਤਾਂ ਇਹ ਕੇਵਲ ਤਿੰਨ ਦਿਨਾਂ ਲਈ ਬੁਲਾਇਆ ਗਿਆ ਸੀ। ਸਰਕਾਰ ਵਲੋਂ ਦੋ ਤੋਂ ਚਾਰ ਸਤੰਬਰ ਤੱਕ ਸੈਸ਼ਨ ਸੱਦਿਆ ਗਿਆ ਸੀ। ਸੈਸ਼ਨ ਦੇ ਪਹਿਲੇ ਦਿਨ ਪਦਮਸ਼੍ਰੀ ਪ੍ਰਸਿੱਧ ਕਵੀ ਸੁਰਜੀਤ ਪਾਤਰ ਸਮੇਤ ਕਈ ਸਾਬਕਾ ਵਿਧਾਇਕਾਂ ਤੇ ਆਜ਼ਾਦੀ ਘੁਲਾਟੀਆਂ ਨੂੰ ਸ਼ਰਧਾਂਜਲੀਆਂ ਭੇਟ ਕਰਕੇ ਸਦਨ ਉਠਾ ਦਿੱਤਾ ਗਿਆ ਸੀ। ਆਖਰੀ ਦਿਨ ਆਮ ਕਰਕੇ ਬਿੱਲਾਂ ਨੂੰ ਪ੍ਰਵਾਨਗੀ ਦੇਣ ਵਿਚ ਲੰਘ ਗਿਆ।

ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ 'ਤੇ ਮਾਨਸੂਨ ਵਿਧਾਨ ਸਭਾ ਸੈਸ਼ਨ ਦੇ ਦਿਨਾਂ ਨੂੰ ਘਟਾ ਕੇ ਵਿਧਾਨ ਸਭਾ ਨਿਯਮਾਂ ਦੀ ਉਲੰਘਣਾ ਕਰਨ ਦਾ ਦੋਸ਼ ਲਾਇਆ ਸੀ। ਧਾਰਾ 14ਏ ਤਹਿਤ ਵਿਧਾਨ ਸਭਾ ਦੇ ਨਿਯਮਾਂ ਦਾ ਹਵਾਲਾ ਦਿੰਦੇ ਹੋਏ ਬਾਜਵਾ ਨੇ ਕਿਹਾ ਸੀ ਕਿ ਸਾਲ ਵਿਚ ਘੱਟੋ-ਘੱਟ 40 ਬੈਠਕਾਂ ਹੋਣੀਆਂ ਚਾਹੀਦੀਆਂ ਹਨ। ਸਰਕਾਰ ਮਾਰਚ 2025 ਵਿਚ ਆਪਣਾ ਤਿੰਨ ਸਾਲ ਦਾ ਕਾਰਜਕਾਲ ਪੂਰਾ ਕਰਨ ਜਾ ਰਹੀ ਹੈ। ਹੁਣ ਤੱਕ 'ਆਪ' ਸਰਕਾਰ ਨੇ ਵਿਧਾਨ ਸਭਾ ਦੀਆਂ ਬੈਠਕਾਂ ਸਿਰਫ਼ 39 ਦਿਨਾਂ ਲਈ ਕੀਤੀਆਂ ਹਨ। ਕੀ ਇਹ ਮਾਰਚ 2025 ਤੱਕ 120 ਬੈਠਕ ਦੇ ਦਿਨ ਆਯੋਜਿਤ ਕਰਨ ਦੇ ਯੋਗ ਹੋਵੇਗੀ ?

ਉਨ੍ਹਾਂ ਕਿਹਾ ਸੀ ਕਿ ਪੰਜਾਬ 'ਚ ਸੱਤਾ ਸੰਭਾਲਣ ਤੋਂ ਪਹਿਲਾਂ 'ਆਪ' ਲੀਡਰਸ਼ਿਪ ਕਹਿੰਦੀ ਸੀ ਕਿ ਉਹ ਇੱਕ ਸਾਲ 'ਚ 120 ਬੈਠਕਾਂ ਕਰੇਗੀ। ਬਾਜਵਾ ਨੇ ਕਿਹਾ ਕਿ ਬਿਜ਼ਨਸ ਐਡਵਾਈਜ਼ਰੀ ਕਮੇਟੀ (ਬੀ.ਏ.ਸੀ.) ਦੀ ਮੀਟਿੰਗ ਵਿਚ ਮੈਂ ਇਹ ਮਾਮਲਾ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਕੋਲ ਉਠਾਇਆ ਪਰ ਕੋਈ ਨਤੀਜਾ ਨਹੀਂ ਨਿਕਲਿਆ।

ਸੀਨੀਅਰ ਕਾਂਗਰਸੀ ਆਗੂ ਬਾਜਵਾ ਨੇ ਕਿਹਾ ਕਿ ਅਮਨ-ਕਾਨੂੰਨ ਦੀ ਸਥਿਤੀ ਵਿਗੜਦੀ ਜਾ ਰਹੀ ਹੈ, ਨਸ਼ਿਆਂ ਦੀ ਸਮੱਸਿਆ ਹੈ, ਕਾਰੋਬਾਰੀਆਂ ਨੂੰ ਫਿਰੌਤੀ ਦੇ ਫ਼ੋਨ ਆ ਰਹੇ ਹਨ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਇਨਸਾਫ਼ ਅਜੇ ਵੀ ਬਕਾਇਆ ਹੈ, ਬੇਰੁਜ਼ਗਾਰੀ ਕਾਰਨ ਨੌਜਵਾਨ ਬਾਹਰ ਜਾ ਰਹੇ ਹਨ, ਕਿਸਾਨਾਂ ਦੀ ਦੁਰਦਸ਼ਾ, ਨਕਲੀ ਡੀਏਪੀ ਦੀ ਵਿਕਰੀ, ਕੇਂਦਰ ਸਰਕਾਰ ਦੀ ਸਕੀਮ ਤੋਂ ਫ਼ੰਡ ਵਾਪਸ ਜਾ ਰਹੇ ਹਨ ਆਦਿ ਬਹੁਤ ਸਾਰੇ ਮੁੱਦੇ ਹਨ, ਜਿਨ੍ਹਾਂ 'ਤੇ ਵਿਧਾਨ ਸਭਾ ਵਿੱਚ ਤੁਰੰਤ ਵਿਚਾਰ-ਵਟਾਂਦਰਾ ਕਰਨ ਦੀ ਲੋੜ ਸੀ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਸਰਕਾਰ ਵੱਲੋਂ ਹੀ ਗੈਂਗਸਟਰਾਂ ਨੂੰ ਪਨਾਹ ਦਿੱਤੀ ਜਾ ਰਹੀ ਹੈ। ਲਾਰੈਂਸ ਮਾਮਲੇ 'ਚ ਸਿਟ ਦੀ ਰਿਪੋਰਟ ਆਈ ਹੈ। ਉਸ ਨੂੰ ਸੈਸ਼ਨ ਵਿੱਚ ਰੱਖਿਆ ਜਾਣਾ ਚਾਹੀਦਾ ਹੈ। ਇਸ ਦੌਰਾਨ ਵਿਧਾਨ ਸਭਾ ਵਿੱਚ ਡੇਰਾ ਸੱਚਾ ਸੌਦਾ ਦੇ ਮੁਖੀ ਖ਼ਿਲਾਫ਼ ਢਾਈ ਸਾਲਾਂ ਤੋਂ ਚੱਲ ਰਹੇ ਕੇਸ ਦੀ ਫਾਈਲ ਨੂੰ ਮਨਜ਼ੂਰੀ ਨਾ ਦੇਣ ਦਾ ਮੁੱਦਾ ਵੀ ਉਠਾਇਆ ਗਿਆ।

ਵਿਰੋਧੀ ਧਿਰ ਦੇ ਆਗੂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਇਸ ਵਿੱਤੀ ਸਾਲ ਲਈ ਕਰਜ਼ਾ ਲੈਣ ਦੀ ਆਪਣੀ ਸੀਮਾ ਪਹਿਲਾਂ ਹੀ ਪੂਰੀ ਕਰ ਲਈ ਹੈ। ਇਸ ਦੌਰਾਨ ਸਰਕਾਰ ਕੋਲ ਸਰਕਾਰੀ ਕਰਮਚਾਰੀਆਂ ਦੀਆਂ ਤਨਖ਼ਾਹਾਂ ਅਤੇ ਪੈਨਸ਼ਨਾਂ ਦੇਣ ਲਈ ਕੋਈ ਫ਼ੰਡ ਨਹੀਂ ਬਚਿਆ ਹੈ। ਇਹ ਇੱਕ ਵੱਡਾ ਕਾਰਨ ਹੈ ਕਿ ਸਰਕਾਰ ਨੇ ਪੰਜਾਬ ਵਿਧਾਨ ਸਭਾ ਦੇ ਮਾਨਸੂਨ ਸੈਸ਼ਨ ਦੀਆਂ ਬੈਠਕਾਂ ਨੂੰ ਘੱਟ ਕਰ ਦਿੱਤਾ ਹੈ।

ਇਸ ਦੌਰਾਨ ਸੁਖਪਾਲ ਖਹਿਰਾ ਨੇ ਸੈਸ਼ਨ ਵਧਾਉਣ ਦਾ ਮੁੱਦਾ ਉਠਾਇਆ। ਉਨ੍ਹਾਂ ਨੇ ਕਿਹਾ ਕਿ ਵਿਧਾਨ ਸਭਾ ਦੇ 117 ਮੈਂਬਰ ਹਨ ਤੇ ਕਈ ਤਾਂ ਸੁੱਚੇ ਮੂੰਹ ਹੀ ਚਲੇ ਜਾਂਦੇ ਹਨ। ਮੇਰਾ ਸੁਝਾਅ ਹੈ ਕਿ ਹਰ ਵਿਧਾਇਕ ਨੂੰ 10 ਮਿੰਟ ਦਿੱਤੇ ਜਾਣੇ ਚਾਹੀਦੇ ਹਨ। ਇਸ ਹਿਸਾਬ ਨਾਲ 1170 ਘੰਟੇ ਬਣਦੇ ਹਨ। ਅਜਿਹੇ 'ਚ ਸੈਸ਼ਨ ਨੂੰ 8 ਤੋਂ 9 ਦਿਨਾਂ ਲਈ ਵਧਾਇਆ ਜਾਣਾ ਚਾਹੀਦਾ ਹੈ ਜੋ ਸਾਰੇ ਵਿਧਾਇਕ ਆਪੋ-ਆਪਣੇ ਹਲਕੇ ਦੀ ਗੱਲ ਕਰ ਸਕਣ। ਖਹਿਰਾ ਨੇ ਕਿਹਾ ਕਿ ਕਾਨੂੰਨ ਵਿਵਸਥਾ ਦੀ ਹਾਲਤ ਖਰਾਬ ਹੈ। ਕਿਸਾਨ ਸਰਹੱਦ 'ਤੇ ਬੈਠੇ ਹਨ। ਖਾਦ ਡੁਪਲੀਕੇਟ ਆ ਰਹੀ ਹੈ। ਬਰਗਾੜੀ ਮਾਮਲੇ ਵਿੱਚ ਕੁਝ ਨਹੀਂ ਹੋਇਆ। ਇੱਕ ਜੇਲ੍ਹ ਸੁਪਰਡੈਂਟ ਨੇ ਅਸਤੀਫ਼ਾ ਦੇ ਦਿੱਤਾ ਤੇ ਉਸ ਦਾ ਕਹਿਣਾ ਹੈ ਕਿ ਜੇਲ੍ਹ ਵਿੱਚ ਕੋਈ ਨਿਯਮ ਨਹੀਂ ਹਨ।

ਕਾਂਗਰਸੀ ਵਿਧਾਇਕ ਸੰਦੀਪ ਜਾਖੜ ਨੇ ਕਿਹਾ ਕਿ ਖੇਤੀ ਨੀਤੀ ਖੇਤੀਬਾੜੀ ਵਿਭਾਗ ਵੱਲੋਂ ਬਣਾਈ ਗਈ ਹੈ। ਇਸ ਨੂੰ ਤਿਆਰ ਹੋਏ ਤਿੰਨ ਮਹੀਨੇ ਹੋ ਗਏ ਹਨ। ਅੱਜ ਕਿਸਾਨ ਚੰਡੀਗੜ੍ਹ ਵਿੱਚ ਧਰਨਾ ਦੇ ਰਹੇ ਹਨ। ਉਨ੍ਹਾਂ ਦੀ ਵੀ ਇਹੀ ਮੰਗ ਹੈ ਕਿ ਇਸ ਨੀਤੀ ਨੂੰ ਜਨਤਕ ਕੀਤਾ ਜਾਵੇ। ਮੈਂ ਕਹਿੰਦਾ ਹਾਂ ਕਿ ਇੱਕ ਦਿਨ ਦਾ ਸੈਸ਼ਨ ਬੁਲਾਇਆ ਜਾਵੇ। ਉਸ ਨੀਤੀ 'ਤੇ ਚਰਚਾ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਚਰਚਾ ਕਰਕੇ ਕੰਮ ਨੂੰ ਅੱਗੇ ਤੋਰਿਆ ਜਾਵੇ।

ਆਦਮਪੁਰ ਦੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਨੇ ਆਦਮਪੁਰ ਏਅਰਪੋਰਟ ਰੋਡ ਨੂੰ ਚਾਰ ਮਾਰਗੀ ਬਣਾਉਣ ਦਾ ਮੁੱਦਾ ਉਠਾਇਆ। ਉਨ੍ਹਾਂ ਕਿਹਾ ਕਿ ਇਸ ਸੜਕ ਦਾ ਕੰਮ ਰੁਕ ਗਿਆ ਹੈ। ਜਦੋਂਕਿ ਇਸ ਸੜਕ ਤੋਂ ਪੰਜਾਬ ਹੀ ਨਹੀਂ ਕਈ ਰਾਜਾਂ ਨੂੰ ਵੀ ਫਾਇਦਾ ਹੋਣ ਵਾਲਾ ਹੈ। ਇਸ ਦੇ ਜਵਾਬ ਵਿੱਚ ਮੰਤਰੀ ਹਰਭਜਨ ਸਿੰਘ ਈਟੀਓ ਨੇ ਦੱਸਿਆ ਕਿ ਇਸ ਸੜਕ ਨੂੰ ਚਹੁੰ-ਮਾਰਗੀ ਕਰਨ ਲਈ 4140 ਕਰੋੜ ਰੁਪਏ ਮਨਜ਼ੂਰ ਕੀਤੇ ਗਏ ਹਨ ਤੇ 4.30 ਕਿਲੋਮੀਟਰ ਦਾ ਕੰਮ ਸ਼ੁਰੂ ਕੀਤਾ ਗਿਆ। ਇਹ ਕੰਮ ਤੇਜ਼ੀ ਨਾਲ ਚੱਲ ਰਿਹਾ ਹੈ। ਇਹ ਕੰਮ 31 ਦਸੰਬਰ ਤੱਕ ਮੁਕੰਮਲ ਕਰ ਲਿਆ ਜਾਵੇਗਾ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਮਨਪ੍ਰੀਤ ਇਯਾਲੀ ਨੇ ਕਿਸਾਨਾਂ ਦੀ ਜ਼ਮੀਨ ਐਕੁਆਇਰ ਕਰਨ ਦਾ ਮੁੱਦਾ ਚੁੱਕਿਆ। ਉਨ੍ਹਾਂ ਕਿਹਾ ਕਿ ਨੈਸ਼ਨਲ ਹਾਈਵੇਅ ਅਥਾਰਟੀ ਦੇ ਭਾਰਤ ਮਾਮਲਾ ਪ੍ਰਾਜੈਕਟ ਲਈ ਜੋ ਜ਼ਮੀਨ ਐਕੁਆਇਰ ਕੀਤੀ ਜਾ ਰਹੀ ਹੈ, ਉਸ ਜ਼ਮੀਨ ਦੀ ਵਾਜਬ ਕੀਮਤ ਨਹੀਂ ਮਿਲ ਰਹੀ। ਪੰਜਾਬ ਵਿੱਚ ਜ਼ਮੀਨ ਦੀ ਕੀਮਤ ਡੇਢ ਕਰੋੜ ਰੁਪਏ ਤੋਂ ਘੱਟ ਨਹੀਂ ਹੈ। ਕਿਸਾਨਾਂ ਨੂੰ ਉਨ੍ਹਾਂ ਦੀਆਂ ਜ਼ਮੀਨਾਂ ਦਾ ਪੂਰਾ ਮੁੱਲ ਮਿਲਣਾ ਚਾਹੀਦਾ ਹੈ। ਪੰਜਾਬ ਸਰਕਾਰ ਨੂੰ ਕਿਸਾਨਾਂ ਦੇ ਮਸਲੇ ਪਹਿਲ ਦੇ ਆਧਾਰ 'ਤੇ ਹੱਲ ਕਰਨੇ ਚਾਹੀਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਬੁੱਢੇ ਨਾਲੇ ਦਾ ਮੁੱਦਾ ਵੀ ਉਠਾਇਆ। ਸਪੀਕਰ ਨੇ ਕਿਹਾ ਕਿ ਇਸ ਮਾਮਲੇ ਵਿੱਚ ਇੱਕ ਕਮੇਟੀ ਬਣਾਈ ਗਈ ਹੈ। ਕਮੇਟੀ ਲਗਾਤਾਰ ਕੰਮ ਕਰ ਰਹੀ ਹੈ। ਇਸਤਰ੍ਹਾਂ ਪੰਜਾਬ ਵਿਧਾਨ ਸਭਾ ਦੇ ਮਾਨਸੂਨ ਸੈਸ਼ਨ ਦੇ ਖੜਕਾ-ਦੜਕਾ ਜਾਰੀ ਰਿਹਾ।

ਵਿਧਾਨ ਸਭਾ ਦਾ ਸਪੀਕਰ ਚਾਹੇ ਹਾਊਸ ਦਾ ਕਸਟੋਡੀਅਨ ਮੰਨਿਆ ਜਾਂਦਾ ਹੈ ਪਰ ਸਾਰੇ ਸਪੀਕਰਾਂ 'ਤੇ ਹਾਕਮ ਧਿਰ ਦੀ ਬੋਲੀ ਬੋਲਣ ਦੇ ਦੋਸ਼ ਲਗਦੇ ਰਹੇ ਹਨ। ਇਸ ਵਿਚ ਵੀ ਦੋ ਰਾਵਾਂ ਨਹੀਂ ਕਿ ਸਪੀਕਰ ਦੀ ਕੋਸ਼ਿਸ਼ ਹਮੇਸ਼ਾ ਵਿਰੋਧੀ ਧਿਰ ਨੂੰ ਵਧੇਰੇ ਦਬਾ ਕੇ ਰੱਖਣ ਦੀ ਰਹਿੰਦੀ ਹੈ। ਵਿਰੋਧੀ ਧਿਰ ਨੇ ਆਪਣੀ ਗੱਲ ਰੱਖਣ ਲਈ ਵਿਧਾਨ ਸਭਾ ਦੇ ਬਾਹਰ ਬਰਾਬਰ ਦਾ ਹਾਊਸ ਚਲਾਉਣ ਦਾ ਢੰਗ ਵੀ ਲੱਭ ਲਿਆ ਹੈ।

ਆਮ ਆਦਮੀ ਪਾਰਟੀ ਨੇ ਹਾਊਸ ਦੀ ਕਾਰਵਾਈ ਲਾਈਵ ਤਾਂ ਕਰ ਦਿੱਤੀ ਪਰ ਵਿਰੋਧੀ ਧਿਰ ਨੂੰ ਰਿਹਖ ਹੈ ਕਿ ਉਨ੍ਹਾਂ ਵੱਲ ਕੈਮਰੇ ਦਾ ਮੂੰਹ ਹੀ ਨਹੀਂ ਕੀਤਾ ਜਾਂਦਾ ਜਾਂ ਫਿਰ ਜਦੋਂ ਉਹ ਸਰਕਾਰ ਨੂੰ ਘੇਰਨ ਦੇ ਰਾਹ ਤੁਰਦੇ ਹਨ ਤਾਂ ਉਨ੍ਹਾਂ ਦੇ ਮਾਈਕ ਬੰਦ ਕਰ ਦਿੱਤੇ ਜਾਂਦੇ ਹਨ। ਅਜਿਹਾ ਲੋਕਤੰਤਰ ਵਿਚ ਕਿਸੇ ਵੀ ਸਰਕਾਰ ਨੂੰ ਸ਼ੋਭਦਾ ਨਹੀਂ ਹੈ।

ਪ੍ਰਾਪਤ ਅੰਕੜਿਆ ਮੁਤਾਬਿਕ ਸਾਲ 2024 'ਚ 1 ਮਾਰਚ ਤੋਂ ਸ਼ੁਰੂ ਹੋਏ ਬਜਟ ਸੈਸ਼ਨ ਦੌਰਾਨ 12 ਦਿਨਾਂ ਵਿਚ ਸੱਤ ਬੈਠਕਾਂ ਹੋਈਆਂ ਸਨ ਅਤੇ ਦੋ ਸਤੰਬਰ ਤੋਂ ਚਾਰ ਤੱਕ ਤਿੰਨ ਬੈਠਕਾਂ ਹੋਰ ਹੋ ਜਾਣਗੀਆਂ ਤੇ ਅਜੇ ਤਕ ਇਸ ਸਾਲ ਦੌਰਾਨ ਕੁੱਲ 10 ਬੈਠਕਾਂ ਹੋਈਆਂ ਹਨ। ਪਿਛਲੇ ਸਾਲ 2023 ਵਿਚ ਕੇਵਲ 12 ਬੈਠਕਾਂ ਕੀਤੀਆਂ ਗਈਆਂ ਸਨ। ਅਤੇ 2022 'ਚ 'ਆਪ' ਦੀ ਨਵੀਂ ਸਰਕਾਰ ਬਣਨ ਤੋਂ ਬਾਅਦ 17 ਬੈਠਕਾਂ ਹੋਈਆਂ ਸਨ। ਇਸ ਸਾਲ ਦੇ ਬਾਕੀ ਸਮੇਂ ਵਿਚ ਵਿਧਾਨ ਸਭਾ ਦਾ ਸੈਸ਼ਨ ਬੁਲਾਇਆ ਜਾਂਦਾ ਹੈ ਜਾਂ ਨਹੀਂ ਦੇਖਣ ਵਾਲੀ ਗੱਲ ਹੋਵੇਗੀ।

1966 ਵਿਚ ਪੰਜਾਬ ਦੇ ਪੁਨਰਗਠਨ ਤੋਂ ਹੀ ਦੀਆਂ ਬੈਠਕਾਂ ਦੀ ਗਿਣਤੀ ਘਟਣੀ ਸ਼ੁਰੂ ਹੋ ਗਈ ਸੀ ਅਤੇ ਇਹ ਗਿਣਤੀ ਘਟ ਕੇ ਦੋ ਦਰਜਨ 'ਤੇ ਆ ਡਿੱਗੀ ਸੀ। ਸਾਲ 1970 ਤੋਂ 80ਵੇਂ ਤੱਕ ਹਾਊਸ 15 ਤੋਂ 18 ਵਾਰ ਜੁੜਦਾ ਰਿਹਾ ਅਤੇ ਉਸ ਤੋਂ ਬਾਅਦ ਇਹ ਗਿਣਤੀ ਆ ਕੇ ਸੱਤ ਤੋਂ ਅੱਠ ਤੱਕ ਹੀ ਰਹਿ ਗਈ। ਭਾਵੇਂ 1981 ਅਤੇ 1982 'ਚ ਪੰਜਾਬ ਵਿਧਾਨ ਸਭਾ ਨੇ ਘੱਟੋ-ਘੱਟ 40 ਬੈਠਕਾਂ ਕਰਨ ਦਾ ਪ੍ਰਸਤਾਵ ਪਾਸ ਕੀਤਾ ਸੀ ਪਰ ਇਹ ਅਮਲ ਵਿਚ ਨਹੀਂ ਲਿਆਂਦਾ ਜਾ ਸਕਿਆ।

ਸਿਆਸਤ ਵਿਚ ਆ ਰਹੇ ਨਿਘਾਰ ਲਈ ਕਿਸੇ ਇਕ ਪਾਰਟੀ ਨੂੰ ਜ਼ਿੰਮੇਵਾਰ ਨਹੀਂ ਠਹਿਰਾਇਆ ਜਾ ਸਕਦਾ। ਸਰਕਾਰ ਅਕਾਲੀਆਂ ਦੀ ਰਹੀ ਹੋਵੇ ਜਾਂ ਫਿਰ ਕਾਂਗਰਸ ਦੀ ਅਤੇ ਹੁਣ ਆਮ ਆਦਮੀ ਪਾਰਟੀ ਦੀ। ਸਾਰੇ ਹੀ ਵਿਰੋਧੀ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਗੱਲ ਕਰਨ ਤੋਂ ਝਿਜਕਦੇ ਆ ਰਹੇ ਹਨ। ਦੁੱਖ ਤਾਂ ਉਦੋਂ ਹੁੰਦਾ ਹੈ, ਜਦੋਂ ਵਿਰੋਧੀ ਧਿਰ 'ਚ ਰਹਿ ਕੇ ਲੰਮੇ ਸੈਸ਼ਨ ਦੀ ਮੰਗ ਕਰਨ ਵਾਲੇ ਸੱਤਾ ਵਿਚ ਆਉਂਦਿਆਂ ਹੀ ਪਹਿਲੀਆਂ ਸਰਕਾਰਾਂ ਵਾਲੇ ਰਸਤੇ ਤੁਰ ਪੈਂਦੇ ਹਨ। ਮੁੱਖ ਮੰਤਰੀ ਭਗਵੰਤ ਮਾਨ ਜਿਹੜੇ ਕਿ 'ਮਿੱਠੀਆਂ ਮਿਰਚਾਂ' ਅਤੇ ਕਮੇਡੀ ਕਰਨ ਸਮੇਂ 'ਕੁਲਫੀ ਗਰਮਾ ਗਰਮ' ਵੇਚਦੇ ਰਹੇ ਹਨ, ਹੁਣ ਉਨ੍ਹਾਂ ਦੀਆਂਵੀ ਯੁਗਤਾਂ ਚੱਲਣ ਤੋਂ ਹਟ ਗਈਆਂ ਹਨ। ਉਨ੍ਹਾਂ ਨੂੰ ਵੀ ਇਹ ਸਮਝਣ ਦੀ ਲੋੜ ਹੈ ਕਿ ਨਿਬੇੜੇ ਅਮਲਾਂ ਨਾਲ ਹੋਣੇ ਹਨ। ਪੰਜਾਬ ਦਾ ਕੁਝ ਸੰਵਾਰਨਗੇ ਤਾਂ ਗਲ ਬਣੇਗੀ।

ਵਿਚਾਰ :– ਸਿਉਂਕ ਕੱਪੜਿਆਂ ਨੂੰ ਤਬਾਹ ਕਰ ਦੇਂਦੀ ਤੇ ਈਰਖਾ ਇਨਸਾਨ ਨੂੰ


ਰਜਿੰਦਰ ਸਿੰਘ ਪੁਰੇਵਾਲ

# ਡੇਰਾ ਬਿਆਸ ਦੇ ਦੋ ਗੱਦੀ ਦਾਰ, ਕੀ ਸਿਆਸਤ ਹੈ ?

ਡੇਰਾ ਰਾਧਾ ਸੁਆਮੀ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਵੱਲੋਂ ਜਸਦੀਪ ਸਿੰਘ ਗਿੱਲ ਨੂੰ ਆਪਣਾ ਜਾਨਸ਼ੀਨ ਐਲਾਨੇ ਜਾਣ ਮਗਰੋਂ ਵੱਡੀ ਗਿਣਤੀ ਵਿੱਚ ਸੰਗਤ ਡੇਰਾ ਸਤਿਸੰਗ ਬਿਆਸ ਪੁੱਜੀ। ਸਤਿਸੰਗ ਦੌਰਾਨ ਦੋਵਾਂ ਨੇ ਸੰਗਤ ਨੂੰ ਇਕੱਠਿਆਂ ਸੰਬੋਧਨ ਕੀਤਾ। ਡੇਰਾ ਰਾਧਾ ਸੁਆਮੀ ਸਤਿਸੰਗ ਸੁਸਾਇਟੀ ਬਿਆਸ ਦੇ ਸਕੱਤਰ ਦਵਿੰਦਰ ਕੁਮਾਰ ਸੀਕਰੀ ਨੇ ਬੀਤੇ ਦਿਨੀਂ ਪੱਤਰ ਜਾਰੀ ਕੀਤਾ ਸੀ, ਜਿਸ ਵਿੱਚ ਬਾਬਾ ਗੁਰਿੰਦਰ ਸਿੰਘ ਢਿੱਲੋਂ ਵੱਲੋਂ ਜਸਦੀਪ ਸਿੰਘ ਗਿੱਲ (45) ਨੂੰ ਆਪਣਾ ਜਾਨਸ਼ੀਨ ਨਿਯੁਕਤ ਕਰਨ ਅਤੇ ਸਾਰੀਆਂ ਜ਼ਿੰਮੇਵਾਰੀਆਂ ਅਗਲੇ ਮੁਖੀ ਨੂੰ ਸੌਂਪਣ ਦਾ ਐਲਾਨ ਕੀਤਾ ਸੀ। ਹਾਲਾਂਕਿ, ਇਸ ਤੋਂ ਬਾਅਦ ਡੇਰਾ ਰਾਧਾ ਸੁਆਮੀ ਬਿਆਸ ਵੱਲੋਂ ਦੁਬਾਰਾ ਸੋਧੇ ਬਿਆਨ ਮੁਤਾਬਕ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੂੰ ਮੁਖੀ ਅਤੇ ਜਸਦੀਪ ਸਿੰਘ ਗਿੱਲ ਨੂੰ ਕਾਰਜਕਾਰੀ ਮੁਖੀ ਥਾਪਿਆ ਗਿਆ ਸੀ।

ਡੇਰੇ ਦੇ ਇਸ ਅਚਾਨਕ ਲਏ ਫ਼ੈਸਲੇ ਤੋਂ ਸੰਗਤ ਹੈਰਾਨ ਹੈ ਅਤੇ ਉਨ੍ਹਾਂ ਵਿੱਚ ਕਈ ਤਰ੍ਹਾਂ ਦੇ ਸ਼ੰਕੇ ਖੜ੍ਹੇ ਹੋ ਰਹੇ ਸਨ। ਇਸ ਦੇ ਮੱਦੇਨਜ਼ਰ ਵੱਡੀ ਗਿਣਤੀ ਵਿਚ ਸੰਗਤ ਡੇਰਾ ਬਿਆਸ ਪੁੱਜਣੀ ਸ਼ੁਰੂ ਹੋ ਗਈ। ਡੇਰੇ ਤੋਂ ਵਾਪਸ ਆ ਰਹੇ ਸ਼ਰਧਾਲੂਆਂ ਅਨੁਸਾਰ ਬਾਬਾ ਗੁਰਿੰਦਰ ਸਿੰਘ ਢਿੱਲੋਂ ਦੇ ਜਾਨਸ਼ੀਨ ਸਬੰਧੀ ਫ਼ੈਸਲੇ ਤੋਂ ਉਹ ਕਾਫ਼ੀ ਹੈਰਾਨ ਹਨ ਅਤੇ ਉਨ੍ਹਾਂ ਨੂੰ ਯਕੀਨ ਨਹੀਂ ਹੋ ਰਿਹਾ। ਉਨ੍ਹਾਂ ਅਨੁਸਾਰ ਬਾਬਾ ਗੁਰਿੰਦਰ ਸਿੰਘ ਢਿੱਲੋਂ ਅਤੇ ਜਸਦੀਪ ਸਿੰਘ ਗਿੱਲ ਇਕੱਠੇ ਮੰਚ 'ਤੇ ਪਹੁੰਚੇ ਅਤੇ ਦੋ ਵੱਖ-ਵੱਖ ਗੱਦੀਆਂ 'ਤੇ ਬਿਰਾਜਮਾਨ ਹੋਏ। ਸਤਿਸੰਗ ਦਾ ਵਿਸ਼ਾ 'ਗੁਰੂ' ਸੀ। ਹਾਲਾਂਕਿ, ਬਾਬਾ ਗੁਰਿੰਦਰ ਸਿੰਘ ਢਿੱਲੋਂ ਮੰਚ ਤੋਂ ਕੋਈ ਸ਼ਬਦ ਨਹੀਂ ਬੋਲੇ ਪਰ ਆਪਣੇ ਜਾਨਸ਼ੀਨ ਨੂੰ ਪਿੱਠ ਥਾਪੜ ਕੇ ਆਸ਼ੀਰਵਾਦ ਦਿੱਤਾ।

ਕਿਸੇ ਡੇਰੇ ਵਿਚ ਦੋ ਗੱਦੀਆਂ ਲੱਗਣ ਅਤੇ ਇੱਕ ਮੰਚ 'ਤੇ ਦੋ ਮੁਖੀਆਂ ਦੇ ਬਿਰਾਜਮਾਨ ਹੋਣ ਦਾ ਇਹ ਪਹਿਲਾ ਮਾਮਲਾ ਹੈ। ਲੋਕਾਂ ਦਾ ਮੰਨਣਾ ਹੈ ਕਿ ਇਹ ਸਰਕਾਰੀ ਦਖਲ ਅੰਦਾਜ਼ੀ ਹੋ ਸਕਦੀ ਹੈ। ਅਜੇ ਤਕ ਡੇਰਾ ਸਿਆਸੀ ਪ੍ਰਭਾਵ ਤੋਂ ਮੁਕਤ ਰਿਹਾ ਹੈ। ਇਨ੍ਹਾਂ ਨੇ ਸਿਖ ਆਗੂਆਂ ਨਾਲ ਵੀ ਨੇੜਤਾ ਵਧਾਈ ਹੈ। ਦਰਬਾਰ ਸਾਹਿਬ ਤੇ ਗੁਰੂ ਗ੍ਰੰਥ ਸਾਹਿਬ ਝੁਕਕੇ ਬਾਬਾ ਗੁਰਿੰਦਰ ਸਿੰਘ ਨੇ ਸ਼ਰਧਾ ਦਾ ਪ੍ਰਗਟਾਵਾ ਕੀਤਾ ਸੀ। ਆਸ ਕਰਦੇ ਹਾਂ ਨਵੇਂ ਮੁਖੀ ਵੀ ਪੰਜਾਬ ਤੇ ਸਿਖਾਂ ਬਾਰੇ ਸਹੀ ਨੀਤੀ ਅਪਨਾਉਣਗੇ।

# ਭਗਵੇਂਵਾਦੀਆ ਵਲੋਂ ਦਰਬਾਰ ਸਾਹਿਬ ਦੀ ਨਕਲ ਕਿਉਂ

ਬੀਤੇ ਦਿਨੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮਹਾਰਾਸ਼ਟਰ ਦੇ ਪੁਣੇ ਦੇ ਕੈਂਪ ਏਰੀਏ ਵਿਚ ਗਣਪਤੀ ਉਤਸਵ ਲਈ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੀ ਨਕਲ ਕਰ ਕੇ ਇਕ ਪੰਡਾਲ ਬਣਾਉਣ ਦਾ ਸ਼ਖਤ ਨੋਟਿਸ ਲੈਂਦਿਆਂ ਇਸ ਨੂੰ ਸਿੱਖ ਭਾਵਨਾਵਾਂ ਭੜਕਾਉਣ ਦੀ ਕਾਰਵਾਈ ਕਰਾਰ ਦਿੱਤਾ ਹੈ।

ਸਾਡੀ ਜਾਣਕਾਰੀ ਅਨੁਸਾਰ ਪੂਣੇ ਸ਼ਹਿਰ ਦੇ ਕੈਂਪ ਏਰੀਆ 'ਚ ਗਣਪਤੀ ਪੂਜਾ ਲਈ ਇਹ ਪੰਡਾਲ ਬਣਾਇਆ ਗਿਆ ਹੈ, ਜੋ ਬਿਲਕੁਲ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੀ ਤਰਜ਼ ਉੱਤੇ ਹੈ। ਪੂਣੇ ਦੀ ਸਿੱਖ ਸੰਗਤ ਅਨੁਸਾਰ ਇਸ ਕੰਮ ਵਿਚ ਸ਼ਹਿਰ ਦੇ ਗੁਰਦੁਆਰਾ ਗੁਰੂ ਨਾਨਕ ਦਰਬਾਰ ਕੈਂਪ ਏਰੀਆ ਦੀ ਪ੍ਰਬੰਧਕ ਕਮੇਟੀ ਵੱਲੋਂ ਮੋਹਰੀ ਰੋਲ ਅਦਾ ਕੀਤਾ ਜਾ ਰਿਹਾ ਹੈ, ਜੋ ਹੋਰ ਵੀ ਦੁਖਦਾਈ ਹੈ। ਕੁੱਝ ਲੋਕਾਂ ਵਲੋਂ ਜਾਣਬੁੱਝ ਕੇ ਸਿੱਖ ਧਰਮ ਨਾਲ ਸਬੰਧਤ ਇਤਿਹਾਸਕ ਅਸਥਾਨਾਂ ਦੀ ਨਕਲ ਕੀਤੀ ਜਾਂਦੀ ਹੈ, ਜਿਸ ਨਾਲ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਦੀ ਹੈ। ਇਹ ਕਾਰਵਾਈ ਸਿੱਖ ਰਵਾਇਤਾਂ, ਪ੍ਰੰਪਰਾਵਾਂ ਅਤੇ ਸਿਧਾਂਤਾਂ ਦੇ ਉਲਟ ਹੈ ਅਤੇ ਇਸ ਨਾਲ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਸੱਟ ਵੱਜਦੀ ਹੈ। ਦਰਬਾਰ ਸਾਹਿਬ ਦੀ ਨਕਲ ਨਹੀਂ ਕੀਤੀ ਜਾ ਸਕਦੀ।

ਅਜਿਹਾ ਕਰਨ ਵਾਲਿਆਂ ਨੂੰ ਸਿੱਖ ਰਵਾਇਤਾਂ, ਮਾਨਤਾਵਾਂ ਤੇ ਸੰਗਤਾਂ ਦੀਆਂ ਭਾਵਨਾਵਾਂ ਨੂੰ ਸਮਝਣਾ ਚਾਹੀਦਾ ਸੀ। ਇਹ ਚੰਗੀ ਗੱਲ ਹੈ ਕਿ ਐਡਵੋਕੇਟ ਧਾਮੀ ਨੇ ਇਸ ਸਬੰਧ ਵਿਚ ਸ਼੍ਰੋਮਣੀ ਕਮੇਟੀ ਵਲੋਂ ਪੁਣੇ ਵਿਖੇ ਇਕ ਟੀਮ ਨੂੰ ਪੜਤਾਲ ਲਈ ਭੇਜਿਆ ਹੈ। ਐਡਵੋਕੇਟ ਧਾਮੀ ਅਨੁਸਾਰ ਮਾਮਲੇ ਦੀ ਪੜਤਾਲ ਕਰਵਾਈ ਜਾਵੇਗੀ ਅਤੇ ਜੇਕਰ ਗੁਰਦੁਆਰਾ ਕਮੇਟੀ ਵੀ ਦੋਸ਼ੀ ਹੋਈ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਕਾਰਵਾਈ ਲਈ ਲਿਖਿਆ ਜਾਵੇਗਾ। ਉਨ੍ਹਾਂ ਸੰਗਤਾਂ ਨੂੰ ਵੀ ਅਪੀਲ ਕੀਤੀ ਕਿ ਅਜਿਹੇ ਮਾਮਲੇ ਤੁਰੰਤ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਦੇ ਧਿਆਨ ਵਿੱਚ ਲਿਆਂਦੇ ਜਾਣ।

ਸਾਡਾ ਪੱਖ ਹੈ ਕਿ ਸ੍ਰੋਮਣੀ ਕਮੇਟੀ ਨੂੰ ਸਿਖੀ ਦਾ ਧਰਮ ਪ੍ਰਚਾਰ ਤੇਜ਼ ਕਰਨਾ ਚਾਹੀਦਾ ਹੈ ਤੇ ਸਿਖ ਵਿਰੋਧੀ ਅਨਸਰਾਂ ਬਾਰੇ ਕਨੂੰਨੀ ਕਾਰਵਾਈ ਵੀ ਕਰਨੀ ਚਾਹੀਦੀ ਹੈ।

-ਰਜਿੰਦਰ ਸਿੰਘ ਪੁਰੇਵਾਲ

## NEWS & VIEWS

# OPPORTUNITY FOR JATHEDARS TO RESTORE THE *MAAN-MARYADA* OF SRI AKAL TAKHT SAHIB


Gurmukh Singh O B E

Recent events in Panjab, focused on Sri Akal Takht Sahib, have shaken the Sikh Qaum. It seems none of the participants involved, the *baagi* and *daagi* groups, have approached the Takht in a spirit of total humility and surrender before the Guru and Panth. They carry a heavy burden of own ego and motives.

The case before Sri Akal Takht Sahib is a complex case against successive Badal administrations which, allegedly, did much harm to Panthic interests in Panjab and globally by compromising Sikh interests and ideology. The result is that Shromani Akali Dal, established in 1920, has lost much credibility as the champion of *Sikh* causes. As recent elections show, the Sikh *Sangat* has lost confidence in the party.

However, this cloud hanging over Panthic affairs also has a silver lining. Next generation Sikhs living abroad are learning much from interviews given by Sikh scholars and senior journalists regarding the Miri-Piri power of the Institution of Sri Akal Takht Sahib. One ray of hope is that Gursikh scholars have become involved in the broader debate.

A recent headline reads: *Sukhbir Badal case an opportunity for Jathedar Raghbir Singh to restore lost glory of highest temporal seat of Akal Takht.* We can only hope that this opportunity will not be lost. However, this is not a project for one Jathedar but all Five Singh Sahiban and with the advice of top level Panthic scholars from Panjab, India and abroad. It is a process which cannot be and should not be rushed. It is an opportunity which must not be lost but used to restore the Miri-Piri role of Sri Akal Takht Sahib.

*Gunah* (crime) is the expression used in Akal Takht Sahib communication declaring Jasbir Singh Badal a *tankhayia*. As such he cannot remain President of Shromani Akali Dal nor hold any other Panthic office and should have resigned immediately after the Akal Takh verdict. He is in no position to appoint an acting President. Self-admission of mistakes and being declared a *tankayia* is the start of a process at Sri Akal Takht Sahib. The expression, *gunah*, suggests deep-rooted offences against Guru Granth-Panth. The offences range *from favouring Dera Sacha Sauda chief Gurmeet Ram Rahim to influencing the Akal Takht jathedars to appointing Sumedh Saini as Punjab director general of police in 2012.* Some ex-jathedars of Sri Akal Takht have been involved and should be held accountable.

The offence is much more serious than being guilty of religious misconduct. The damage done to Panjab and the ideological and political position of Panth over the last few decades is deep rooted. During this time, the Badal family was allowed to reign supreme over Sikh affairs through the Shromani Akali Dal (Badal), the SGPC and even through Badal-appointed jathedars at Sri Akal Takht Sahib. Akali Dal, a *Sikh* political party has been converted into a Panjabi party by the Badal family to remain in power.

Sadly none involved in the current Panthic crisis can have a clear conscience regarding their role in the *gunah* committed to weaken the position of the Panth. All concerned, aided and abetted the Badals charged with the offences.

We hope that this time, in the sacred environment of Darbar Sahib complex, with the background of great historical tradition and global Panthic focus, the Sovereign Institution of Sri Akal Takht Sahib imposes Its own Will on the Jathedars to act fearlessly as the voice of the Panth.

Gurmukh Singh OBE, Ret'd Principal Civil Servant (UK) sewauk2005@yahoo.co.uk

# ਪੰਜਾਬ ਸਰਕਾਰ ਵੱਲੋਂ ਨਵੀਂ ਐਲਾਨੀ 'ਮਾਲਵਾ ਨਹਿਰ' 'ਤੇ ਹੁਣ ਹਰਿਆਣਾ ਨੇ ਇਤਰਾਜ਼ ਖੜ੍ਹੇ ਕੀਤੇ

## ✪ ਕੇਂਦਰੀ ਜਲ ਸ਼ਕਤੀ ਮੰਤਰਾਲੇ ਨੂੰ ਭੇਜੀ ਸ਼ਿਕਾਇਤ ✪ ਭਾਜਪਾ ਪਾਣੀਆਂ ਨੂੰ ਮੁੱਦਾ ਬਣਾਉਣ ਤੇ ਪੰਜਾਬ ਦੇ ਅਧਿਕਾਰਾਂ ਨੂੰ ਲੁੱਟਣ ਦੀ ਤਿਆਰੀ ਵਿਚ




ਚੰਡੀਗੜ੍ਹ-ਪੰਜਾਬ ਸਰਕਾਰ ਵੱਲੋਂ ਨਵੀਂ ਐਲਾਨੀ 'ਮਾਲਵਾ ਨਹਿਰ' 'ਤੇ ਹੁਣ ਹਰਿਆਣਾ ਨੇ ਇਤਰਾਜ਼ ਖੜ੍ਹੇ ਕਰ ਦਿੱਤੇ ਹਨ। ਹਰਿਆਣਾ ਸਰਕਾਰ ਨੇ ਕੇਂਦਰੀ ਜਲ ਸ਼ਕਤੀ ਮੰਤਰਾਲੇ ਨੂੰ ਵੀ ਇਸ ਬਾਰੇ ਸ਼ਿਕਾਇਤ ਭੇਜੀ ਹੈ। ਇਸ ਦੇ ਨਾਲ ਹੀ ਗੁਆਂਢੀ ਸੂਬਾ ਉੱਤਰੀ ਜ਼ੋਨਲ ਕੌਂਸਲ ਦੀ 6 ਸਤੰਬਰ ਨੂੰ ਹੋਣ ਵਾਲੀ ਸਟੈਂਡਿੰਗ ਕਮੇਟੀ ਦੀ ਮੀਟਿੰਗ ਵਿਚ ਵੀ ਇਸ ਨਹਿਰ ਦਾ ਮੁੱਦਾ ਉਠਾਏਗਾ। ਜ਼ਿਕਰਯੋਗ ਹੈ ਕਿ ਪੰਜਾਬ ਦੀ ਇਹ ਨਹਿਰ ਆਪਣੀ ਹਦੂਦ ਦੇ ਅੰਦਰ ਹੀ ਬਣਨੀ ਹੈ ਅਤੇ ਇਸ ਵਿਚ ਪੰਜਾਬ ਆਪਣੇ ਹਿੱਸੇ ਦੇ ਪਾਣੀ ਵਿਚੋਂ ਹੀ ਪਾਣੀ ਛੱਡੇਗਾ।

ਪੰਜਾਬ ਸਰਕਾਰ ਨੇ ਮਾਲਵਾ ਖ਼ਿੱਤੇ ਦੇ 62 ਪਿੰਡਾਂ ਨੂੰ ਨਹਿਰੀ ਪਾਣੀ ਦੇਣ ਲਈ ਮਾਲਵਾ ਨਹਿਰ ਦੀ ਤਜਵੀਜ਼ ਬਣਾਈ ਹੈ ਜਿਸ ਵਿਚ ਕਰੀਬ ਦੋ ਹਜ਼ਾਰ ਕਿਊਸਿਕ ਪਾਣੀ ਚੱਲੇਗਾ। ਜਲ ਸਰੋਤ ਵਿਭਾਗ ਨੇ ਮਾਲਵਾ ਨਹਿਰ ਦੀ ਉਸਾਰੀ ਲਈ ਕੰਮ ਜੰਗੀ ਪੱਧਰ 'ਤੇ ਵਿੱਢਿਆ ਹੋਇਆ ਹੈ। ਮੁੱਖ ਮੰਤਰੀ ਭਗਵੰਤ ਮਾਨ ਵੀ ਹਲਕਾ ਗਿੱਦੜਬਾਹਾ 'ਚ ਇਸ ਨਵੀਂ ਨਹਿਰ ਦਾ 27 ਜੁਲਾਈ ਨੂੰ ਜਾਇਜ਼ਾ ਲੈ ਚੁੱਕੇ ਹਨ। ਨਹਿਰ ਕਰੀਬ 149 ਕਿਲੋਮੀਟਰ ਲੰਮੀ ਹੋਵੇਗੀ ਅਤੇ ਹਰੀਕੇ ਹੈਡਵਰਕਸ ਤੋਂ ਨਿਕਲੇਗੀ।

ਮਾਲਵਾ ਨਹਿਰ ਦੀ ਲਾਗਤ ਕੀਮਤ ਕਰੀਬ 2300 ਕਰੋੜ ਹੋਵੇਗੀ। ਹਰਿਆਣਾ ਸਰਕਾਰ ਨੇ ਇਤਰਾਜ਼ ਕੀਤਾ ਹੈ ਕਿ ਹਰੀਕੇ ਤੋਂ ਪੰਜਾਬ ਆਪਣਾ ਤੀਜਾ ਫੀਡਰ ਬਣਾ ਰਿਹਾ ਹੈ ਪਰ ਪੰਜਾਬ ਨੇ ਇਸ ਬਾਰੇ ਹਰਿਆਣਾ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਨੂੰ ਇਸ ਨਹਿਰ ਦੇ ਵੇਰਵਿਆਂ ਦਾ ਖੁਲਾਸਾ ਕਰਨਾ ਚਾਹੀਦਾ ਸੀ ਕਿਉਂਕਿ ਕਿਸੇ ਵੀ ਅੰਤਰਰਾਜੀ ਨਹਿਰ ਦੀ ਉਸਾਰੀ ਲਈ ਸਹਿਮਤੀ ਦੀ ਲੋੜ ਹੁੰਦੀ ਹੈ। ਹਰਿਆਣਾ ਦਾ ਕਹਿਣਾ ਹੈ ਕਿ ਮਾਧੋਪੁਰ ਅਤੇ ਫ਼ਿਰੋਜ਼ਪੁਰ ਹੈਡਵਰਕਸ ਤੋਂ 1.57 ਐੱਮਏਐੱਫ ਪਾਣੀ ਪਾਕਿਸਤਾਨ ਨੂੰ ਛੱਡਿਆ ਜਾ ਰਿਹਾ ਹੈ।

ਹਰਿਆਣਾ ਦਾ ਕਹਿਣਾ ਹੈ ਕਿ ਪੰਜਾਬ ਤੇ ਰਾਜਸਥਾਨ ਰਾਵੀ ਬਿਆਸ ਦੇ ਵਾਧੂ ਪਾਣੀ 'ਚੋਂ ਪਹਿਲਾਂ ਹੀ ਵੱਧ ਹਿੱਸਾ ਲੈ ਰਹੇ ਹਨ। ਪਤਾ ਲੱਗਾ ਹੈ ਕਿ ਕੇਂਦਰ ਸਰਕਾਰ ਨੇ ਵੀ 'ਮਾਲਵਾ ਨਹਿਰ' ਬਾਰੇ ਪੰਜਾਬ ਤੋਂ ਜਾਣਕਾਰੀ ਮੰਗੀ ਹੈ। ਹਰਿਆਣਾ ਵਿਚ ਇਸ ਵੇਲੇ ਚੋਣਾਂ ਹਨ ਜਿਸ ਕਰਕੇ ਹਰਿਆਣਾ ਪਾਣੀਆਂ ਨੂੰ ਮੁੱਦਾ ਬਣਾਉਣ ਦੀ ਤਲਾਸ਼ ਵਿਚ ਹੈ। ਪੰਜਾਬ ਸਰਕਾਰ ਨੇ 6 ਸਤੰਬਰ ਦੀ ਉੱਤਰੀ ਜ਼ੋਨਲ ਕੌਂਸਲ ਦੀ ਮੀਟਿੰਗ ਦੀ ਤਿਆਰੀ ਕਰ ਲਈ ਹੈ।

### ਮਾਲਵਾ ਨਹਿਰ ਬਾਰੇ ਪੰਜਾਬ ਦਾ ਤਰਕ

ਪੰਜਾਬ ਸਰਕਾਰ ਦਾ ਤਰਕ ਹੈ ਕਿ ਮੌਨਸੂਨ ਦੇ ਸੀਜ਼ਨ ਵਿਚ ਹੜ੍ਹਾਂ ਦਾ ਪਾਣੀ ਹੀ ਪਾਕਿਸਤਾਨ ਵੱਲ ਜਾਂਦਾ ਹੈ। ਹੜ੍ਹਾਂ ਮੌਕੇ ਹਰਿਆਣਾ ਤੇ ਰਾਜਸਥਾਨ ਆਪਣੀ ਮੰਗ ਘਟਾ ਦਿੰਦੇ ਹਨ। 2023 ਦੇ ਹੜ੍ਹਾਂ ਮੌਕੇ ਹਰਿਆਣਾ ਨੇ 6100 ਕਿਊਸਿਕ ਅਤੇ ਰਾਜਸਥਾਨ ਨੇ ਦੋ ਹਜ਼ਾਰ ਕਿਊਸਿਕ ਤੋਂ ਵੱਧ ਪਾਣੀ ਨਾ ਛੱਡਣ ਦੀ ਰਸਮੀ ਅਪੀਲ ਕੀਤੀ ਸੀ। ਹੜ੍ਹਾਂ ਦੀ ਮਾਰ ਸਾਰੀ ਪੰਜਾਬ ਨੂੰ ਝੱਲਣੀ ਪਈ। ਪੰਜਾਬ ਸਰਕਾਰ ਦੇ ਅਧਿਕਾਰੀ ਆਖਦੇ ਹਨ ਕਿ ਮਾਲਵਾ ਨਹਿਰ ਤਾਂ ਪੰਜਾਬ ਦੇ ਹਰੀਕੇ ਤੋਂ ਸ਼ੁਰੂ ਹੋ ਕੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਚ ਹੀ ਖ਼ਤਮ ਹੋ ਜਾਵੇਗੀ ਅਤੇ ਇਹ ਕਿਸੇ ਵੀ ਸੂਰਤ ਵਿਚ ਕਿਸੇ ਦੂਸਰੇ ਸੂਬੇ ਨੂੰ ਛੂੰਹਦੀ ਨਹੀਂ ਹੈ। ਅਧਿਕਾਰੀ ਆਖਦੇ ਹਨ ਕਿ ਮਾਲਵਾ ਨਹਿਰ ਵਿਚ ਪੰਜਾਬ ਆਪਣੇ ਹਿੱਸੇ ਦਾ ਪਾਣੀ ਹੀ ਸੁਵਿਧਾਜਨਕ ਤਰੀਕੇ ਨਾਲ ਵਰਤੇਗਾ। ਦੇਖਿਆ ਜਾਵੇ ਤਾਂ ਹਰਿਆਣਾ ਸਤਲੁਜ ਯਮੁਨਾ ਲਿੰਕ ਨਹਿਰ ਦੀ ਉਸਾਰੀ ਰੁਕੀ ਹੋਣ ਕਰਕੇ ਅਜਿਹੇ ਅੜਿੱਕੇ ਖੜ੍ਹਾ ਕਰਨਾ ਚਾਹੁੰਦਾ ਹੈ। ਰਾਜਸਥਾਨ ਵੀ ਇਸ ਮਾਮਲੇ 'ਤੇ ਪੇਚਾ ਪਾ ਸਕਦਾ ਹੈ। ਮਾਲਵਾ ਨਹਿਰ ਲਈ ਕੁੱਲ 1328 ਏਕੜ ਜ਼ਮੀਨ ਐਕੁਆਇਰ ਹੋਣੀ ਹੈ ਜਿਸ 'ਚੋਂ ਰਾਜਸਥਾਨ ਸਰਕਾਰ ਦੀ ਫ਼ਾਲਤੂ ਪਈ 638 ਏਕੜ ਜ਼ਮੀਨ ਵੀ ਐਕੁਆਇਰ ਹੋਵੇਗੀ।

ਦੂਜੇ ਪਾਸੇ ਹਰਿਆਣਾ ਨੇ ਐਤਕੀਂ ਭਾਖੜਾ ਨਹਿਰ ਵਿਚੋਂ ਮਿਲੇ ਘੱਟ ਪਾਣੀ ਨੂੰ ਵੀ ਉੱਤਰੀ ਜ਼ੋਨਲ ਕੌਂਸਲ ਦਾ ਮੁੱਦਾ ਬਣਾਇਆ ਹੈ। ਹਰਿਆਣਾ ਦਾ ਕਹਿਣਾ ਹੈ ਕਿ ਭਾਖੜਾ ਮੇਨ ਲਾਈਨ 'ਚੋਂ 10,100 ਕਿਊਸਿਕ ਦੀ ਥਾਂ ਹਰਿਆਣਾ ਨੇ 8,700-8,800 ਕਿਊਸਿਕ ਪਾਣੀ ਹੀ ਲਿਆ ਹੈ। ਜੂਨ ਤੋਂ ਅਗਸਤ ਮਹੀਨੇ ਦੌਰਾਨ ਘੱਟ ਪਾਣੀ ਮਿਲਣ ਦੀ ਸ਼ਿਕਾਇਤ ਕੀਤੀ ਹੈ। ਪੰਜਾਬ ਅਨੁਸਾਰ ਹਰਿਆਣਾ ਦੀ ਭਾਖੜਾ ਨਹਿਰ ਵਿਚੋਂ ਕਦੇ ਸਪਲਾਈ ਘਟਾਈ ਹੀ ਨਹੀਂ ਗਈ।

# ਸੁਖਰਾਜ ਸਿੰਘ ਨਿਆਮੀਵਾਲਾ ਵਾਲਾ ਗਿੱਦੜਬਾਹਾ ਤੋਂ ਲੜਨਗੇ ਜ਼ਿਮਨੀ ਚੋਣ

## ✪ ਸੁਖਬੀਰ ਬਾਦਲ ਦੀਆਂ ਮੁਸ਼ਕਲਾਂ ਵਿਚ ਫਿਰ ਹੋਇਆ ਵਾਧਾ

ਮੋਗਾ-ਬੀਤੇ ਦਿਨੀ ਬਹਿਬਲ ਕਲਾਂ ਗੋਲੀਕਾਂਡ ਵਿਚ ਸ਼ਹੀਦ ਕ੍ਰਿਸ਼ਨ ਭਗਵਾਨ ਸਿੰਘ ਦੇ ਪੁੱਤਰ ਸੁਖਰਾਜ ਸਿੰਘ ਨਿਆਮੀਵਾਲਾ ਪ੍ਰੈੱਸ ਕਾਨਫਰੰਸ ਕਰਕੇ ਗਿੱਦੜਬਾਹਾ ਤੋਂ ਜ਼ਿਮਨੀ ਚੋਣ ਲੜਨ ਦਾ ਐਲਾਨ ਕਰ ਚੁਕੇ ਹਨ। ਜੇਕਰ ਉਹ ਮੈਦਾਨ ਵਿਚ ਉਤਰਦੇ ਹਨ ਤਾਂ ਇਥੇ ਬਾਦਲ ਅਕਾਲੀ ਦਲ ਲਈ ਵਡੀ ਚੁਨੌਤੀ ਹੋਵੇਗੀ। ਸੰਭਾਵਨਾ ਇਹ ਵੀ ਹੈ ਕਿ ਬਾਗੀ ਅਕਾਲੀ ਸੁਖਰਾਜ ਦੀ ਹਮਾਇਤ ਕਰ ਸਕਦੇ ਹਨ। ਉਨ੍ਹਾਂ ਆਪਣਾ ਉਮੀਦਵਾਰ ਨਾ ਖੜਾ ਕਰਨ ਦਾ ਐਲਾਨ ਕੀਤਾ ਹੈ। ਇਥੇ ਪਹਿਲਾਂ ਸੁਖਬੀਰ ਬਾਦਲ ਦਾ ਮਨ ਖੁਦ ਚੋਣ ਲੜਨ ਦਾ ਸੀ, ਪਰ ਹਰਦੀਪ ਸਿੰਘ ਡਿੰਪੀ ਢਿਲੋਂ ਵਲੋਂ ਆਪ ਪਾਰਟੀ ਦੀ ਸ਼ਮੂਲੀਅਤ ਕਰਨ ਬਾਅਦ ਇਹ ਵਿਚਾਰ ਤਿਆਗ ਦਿਤਾ ਹੈ। ਇਸ ਕਾਰਣ ਅਕਾਲੀ ਦਲ ਨੂੰ ਵਡਾ ਝਟਕਾ ਲਗਾ ਸੀ। ਹੁਣ ਬਾਦਲ ਅਕਾਲੀ ਦਲ ਵਲੋਂ ਕਿਸੇ ਹੋਰ ਉਮੀਦਵਾਰ ਦੇ ਚੋਣ ਕਰਨ ਦੀ ਸੰਭਾਵਨਾ ਹੈ। ਪਰ ਸੁਖਰਾਜ ਦੇ ਇਸ ਐਲਾਨ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨੂੰ ਵਡੀ ਚੁਣੌਤੀ ਮਿਲੀ ਹੈ।



ਸੁਖਰਾਜ ਨੇ ਕਿਹਾ ਸੀ ਕਿ ਉਹ ਆਜ਼ਾਦ ਚੋਣ ਪੰਥਕ ਉਮੀਦਵਾਰ ਵਜੋਂ ਲੜਨਗੇ। ਸੁਖਰਾਜ ਸਿੰਘ ਨੇ ਇਲਾਕਾ ਨਿਵਾਸੀਆਂ ਨੂੰ ਸਾਥ ਦੇਣ ਦੀ ਅਪੀਲ ਕੀਤੀ ਹੈ। ਬਹੁਤ ਸਾਰੀਆਂ ਜਥੇਬੰਦੀਆਂ ਸੁਖਰਾਜ ਦੀ ਹਮਾਇਤ ਉਪਰ ਹਨ। ਸੁਖਰਾਜ ਸਿੰਘ ਨੇ ਕਿਹਾ ਕਿ ਉਹਨਾਂ ਵੱਲੋਂ ਚੋਣ ਲੜਨ ਦਾ ਮਨ ਬਣਾਇਆ ਗਿਆ ਹੈ ਤਾਂ ਕੌਮ ਦੇ ਮਸਲਿਆ ਨੂੰ ਹੱਲ ਕਰਵਾਉਣ ਲਈ, ਕੌਮ ਦੀ ਅਵਾਜ ਨੂੰ ਸਰਕਾਰਾਂ ਤੱਕ ਪਹੁੰਚਾਉਣ ਲਈ ਸਾਨੂੰ ਖੁਦ ਨੂੰ ਵਿਧਾਨ ਸਭਾ ਦਾ ਰੁਖ ਕਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਕੁਝ ਜਥੇਬੰਦੀਆਂ ਵੱਲੋਂ ਉਨ੍ਹਾਂ ਨੂੰ ਪੂਰਨ ਭਰੋਸਾ ਦਵਾਇਆ ਗਿਆ ਹੈ ਉਹ ਅਗਾਮੀਂ ਵਿਧਾਨ ਸਭਾ ਚੋਣਾਂ ਵਿਚ ਉਨ੍ਹਾਂ ਦਾ ਸਾਥ ਦੇਣਗੇ।

ਉਨ੍ਹਾਂ ਕਿਹਾ ਕਿ ਕਰੀਬ 9 ਸਾਲ ਬੀਤ ਜਾਣ ਬਾਅਦ ਵੀ ਬੇਅਦਬੀ ਅਤੇ ਗੋਲੀਕਾਂਡ ਮਾਮਲਿਆਂ ਦਾ ਇਨਸਾਫ ਨਹੀਂ ਹੋਇਆ। ਬੇਅਦਬੀ ਤੇ ਗੋਲੀਕਾਂਡ ਮਾਮਲਿਆ ਦੇ ਇਨਸਾਫ ਨੂੰ ਆਧਾਰ ਬਣਾ ਕੇ ਪਹਿਲਾਂ ਕਾਂਗਰਸ ਪਾਰਟੀ ਨੇ 5 ਸਾਲ ਰਾਜ ਕੀਤਾ। ਉਸ ਤੋਂ ਬਾਅਦ ਹੁਣ ਆਮ ਆਦਮੀ ਪਾਰਟੀ ਨੂੰ ਵੀ ਕਰੀਬ ਢਾਈ ਸਾਲ ਬੀਤ ਗਏ, ਪਰ ਕਿਸੇ ਨੇ ਵੀ ਕੌਮ ਨੂੰ ਇਨਸਾਫ ਦੇਣ ਵੱਲ ਇਕ ਵੀ ਕਦਮ ਨਹੀਂ ਵਧਾਇਆ।

ਸੁਖਰਾਜ ਸਿੰਘ ਨੇ ਕਿਹਾ ਕਿ ਡੇਰਾ ਮੁਖੀ ਖਿਲਾਫ 3 ਮੁਕਦਮੇਂ 295ਏ ਤਹਿਤ ਦਰਜ ਹਨ, ਪਰ ਪੰਜਾਬ ਸਰਕਾਰ ਦਾ ਗ੍ਰਹਿ ਸਕੱਤਰ ਅਤੇ ਗ੍ਰਹਿ ਮੰਤਰੀ ਭਗਵੰਤ ਮਾਨ ਡੇਰਾ ਮੁਖੀ ਖਿਲਾਫ ਧਾਰਾ 295ਏ ਤਹਿਤ ਕਾਰਵਾਈ ਸ਼ੁਰੂ ਕਰਨ ਲਈ ਮਨਜੂਰੀ ਨਹੀਂ ਦੇ ਰਹੇ। ਉਨ੍ਹਾਂ ਕਿਹਾ ਕਿ ਇਸ ਸਭ ਤੋਂ ਸਾਫ ਜਾਹਰ ਹੈ ਕਿ ਸਰਕਾਰ ਸਿੱਖ ਕੌਮ ਨੂੰ ਇਨਸਾਫ ਨਹੀਂ ਦੇਣਾ ਚਾਹੁੰਦੀ ਇਸੇ ਲਈ ਉਨ੍ਹਾਂ ਵੱਲੋਂ ਵੱਖ ਵੱਖ ਸਿੱਖ ਜਥੇਬੰਦੀਆਂ ਨਾਲ ਸਲਾਹ ਮਸ਼ਵਰਾ ਕਰ ਚੋਣ ਮੈਦਾਨ ਵਿਚ ਉਤਰਨ ਦਾ ਮਨ ਬਣਾਇਆ ਗਿਆ ਹੈ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਮੌਕੇ ਅੰਮ੍ਰਿਤਸਰ ਵਿਖੇ ਸਜਾਇਆ ਨਗਰ ਕੀਰਤਨ





ਅੰਮ੍ਰਿਤਸਰ-ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਦਿਹਾੜਾ ਹੈ। ਦੇਸ਼ ਭਰ ਵਿੱਚ ਸਿੱਖ ਕੌਮ ਵੱਲੋਂ ਬੜੀ ਹੀ ਸ਼ਰਧਾ ਅਤੇ ਧੂਮ ਧਾਮ ਦੇ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਹੇਠ ਅੰਮ੍ਰਿਤਸਰ ਵਿੱਚ ਸਥਿਤ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਤੋਂ ਸੱਚਖੰਡ ਸ੍ਰੀ ਦਰਬਾਰ ਸਾਹਿਬ ਤੱਕ ਪਰੰਪਰਾ ਅਨੁਸਾਰ ਨਗਰ ਕੀਰਤਨ ਸਜਾਇਆ ਗਿਆ, ਜਿਸ ਦੀ ਆਰੰਭਤਾ ਤੋਂ ਪਹਿਲਾਂ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਹਜ਼ੂਰੀ ਰਾਗੀ ਜਥਿਆਂ ਨੇ ਗੁਰਬਾਣੀ ਕੀਰਤਨ ਕੀਤਾ।

ਨਗਰ ਕੀਰਤਨ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਹੋਰ ਮੈਂਬਰ, ਪੰਥਕ ਹਸਤੀਆਂ, ਸ਼੍ਰੋਮਣੀ ਕਮੇਟੀ ਦੇ ਅਧਿਕਾਰੀ ਅਤੇ ਵੱਡੀ ਗਿਣਤੀ ਵਿੱਚ ਸੰਗਤ ਨਤਮਸਤਕ ਹੋਈ। ਦਰਬਾਰ ਸਾਹਿਬ ਦਾ ਹਰ ਕੋਨਾ ਕੋਨਾ ਸੁੰਦਰ ਫੁੱਲਾਂ ਦੀ ਸਜਾਵਟ ਦੇ ਨਾਲ ਮਹਿਕ ਉੱਠਿਆ। ਦਰਬਾਰ ਸਾਹਿਬ ਵਿਖੇ ਦੀਪਮਾਲਾ ਅਤੇ ਆਤਿਸ਼ਬਾਜੀ ਵੀ ਕੀਤੀ ਜਾਵੇਗੀ।

### ਅਲੌਕਿਕ ਨਗਰ ਕੀਰਤਨ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਸਜਾਏ ਗਏ ਇਸ ਨਗਰ ਕੀਰਤਨ ਦੀ ਰਵਾਨਗੀ ਸਮੇਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੰਜ ਪਿਆਰਿਆਂ, ਨਿਸ਼ਾਨਚੀ ਤੇ ਨਗਾਰਚੀ ਸਿੰਘਾਂ ਨੂੰ ਸਿਰੋਪਾਓ ਦੇ ਕੇ ਸਨਮਾਨ ਕੀਤਾ।

ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੇਸ਼ ਵਿਦੇਸ਼ ਵਿੱਚ ਵਸਦੀ ਸਾਰੀ ਸੰਗਤ ਗੁਰੂ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੰਦਿਆਂ ਬਾਣੀ ਅਤੇ ਬਾਣੇ ਦੇ ਧਾਰਨੀ ਬਣਨ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਪਹਿਲੇ ਪ੍ਰਕਾਸ਼ ਗੁਰਪੁਰਬ ਦੀ ਸਿੱਖ ਜਗਤ ਨੂੰ ਵਧਾਈ ਦਿੱਤੀ ਅਤੇ ਇਸ ਦਿਹਾੜੇ ਦੇ ਇਤਿਹਾਸ ਤੋਂ ਜਾਣੂ ਕਰਵਾਇਆ।


## ਸ਼੍ਰੋਮਣੀ ਕਮੇਟੀ ਦਾ ਵਫ਼ਦ ਰਾਜਪਾਲ ਕਟਾਰੀਆ ਨੂੰ ਮਿਲਿਆ ਸ਼ਤਾਬਦੀ ਸਮਾਗਮਾਂ 'ਚ ਸ਼ਾਮਿਲ ਹੋਣ ਲਈ ਦਿੱਤਾ ਸੱਦਾ-ਪੱਤਰ

ਚੰਡੀਗੜ੍ਹ-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਕ ਵਫ਼ਦ ਵਲੋਂ ਪ੍ਰਧਾਨ ਹਰਜਿੰਦਰ



ਸਿੰਘ ਧਾਮੀ ਦੀ ਅਗਵਾਈ ਵਿਚ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨਾਲ ਚੰਡੀਗੜ੍ਹ ਵਿਖੇ ਮੁਲਾਕਾਤ ਕਰਕੇ ਉਨ੍ਹਾਂ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਗੁਰਿਆਈ ਦਿਵਸ ਅਤੇ ਸ੍ਰੀ ਗੁਰੂ ਅਮਰਦਾਸ ਜੀ ਦੇ ਜੋਤੀ-ਜੋਤ ਦਿਵਸ ਦੇ 450 ਸਾਲਾ ਸ਼ਤਾਬਦੀ ਸਮਾਗਮਾਂ 'ਚ ਸ਼ਮੂਲੀਅਤ ਕਰਨ ਲਈ ਸੱਦਾ-ਪੱਤਰ ਸੌਂਪਿਆ ਗਿਆ। ਇਹ ਸ਼ਤਾਬਦੀ ਸਮਾਗਮ ਸ਼੍ਰੋਮਣੀ ਕਮੇਟੀ ਵਲੋਂ 13 ਤੋਂ 18 ਸਤੰਬਰ ਤੱਕ ਕਰਵਾਏ ਜਾਣੇ ਹਨ, ਜਦਕਿ ਮੁੱਖ ਸਮਾਗਮ 18 ਸਤੰਬਰ ਨੂੰ ਜ਼ਿਲ੍ਹਾ ਤਰਨਤਾਰਨ ਵਿਖੇ ਗੁਰਦੁਆਰਾ ਸ੍ਰੀ ਬਾਉਲੀ ਸਾਹਿਬ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਹੋਵੇਗਾ।


## ਜਾਖੜ ਨੇ ਚੰਡੀਗੜ੍ਹ ਤੋਂ ਪੰਜਾਬ ਭਾਜਪਾ ਦੀ ਮੈਂਬਰਸ਼ਿਪ ਮੁਹਿੰਮ ਸ਼ੁਰੂ ਕੀਤੀ



ਚੰਡੀਗੜ੍ਹ-ਪੰਜਾਬ ਸੂਬੇ ਲਈ ਭਾਜਪਾ ਦੀ ਮੈਂਬਰਸ਼ਿਪ ਮੁਹਿੰਮ ਪਾਰਟੀ ਪ੍ਰਧਾਨ ਸੁਨੀਲ ਜਾਖੜ ਵਲੋਂ ਲਾਅ ਭਵਨ ਚੰਡੀਗੜ੍ਹ ਵਿਖੇ ਪਾਰਟੀ ਦੀ ਮੈਂਬਰਸ਼ਿਪ ਹਾਸਿਲ ਕਰਨ ਨਾਲ ਸ਼ੁਰੂ ਹੋਈ। ਇਸ ਮੌਕੇ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਸਮੇਤ ਪੰਜਾਬ ਭਾਜਪਾ ਦੇ ਸੀਨੀਅਰ ਆਗੂ ਹਾਜ਼ਰ ਸਨ। ਇਸ ਮੌਕੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਦੁਨੀਆਂ ਦੀ ਸਭ ਤੋਂ ਵੱਡੀ ਪਾਰਟੀ ਨੂੰ ਅੱਜ ਕੀ ਜ਼ਰੂਰਤ ਪਈ ਕਿ ਪਾਰਟੀ ਦੀ ਮੈਂਬਰਸ਼ਿਪ ਮੁਹਿੰਮ ਨੂੰ ਦੁਬਾਰਾ ਸ਼ੁਰੂ ਕੀਤਾ ਜਾਵੇ। ਅਸੀਂ ਇਸ ਮੁਹਿੰਮ ਰਾਹੀਂ ਰਾਸ਼ਟਰ ਪਹਿਲਾਂ ਦੇ ਸਿਧਾਂਤ ਤਹਿਤ ਦੇਸ਼ ਦੀ ਤਰੱਕੀ, ਉੱਨਤੀ ਅਤੇ ਚੜ੍ਹਦੀ ਕਲਾ ਲਈ ਦੁਬਾਰਾ ਤੋਂ ਇਕ ਅਹਿਦ ਲੈਣਾ ਹੈ ਜਿਸ ਲਈ ਇਹ ਮੈਂਬਰਸ਼ਿਪ ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਸ ਮੌਕੇ ਸਾਬਕਾ ਮੰਤਰੀ ਅਤੇ ਮੁਹਿੰਮ ਦੇ ਕਨਵੀਨਰ ਮਨੋਰੰਜਨ ਕਾਲੀਆ, ਸਾਬਕਾ ਮੰਤਰੀ ਸੁਰਜੀਤ ਕੁਮਾਰ ਜਿਆਣੀ, ਸਾਬਕਾ ਕੇਂਦਰੀ ਮੰਤਰੀ ਪਰਨੀਤ ਕੌਰ, ਵਿਜੇ ਸਾਂਪਲਾ, ਸੋਮ ਪ੍ਰਕਾਸ਼ ਆਦਿ ਮੌਜੂਦ ਸਨ।

## ਕਾਂਗਰਸੀ ਆਗੂ ਦੇ ਘਰ ਈਡੀ ਦਾ ਛਾਪਾ ਪਿਆ

### ✪ ਟੈਂਡਰ ਘੁਟਾਲੇ ਨਾਲ ਸਬੰਧਿਤ ਮਾਮਲਾ



ਖੰਨਾ-ਇਨਫੋਰਸਮੈਂਟ ਡਾਇਰੈਕਟੋਰੇਟ ਦੀ ਟੀਮ ਵੱਲੋਂ ਕਾਂਗਰਸੀ ਆਗੂ ਰਾਜਦੀਪ ਸਿੰਘ ਦੇ ਘਰ ਛਾਪੇਮਾਰੀ ਕੀਤੀ ਜਾ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਛਾਪੇਮਾਰੀ ਦਾ ਸਬੰਧ ਟੈਂਡਰ ਘੁਟਾਲੇ ਨਾਲ ਹੈ। ਪਿਛਲੇ ਦਿਨੀਂ ਇਸੇ ਆਗੂ ਨਾਲ ਸਬੰਧਿਤ ਇੱਕ ਹੋਰ ਮਾਮਲਾ ਸਾਹਮਣੇ ਆਇਆ ਸੀ ਜਿਸ ਵਿੱਚ ਪਤਾ ਲੱਗਾ ਸੀ ਕਿ ਆਗੂ ਦਾ ਨਾਂਅ ਨਕਲੀ ਸ਼ਰਾਬ ਫੈਕਟਰੀ ਨਾਲ ਵੀ ਜੁੜਿਆ ਹੋਇਆ ਸੀ। ਇਹ ਮਾਮਲਾ ਆਮਦਨ ਤੋਂ ਵੱਧ ਜਾਇਦਾਦ ਦਾ ਦੱਸਿਆ ਜਾ ਰਿਹਾ ਹੈ।

## ਕੇਜਰੀਵਾਲ ਦੀ ਸਲਾਹ ਤੋਂ ਬਾਅਦ ਕਾਂਗਰਸ ਨਾਲ ਗਠਜੋੜ ਤੇ ਅੰਤਿਮ ਫੈਸਲਾ ਹੋਵੇਗਾ: ਸੰਜੇ ਸਿੰਘ

ਸੰਸਦ ਮੈਂਬਰ ਸੰਜੇ ਸਿੰਘ ਨੇ ਵਿਰੋਧੀ ਧਿਰ ਦੇ ਆਗੂ ਅਤੇ ਕਾਂਗਰਸ ਦੇ ਸੰਸਦ ਮੈਂਬਰ ਰਾਹੁਲ ਗਾਂਧੀ ਦੇ ਹਰਿਆਣਾ ਚੋਣਾਂ ਲਈ ਗਠਜੋੜ ਬਾਰੇ ਕਥਿਤ ਬਿਆਨ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਪਾਰਟੀ ਦੇ ਹਰਿਆਣਾ ਇੰਚਾਰਜ ਆਪ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਸੂਚਿਤ ਕਰਨ ਤੋਂ ਬਾਅਦ ਇਸ ਬਾਰੇ ਅੰਤਿਮ ਫੈਸਲਾ ਲੈਣਗੇ। ਸੰਜੇ ਸਿੰਘ ਨੇ ਕਿਹਾ ਕਿ ਅਸੀਂ ਇਸ ਦਾ ਸੁਆਗਤ ਕਰਦੇ ਹਾਂ, ਸਾਡੀ ਤਰਜੀਹ ਭਾਜਪਾ ਨੂੰ ਹਰਾਉਣਾ ਹੈਫ਼ਹਏਲਲਿਪ ਸਾਡੇ ਹਰਿਆਣਾ ਇੰਚਾਰਜ ਸੰਦੀਪ ਪਾਠਕ ਅਤੇ ਸੁਸ਼ੀਲ ਗੁਪਤਾ ਇਸ ਬਾਰੇ ਵਿਚਾਰ ਵਟਾਂਦਰਾ ਕਰਨਗੇ ਅਤੇ ਅੰਤਿਮ ਫੈਸਲਾ ਲੈ ਕੇ ਅਰਵਿੰਦ ਕੇਜਰੀਵਾਲ ਨੂੰ ਇਸ ਬਾਰੇ ਸੂਚਿਤ ਕਰਨਗੇ ਅਤੇ ਉਸ ਅਨੁਸਾਰ ਫੈਸਲਾ ਲਿਆ ਜਾਵੇਗਾ। ਸੂਤਰਾਂ ਅਨੁਸਾਰ ਰਾਹੁਲ ਨੇ ਸੋਮਵਾਰ ਨੂੰ ਕੌਮੀ ਰਾਜਧਾਨੀ ਚ ਪਾਰਟੀ ਦੀ ਚੋਣ ਕਮੇਟੀ ਦੀ ਬੈਠਕ ਦੌਰਾਨ ਆਗਾਮੀ ਹਰਿਆਣਾ ਵਿਧਾਨ ਸਭਾ ਚੋਣਾਂ ਲਈ ਫ਼ਲਸਤੁੋਆਪਫ਼ਰਸਤੁੋ ਨਾਲ ਗਠਜੋੜ ਦੀ ਸੰਭਾਵਨਾ ਬਾਰੇ ਹਰਿਆਣਾ ਕਾਂਗਰਸ ਦੇ ਆਗੂਆਂ ਤੋਂ ਰਾਏ ਮੰਗੀ ਹੈ।

# 'ਆਪ' ਸਰਕਾਰ ਗਰੀਨ ਟੈਕਸ ਪੰਜਾਬ ਵਿਚ ਲਾਗੂ ਕਰਕੇ ਪੰਜਾਬੀਆਂ ਨੂੰ ਲੁੱਟਣ ਲੱਗੀ

## ਖਾਸ ਖਬਰ ✪ ਕੀ 100 ਕਰੋੜ ਦੇ ਗਰੀਨ ਟੈਕਸ ਨਾਲ ਪੰਜਾਬ ਪ੍ਰਦੂਸ਼ਣ ਮੁਕਤ ਹੋ ਸਕੇਗਾ





ਪੰਜਾਬ ਸਰਕਾਰ ਨੇ ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਦੇ ਨਾਂਅ 'ਤੇ ਸੂਬੇ ਵਿਚ ਪੁਰਾਣੀਆਂ ਗੱਡੀਆਂ ਦੀ ਫ਼ੀਸ ਮਹਿੰਗੀ ਕਰਕੇ ਕਰੀਬ 100 ਕਰੋੜ ਦੀ ਸਾਲਾਨਾ ਆਮਦਨ ਵਾਲਾ ਗਰੀਨ ਟੈਕਸ ਪੰਜਾਬ ਵਿਚ ਇਕ ਸਤੰਬਰ ਤੋਂ ਲਾਗੂ ਤਾਂ ਕਰ ਦਿੱਤਾ ਹੈ ਤੇ ਇਸ ਬਾਰੇ ਹੁਣ ਇਹ ਵੀ ਸਵਾਲ ਉੱਠ ਰਹੇ ਹਨ ਕਿ ਸੂਬਾ ਸਰਕਾਰ ਨੂੰ ਗਰੀਨ ਟੈਕਸ ਲਾਗੂ ਕਰਕੇ ਜਿਹੜੀ 100 ਕਰੋੜ ਦੀ ਰਕਮ ਆਏਗੀ ਕੀ ਉਹ ਪੰਜਾਬ ਦੇ ਵਾਤਾਵਰਨ ਨੂੰ ਸਾਫ਼ ਕਰਨ ਵਿਚ ਵਰਤੋਂ ਕੀਤੀ ਜਾਵੇਗੀ ਜਿਸ ਨਾਲ ਸੂਬੇ ਦਾ ਲਗਾਤਾਰ ਖ਼ਰਾਬ ਹੋ ਰਿਹਾ ਵਾਤਾਵਰਨ ਠੀਕ ਹੋ ਸਕੇ।

ਇਸ ਦੇ ਖ਼ਰਚਣ ਨੂੰ ਲੈ ਕੇ ਇਸ ਬਾਰੇ ਵੀ ਸਵਾਲ ਖੜੇ ਹੋ ਰਹੇ ਹਨ ਕਿ ਪਹਿਲਾਂ ਹੀ ਸੂਬੇ ਵਿਚ ਪੈਟਰੋਲ, ਡੀਜ਼ਲ, ਬਿਜਲੀ ਬਿੱਲ, ਸੀਮੈਂਟ, ਸਕੂਟਰ, ਕਾਰ ਦੀ ਵਿੱਕਰੀ 'ਤੇ ਲੋਕਾਂ ਤੋਂ ਕਰੋੜਾਂ ਰੁਪਏ ਗਊ ਟੈਕਸ ਤਾਂ ਵਸੂਲ ਕੀਤਾ ਜਾ ਰਿਹਾ ਹੈ ਪਰ ਗਊ ਟੈਕਸ ਵਸੂਲਣ ਦੇ ਬਾਵਜੂਦ ਰਾਜ ਵਿਚ ਹਜ਼ਾਰਾਂ ਆਵਾਰਾ ਪਸ਼ੂ ਆਮ ਘੁੰਮਦੇ ਦੇਖੇ ਜਾ ਸਕਦੇ ਹਨ ਜਿਨ੍ਹਾਂ ਬਾਰੇ ਕਈ ਲੋਕ ਇਹੋ ਸਵਾਲ ਪੁੱਛਦੇ ਰਹੇ ਹਨ ਕਿ ਜੇਕਰ ਸਰਕਾਰੀ ਵਿਭਾਗਾਂ ਵਲੋਂ ਅਲੱਗ-ਅਲੱਗ ਸਾਮਾਨ ਵਿੱਕਰੀ 'ਤੇ ਲੋਕਾਂ ਤੋਂ ਹਰ ਸਾਲ ਕਰੋੜਾਂ ਰੁਪਏ ਗਊ ਟੈਕਸ ਦੀ ਵਸੂਲੀ ਕੀਤੀ ਜਾਂਦੀ ਹੈ ਤਾਂ ਫਿਰ ਸੜਕਾਂ 'ਤੇ ਆਵਾਰਾ ਪਸ਼ੂ ਜਿਨ੍ਹਾਂ ਵਿਚ ਕਾਫ਼ੀ ਗਿਣਤੀ ਵਿਚ ਗਊਆਂ ਹੁੰਦੀਆਂ ਹਨ, ਉਨ੍ਹਾਂ ਦੀ ਸੰਭਾਲ ਕਿਉਂ ਨਹੀਂ ਕੀਤੀ ਜਾ ਰਹੀ। ਇਸ ਤਰ੍ਹਾਂ ਨਾਲ ਹੁਣ ਸੂਬਾ ਸਰਕਾਰ ਵਲੋਂ ਰਾਜ ਦੇ ਲੋਕਾਂ 'ਤੇ ਗਰੀਨ ਟੈਕਸ ਦੇ ਨਾਂਅ 'ਤੇ 100 ਕਰੋੜ ਰੁਪਏ ਦਾ ਤਾਜ਼ਾ ਭਾਰ ਪਾਇਆ ਗਿਆ ਹੈ। ਹਰ ਸਾਲ ਸਰਕਾਰ ਵਲੋਂ ਗਰੀਨ ਟੈਕਸ ਤੋਂ ਕਰੀਬ 100 ਕਰੋੜ ਰੁਪਏ ਦੀ ਆਮਦਨ ਹੋਣ ਦੀ ਸੰਭਾਵਨਾ ਹੈ। ਇਸ ਟੈਕਸ ਨੂੰ ਵਾਤਾਵਰਨ ਨੂੰ ਸਾਫ਼ ਰੱਖਣ ਲਈ ਕਿਸ ਤਰ੍ਹਾਂ ਨਾਲ ਵਰਤੋਂ ਕੀਤੀ ਜਾਵੇਗੀ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ।

ਉੱਧਰ ਰਾਜ ਵਿਚ ਕੂੜੇ ਅਤੇ ਗੰਦੇ ਪਾਣੀ ਨੂੰ ਸਾਫ਼ ਕਰਨ ਦੇ ਮਾਮਲੇ ਵਿਚ ਸਮੱਸਿਆ ਹੱਲ ਕਰਨ ਵਿਚ ਫ਼ੇਲ੍ਹ ਰਹਿਣ 'ਤੇ ਪੰਜਾਬ ਸਰਕਾਰ ਨੂੰ 1000 ਕਰੋੜ ਦਾ ਜੁਰਮਾਨਾ ਲਗਾਇਆ ਗਿਆ ਸੀ ਜਦਕਿ ਸੂਬੇ ਦੇ ਲੋਕਾਂ ਵਲੋਂ ਨਗਰ ਨਿਗਮਾਂ, ਕਮੇਟੀਆਂ ਨੂੰ ਕਰੋੜਾਂ ਰੁਪਏ ਦੀ ਭਾਰੀ ਟੈਕਸਾਂ ਦੀ ਅਦਾਇਗੀ ਕੀਤੀ ਜਾਂਦੀ ਹੈ ਪਰ ਸਥਾਨਕ ਸਰਕਾਰਾਂ ਵਿਭਾਗ ਕੂੜਾ ਸਮੱਸਿਆ ਅਤੇ ਗੰਦੇ ਪਾਣੀ ਨੂੰ ਸਾਫ਼ ਕਰਨ ਵਿਚ ਦਿਲਚਸਪੀ ਨਹੀਂ ਲੈਂਦਾ, ਜਿਸ ਕਰਕੇ ਸਮੱਸਿਆ ਹੱਲ ਕਰਨ ਵਿਚ ਫ਼ੇਲ੍ਹ ਰਹਿਣ ਕਰਕੇ ਹੀ ਐਨ.ਜੀ.ਟੀ. (ਨੈਸ਼ਨਲ ਗਰੀਨ ਟ੍ਰਿਬਿਊਨਲ) ਵਲੋਂ ਪੰਜਾਬ ਸਰਕਾਰ ਨੂੰ 1000 ਕਰੋੜ ਰੁਪਏ ਦਾ ਜੁਰਮਾਨਾ ਕਰਨਾ ਪਿਆ ਹੈ।

ਉਂਜ ਪੰਜਾਬ ਦੇ ਵਾਤਾਵਰਨ ਨੂੰ ਸਾਫ਼ ਰੱਖਣ ਲਈ ਪਹਿਲਾਂ ਹੀ ਸਖ਼ਤ ਹਦਾਇਤਾਂ ਦਿੱਤੀਆਂ ਹੋਈਆਂ ਹਨ ਤੇ ਉਨ੍ਹਾਂ ਦੀ ਪਾਲਣਾ ਤਾਂ ਕਿਧਰੇ ਵੀ ਕੀਤੀ ਨਜ਼ਰ ਨਹੀਂ ਆਉਂਦੀ। ਵਾਤਾਵਰਨ ਮੰਤਰਾਲੇ ਵਲੋਂ ਵਾਤਾਵਰਨ ਨੂੰ ਸਾਫ਼ ਰੱਖਣ ਦੀਆਂ ਵੀ ਹਦਾਇਤਾਂ ਸਮੇਂ-ਸਮੇਂ ਸਿਰ ਦਿੱਤੀਆਂ ਜਾਂਦੀਆਂ ਹਨ ਜਦਕਿ ਇਸ ਤੋਂ ਇਲਾਵਾ ਕੂੜਾ ਚੁੱਕਣ ਵਾਲੀਆਂ ਗੱਡੀਆਂ ਤਿਰਪਾਲਾਂ ਨਾਲ ਢੱਕ ਕੇ ਲੈ ਜਾਣ ਦੀਆਂ ਵੀ ਹਦਾਇਤਾਂ ਹਨ ਪਰ ਇਹ ਹਦਾਇਤਾਂ ਲਾਗੂ ਹੋਈਆਂ ਦੇਖਣ ਨੂੰ ਕਿਧਰੇ ਨਹੀਂ ਮਿਲਦੀਆਂ ਜਦਕਿ ਸਥਾਨਕ ਸਰਕਾਰਾਂ ਵਿਭਾਗ ਨਾਲ ਜੁੜੀਆਂ ਨਿਗਮਾਂ, ਕਮੇਟੀਆਂ ਲੋਕਾਂ ਤੋਂ ਟੈਕਸ ਵਸੂਲਣ ਦੇ ਬਾਵਜੂਦ ਲੋਕਾਂ ਨੂੰ ਪ੍ਰਦੂਸ਼ਣ ਤੋਂ ਮੁਕਤ ਕਰਾਉਣ ਲਈ ਕੂੜਾ ਢੱਕਣ ਲਈ ਤਿਰਪਾਲਾਂ ਤੱਕ ਨਹੀਂ ਦਿੰਦੀਆਂ ਤਾਂ ਲੋਕਾਂ ਨੂੰ ਇਹ ਵੀ ਆਸ ਨਹੀਂ ਹੈ ਕਿ ਉਨ੍ਹਾਂ ਦੇ ਉੱਪਰ 100 ਕਰੋੜ ਰੁਪਏ ਦਾ ਗਰੀਨ ਟੈਕਸ ਲਗਾ ਕੇ ਵੀ ਰਾਜ ਦੇ ਵਾਤਾਵਰਨ ਨੂੰ ਸਾਫ਼ ਕਰਨ ਵਿਚ ਕੋਈ ਸੁਧਾਰ ਹੋ ਸਕੇਗਾ।

ਸ਼ਹਿਰਾਂ ਵਿਚ ਆਵਾਰਾ ਪਸ਼ੂਆਂ ਦੀ ਅਜੇ ਵੀ ਸੰਭਾਲ ਨਾ ਕਰਨ ਕਰਕੇ ਕਈ ਲੋਕਾਂ ਨੂੰ ਇਹ ਸ਼ੰਕਾ ਹੈ ਕਿ ਅਸਲ ਵਿਚ ਇਸ ਤਰ੍ਹਾਂ ਦੇ ਟੈਕਸ ਹੋਰ ਕੰਮਾਂ 'ਤੇ ਹੀ ਖ਼ਰਚ ਹੋ ਜਾਂਦੇ ਹਨ ਜਦਕਿ ਸਮੱਸਿਆਵਾਂ ਉੱਥੇ ਹੀ ਖੜ੍ਹੀਆਂ ਰਹਿੰਦੀਆਂ ਹਨ।

### ਗ੍ਰੀਨ ਟੈਕਸ ਕੀ ਹੈ ?

ਭਾਰਤ ਵਿੱਚ ਗ੍ਰੀਨ ਟੈਕਸ ਉਹਨਾਂ ਵਾਹਨਾਂ ਉੱਤੇ ਲੱਗਦਾ ਹੈ ਜੋ ਆਪਣੀ ਮਿਆਦ ਪੂਰੀ ਹੋਣ ਮਗਰੋਂ ਪ੍ਰਦੂਸ਼ਣ ਫੈਲਾਉਣ ਦੇ ਕਾਰਕ ਬਣ ਜਾਂਦੇ ਹਨ। ਅਕਸਰ ਇਹ ਦੇਖਿਆ ਜਾਂਦਾ ਕਿ ਪੁਰਾਣੇ ਮਾਡਲ ਵਾਲੇ ਵਾਹਨ ਪੁਰਾਣੇ ਇੰਜਣ ਕਰਕੇ ਜਾਂ ਕਿਸੇ ਹੋਰ ਖ਼ਰਾਬੀ ਕਾਰਨ ਪ੍ਰਦੂਸ਼ਣ ਪੈਦਾ ਕਰਨ ਵਾਲੇ ਵੱਧ ਕਾਰਕ ਛੱਡਦੇ ਹਨ। ਇਸ ਲਈ ਇਹਨਾਂ ਵਾਹਨਾਂ ਨੂੰ ਸੜਕਾਂ ਉੱਤੇ ਘੁੰਮਣ ਲਈ ਜਾਂ ਤਾਂ ਗ੍ਰੀਨ ਟੈਕਸ ਦੇਣਾ ਪਵੇਗਾ ਜਾਂ ਫੇਰ ਕੂੜੇ ਦੇ ਡੱਬੇ ਵਿਚ ਜਾਣਾ ਪਵੇਗਾ। ਗ੍ਰੀਨ ਟੈਕਸ, ਮਿਆਦ ਪੂਰੀ ਕਰ ਚੁੱਕੇ ਵਾਹਨਾਂ ਉੱਤੇ ਲੱਗਦਾ ਹੈ, ਇਸਦਾ ਮਤਲਬ ਹੈ ਕਿ ਜਦੋਂ ਕਿਸੇ ਵਿਅਕਤੀ ਦੇ ਵਾਹਨ 15 ਸਾਲ ਦੀ ਮਿਆਦ ਪੂਰੀ ਹੋਣ ਮਗਰੋਂ ਮੁੜ ਸੜਕ 'ਤੇ ਚਲਾਉਣਾ ਹੈ ਤਾਂ ਉਸ ਨੂੰ ਗ੍ਰੀਨ ਟੈਕਸ ਦੇਣਾ ਪਵੇਗਾ। ਵਾਹਨ ਦੀ ਉਮਰ 15 ਸਾਲ ਪੂਰੇ ਹੋਣ 'ਤੇ ਮੁੜ ਵਾਹਨ ਦੀ ਰਜਿਸਟ੍ਰੇਸ਼ਨ ਕਰਵਾਉਣੀ ਪਵੇਗੀ ਤੇ ਗ੍ਰੀਨ ਟੈਕਸ ਅਦਾ ਕਰ ਕੇ ਪੰਜ ਸਾਲ ਤੱਕ ਹੋਰ ਵਾਹਨ ਨੂੰ ਸੜਕਾਂ 'ਤੇ ਚਲਾਇਆ ਜਾ ਸਕੇਗਾ। ਸੌਖੇ ਸ਼ਬਦਾਂ ਵਿੱਚ ਕਹੀਏ ਤਾਂ ਵਪਾਰਕ ਵਾਹਨਾਂ 'ਤੇ ਗ੍ਰੀਨ ਟੈਕਸ ਤਾਂ ਹੀ ਲਾਗੂ ਹੁੰਦਾ ਹੈ ਜੇਕਰ ਇੱਕ ਵਪਾਰਕ ਕਾਰ, ਟਰੱਕ, ਜਾਂ ਦੋਪਹੀਆ ਵਾਹਨ 8 ਸਾਲ ਤੋਂ ਵੱਧ ਪੁਰਾਣਾ ਹੈ। ਇਸੇ ਤਰ੍ਹਾਂ ਨਿੱਜੀ ਵਾਹਨ ਉੱਤੇ ਗ੍ਰੀਨ ਟੈਕਸ ਉਦੋਂ ਲੱਗੇਗਾ ਜਦੋਂ ਉਹ 15 ਸਾਲ ਤੋਂ ਵੱਧ ਪੁਰਾਣੇ ਹੋ ਜਾਣਗੇ।

### ਹੋਰ ਕਿਹੜੇ ਸੂਬੇ ਲਾਗੂ ਕਰ ਚੁਕੇ ਨੇ ਗ੍ਰੀਨ ਟੈਕਸ ?

ਪੰਜਾਬ ਤੋਂ ਪਹਿਲਾਂ ਹਿਮਾਚਲ ਪ੍ਰਦੇਸ਼, ਮਹਾਰਾਸ਼ਟਰ, ਗੋਆ ਅਤੇ ਤਾਮਿਲ ਨਾਡੂ ਵਿੱਚ ਵੀ ਗ੍ਰੀਨ ਟੈਕਸ ਲਾਗੂ ਕੀਤਾ ਗਿਆ ਹੈ। ਹਾਲਾਂਕਿ, ਹਰ ਸੂਬੇ ਦੇ ਵਿਚ ਪ੍ਰਦੂਸ਼ਣ ਦੇ ਹਿਸਾਬ ਨਾਲ ਟੈਕਸ ਦਰ ਘੱਟ-ਵੱਧ ਹੋ ਸਕਦਾ ਹੈ। ਟੈਕਸ, ਕਿਹੜੀਆਂ ਗੱਡੀਆਂ ਉੱਤੇ ਲੱਗਣਾ ਹੈ ਜਾਂ ਨਹੀਂ ਇਹ ਵੀ ਸੂਬਾ ਸਰਕਾਰਾਂ ਆਪਣੇ ਹਿਸਾਬ ਨਾਲ ਤੈਅ ਕਰਦੀਆਂ ਹਨ। ਹਾਲਾਂਕਿ ਸਾਲ 2021 ਵਿਚ ਕੇਂਦਰ ਸਰਕਾਰ ਪੁਰਾਣੇ ਵਾਹਨਾਂ ਨੂੰ ਬੰਦ ਕਰਨ ਲਈ ਸਕਰੈਪ ਪਾਲਿਸੀ ਲਾਂਚ ਕਰ ਚੁੱਕੀ ਹੈ।

ਪਰ ਉਸ ਵੇਲੇ ਕੇਂਦਰ ਸਰਕਾਰ ਦੀ ਇਸ ਪਾਲਿਸੀ ਦਾ ਪੰਜਾਬ ਵਿਚ ਵਿਰੋਧ ਹੋਇਆ ਸੀ ਕਿਉਂਕਿ ਲੋਕ ਕਹਿੰਦੇ ਸਨ ਕਿ ਕੇਂਦਰ ਸਰਕਾਰ ਦੀ ਇਹ ਪਾਲਿਸੀ ਲੋਕਾਂ ਨੂੰ ਨਵੀਆਂ ਗੱਡੀਆਂ ਖਰੀਦਣ ਲਈ ਮਜ਼ਬੂਰ ਕਰਦੀ ਹੈ ਤੇ ਉਨ੍ਹਾਂ ਉੱਤੇ ਵਿੱਤੀ ਬੋਝ ਨੂੰ ਵਧਾਉਂਦੀ ਹੈ। ਪੰਜਾਬ ਵਿਚ ਸਕਰੈਪ ਪਾਲਿਸੀ ਦੀ ਚਰਚਾ ਤਾਂ ਹੋਈ ਪਰ ਕੋਈ ਜ਼ਿਆਦਾ ਅਸਰ ਨਹੀਂ ਦਿਖਿਆ। ਆਖ਼ਰ ਹੁਣ ਬੀਤੇ ਹਫ਼ਤੇ ਹੋਈ ਪੰਜਾਬ ਕੈਬਨਿਟ ਦੀ ਮੀਟਿੰਗ ਵਿਚ ਗ੍ਰੀਨ ਟੈਕਸ ਲਗਾਉਣ ਦੇ ਫ਼ੈਸਲੇ ਨੂੰ ਮਨਜ਼ੂਰੀ ਦੇ ਦਿੱਤੀ ਗਈ ਸੀ, ਜਿਸ ਨੂੰ ਹੁਣ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ਵੀ ਮਨਜ਼ੂਰੀ ਦੇ ਦਿੱਤੀ ਗਈ ਹੈ। ਪੰਜਾਬ ਵਿੱਚ ਗ੍ਰੀਨ ਟੈਕਸ 1 ਸਤੰਬਰ 2024 ਤੋਂ ਲਾਗੂ ਹੋ ਚੁਕਾ ਹੈ। ਜੋ 15 ਸਾਲ ਪੁਰਾਣੇ ਮੋਟਰਸਾਈਕਲ ਜਾਂ ਗੱਡੀ ਨੂੰ ਸੜਕਾਂ 'ਤੇ ਚਲਾਉਣਾ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਇੱਕ ਹੋਰ ਨਵਾਂ ਟੈਕਸ ਭਰਨਾ ਪਵੇਗਾ।

# ਹਰਿਆਣਾ ਵਿਚ ਗਊ ਰੱਖਿਅਕ ਗੁੰਡਿਆਂ ਨੇ ਦਲਿਤ ਮਜ਼ਦੂਰ ਕੁੱਟ-ਕੁੱਟ ਕੇ ਮਾਰਿਆ




ਚੰਡੀਗੜ੍ਹ ਦੇ ਚਰਖੀ ਦਾਦਰੀ ਜ਼ਿਲ੍ਹੇ ਵਿੱਚ ਗਊ ਮਾਸ ਖਾਣ ਦੇ ਸ਼ੱਕ ਕਾਰਨ ਗਊ ਰੱਖਿਅਕਾਂ ਗੁੰਡਿਆਂ ਨੇ ਪਰਵਾਸੀ ਦਲਿਤ ਮਜ਼ਦੂਰ ਦੀ ਕਥਿਤ ਤੌਰ 'ਤੇ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ। ਪੁਲੀਸ ਦੇ ਇੱਕ ਸੀਨੀਅਰ ਅਧਿਕਾਰੀ ਅਨੁਸਾਰ ਸਾਬਿਰ ਮਲਿਕ ਦੀ 27 ਅਗਸਤ ਨੂੰ ਹੱਤਿਆ ਕੀਤੀ ਗਈ ਸੀ। ਅਧਿਕਾਰੀ ਨੇ ਦਰਜ ਮਾਮਲੇ ਦੇ ਆਧਾਰ 'ਤੇ ਦੱਸਿਆ ਕਿ ਪੰਜ ਮੁਲਜ਼ਮਾਂ ਨੇ ਗਊ ਮਾਸ ਖਾਣ ਦੇ ਸ਼ੱਕ ਤਹਿਤ ਮਲਿਕ ਨੂੰ ਪਲਾਸਟਿਕ ਦੀਆਂ ਖ਼ਾਲੀ ਬੋਤਲਾਂ ਵੇਚਣ ਦੇ ਬਹਾਨੇ ਇੱਕ ਦੁਕਾਨ 'ਤੇ ਬੁਲਾਇਆ ਅਤੇ ਉਥੇ ਉਸ ਦੀ ਕੁੱਟਮਾਰ ਕੀਤੀ। ਮੁਲਜ਼ਮਾਂ ਦੀ ਪਛਾਣ ਅਭਿਸ਼ੇਕ, ਮੋਹਿਤ, ਰਵਿੰਦਰ, ਕਮਲਜੀਤ ਅਤੇ ਸਾਹਿਲ ਵਜੋਂ ਹੋਈ। ਅਧਿਕਾਰੀ ਨੇ ਦੱਸਿਆ ਕਿ ਮੁਲਜ਼ਮ ਜਦੋਂ ਮਲਿਕ ਨੂੰ ਕੁੱਟ ਰਹੇ ਸੀ ਤਾਂ ਕੁੱਝ ਲੋਕਾਂ ਨੇ ਉਨ੍ਹਾਂ ਨੂੰ ਰੋਕਿਆ, ਜਿਸ ਮਗਰੋਂ ਉਹ ਮਲਿਕ ਨੂੰ ਦੂਜੀ ਥਾਂ ਲੈ ਗਏ ਅਤੇ ਫਿਰ ਉਥੇ ਉਸ ਦੀ ਦੁਬਾਰਾ ਕੁੱਟਮਾਰ ਕੀਤੀ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਪੁਲੀਸ ਨੇ ਦੱਸਿਆ ਕਿ ਮਲਿਕ ਚਰਖੀ ਦਾਦਰੀ ਜ਼ਿਲ੍ਹੇ ਦੇ ਬਾਂਦਰਾ ਪਿੰਡ ਨੇੜ ਇੱਕ ਝੁੱਗੀ ਵਿੱਚ ਰਹਿੰਦਾ ਸੀ ਅਤੇ ਕਬਾੜ ਸੀ। ਅਧਿਕਾਰੀਆਂ ਅਨੁਸਾਰ ਸਾਰੇ ਪੰਜ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਮਾਮਲੇ ਸਬੰਧੀ ਦੋ ਨਾਬਾਲਗਾਂ ਨੂੰ ਵੀ ਹਿਰਾਸਤ ਵਿਚ ਲਿਆ ਗਿਆ ਹੈ।

# ਭਾਰਤ ਵਿੱਚ ਹਰ ਸਾਲ 13 ਹਜ਼ਾਰ ਤੋਂ ਵੱਧ ਵਿਦਿਆਰਥੀ ਕਰਦੇ ਨੇ ਖੁਦਕੁਸ਼ੀਆਂ

**ਖਾਸ ਖਬਰ** ✪ 2022 ਵਿੱਚ ਖੁਦਕੁਸ਼ੀਆਂ ਕਰਨ ਵਾਲੇ ਕੁਲ ਵਿਦਿਆਰਥੀਆਂ ਵਿੱਚ 53 ਪ੍ਰਤੀਸ਼ਤ ਲੜਕੇ ✪ ਯੂਨੀਸੈਫ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ 9 ਵਿੱਚੋਂ 1 ਨੌਜਵਾਨ ਤੇ ਅੱਲੜ ਮਾਨਸਿਕ ਸਮੱਸਿਆ ਦਾ ਸ਼ਿਕਾਰ ✪ ਮਹਾਰਾਸ਼ਟਰ, ਤਾਮਿਲਨਾਡੂ ਤੇ ਮੱਧ ਪ੍ਰਦੇਸ਼ ਸਭ ਤੋਂ ਵੱਧ ਵਿਦਿਆਰਥੀ ਦੀਆਂ ਖੁਦਕੁਸ਼ੀਆਂ ਵਾਲੇ ਰਾਜ

ਹੁਣੇ-ਹੁਣੇ ਇੱਕ ਰਿਪੋਰਟ ਆਈ ਹੈ, ਜਿਸ ਵਿੱਚ ਕਿਹਾ ਗਿਆ ਹੈ ਕਿ ਭਾਰਤ ਅੰਦਰ ਵਿਦਿਆਰਥੀਆਂ ਵਿੱਚ ਖੁਦਕੁਸ਼ੀਆਂ ਦਾ ਰੁਝਾਨ ਤੇਜ਼ੀ ਨਾਲ ਵਧ ਰਿਹਾ ਹੈ। ਇਹ ਰਿਪੋਰਟ ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆਂ ਦੇ ਅਧਾਰ ਉੱਤੇ ਤਿਆਰ ਕੀਤੀ ਗਈ ਹੈ। ਇਸ ਵਿੱਚ ਦੱਸਿਆ ਗਿਆ ਹੈ ਕਿ ਭਾਰਤ ਵਿੱਚ ਖੁਦਕੁਸ਼ੀਆਂ ਦੀ ਦਰ ਵਿੱਚ ਸਾਲਾਨਾ 2 ਫ਼ੀਸਦੀ ਵਾਧਾ ਹੋ ਰਿਹਾ ਹੈ, ਜਦੋਂ ਕਿ ਵਿਦਿਆਰਥੀਆਂ ਵਿੱਚ ਇਹ 4 ਫ਼ੀਸਦੀ ਦੀ ਨਾਲ ਵਧੀ ਹੈ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਇਹ ਅੰਕੜੇ ਵੱਧ ਹੋ ਸਕਦੇ ਹਨ, ਕਿਉਂਕਿ ਸਾਰੇ ਮਾਮਲੇ ਦਰਜ ਨਹੀਂ ਹੁੰਦੇ।

ਪੀ ਟੀ ਆਈ ਦੇ ਅਨੁਸਾਰ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪਿਛਲੇ ਦੋ ਦਹਾਕਿਆਂ ਵਿੱਚ ਵਿਦਿਆਰਥੀਆਂ ਦੀਆਂ ਖੁਦਕੁਸ਼ੀਆਂ ਦੀ ਸਾਲਾਨਾ ਦਰ ਵਿੱਚ ਭਾਰੀ ਵਾਧਾ ਹੋਇਆ ਹੈ ਤੇ ਇਹ ਕੌਮੀ ਦਰ ਨਾਲੋਂ ਦੁੱਗਣੀ ਹੋ ਗਈ ਹੈ। 2022 ਵਿੱਚ ਖੁਦਕੁਸ਼ੀਆਂ ਕਰਨ ਵਾਲੇ ਕੁੱਲ



ਵਿਦਿਆਰਥੀਆਂ ਵਿੱਚ 53 ਪ੍ਰਤੀਸ਼ਤ ਲੜਕੇ ਸਨ। ਇਹ ਰਿਪੋਰਟ 'ਵਿਦਿਆਰਥੀ ਖੁਦਕੁਸ਼ੀਆਂ ਭਾਰਤ ਵਿੱਚ ਫੈਲ ਰਹੀ ਮਹਾਂਮਾਰੀ' ਦੇ ਸਿਰਲੇਖ ਹੇਠ ਤਿਆਰ ਕੀਤੀ ਗਈ ਹੈ। ਇਹ ਰਿਪੋਰਟ ਸਾਲਾਨਾ ਆਈ ਸੀ-3 ਸੰਮੇਲਨ ਤੇ ਐਕਸਪੋ-2024 ਦੌਰਾਨ ਜਾਰੀ ਕੀਤੀ ਗਈ ਸੀ।

ਆਈ ਸੀ-3 ਇੱਕ ਸਵੈਸੇਵੀ ਸੰਸਥਾ ਹੈ, ਜੋ ਦੁਨੀਆ ਭਰ ਦੀਆਂ ਉੱਚ ਸਿੱਖਿਆ ਸੰਸਥਾਵਾਂ ਦਾ ਮਾਰਗ ਦਰਸ਼ਨ ਕਰਦੀ ਹੈ ਤੇ ਟ੍ਰੇਨਿੰਗ ਦੇ ਸਾਧਨ ਮੁਹੱਈਆ ਕਰਵਾਉਂਦੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਵਿਦਿਆਰਥੀਆਂ ਦੀ ਖੁਦਕੁਸ਼ੀ ਦਰ ਆਬਾਦੀ ਦੀ ਵਾਧਾ ਦਰ ਨਾਲੋਂ ਵੀ ਅੱਗੇ ਨਿਕਲ ਚੁੱਕੀ ਹੈ। ਇੰਡੀਆ ਟੂਡੇ ਦੀ ਰਿਪੋਰਟ ਅਨੁਸਾਰ ਪਿਛਲੇ ਦਹਾਕੇ ਵਿੱਚ 24 ਸਾਲ ਤੱਕ ਦੇ ਵਿਅਕਤੀਆਂ ਦੀ ਜਨਸੰਖਿਆ 58 ਕਰੋੜ 20 ਲੱਖ ਸੀ, ਜੋ ਘਟ ਕੇ 58 ਕਰੋੜ 10 ਲੱਖ ਹੋ ਗਈ ਹੈ। ਇਸ ਅਰਸੇ ਦੌਰਾਨ ਵਿਦਿਆਰਥੀ ਖੁਦਕੁਸ਼ੀਆਂ 6654 ਤੋਂ ਵਧ ਕੇ 13044 ਹੋ ਗਈਆਂ ਹਨ।

ਯੂਨੀਸੈਫ ਦੀ ਰਿਪੋਰਟ ਅਨੁਸਾਰ ਭਾਰਤ ਵਿੱਚ 15 ਤੋਂ 24 ਸਾਲ ਉਮਰ ਵਾਲੇ 9 ਵਿੱਚੋਂ 1 ਵਿਅਕਤੀ ਮਾਨਸਿਕ ਸਿਹਤ ਸਮੱਸਿਆ ਨਾਲ ਜੂਝ ਰਿਹਾ ਹੈ, ਜਿਨ੍ਹਾਂ ਵਿੱਚ ਉਦਾਸੀ ਤੇ ਨਿਰਾਸ਼ਤਾ ਦੇ ਲੱਛਣ ਸ਼ਾਮਲ ਹਨ। ਇਨ੍ਹਾਂ ਵਿੱਚੋਂ ਸਿਰਫ਼ 41 ਫ਼ੀਸਦੀ ਲੋਕਾਂ ਨੇ ਹੀ ਮਾਨਸਿਕ ਸਮੱਸਿਆਵਾਂ ਤੋਂ ਨਿਜਾਤ ਪਾਉਣ ਲਈ ਬਾਹਰੀ ਸਹਾਇਤਾ ਲੈਣ ਦੀ ਲੋੜ ਮਹਿਸੂਸ ਕੀਤੀ ਹੈ।

ਪਿਛਲੇ ਸਾਲ ਆਈ ਸੀ-3 ਸੰਸਥਾਨ ਨੇ ਵਿਦਿਆਰਥੀ ਖੁਦਕੁਸ਼ੀਆਂ ਬਾਰੇ ਜਿਹੜੀ ਸਾਲਾਨਾ ਰਿਪੋਰਟ ਪੇਸ਼ ਕੀਤੀ ਸੀ, ਉਸ ਵਿੱਚ ਦੱਸਿਆ ਗਿਆ ਸੀ ਕਿ ਭਾਰਤ ਵਿੱਚ ਹਰ ਸਾਲ 13 ਹਜ਼ਾਰ ਤੋਂ ਵੱਧ ਵਿਦਿਆਰਥੀ ਖੁਦਕੁਸ਼ੀਆਂ ਕਰ ਜਾਂਦੇ ਹਨ। ਮਹਾਰਾਸ਼ਟਰ, ਤਾਮਿਲਨਾਡੂ ਤੇ ਮੱਧ ਪ੍ਰਦੇਸ਼ ਸਭ ਤੋਂ ਵੱਧ ਵਿਦਿਆਰਥੀ ਖੁਦਕੁਸ਼ੀਆਂ ਵਾਲੇ ਰਾਜ ਹਨ। ਦੇਸ਼ ਵਿੱਚ ਹੁੰਦੀਆਂ ਕੁੱਲ ਖੁਦਕੁਸ਼ੀਆਂ ਵਿੱਚ ਤੀਜਾ ਹਿੱਸਾ ਇਨ੍ਹਾਂ ਤਿੰਨ ਰਾਜਾਂ ਦਾ ਹੈ।

## ਇੰਗਲੈਂਡ ਫੇਰੀ ਦੌਰਾਨ ਬ੍ਰਮਿੰਘਮ ਵਿੱਚ ਸਿੱਖ ਸੰਗਤਾਂ ਨੂੰ ਸੰਤ ਬਲਬੀਰ ਸਿੰਘ ਸੀਚੇਵਾਲ ਵਲੋਂ ਰੁੱਖ ਲਾਉਣ ਦੀ ਪ੍ਰੇਰਨਾ



ਬ੍ਰਮਿੰਘਮ ਵਿਖੇ ਸੰਗਤਾਂ ਨਾਲ ਸੰਤ ਬਲਬੀਰ ਸਿੰਘ ਸੀਚੇਵਾਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁਰਬਾਣੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਵਿਦੇਸ਼ ਯਾਤਰਾ ਤੇ ਆਏ ਵਾਤਾਵਰਣ ਪ੍ਰੇਮੀ ਪਦਮਸ੍ਰੀ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਦਾ ਇੰਗਲੈਂਡ ਦੀਆਂ ਸੰਗਤਾਂ ਵੱਲੋਂ ਨਿੱਘਾ ਸਵਾਗਤ ਕੀਤਾ ਜਾ ਰਿਹਾ ਹੈ। ਇਸ ਮੌਕੇ ਵੱਖ ਵੱਖ ਗੁਰੂਘਰਾਂ ਵਿੱਚ ਸਜਾਏ ਗਏ ਧਾਰਮਿਕ ਦੀਵਾਨਾਂ ਦੌਰਾਨ ਸੰਤ ਸੀਚੇਵਾਲ ਵੱਲੋਂ ਸੰਗਤਾਂ ਨੂੰ ਬਾਣੀ ਨਾਲ ਜੁੜਨ ਤੇ ਅਮਲ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਉਹਨਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਜਿੱਥੇ ਵੀ ਰਹਿੰਦੇ ਹਨ ਉਥੇ ਵੱਧ ਤੋਂ ਵੱਧ ਬੂਟੇ ਲਗਾਉਣ ਕਿਉਂਕਿ ਵਾਤਾਵਰਣ ਕਿਸੇ ਇੱਕ ਦੇਸ਼ ਦਾ ਮੁੱਦਾ ਨਹੀਂ ਹੈ ਸਗੋਂ ਵਿਸ਼ਵ ਦਾ ਮੁੱਦਾ ਹੈ। ਇਸ ਲਈ ਸਾਨੂੰ ਗੁਰਬਾਣੀ ਅਨੁਸਾਰ ਜਿੱਥੇ ਵੀ ਰਹਿ ਰਹੇ ਹਾਂ ਵਾਤਾਵਰਣ ਪ੍ਰਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਦਿਆਂ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ।

ਸੰਤ ਸੀਚੇਵਾਲ ਵੱਲੋਂ ਇੰਗਲੈਂਡ ਦੀਆਂ ਸੰਗਤਾਂ ਨੂੰ ਬਾਬੇ ਨਾਨਕ ਦੀ ਚਰਨਛੋਹ ਪ੍ਰਾਪਤ ਪਵਿੱਤਰ ਵੇਈਂ ਦੀ ਕਾਰ ਸੇਵਾ ਦੀ ਸਿਲਵਰ ਜੁਬਲੀ ਸਮਾਗਮਾਂ ਵਿੱਚ ਸ਼ਾਮਿਲ ਹੋਣ ਦਾ ਸੱਦਾ ਵੀ ਦਿੱਤਾ ਜਾ ਰਿਹਾ ਹੈ। ਸੰਤ ਸੀਚੇਵਾਲ ਨੇ ਦੱਸਿਆ ਕਿ 25 ਸਾਲਾਂ ਦੇ ਸਫ਼ਰ ਦੌਰਾਨ ਅਨੇਕਾ ਔਕੜਾਂ ਆਈਆਂ ਪਰ ਗੁਰੂ ਨਾਨਕਨਾਮ ਲੇਵਾ ਸੰਗਤਾਂ ਦੀ ਇੱਕਜੁਟਤਾ ਅੱਗੇ ਸਾਰਾ ਕੁਝ ਬੜੀ ਸਹਿਜਤਾ ਨਾਲ ਹੋ ਗਿਆ। ਉਹਨਾਂ ਪ੍ਰਵਾਸੀ ਪੰਜਾਬੀਆਂ ਦੀ ਧੰਨਵਾਦ ਕਰਦਿਆ ਕਿਹਾ ਕਿ ਪ੍ਰਵਾਸੀ ਪੰਜਾਬੀ ਸਮਾਜ ਭਲਾਈ ਦੇ ਕੰਮਾਂ ਨਾਲ ਧਾਰਮਿਕ ਕੰਮਾਂ ਵਿਚ ਵੀ ਮੋਹਰੀ ਭੂਮਿਕਾ ਨਿਭਾ ਰਹੇ ਹਨ।

ਸੰਤ ਸੀਚੇਵਾਲ ਵੱਲੋਂ ਸਮਾਗਮਾਂ ਦੌਰਾਨ ਜਲਵਾਯੂ ਪਰਿਵਰਤਨ ਕਾਰਨ ਵਾਪਰ ਰਹੀਆਂ ਕੁਦਰਤੀ ਆਫਤਾਂ ਦਾ ਜ਼ਿਕਰ ਕਰਦਿਆ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਦੇਸ਼ਾਂ ਉਪਰ ਪਹਿਰਾ ਦੇਣ ਲਈ ਕਿਹਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਸਾਨੂੰ ਤੰਦਰੁਸਤ ਤੇ ਖੁਸ਼ਹਾਲ ਜੀਵਨ ਜਿਊਣ ਲਈ ਫਿਰ ਤੋਂ ਗੁਰੂਆਂ ਦੀ ਬਾਣੀ ਤੇ ਅਮਲ ਕਰਨਾ ਪਵੇਗਾ ਤੇ ਵਾਤਾਵਰਣ ਪ੍ਰਤੀ ਆਪਣੀਆਂ ਬਣਦੀਆਂ ਜ਼ਿੰਮੇਵਾਰੀਆਂ ਨੂੰ ਸਮਝਣਾ ਪਵੇਗਾ।

## ਸਿੱਖ ਸ਼ਹੀਦਾਂ ਦੇ ਅਕਸ ਖਰਾਬ ਕਰਨ ਵਾਲੀਆਂ ਫਿਲਮਾਂ ਤੇ ਪਾਬੰਦੀ ਲੱਗੇ – ਗਿੱਲ



ਭਾਈ ਅਮਰੀਕ ਸਿੰਘ ਗਿੱਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਿੱਖ ਸ਼ਹੀਦਾਂ ਦਾ ਅਕਸ ਖਰਾਬ ਕਰਨ ਵਾਲੀਆਂ ਫਿਲਮਾਂ ਤੇ ਪਾਬੰਦੀ ਲਗਾਉਣ ਦੀ ਮੰਗ ਕਰਦਿਆਂ ਸਿੱਖ ਫੈਡਰੇਸ਼ਨ ਯੂ ਕੇ ਦੇ ਚੇਅਰਮੈਨ ਭਾਈ ਅਮਰੀਕ ਸਿੰਘ ਗਿੱਲ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨੂੰ ਇੱਕ ਸਿੱਖ ਵਿਦਵਾਨਾਂ ਅਤੇ ਕਾਨੂੰਨੀ ਮਾਹਿਰਾਂ ਦੀ ਕਮੇਟੀ ਗਠਨ ਕਰਨੀ ਚਾਹੀਦੀ ਹੈ, ਜੋ ਅਜਿਹੇ ਮਸਲਿਆਂ ਨੂੰ ਨਜਿੱਠੇ। ਭਾਈ ਗਿੱਲ ਨੇ ਕੰਗਣਾ ਰਣੌਤ ਦੇ ਬਿਆਨਾਂ ਦੀ ਨਿੰਦਿਆਂ ਕਰਦਿਆਂ ਕਿਹਾ ਕਿ ਫਿਲਮੀ ਅਦਾਕਾਰਾ ਅਤੇ ਸੰਸਦ ਮੈਂਬਰ ਕੰਗਣਾਂ ਬੀਤੇ ਕੁਝ ਵਰ੍ਹਿਆਂ ਤੋਂ ਲਗਾਤਾਰ ਸਿੱਖਾਂ 'ਤੇ ਸ਼ਬਦੀ ਹਮਲੇ ਕਰਕੇ ਸਿੱਖਾਂ ਦੀਆਂ ਭਾਵਨਾਵਾਂ ਨੂੰ ਭੜਕਾ ਰਹੀ ਹੈ। ਉਹਨਾਂ ਕਿਹਾ ਕਿ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲੇ 20ਵੀਂ ਸਦੀ ਦੇ ਮਹਾਨ ਸਿੱਖ ਸ਼ਹੀਦ ਹਨ, ਉਹਨਾਂ ਵਿਰੁੱਧ ਕਿਸੇ ਤਰ੍ਹਾਂ ਦੀ ਗਲਤ ਬਿਆਨਬਾਜ਼ੀ ਜਾਂ ਫਿਲਮੀ ਪੇਸ਼ਕਾਰੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

## ਬੰਗਲਾਦੇਸ਼ ਵਿਚ ਹਿੰਦੂ ਅਧਿਆਪਕਾਂ ਨੂੰ ਅਸਤੀਫ਼ੇ ਦੇਣ ਲਈ ਕੀਤਾ ਜਾ ਰਿਹੈ ਮਜਬੂਰ

ਭਾਰਤ ਦੇ ਗੁਆਂਢੀ ਦੇਸ਼ ਬੰਗਲਾਦੇਸ਼ ਚ ਹਿੰਸਾ ਰੁਕਣ ਤੋਂ ਬਾਅਦ ਵੀ ਹਾਲੇ ਵੀ ਕੁੱਝ ਠੀਕ ਨਹੀਂ ਹੈ। ਹਸੀਨਾ ਸਰਕਾਰ ਦੇ ਡਿੱਗਣ ਤੋਂ ਬਾਅਦ, ਪੂਰੇ ਬੰਗਲਾਦੇਸ਼ ਚ ਹਿੰਦੂਆਂ ਨੂੰ ਚੋਣਵੇਂ ਰੂਪ ਚ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਦੇਸ਼ ਵਿਚ ਘੱਟ ਗਿਣਤੀ ਭਾਈਚਾਰਿਆਂ ਖ਼ਾਸ ਕਰ ਕੇ ਹਿੰਦੂਆਂ ਲਈ ਸਥਿਤੀ ਬਹੁਤ ਔਖੀ ਹੋ ਗਈ ਹੈ। ਹੁਣ ਇਹ ਗੱਲ ਸਾਹਮਣੇ ਆਈ ਹੈ ਕਿ ਬੰਗਲਾਦੇਸ਼ ਚ ਹਿੰਦੂ ਅਧਿਆਪਕਾਂ ਨੂੰ ਹੁਣ ਅਪਣੇ ਅਹੁਦਿਆਂ ਤੋਂ ਅਸਤੀਫ਼ਾ ਦੇਣ ਲਈ ਮਜਬੂਰ ਕੀਤਾ ਜਾ ਰਿਹਾ ਹੈ।

ਇਹ ਸਾਹਮਣੇ ਆਇਆ ਹੈ ਕਿ ਹਿੰਸਾ ਵਧਣ ਅਤੇ ਸ਼ੇਖ ਹਸੀਨਾ ਦੇ ਦੇਸ਼ ਛੱਡ ਕੇ ਜਾਣ ਤੋਂ ਬਾਅਦ ਘੱਟੋ-ਘੱਟ 49 ਘੱਟ ਗਿਣਤੀ ਅਧਿਆਪਕਾਂ ਨੂੰ ਅਸਤੀਫ਼ਾ ਦੇਣ ਲਈ ਮਜਬੂਰ ਕੀਤਾ ਗਿਆ ਹੈ। ਇੰਨਾ ਹੀ ਨਹੀਂ ਕਈ ਮੀਡੀਆ ਰਿਪੋਰਟਾਂ ਚ ਦਾਅਵਾ ਕੀਤਾ ਗਿਆ ਹੈ ਕਿ ਕਈ ਅਧਿਆਪਕਾਂ ਤੇ ਹਮਲੇ ਵੀ ਹੋਏ ਹਨ।

# ਮਹਾਰਾਜਾ ਕਪੂਰਥਲਾ ਰਣਧੀਰ ਸਿੰਘ ਆਹਲੂਵਾਲੀਆ ਦੀ ਧੀ, ਸ਼ਹਿਜ਼ਾਦੀ ਹੇਲਨ ਆਹਲੂਵਾਲੀਆ ਦੀ ਯਾਦ 'ਚ ਇੰਗਲੈਂਡ ਦੇ ਸਿੱਖਾਂ ਵੱਲੋਂ ਵਿਸ਼ੇਸ਼ ਪ੍ਰੋਗਰਾਮ ਆਯੋਜਿਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਕਪੂਰਥਲਾ ਦੇ ਮਹਾਰਾਜਾ ਰਣਧੀਰ ਸਿੰਘ ਆਹਲੂਵਾਲੀਆ ਦੀ ਧੀ, ਸ਼ਹਿਜ਼ਾਦੀ ਹੇਲਨ ਰਣਧੀਰ ਸਿੰਘ ਆਹਲੂਵਾਲੀਆ ਦੀ ਯਾਦ ਬੀਤੇ ਦਿਨੀਂ ਬਰੈਂਟਵੁੱਡ ਬਾਰੋ ਕੌਂਸਲ ਦੇ ਸਹਿਯੋਗ ਨਾਲ ਮਨਾਈ ਗਈ। ਇਸ ਮੌਕੇ ਸ਼ਹਿਜ਼ਾਦੀ ਹੇਲਨ ਦੇ ਬਾਰੇ ਸਥਾਨਕ ਲੋਕਾਂ ਨੂੰ ਜਾਣਕਾਰੀ ਦਿੱਤੀ ਗਈ। ਮਹਾਰਾਜਾ ਰਣਧੀਰ ਸਿੰਘ ਦੀ ਤੀਜੀ ਪਤਨੀ ਹੈਨਰੀਟਾ ਮੈਲਵਿਨਾ (ਲੇਡੀ ਰਣਧੀਰ ਸਿੰਘ) ਦੀ ਤੀਜੀ ਬੇਟੀ ਸ਼ਹਿਜ਼ਾਦੀ ਹੇਲਨ ਸੀ।



ਸ਼ਹਿਜ਼ਾਦੀ ਹੇਲਨ ਦੀ ਯਾਦਗਰ ਅਤੇ ਸਮਾਗਮ ਦੌਰਾਨ ਬੀਬੀਆਂ

ਇਸੈਕਸ ਕਲਚਰਲ ਡਾਈਵਰਸਿਟੀ ਪ੍ਰੋਜੈਕਟ ਦੇ ਡਾਇਰੈਕਟਰ ਇੰਦੀ ਸੰਧੂ ਨੇ ਕਿਹਾ ਕਿ ਇਹ ਬਹੁਤ ਮਹੱਤਵਪੂਰਨ ਹੈ ਕਿ ਅਸੀਂ ਆਪਣੇ ਇਤਿਹਾਸ ਨੂੰ ਆਉਣ ਵਾਲੀਆਂ ਨਸਲਾਂ ਨਾਲ ਸਾਂਝਾ ਕਰੀਏ ਕਿ ਪੰਜਾਬ ਦੇ ਸਾਡੇ ਪੁਰਵਜਾਂ ਦੇ ਬਰਤਾਨਵੀ ਸਮਾਜ ਨਾਲ ਕਿਵੇਂ ਦੇ ਸਬੰਧ ਰਹੇ ਹਨ। ਕਪੂਰਥਲਾ ਦੀ ਹੇਲਨ ਰਣਧੀਰ ਸਿੰਘ ਆਹਲੂਵਾਲੀਆਂ ਦੀ ਵਜਾਹ ਨਾਲ ਪੰਜਾਬ ਕਿਵੇਂ ਇਸੈਕਸ ਦੇ ਨਾਲ ਜੁੜਿਆ ਹੋਇਆ ਹੈ। ਇਸੈਕਸ ਦੇ ਛੋਟੇ ਜਿਹੇ ਪਿੰਡ ਦੇ ਪੰਜਾਬ ਦੀ ਰਿਆਸਤ ਕਪੂਰਥਲਾ ਦੇ ਸ਼ਾਹੀ ਘਰਾਣੇ ਨਾਲ ਲੰਮੇ ਸਮੇਂ ਤੋਂ ਸੰਬੰਧ ਰਹੇ ਹਨ। ਇਸ ਪ੍ਰੋਗਰਾਮ ਵਿੱਚ ਗ੍ਰੇਵਜ਼ੈਂਡ, ਗਰੇਸ, ਈਸਟ ਲੰਡਨ ਆਦਿ ਤੋਂ ਪਤਵੰਤਿਆਂ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸ਼ਹਿਜ਼ਾਦੀ ਬਾਰੇ ਜਾਣਕਾਰੀ ਭਰਪੂਰ ਇੱਕ ਪ੍ਰਦਰਸ਼ਨੀ ਵੀ ਲਾਈ ਗਈ। ਇਸ ਪ੍ਰੋਗਰਾਮ ਵਿੱਚ ਇਤਿਹਾਸਕਾਰਾਂ, ਖੋਜਕਾਰਾਂ ਅਤੇ ਉਘੀਆਂ ਸ਼ਖ਼ਸੀਅਤਾਂ ਨੇ ਸ਼ਿਰਕਤ ਕਰਕੇ ਹੇਲਨ ਬਾਰੇ ਸਾਂਝ ਪਾਈ। ਮਹਾਰਾਜਾ ਰਣਧੀਰ ਸਿੰਘ ਦੀ ਤੀਜੀ ਪਤਨੀ ਹੈਨਰੀਟਾ ਮੈਲਵਿਨਾ, ਉਸ ਬ੍ਰਿਟਿਸ਼ ਸਿਵਲ ਅਧਿਕਾਰੀ ਦੀ ਧੀ ਸੀ, ਜਿਹੜਾ ਮਹਾਰਾਜੇ ਨੂੰ ਅੰਗਰੇਜ਼ੀ ਪੜ੍ਹਾਇਆ ਕਰਦਾ ਸੀ। ਮਹਾਰਾਜਾ ਦੀ ਮੌਤ ਪਿਛੋਂ ਉਸ ਦੀ ਇਹ ਬਰਤਾਨਵੀ ਪਤਨੀ ਆਪਣੀ ਧੀ ਹੇਲਨ ਸਮੇਤ ਲੰਡਨ ਨੇੜੇ ਇੱਕ ਪਿੰਡ ਵਿੱਚ ਆ ਵਸੀ ਸੀ। ਇਥੇ ਹੀ ਸ਼ਹਿਜ਼ਾਦੀ ਹੇਲਨ ਰਣਧੀਰ ਸਿੰਘ ਆਹਲੂਵਾਲੀਆ ਅਕਤੂਬਰ 1887 ਨੂੰ ਕੇਵਲ 23 ਸਾਲ ਦੀ ਉਮਰ ਵਿੱਚ ਹੀ ਇਸ ਸੰਸਾਰ ਨੂੰ ਅਲਵਿਦਾ ਆਖ ਗਈ ਸੀ। ਇਸੈਕਸ ਦੇ ਇਕ ਪਿੰਡ ਦੇ ਆਲ ਸੈਂਟਸ ਚਰਚ ਦੇ ਸ਼ਮਸ਼ਾਨ ਘਰ ਵਿੱਚ ਉਸ ਨੂੰ ਦਫ਼ਨਾਇਆ ਗਿਆ ਸੀ। ਸ਼ਹਿਜ਼ਾਦੀ ਦੀ ਯਾਦ ਵਿੱਚ ਰਾਜਸਥਾਨ ਦੇ ਕਲਾਕਾਰ ਸਰਕਸ ਰਾਜ ਅਤੇ ਹੈਰੀਟੇਜ ਬਰਾਸ ਬੈਂਡ ਵੱਲੋਂ ਰਾਜਸਥਾਨੀ ਨਾਚ ਪੇਸ਼ ਕੀਤਾ ਗਿਆ।

## ਪ੍ਰਵਾਸੀਆਂ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਸ: ਚਰਨਜੀਤ ਸਿੰਘ ਚੰਨੀ ਨੇ ਦਿੱਤਾ ਭਰੋਸਾ – ਫੁੱਲ



ਸਾਂਸਦ ਚਰਨਜੀਤ ਸਿੰਘ ਚੰਨੀ ਅਤੇ ਕਮਲਜੀਤ ਕੌਰ ਨਾਲ ਸ: ਬਲਦੇਵ ਸਿੰਘ ਫੁੱਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪੰਜਾਬ ਦੇ ਸੰਸਦ ਮੈਂਬਰ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਪ੍ਰਵਾਸੀਆਂ ਦੀਆਂ ਮੁਸ਼ਕਿਲਾਂ ਦੇ ਹੱਲ ਲਈ ਉਹਨਾਂ ਦੀ ਅਵਾਜ਼ ਬਣਨਗੇ, ਇਹ ਵਿਚਾਰ ਲੰਡਨ ਦੇ ਉੱਘੇ ਕਾਰੋਬਾਰੀ ਬਲਦੇਵ ਸਿੰਘ ਫੁੱਲ ਨੇ ਪ੍ਰਗਟ ਕੀਤੇ। ਸ: ਫੁੱਲ ਨੇ ਉਹਨਾਂ ਦੇ ਗ੍ਰਹਿ ਜਲੰਧਰ ਵਿਖੇ ਐਮ ਪੀ ਚਰਨਜੀਤ ਸਿੰਘ ਚੰਨੀ ਨਾਲ ਹੋਈ ਮੁਲਾਕ-ਾਤ ਤੋਂ ਬਾਅਦ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਸ: ਚੰਨੀ ਨੇ ਭਰੋਸਾ ਦਿੱਤਾ ਹੈ ਕਿ ਉਹ ਜਲਦੀ ਹੀ ਪ੍ਰਵਾਸੀ ਪੰਜਾਬੀਆਂ ਦੇ ਮਸਲੇ ਸੁਣਨ ਲਈ ਪ੍ਰੋਗਰਾਮ ਉਲੀਕਣਗੇ, ਤਾਂ ਕਿ ਵਿਦੇਸ਼ਾਂ ਵਿੱਚ ਬੈਠੇ ਪੰਜਾਬੀਆਂ ਨੂੰ ਪੰਜਾਬ ਨਾਲ ਜੋੜ੍ਹਿਆ ਜਾਵੇ। ਇਸ ਮੌਕੇ ਬੀਬੀ ਕਮਲਜੀਤ ਕੌਰ ਵੀ ਮੌਜੂਦ ਸਨ। ਸ: ਫੁੱਲ ਨੇ ਕਿਹਾ ਕਿ ਸ: ਚੰਨੀ ਨੇ ਭਾਰਤ ਦੀ ਸੰਸਦ ਵਿੱਚ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਜੋ ਪਹਿਲੀ ਤਕਰੀਰ ਕੀਤੀ ਸੀ, ਉਸ ਨਾਲ ਹਰ ਪੰਜਾਬੀ ਦਾ ਦਿਲ ਜਿੱਤਿਆ ਹੈ।

## ਲੇਬਰ ਪਾਰਟੀ ਦੀ ਕੌਮੀ ਕਾਰਜਕਾਰਨੀ ਕਮੇਟੀ (ਐਨ ਈ ਸੀ) ਦੀ ਚੋਣ 17 ਨੂੰ, ਦੇਸ਼ ਭਰ 'ਚੋਂ 27 ਉਮੀਦਵਾਰ ਮੈਦਾਨ ਵਿੱਚ

### ਸਾਊਥਾਲ ਦੀ ਸਾਬਕਾ ਕੌਂਸਲਰ ਲਹਿੰਦੇ ਪੰਜਾਬ ਦੀ ਜ਼ਾਹਿਦਾ ਅਬਾਸ ਨੂਰੀ ਮੈਦਾਨ ਵਿੱਚ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੇਬਰ ਪਾਰਟੀ ਦੀ ਅਗਲੇ ਦੋ ਸਾਲਾਂ ਲਈ ਕੌਮੀ ਕਾਰਜਕਾਰਨੀ ਕਮੇਟੀ (ਐਨ ਈ ਸੀ) ਦੀ ਚੋਣ 17 ਸਤੰਬਰ ਨੂੰ ਹੋਣ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਐਨ ਈ ਸੀ ਦਾ ਮੁੱਖ ਮੰਤਵ ਪਾਰਟੀ ਦੀ ਰੂਪ ਰੇਖਾ ਤਿਆਰ ਕਰਨਾ ਅਤੇ ਨਿਰਦੇਸ਼ਤ ਕਰਨ ਦੇ ਨਾਲ ਨਾਲ ਸੰਸਦ ਵਿੱਚ ਪਾਰਟੀ ਦੀ ਨੁਮਾਇੰਦਗੀ ਕਰਨ ਵਾਲਿਆਂ ਨਾਲ ਮਿਲ ਕੇ ਕੰਮ ਕਰਨਾ ਹੈ ਅਤੇ ਦੇਸ਼ ਭਰ ਵਿੱਚ ਸਥਾਨਿਕ ਸਰਕਾਰਾਂ ਵਿੱਚ ਪਾਰਟੀ ਦੇ ਉਦੇਸ਼ਾਂ ਨੂੰ ਸੁਰੱਖਿਅਤ ਕਰਨਾ ਹੁੰਦਾ ਹੈ। ਜਿਸ ਲਈ ਦੇਸ਼ ਭਰ 'ਚੋਂ 27 ਉਮੀਦਵਾਰ ਮੈਦਾਨ ਵਿੱਚ ਜਿਹਨਾਂ ਵਿੱਚੋਂ 9 ਮੈਂਬਰ ਚੁਣੇ ਜਾ ਰਹੇ ਹਨ। ਜੋ ਬੀਤੀ 27 ਅਗਸਤ ਤੋਂ 17 ਸਤੰਬਰ ਦੁਪਹਿਰ 12 ਵਜੇ ਤੱਕ ਲਈ ਆਨਲਾਇਨ ਬੈਲਟ ਖੋਲੇ ਗਏ ਹਨ। ਇਹਨਾਂ ਉਮੀਦਵਾਰਾਂ ਦਾ ਲੇਬਰ ਪਾਰਟੀ ਦੇ ਵੱਖ ਵੱਖ ਗਰੁੱਪਾਂ ਵੱਲੋਂ ਸਮਰਥਨ ਦਿੱਤਾ ਜਾ ਰਿਹਾ ਹੈ ਜਿਹਨਾਂ ਵਿੱਚ ਪ੍ਰੋ.ਲੀਡਰਸ਼ਿਪ ਲੇਬਟ ਟੂ ਵਿਨ, ਖੱਬੇ-ਪੱਖੀ ਸੈਂਟਰ ਲੈਫਟ ਗ੍ਰਾਸਰੂਟ ਅਲਾਇੰਸ, ਓਪਨ ਲੇਬਰ ਅਤੇ ਨਿਊ ਲੇਬਰ ਵੂਮੈਨ ਆਫ ਐਨ ਈ ਸੀ ਸ਼ਾਮਿਲ ਹਨ। ਈਲਿੰਗ ਕੌਂਸਲ ਦੀ ਸਾਬਕਾ ਕੌਂਸਲਰ ਅਤੇ ਸਾਊਥਾਲ ਵਿੱਚ ਬੀਤੇ 30 ਵਰ੍ਹਿਆਂ ਤੋਂ ਸਰਗਰਮੀ ਨਾਲ ਵਿਚਰਨ ਵਾਲੀ ਸਖਸ਼ੀਅਤ ਜ਼ਾਹਿਦਾ ਅਬਾਸ ਨੂਰੀ ਮੈਦਾਨ ਵਿੱਚ ਹੈ। ਸਕੂਲ ਦੀ ਗਵਰਨਰ ਤੋਂ ਸਿਆਸੀ ਸਫ਼ਰ ਸ਼ੁਰੂ ਕਰਨ ਵਾਲੀ ਨੂਰੀ 2006 ਵਿੱਚ ਪਹਿਲੀ ਵਾਰ ਕੌਂਸਲਰ ਬਣੀ। ਇਸ ਤੋਂ ਇਲਾਵਾ ਪੱਤਰਕਾਰੀ ਖੇਤਰ ਵਿੱਚ ਲੋਕ ਮੁੱਦਿਆਂ ਨੂੰ ਉਭਾਰਦੀ ਰਹੀ ਹੈ। ਨੂਰੀ ਘੱਟ ਗਿਣਤੀ ਏਸ਼ੀਅਨ ਭਾਈਚਾਰਿਆਂ ਲਈ ਹਮੇਸ਼ਾਂ ਅਵਾਜ਼ ਬੁਲੰਦ ਕਰਦੀ ਰਹੀ ਹੈ।

ਜ਼ਾਹਿਦਾ ਅਬਾਸ ਨੂਰੀ ਨੂੰ ਪਹਿਲੀ ਪਸੰਦ ਵਜੋਂ ਵੋਟ ਪਾਉਣ ਲਈ ਉਹਨਾਂ ਦੇ ਸਮਰਥਕਾਂ ਵੱਲੋਂ ਲੇਬਰ ਮੈਂਬਰਾਂ ਨੂੰ ਅਪੀਲਾਂ ਕੀਤੀਆਂ ਜਾ ਰਹੀਆਂ ਹਨ। ਐਨ ਐਚ ਐਸ ਦੇ ਸੁਧਾਰ, ਘੱਟੋ ਘੱਟ ਤਨਖਾਹ, ਰੁਜ਼ਗਾਰ ਦੇ ਵਧੇਰੇ ਮੌਕੇ, ਘਰਾਂ ਦੀ ਸਮੱਸਿਆਂ ਦੇ ਹੱਲ, ਪੈਨਸ਼ਨਾਂ 'ਚ ਕਟੌਤੀ ਰੋਕਣ ਲਈ, ਵੱਧ ਰਹੀ ਮਹਿੰਗਾਈ ਦੀ ਰੋਕਥਾਮ ਅਤੇ ਟਿਊਸ਼ਨ ਫੀਸ ਵਿੱਚ ਕਟੌਤੀ ਵਰਗੇ ਮੁੱਦਿਆਂ ਨੂੰ ਅਹਿਮੀਅਤ ਦੇਣ ਨਾਲ ਨਾਲ ਪ੍ਰੀਵਾਰਿਕ ਲੋੜਾਂ ਦੀ ਪੂਰਤੀ ਉਹਨਾਂ ਦੇ ਮੁੱਖ ਮੁੱਦੇ ਹਨ।

## ਸਾਰਾਗੜ੍ਹੀ ਦੇ ਸ਼ਹੀਦਾਂ ਨਮਿੱਤ ਯਾਦਗਰੀ ਸਮਾਗਮ ਸਬੰਧੀ ਮੀਟਿੰਗ



ਹਰਮੀਤ ਸਿੰਘ ਭੱਕਨਾ, ਅਸ਼ੋਕ ਕੁਮਾਰ ਐਮ ਬੀ ਈ, ਕੈਪਟਨ ਜੈ ਸਿੰਘ ਸੋਹਲ ਅਤੇ ਹੋਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੀ ਸੰਸਦ ਵਿੱਚ ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦ ਵਿੱਚ 12 ਸਤੰਬਰ ਨੂੰ ਕਰਵਾਏ ਜਾ ਰਹੇ ਸਮਾਗਮ ਦੀਆਂ ਤਿਆਰੀਆਂ ਨੂੰ ਲੈ ਕੇ ਬੀਤੇ ਕੱਲ ਸੰਸਦ ਵਿੱਚ ਪ੍ਰਬੰਧਕੀ ਮੀਟਿੰਗ ਹੋਈ। ਜਿਸ ਵਿੱਚ ਪੰਜਾਬੀ ਭਾਸ਼ਾ ਚੇਤਨਾ ਬੋਰਡ ਦੇ ਡਾਇਰੈਕਟਰ ਹਰਮੀਤ ਸਿੰਘ ਭੱਕਨਾ, ਬਰਤਾਨਵੀ ਫੌਜ ਦੇ ਅਧਿਕਾਰੀ ਅਸ਼ੋਕ ਕੁਮਾਰ ਐਮ ਬੀ ਈ, ਕੈਪਟਨ ਜੈ ਸਿੰਘ ਸੋਹਲ ਆਦਿ ਸ਼ਾਮਿਲ ਹੋਏ। ਮੀਟਿੰਗ ਸਬੰਧੀ ਜਾਣਕਾਰੀ ਦਿੰਦਿਆਂ ਸ: ਭੱਕਨਾ ਨੇ ਦੱਸਿਆ ਕਿ ਬ੍ਰਿਟਿਸ਼ ਰਾਜ ਮੌਕੇ ਭਾਰਤੀਆਂ ਅਤੇ ਖਾਸ ਤੌਰ ਤੇ ਸਿੱਖਾਂ ਦੀਆਂ ਕੁਰਬਾਨੀਆਂ ਦਾ ਵੱਡਾ ਇਤਿਹਾਸ ਹੈ। ਅਸੀਂ ਚਾਹੁੰਦੇ ਹਾਂ ਕਿ ਇਸ ਇਤਿਹਾਸ ਨੂੰ ਅਗਲੀਆਂ ਪੀੜੀਆਂ ਵੀ ਜਾਣ ਸਕਣ। ਉਹਨਾ ਇਹ ਵੀ ਦੱਸਿਆ ਕਿ ਬਰਤਾਨੀਆ ਦੇ ਦੋਵੇਂ ਸਦਨਾਂ ਵਿੱਚ ਸ਼ਰਧਾਂਜਲੀ ਭੇਂਟ ਕਰਨ ਲਈ ਦੋ ਮਿੰਟ ਦਾ ਮੋਨ ਰੱਖਣ ਦੀ ਵੀ ਮੰਗ ਕੀਤੀ ਗਈ ਹੈ। ਜਿਸ ਲਈ ਬਰਤਾਨੀਆ ਸਰਕਾਰ ਨੂੰ ਪੱਤਰ ਵੀ ਲਿਖਿਆ ਹੈ।

# ਜਾਣੇ ਅਨਜਾਣੇ ਹਲਾਲ ਮੀਟ ਦੀ ਵਰਤੋਂ ਕਰਨ ਤੋਂ ਬਚੋ

## ਯੂ ਕੇ ਵਿੱਚ ਪੰਜਾਬੀ ਸਿੱਖ ਬੱਚੇ ਅਣਗਹਿਲੀ ਕਾਰਨ ਹਲਾਲ ਮੀਟ ਖਾ ਰਹੇ ਨੇ ਬੱਚਿਆਂ ਨੂੰ ਹਲਾਲ ਮੀਟ ਦੀ ਵਰਤੋਂ ਨਾ ਕਰਨ ਬਾਰੇ ਜਾਣਕਾਰੀ ਦੇਣ ਸਬੰਧੀ ਮਾਪਿਆਂ ਨੂੰ




# ਪੁਰਜ਼ੋਰ ਅਪੀਲ

ਸਤਿਕਾਰਯੋਗ ਪੰਜਾਬੀ ਮਾਪਿਓ,

ਅਸੀਂ ਆਪ ਜੀ ਦੇ ਧਿਆਨ ਵਿੱਚ ਬਹੁਤ ਹੀ ਸੰਵੇਦਨਸ਼ੀਲ ਮੁੱਦਾ ਲਿਆਉਣਾ ਚਾਹੁੰਦੇ ਹਾਂ ਕਿ ਸਾਡੇ ਬੱਚੇ ਸਕੂਲਾਂ, ਕਾਲਜਾਂ ਅਤੇ ਕੰਮਾਂ ਦੀਆਂ ਥਾਂਵਾਂ 'ਤੇ ਖਾਣ ਪੀਣ ਸਮੇਂ ਜਾਣੇ ਅਣਜਾਣੇ ਥਾਂ ਤੇ ਖੁੱਲ੍ਹੀਆਂ ਫਰਾਈਡ ਚਿਕਨ ਦੀਆਂ ਦੁਕਾਨਾਂ ਤੋਂ ਜਿਹੜਾ ਮੀਟ ਲੈ ਕੇ ਖਾ ਰਹੇ ਹਨ, ਉਹ ਆਮ ਤੌਰ ਤੇ ਹਲਾਲ ਹੁੰਦਾ ਹੈ। ਬਹੁਤੀਆਂ ਦੁਕਾਨਾਂ ਵਾਲਿਆਂ ਨੇ ਤਾਂ 786 ਲਿਖਾ ਕੇ ਹਲਾਲ ਮੀਟ ਬਾਰੇ ਜਾਣਕਾਰੀ ਵੀ ਦਿੱਤੀ ਹੁੰਦੀ ਹੈ, ਪਰ ਸਾਡੇ ਬੱਚੇ ਤੇ ਨੌਜਵਾਨ ਇਸ ਵੱਲ ਗੌਰ ਨਹੀਂ ਕਰਦੇ। ਖਾਣਪੀਣ ਸਬੰਧੀ ਆਪਣੇ ਬੱਚਿਆਂ ਨੂੰ ਸਹੀ ਜਾਣਕਾਰੀ ਘਰ ਤੋਂ ਬਿਹਤਰ ਹੋਰ ਕਿਤਿਓਂ ਨਹੀਂ ਮਿਲ ਸਕਦੀ। ਪੰਜਾਬੀ ਮਾਪਿਆਂ ਨੂੰ ਸਾਡੇ ਵੱਲੋਂ ਅਪੀਲ ਹੈ ਕਿ ਉਹ ਆਪਣੇ ਬੱਚਿਆਂ ਨੂੰ ਹਲਾਲ ਮੀਟ ਨਾ ਖਾਣ ਬਾਰੇ ਜਾਣਕਾਰੀ ਦੇਣ ਤਾਂ ਜੋ ਜਿਹਨਾਂ ਦੀ ਵੱਟਤ ਕਰਵਾ ਕੇ ਹਲਾਲ ਮੀਟ ਖਾਧਾ ਜਾਂਦਾ ਹੈ, ਉਹਨਾਂ ਦੇ ਮਜ਼ਾਕ ਦੇ ਪਾਤਰ ਨਾ ਬਣੀਏ। ਕੁੱਠਾ (ਹਲਾਲ) ਮੀਟ ਸਾਡੇ ਗੁਰੂਆਂ ਪੀਰਾਂ ਵੱਲੋਂ ਮਨ੍ਹਾ ਕੀਤਾ ਹੈ।

### ਸਿੱਖਾਂ ਦੇ ਧਾਰਮਿਕ ਚਿੰਨ੍ਹ ਕੜੇ ਦੀ ਦੁਰਵਰਤੋਂ:-

ਕਈ ਹਲਾਲ ਮੀਟ ਦੀਆਂ ਰਿਟੇਲ ਅਤੇ ਹੋਲਸੇਲ ਦੁਕਾਨਾਂ ਉੱਤੇ ਪੰਜਾਬੀ ਬੰਦਿਆਂ ਦੇ ਹੱਥ ਕੜਾ ਪਵਾ ਕੇ ਮੀਟ ਵੇਚਣ ਲਈ ਮੂਹਰੇ ਖੜ੍ਹੇ ਕਰ ਦਿੱਤਾ ਜਾਂਦਾ ਹੈ ਤਾਂ ਕਿ ਗਾਹਕ ਨੂੰ ਮੀਟ ਦੇ ਹਲਾਲ ਕੀਤੇ ਜਾਣ ਦਾ ਪਤਾ ਨਾ ਲੱਗੇ। ਸਾਡੀ ਅਜਿਹੇ ਵੀਰਾਂ ਨੂੰ ਵੀ ਖਾਸ ਬੇਨਤੀ ਹੈ ਕਿ ਪੈਸੇ ਦੀ ਕਮਾਈ ਖਾਤਰ ਧਾਰਮਿਕ ਚਿੰਨ੍ਹ ਕੜੇ ਦੀ ਵਰਤੋਂ ਕਰਕੇ ਹਲਾਲ ਮੀਟ ਦੀਆਂ ਦੁਕਾਨਾਂ ਦੇ ਮਾਲਕਾਂ ਦੀ ਕਮਾਈ ਦਾ ਸਾਧਨ ਨਾ ਬਣੋ। ਕਈ ਟੇਕ ਅਵੇ ਅਤੇ ਮੀਟ ਵਾਲੇ ਰੈਸਟੋਰੈਂਟ (ਆਊਟਲਿਟਸ) ਤੇ ਕੜਾ ਪਾ ਕੇ ਮੀਟ ਵਰਤਾਇਆ ਜਾਂਦਾ ਹੈ, ਜਿਸ ਨਾਲ ਸਿੱਖ ਨੌਜਵਾਨ ਤੇ ਬੱਚੇ ਗੁੰਮਰਾਹ ਹੋ ਕੇ ਹਲਾਲ ਮੀਟ ਹੀ ਖਰੀਦ ਲੈਂਦੇ ਹਨ।

### ਭਾਰਤ ਵਿੱਚ ਵੀ ਹਲਾਲ ਮੀਟ ਦੀ ਵਰਤੋਂ ਆਮ ਹੈ:-

ਪੰਜਾਬੀਆਂ ਨੂੰ ਅਸੀਂ ਇਕ ਹੋਰ ਵਿਸ਼ੇਸ਼ ਜਾਣਕਾਰੀ ਦੇਣੀ ਚਾਹੁੰਦੇ ਹਾਂ ਕਿ ਪੰਜਾਬ ਤੋਂ ਬਾਹਰ ਭਾਰਤ ਦੇ ਵੱਡੇ ਹੋਟਲਾਂ ਵਿੱਚ ਵੀ ਹਲਾਲ ਮੀਟ ਹੀ ਵਰਤਾਇਆ ਜਾਂਦਾ ਹੈ ਜਿਸ ਦੀ ਪੁਸ਼ਟੀ ਉਹਨਾਂ ਦੇ ਮੁੱਖ ਖਾਨਸਾਮਿਆਂ ਵੱਲੋਂ ਗਾਹੇ ਬਗਾਹੇ ਕੀਤੀ ਗਈ ਹੈ। ਸੋ ਪੰਜਾਬੀਆਂ ਨੂੰ ਬੇਨਤੀ ਹੈ ਕਿ ਵੱਡੇ ਹੋਟਲਾਂ ਵਿੱਚ ਠਹਿਰਨ ਮੌਕੇ ਮੀਟ ਦੀ ਵਰਤੋਂ ਨਾ ਕੀਤੀ ਜਾਵੇ।

**ਸਾਨੂੰ ਪੂਰੀ ਉਮੀਦ ਹੈ ਕਿ ਆਪ ਜੀ ਸਾਡੀ ਬੇਨਤੀ ਨੂੰ ਸਵੀਕਾਰ ਕਰਦੇ ਹੋਏ, ਆਪਣੇ ਬੱਚਿਆਂ ਨੂੰ ਇਸ ਗੱਲ ਤੋਂ ਸਾਵਧਾਨ ਕਰੋਗੇ ਕਿ ਅਜਿਹੀਆਂ ਅਨਜਾਣ ਸ਼ਾਵਾਂ ਤੋਂ ਮੀਟ ਲੈ ਕੇ ਖਾਣ ਤੋਂ ਸੰਕੋਚ ਕੀਤਾ ਜਾਵੇ।**

# HALAL OR KUTTHA MEAT SERVED

## IN BRITISH SCHOOLS AND FRIED MEAT OUTLETS

## AWARE OUR YOUTH

Sikh community have a clear choice regarding halal meat and products as a Sikh religious right. Others like the animal rights groups object on grounds of cruelty to animals.

There are few taboos about food in Sikhism. However, eating "halal" (or "kuttha") meat of a ritually slaughtered animals in the Islamic way, is one of them. Many vulnerable Sikh children are eating halal meat of ritually killed animals in schools. We are also, unknowingly consuming meat and other food products and medicines which include "halal" ingredients.

Sikh fundamental belief is that the Creator dwells within His Creation. This belief is supported by the holy Sikh Scriptures, Sri Guru Granth Sahib, the eternal Guru of the Sikhs. Any form of ritual offering assumes an entity existing outside the creation.

**The ritual of making any offering or a sacrificial slaughter is against the Sikh belief.**

Sikhs and other consumers have the right to choice of food according to their religious or other dietary preference. Sikh parents must aware their children and young ones to aviod consuming meat prepared under "halal" or ("kuttha") terms.

## ਆਪ ਦੇ ਅਤੀ ਧੰਨਵਾਦੀ ਹੋਵਾਂਗੇ

**ਦਲਜੀਤ ਸਿੰਘ ਫੁੱਲ, ਜਸਵਿੰਦਰ ਸਿੰਘ ਨਾਂਦਰਾ, ਸੁਖਦੇਵ ਸਿੰਘ ਰਾਵਾਂ, ਕੁਲਦੀਪ ਸਿੰਘ ਸੰਧੂ, ਜਸਕਰਨ ਸਿੰਘ ਰਾਵਾਂ, ਗੁਰਪਾਲ ਸਿੰਘ, ਅਜਮੇਲ ਸਿੰਘ ਦੁਸਾਂਝ, ਡਾ: ਗੁਰਪ੍ਰੀਤ ਸਿੰਘ ਨਾਗਰਾ**

# ਸਾਬਕਾ ਐਮ ਪੀ ਸ: ਤਰਲੋਚਨ ਸਿੰਘ ਨਾਲ ਸਾਊਥਾਲ ਵਿਖੇ ਸਿੱਖ ਆਗੂਆਂ ਨਾਲ ਵਿਚਾਰਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਲੱਭਣ ਲਈ ਉਚੇਚੇ ਯਤਨਾਂ ਦੀ ਲੋੜ ਹੈ - ਤਰਲੋਚਨ ਸਿੰਘ





ਸ: ਤਰਲੋਚਨ ਸਿੰਘ ਦਾ ਸਨਮਾਨ ਕਰਦੇ ਹੋਏ ਸਿੱਖ ਆਗੂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਘੱਟ ਗਿਣਤੀ ਕਮਿਸ਼ਨ ਭਾਰਤ ਦੇ ਸਾਬਕਾ ਚੇਅਰਮੈਨ ਅਤੇ ਸਾਬਕਾ ਰਾਜ ਸਭਾ ਮੈਂਬਰ ਸ: ਤਰਲੋਚਨ ਸਿੰਘ ਨਾਲ ਸਿੱਖ ਮਿਸ਼ਨਰੀ ਸੁਸਾਇਟੀ ਯੂ ਕੇ ਵਿਖੇ ਸਿੱਖ ਆਗੂਆਂ ਨਾਲ ਪੰਥਕ ਵਿਚਾਰਾਂ ਸਾਂਝੀਆਂ ਕੀਤੀਆਂ। ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਸਾਬਕਾ ਪ੍ਰਧਾਨ ਸ: ਗੁਰਮੇਲ ਸਿੰਘ ਮੱਲੀ ਨੇ ਸ: ਤਰਲੋਚਨ ਸਿੰਘ ਨੂੰ ਜੀ ਆਇਆਂ ਆਖਦਿਆਂ ਆਏ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਸੁਸਾਇਟੀ ਵੱਲੋਂ ਗੁਰਬਚਨ ਸਿੰਘ ਅਟਵਾਲ, ਹਰਬੰਸ ਸਿੰਘ ਕੁਲਾਰ ਅਤੇ ਹਾਜ਼ਰ ਆਗੂਆਂ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਸ: ਤਰਲੋਚਨ ਸਿੰਘ ਨੇ ਕਿਹਾ ਕਿ ਸਿੱਖ ਕੌਮ ਨੂੰ ਇਸ ਮੌਕੇ ਸਿੱਖ ਨੌਜਵਾਨਾਂ ਦੀ ਉਚੇਰੀ ਵਿਦਿਆ ਵੱਲ ਵੱਧ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਤਾਂ ਕਿ ਆਕਸਫੋਰਡ ਅਤੇ ਕੈਂਮਬ੍ਰਿਜ਼ ਵਰਗੀਆਂ ਯੂਨੀਵਰਸਿਟੀਆਂ ਵਿੱਚ ਸਿੱਖ ਨੌਜਵਾਨ ਪੜ੍ਹਾਈ ਕਰਨ। ਉਹਨਾਂ ਨਾਲ ਹੀ ਕਿਹਾ ਕਿ ਬਰਤਾਨੀਆਂ ਵਿੱਚ ਸਿੱਖ ਰਾਜ ਦਾ ਅਣਮੁੱਲਾ ਖਜ਼ਾਨਾ ਪਿਆ ਹੈ, ਜਿਸ ਬਾਰੇ ਖੋਜ਼ ਕਰਨ ਅਤੇ ਇੱਕ ਥਾਂ ਇਕੱਤਰ ਕਰਨ ਦੀ ਲੋੜ ਹੈ। ਉਹਨਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਕਲਗੀ ਲੱਭਣ ਲਈ ਉਚੇਚੇ ਯਤਨਾਂ ਦੀ ਲੋੜ 'ਤੇ ਜ਼ੋਰ ਦਿੱਤਾ। ਉਹਨਾਂ ਇਹ ਵੀ ਕਿਹਾ ਕਿ ਅੱਜ ਵਿਦੇਸ਼ਾਂ ਵਿੱਚ ਸਿੱਖ ਸਿਆਸੀ ਤੌਰ ਤੇ ਤਕੜੇ ਹੋ ਰਹੇ ਹਨ, ਜਿਸ ਦਾ ਤਾਜ਼ਾ ਸਬੂਤ ਬਰਤਾਨਵੀ ਸੰਸਦੀ ਦੇ ਚੋਣ ਨਤੀਜੇ ਹਨ। ਉਹਨਾਂ ਨੇ ਸਿੱਖ ਆਗੂਆਂ ਅਤੇ ਸੁਸਾਇਟੀ ਨੂੰ ਆਪਣੀ ਨਵੀਂ ਇਤਿਹਾਸਕ ਯਾਤਰਾ ਕਿਤਾਬ ਵੀ ਭੇਂਟ ਕੀਤੀ। ਇਸ ਮੌਕੇ ਸ: ਹਰਜੀਤ ਸਿੰਘ ਸਰਪੰਚ, ਗੁਰਦੀਪ ਸਿੰਘ ਸੰਧੂ, ਜਸਵੰਤ ਸਿੰਘ, ਅਮਰਜੀਤ ਸਿੰਘ ਢਿਲੋਂ, ਠੇਕੇਦਾਰ, ਸੁਖਵਿੰਦਰ ਸਿੰਘ, ਭਰਪੂਰ ਸਿੰਘ, ਸਤਨਾਮ ਸਿੰਘ ਚੌਹਾਨ, ਗੁਰਮੀਤ ਸਿੰਘ ਸਿੱਧੂ, ਜੋਗਿੰਦਰ ਸਿੰਘ ਬੱਲ ਆਦਿ ਹਾਜ਼ਰ ਸਨ।


## ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ

**ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ । ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ ।**

**ਫ਼ੋਨ ਨੰਬਰ: 01332 372851**


# ਭਾਰਤ ਦੇ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਨਾਲ ਐਮ ਪੀ ਢੇਸੀ ਦੀ ਮੁਲਾਕਾਤ



ਲੰਡਨ ਵਿੱਚ ਸ: ਤਰਲੋਚਨ ਸਿੰਘ ਅਤੇ ਐਮ ਪੀ ਤਨਮਨਜੀਤ ਸਿੰਘ ਢੇਸੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਭਾਰਤ ਦੇ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਅਤੇ ਸਾਬਕਾ ਰਾਜ ਸਭਾ ਮੈਂਬਰ ਸ: ਤਰਲੋਚਨ ਸਿੰਘ ਦੀ ਇੰਗਲੈਂਡ ਫੇਰੀ ਦੌਰਾਨ ਲੰਡਨ ਵਿੱਚ ਬਰਤਾਨੀਆਂ ਦੇ ਪਹਿਲੇ ਸਿੱਖ ਸਾਂਸਦ ਤਨਮਨਜੀਤ ਸਿੰਘ ਢੇਸੀ ਨਾਲ ਅਹਿਮ ਮੁਲਾਕਾਤ ਹੋਈ। ਇਸ ਮੌਕੇ ਦੋਵੇਂ ਨੇਤਾਵਾਂ ਨੇ ਦੇਸ਼ ਅਤੇ ਵਿਦੇਸ਼ ਵਿੱਚ ਪੰਜਾਬੀਆਂ ਅਤੇ ਖਾਸ ਤੌਰ ਤੇ ਸਿੱਖ ਭਾਈਚਾਰੇ ਦੇ ਭਖਦੇ ਮਸਲਿਆਂ 'ਤੇ ਚਰਚਾ ਕੀਤੀ। ਦੋਵਾਂ ਆਗੂਆਂ ਨੇ ਕਿਹਾ ਕਿ ਸਿੱਖ ਮਸਲਿਆਂ ਬਾਰੇ ਦੇਸ਼ ਵਿਦੇਸ਼ ਦੇ ਸਿੱਖਾਂ ਨੂੰ ਇੱਕ ਸਾਂਝਾਂ ਪੈਨਲ ਬਣਾਉਣ ਦੀ ਲੋੜ ਹੈ ਜੋ ਸਰਕਾਰਾਂ ਅਤੇ ਸਿੱਖਾਂ ਵਿਚਕਾਰ ਪੁਲ ਦਾ ਕੰਮ ਕਰ ਸਕੇ। ਸ: ਤਰਲੋਚਨ ਸਿੰਘ ਨੇ ਕਿਹਾ ਕਿ ਸ: ਤਨਮਨਜੀਤ ਸਿੰਘ ਢੇਸੀ 'ਤੇ ਸਿੱਖ ਕੌਮ ਨੂੰ ਮਾਣ ਹੈ ਜਿਹਨਾਂ ਨੇ ਬਰਤਾਨੀਆਂ ਦੀ ਸੰਸਦ ਵਿੱਚ ਖੁੱਲ ਕੇ ਸਿੱਖਾਂ ਦਾ ਅਤੇ ਆਪਣੇ ਹਲਕੇ ਦੇ ਲੋਕਾਂ ਦੇ ਨਾਲ ਨਾਲ ਹਰ ਭਾਈਚਾਰੇ ਦਾ ਪੱਖ ਨਿਡਰ ਹੋ ਕੇ ਰੱਖਿਆ ਹੈ।


## VACANCIES
## JSR CONTRACTS LTD.

**ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ 'ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**CONSTRUCTION BUILDERS REQUIRED ON VARIOUS SITES IN UK**

**Job Type: 5319 Construction & building trades not elsewhere classified**

**Job Description:** In this role as an experienced builder, a diverse set of responsibilities during the job consists of 37.5 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. This position is classified under SOC 5319 and holds a place on the Shortage Occupation List, signifying its vital importance within the construction industry. Annual pay is £26,500 - £31,000

**Person must have CSCS, CCDO, IPAF, Driving Licence, IPAF, SSSTS, Asbestos Awareness and Manual Handling.**
**Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਬਰਤਾਨੀਆ ਦੇ ਸਿੱਖ ਐਮ ਪੀ ਜੱਸ ਅਠਵਾਲ ਨੇ ਵਿਵਾਦਾਂ ਤੋਂ ਬਾਅਦ ਦੇਖ ਭਾਲ ਕਰਨ ਵਾਲੀ ਏਜੰਸੀ ਨੂੰ ਹਟਾਇਆ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆ ਦੇ ਨਵੇਂ ਚੁਣੇ ਸਿੱਖ ਸੰਸਦ ਮੈਂਬਰ ਜਸਬੀਰ ਸਿੰਘ ਉਰਫ ਜੱਸ ਅਠਵਾਲ ਨੇ ਕਿਰਾਏ ਵਾਲੀ ਰਿਹਾਇਸ਼ੀ ਜਾਇਦਾਦ ਦੀ ਮਾੜੀ ਹਾਲਤ ਨੂੰ ਲੈ ਕੇ ਪੈਦਾ ਹੋਏ ਵਿਵਾਦਾਂ ਤੋਂ ਬਾਅਦ ਤੁਰੰਤ ਕਾਰਵਾਈ ਕਰਦਿਆਂ ਦੇਖ ਭਾਲ ਕਰਨ ਵਾਲੀ ਏਜੰਸੀ ਨੂੰ ਹਟਾ ਦਿੱਤਾ ਹੈ।*

ਪੂਰਬੀ ਲੰਡਨ ਦੇ ਇਲਫੋਰਡ ਦੱਖਣੀ ਹਲਕੇ ਤੋਂ ਲੇਬਰ ਪਾਰਟੀ ਦੇ ਸੰਸਦ ਮੈਂਬਰ ਅਠਵਾਲ ਨੇ ਕਿਹਾ ਕਿ ਉਹ ਕਿਰਾਏਦਾਰਾਂ ਦੁਆਰਾ ਉਨ੍ਹਾਂ 'ਤੇ ਲਗਾਏ ਗਏ ਦੋਸ਼ਾਂ ਤੋਂ ਹੈਰਾਨ ਅਤੇ ਪਰੇਸ਼ਾਨ ਹਨ। ਉਹ ਇਨ੍ਹਾਂ ਸਮੱਸਿਆਵਾਂ ਤੋਂ ਜਾਣੂ ਨਹੀਂ ਸਨ ਕਿਉਂਕਿ ਜਾਇਦਾਦਾਂ ਦਾ ਪ੍ਰਬੰਧਨ ਇੱਕ ਏਜੰਸੀ ਦੁਆਰਾ ਕੀਤਾ ਜਾ ਰਿਹਾ ਹੈ। ਉਨ੍ਹਾਂ




ਐਮ ਪੀ ਜੱਸ ਅਠਵਾਲ ਦੇ ਵਿਵਾਦਿਤ ਫਲੈਟ

ਵਾਅਦਾ ਕੀਤਾ ਹੈ ਕਿ ਉਹ ਜਲਦੀ ਹੀ ਆਪਣੀਆਂ ਜਾਇਦਾਦਾਂ ਦੀ ਮੁਰੰਮਤ ਅਤੇ ਰੱਖ-ਰਖਾਅ ਦਾ ਕੰਮ ਪੂਰਾ ਕਰਨਗੇ।

**ਅਠਵਾਲ ਨੇ ਕਿਰਾਏਦਾਰਾਂ ਤੋਂ ਮੁਆਫ਼ੀ ਵੀ ਮੰਗੀ ਹੈ**

ਹਾਊਸ ਆਫ ਕਾਮਨਜ਼ ਦੀ ਆਗੂ ਲੂਸੀ ਪਾਵੇਲ ਨੇ ਕਿਹਾ ਕਿ ਉਹ ਸਮਝਦੀ ਹੈ ਕਿ ਉਕਤ ਮਾਮਲੇ ਤੋਂ ਜੱਸ ਅਠਵਾਲ ਅਣਜਾਣ ਸੀ। ਪਿਛਲੇ ਕੁਝ ਦਿਨਾਂ ਵਿੱਚ ਜੋ ਕੁਝ ਉਸ ਨੇ ਕਿਹਾ ਹੈ ਮੈਂ ਉਸ ਦੀ ਕਦਰ ਕਰਦੀ ਹਾਂ ਅਤੇ ਉਸਨੂੰ ਇਹ ਸਹੀ ਕਰਨਾ ਪਏਗਾ।

ਸ਼੍ਰੀਮਤੀ ਪਾਵੇਲ ਨੇ ਅੱਗੇ ਕਿਹਾ ਕਿ ਲੇਬਰ ਇੱਕ "ਬਹੁਤ ਮਜ਼ਬੂਤ" ਕਿਰਾਏਦਾਰ ਸੁਧਾਰ ਬਿੱਲ ਲਿਆ ਰਹੀ ਹੈ। ਅਠਵਾਲ 2014 ਤੋਂ ਲੈ ਕੇ ਪਿਛਲੇ ਮਹੀਨੇ ਐਮ ਪੀ ਬਣਨ ਤੱਕ ਰੈੱਡਬ੍ਰਿਜ ਕੌਂਸਲ ਦੇ ਲੀਡਰ ਰਹੇ ਅਤੇ ਉਹਨਾਂ ਨੇ ਬਤੌਰ ਲੀਡਰ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ। ਪਰ ਅਜੇ ਤੱਕ ਕੌਂਸਲਰ ਬਣੇ ਹੋਏ ਹਨ। ਵਿਰੋਧੀ ਧਿਰ ਵੱਲੋਂ ਜੱਸ ਅਠਵਾਲ ਨੂੰ ਕੌਂਸਲਰ ਦੇ ਅਹੁਦੇ ਤੋਂ ਅਸਤੀਫ਼ਾ ਦੇਣ ਦੀ ਕੀਤੀ ਜਾਂਦੀ ਮੰਗ ਨੇ ਵੀ ਹੁਣ ਜ਼ੋਰ ਫੜ੍ਹ ਲਿਆ ਹੈ।

## ਲੇਬਰ ਸਰਕਾਰ ਕਾਮਿਆਂ ਨੂੰ 4 ਦਿਨਾਂ ਹਫਤੇ ਦੀ ਮੰਗ ਦਾ ਅਧਿਕਾਰ ਦੇਣ ਦੀ ਕਰ ਰਹੀ ਹੈ ਤਿਆਰੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਹਰ ਹਫਤੇ 5 ਦਿਨ ਕੰਮ ਕਰਨ ਵਾਲੇ ਕਾਮੇ ਹੁਣ ਹਫਤੇ 'ਚ 4 ਦਿਨ ਕੰਮ ਕਰਨ ਦੀ ਇੱਛਾ ਦੀ ਮੰਗ ਕਰ ਸਕਿਆ ਕਰਨਗੇ। ਜਿਸ ਲਈ ਸਰਕਾਰ ਵੱਲੋਂ ਬਕਾਇਦਾ ਕਾਨੂੰਨ ਬਣਾਏ ਜਾਣ ਦੀ ਯੋਜਨਾ ਤੇ ਕੰਮ ਸੁਰੂ ਕੀਤਾ ਗਿਆ ਹੈ। ਸੰਕੁਚਿਤ ਘੰਟਿਆਂ ਦੀ ਪ੍ਰਣਾਲੀ ਤਹਿਤ, ਕਰਮਚਾਰੀ ਪੰਜ ਦੀ ਬਜਾਏ 4 ਦਿਨਾਂ ਵਿੱਚ ਆਪਣੇ ਨਿਰਧਾਰਤ ਘੰਟੇ ਕੰਮ ਕਰਨ ਦੇ ਯੋਗ ਹੋਣਗੇ।

ਉਪ ਪ੍ਰਧਾਨ ਮੰਤਰੀ ਐਂਜੇਲਾ ਰੇਨਰ ਉਸ ਕਾਨੂੰਨ ਦਾ ਸਮਰਥਨ ਕਰ ਰਹੇ ਹਨ ਜੋ ਕਾਰੋਬਾਰਾਂ ਅਤੇ ਟਰੇਡ ਯੂਨੀਅਨਾਂ ਨਾਲ ਨਜ਼ਦੀਕੀ ਸਲਾਹ-ਮਸ਼ਵਰੇ ਨਾਲ ਵਿਕਸਤ ਕੀਤਾ ਜਾ ਰਿਹਾ ਹੈ। ਵਰਤਮਾਨ ਵਿੱਚ ਕਾਮਿਆਂ ਨੂੰ ਆਪਣੇ ਮਾਲਕਾਂ ਤੋਂ ਲੋੜ ਅਨੁਸਾਰ ਤਬਦੀਲੀ (ਫਲੈਕਸੀਬਲ) ਕੰਮ ਕਰਨ ਦੀ ਬੇਨਤੀ ਕਰਨ ਦਾ ਕਾਨੂੰਨੀ ਅਧਿਕਾਰ ਤਾਂ ਹੈ ਪਰ ਕੰਪਨੀਆਂ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ ਹੈ।



ਤਸਵੀਰ: ਉਪ ਪ੍ਰਧਾਨ ਮੰਤਰੀ ਐਂਜੇਲਾ ਰੇਨਰ

GSD

GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED

How much is your home worth ?
More properties wanted for qualified applicants
We can sell or let your properties fast
2-3 year rent guarantee schemes available

ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ।
ਜਾਇਦਾਦ ਸਬੰਧੀ ਤਜ਼ਰਬੇਕਾਰ ਤੇ ਪ੍ਰੋਫੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD Supporting a greener future
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved

ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)
UK's FIRST ASIAN MARRIAGE BUREAU
Guaranteed introduction service - Since 1972
HINDU & SIKH SINGLES MEET-UP LUNCH
SATURDAY 23RD NOVEMBER 2024 IN HOUNSLOW
An opportunity to meet a number of other like-minded singletons under one roof & maybe meet a potential partner
Tickets: Non-members: £42.50
Members/Non-Members (Early Bird booking by 31/10/24) - £37.50
Inclusive of 3-course vegetarian lunch & soft drinks
Please call for further details or to book your place
OVER 50 YEARS OF MATCHMAKING
Please feel free to contact us to discuss your requirements in confidence and without any obligation! English/Punjabi spoken.
SUMAN MARRIAGE BUREAU
Bespoke Matchmaking Service
0121 582 9995 or 020 8571 5145
WhatsApp/Signal: 07485 708717
Web: www.s-m-b.com Email: info@s-m-b.com
Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK

# ਬਲਾਤਕਾਰ ਮਾਮਲੇ ਵਿਚ ਭਾਜਪਾ ਨੂੰ ਬੰਗਾਲ ਬੰਦ ਦਾ ਹੁੰਗਾਰਾ ਕਿਉਂ ਨਹੀਂ ਮਿਲਿਆ ?

## ✪ ਭਾਜਪਾ ਆਗੂ ਬਲਾਤਕਾਰੀਆਂ ਦੇ ਹੱਕ ਵਿੱਚ ਭੁਗਤਦੇ ਰਹੇ ਨੇ, ਕਿਉਂ ? ✪ ਸੌਦਾ ਸਾਧ ਵਰਗੇ ਦੁਰਾਚਾਰੀਆਂ ਬਲਾਤਕਾਰੀਆਂ ਨੂੰ ਵਾਰ-ਵਾਰ ਜ਼ਮਾਨਤ ਤੇ ਫਰਲੋ ਕਿਉਂ ਦੇ ਰਹੀ ਏ ਭਾਜਪਾ ਸਰਕਾਰ ?

### ਵਿਸ਼ੇਸ਼ ਰਿਪੋਟ



ਪਿਛਲੇ ਦਿਨੀਂ ਕੋਲਕਾਤਾ ਦੇ ਇੱਕ ਹਸਪਤਾਲ ਵਿੱਚ ਇੱਕ ਟਰੇਨੀ ਡਾਕਟਰ ਨਾਲ ਹੋਏ ਬਲਾਤਕਾਰ ਤੇ ਹੱਤਿਆ ਦਾ ਮਾਮਲਾ ਦੇਸ਼ ਭਰ ਦੇ ਲੋਕਾਂ ਲਈ ਗੁੱਸੇ ਤੇ ਚਿੰਤਾ ਦਾ ਕਾਰਨ ਬਣਿਆ ਰਿਹਾ ਸੀ। ਪੱਛਮੀ ਬੰਗਾਲ ਵਿੱਚ ਇਸ ਮਾਮਲੇ ਨੂੰ ਲੈ ਕੇ ਵਿਦਿਆਰਥੀ ਤੇ ਡਾਕਟਰ ਸੜਕਾਂ ਉੱਤੇ ਨਿਕਲ ਆਏ ਸਨ। ਉਹ ਇਸ ਕੇਸ ਦੀ ਜਾਂਚ ਸੀ ਬੀ ਆਈ ਹਵਾਲੇ ਕਰਨ ਦੀ ਮੰਗ ਕਰ ਰਹੇ ਸਨ। ਹਾਈ ਕੋਰਟ ਦੇ ਦਖ਼ਲ ਬਾਅਦ ਜਲਦੀ ਹੀ ਇਹ ਮਾਮਲਾ ਸੀ ਬੀ ਆਈ ਹਵਾਲੇ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਭਾਜਪਾ ਨੇ ਇਸ ਮਾਮਲੇ ਨੂੰ ਲੈ ਕੇ ਸਿਆਸੀ ਲਾਹਾ ਲੈਣ ਲਈ ਪਹਿਲਾਂ ਸਕੱਤਰੇਤ ਤੱਕ ਰੋਸ ਮਾਰਚ ਕਢ ਕੇ ਤੇ ਫਿਰ ਬੰਗਾਲ ਬੰਦ ਦਾ ਸੱਦਾ ਦੇ ਕੇ ਮਹਿਲਾ ਸੁਰੱਖਿਆ ਦੀ ਚੈਂਪੀਅਨ ਬਣਨ ਦੀ ਕੋਸ਼ਿਸ਼ ਕੀਤੀ, ਪਰ ਲੋਕਾਂ ਨੇ ਸਾਥ ਨਹੀਂ ਦਿੱਤਾ।

ਸੱਚਾਈ ਇਹ ਹੈ ਕਿ ਕੇਂਦਰ ਵਿੱਚ ਭਾਜਪਾ ਦੇ ਸੱਤਾ ਵਿੱਚ ਆਉਣ ਤੋਂ ਬਾਅਦ ਹਰ ਮੌਕੇ ਉੱਤੇ ਭਾਜਪਾ ਆਗੂ ਬਲਾਤਕਾਰੀਆਂ ਦੇ ਹੱਕ ਵਿੱਚ ਭੁਗਤਦੇ ਰਹੇ ਹਨ। ਜੰਮੂ ਦੇ ਕਠੂਆ ਵਿੱਚ ਇੱਕ 8 ਸਾਲਾ ਬੱਚੀ ਦੀ ਇੱਕ ਮੰਦਰ ਵਿੱਚ ਬਲਾਤਕਾਰ ਤੋਂ ਬਾਅਦ ਹੱਤਿਆ ਕਰ ਦਿੱਤੀ ਗਈ ਸੀ ਤਾਂ ਦੋਸ਼ੀਆਂ ਨੂੰ ਬਚਾਉਣ ਲਈ ਸਥਾਨਕ ਭਾਜਪਾ ਆਗੂਆਂ ਨੇ ਤਿਰੰਗਾ ਯਾਤਰਾ ਕੱਢੀ ਸੀ। ਇਹੋ ਨਹੀਂ ਉਨਾਵ ਤੋਂ ਹਾਥਰਸ ਤੱਕ ਬਲਾਤਕਾਰ ਦੇ ਹਰ ਕੇਸ ਵਿੱਚ ਭਾਜਪਾ ਦੀ ਭੂਮਿਕਾ ਬਲਾਤਕਾਰੀਆਂ ਨੂੰ ਬਚਾਉਣ ਵਾਲੀ ਰਹੀ ਹੈ। ਬਿਲਕਿਸ ਬਾਨੋ ਕੇਸ ਦੇ ਗੁਨਾਹਗਾਰਾਂ ਨੂੰ ਜੇਲ੍ਹ ਵਿੱਚੋਂ ਕੱਢ ਕੇ ਉਨ੍ਹਾਂ ਦਾ ਮਹਿਮਾਮੰਡਨ ਕਰਨ ਦਾ ਤਮਗਾ ਵੀ ਭਾਜਪਾ ਨੂੰ ਹੀ ਹਾਸਲ ਹੈ। ਸੌਦਾ ਸਾਧ ਵਰਗੇ ਦੁਰਾਚਾਰੀਆਂ ਬਲਾਤਕਾਰੀਆਂ ਨੂੰ ਵਾਰ-ਵਾਰ ਜ਼ਮਾਨਤ ਤੇ ਫਰਲੋ ਮਿਲਣੀ ਭਾਜਪਾ ਦੇ ਰਾਜ ਵਿੱਚ ਹੀ ਸੰਭਵ ਹੋ ਸਕਦੀ ਹੈ।

ਹੁਣ ਤਾਜ਼ਾ ਮਾਮਲਾ ਬਨਾਰਸ ਹਿੰਦੂ ਯੂਨੀਵਰਸਿਟੀ ਵਿੱਚ ਹੋਏ ਬਹੁ-ਚਰਚਿਤ ਗੈਂਗਰੇਪ ਦੇ ਦੋ ਮੁਲਜ਼ਮਾਂ ਦਾ ਹੈ, ਜਿਨ੍ਹਾਂ ਨੂੰ ਹਾਈ ਕੋਰਟ ਤੋਂ ਜ਼ਮਾਨਤ ਮਿਲ ਗਈ ਹੈ। ਜੇਲ੍ਹ ਤੋਂ ਬਾਹਰ ਆਉਣ ਸਮੇਂ ਇਨ੍ਹਾਂ ਦਾ ਪੁਰਜ਼ੋਰ ਸਵਾਗਤ ਹੋਇਆ, ਜਿਵੇਂ ਉਹ ਉਲੰਪਿਕ ਵਿਚੋਂ ਮੈਡਲ ਜਿੱਤ ਕੇ ਆਏ ਹੋਣ। ਮਾਮਲੇ





ਵਿਚ ਤਿੰਨੇ ਮੁਲਜ਼ਮ ਭਾਜਪਾ ਆਈ ਟੀ ਸੈੱਲ ਦੇ ਅਹੁਦੇਦਾਰ ਸਨ।

ਆਈ ਆਈ ਟੀ ਬਨਾਰਸ ਹਿੰਦੂ ਯੂਨੀਵਰਸਿਟੀ ਦੀ 20 ਸਾਲਾ ਵਿਦਿਆਰਥਣ 1 ਨਵੰਬਰ 2023 ਨੂੰ ਦੀ ਰਾਤ ਜਦੋਂ ਆਪਣੇ ਹੋਸਟਲ ਨੂੰ ਜਾ ਰਹੀ ਸੀ ਤਾਂ ਬਾਈਕ ਸਵਾਰ 3 ਮੁੰਡਿਆਂ ਨੇ ਉਸ ਨੂੰ ਬੰਧਕ ਬਣਾ ਕੇ ਬਲਾਤਕਾਰ ਕੀਤਾ ਸੀ। ਇਸ ਘਟਨਾ ਵਿਰੁੱਧ ਅਗਲੇ ਦਿਨ ਯੂਨੀਵਰਸਿਟੀ ਦੇ ਵਿਦਿਆਰਥੀ ਉਠ ਖੜ੍ਹੇ ਹੋਏ ਸਨ। ਯੋਗੀ ਦੀ ਪੁਲਸ ਨੇ ਅੰਦੋਲਨਕਾਰੀਆਂ ਉੱਤੇ ਬੇਕਿਰਕੀ ਨਾਲ ਜਬਰ ਕੀਤਾ, ਪਰ ਵਿਦਿਆਰਥੀ ਇਨਸਾਫ਼ ਦੀ ਮੰਗ ਉੱਤੇ ਅੜੇ ਰਹੇ। ਆਖਰ ਦੋ ਮਹੀਨੇ ਬਾਅਦ ਪੁਲਸ ਇਨ੍ਹਾਂ ਮੁਲਜ਼ਮਾ ਨੂੰ ਗ੍ਰਿਫ਼ਤਾਰ ਕਰਨ ਲਈ ਮਜਬੂਰ ਹੋਈ। ਇਨ੍ਹਾਂ ਤਿੰਨਾਂ ਦੇ ਨਾਂਅ ਕੁਨਾਲ ਪਾਂਡੇ, ਸਕਸ਼ਮ ਪਟੇਲ ਤੇ ਅਭਿਸ਼ੇਕ ਚੌਹਾਨ ਹਨ।

ਗੈਂਗਰੇਪ ਤੋਂ ਬਾਅਦ ਇਹ ਤਿੰਨੇ ਮੁਲਜ਼ਮ ਮੱਧ ਪ੍ਰਦੇਸ਼ ਵਿਧਾਨ ਸਭਾ ਦੀਆਂ ਚੋਣਾਂ ਵਿੱਚ 'ਮੋਦੀ ਦੀ ਗਰੰਟੀ' ਵਾਲੇ ਪੈਂਫਲਟ ਵੰਡਦੇ ਰਹੇ ਸਨ। ਇਨ੍ਹਾਂ ਤਿੰਨਾਂ ਦੀਆਂ ਤਸਵੀਰਾਂ ਮੋਦੀ, ਯੋਗੀ ਤੇ ਨੱਢਾ ਵਰਗੇ ਉੱਚ ਭਾਜਪਾ ਆਗੂਆਂ ਨਾਲ ਹਨ। ਇਸ ਲਈ ਬਨਾਰਸ ਪੁਲਸ ਉਨ੍ਹਾਂ ਦੇ ਮੱਧ ਪ੍ਰਦੇਸ਼ ਵਿੱਚ ਚੋਣ ਪ੍ਰਚਾਰ ਤੋਂ ਵਾਪਸੀ ਦਾ ਇੰਤਜ਼ਾਰ ਕਰਦੀ ਰਹੀ। ਇਨ੍ਹਾਂ ਦਾ ਭਾਜਪਾ ਵਿੱਚ ਉੱਚਾ ਕੱਦ ਸੀ, ਇਸ ਲਈ ਬੁਲਡੋਜ਼ਰ ਸਟਾਰਟ ਨਹੀਂ ਹੋ ਸਕਿਆ।

ਇਨ੍ਹਾਂ ਤਿੰਨਾਂ ਵਿੱਚੋਂ ਦੋ ਮੁਲਜ਼ਮਾਂ ਕੁਨਾਲ ਪਾਂਡੇ ਤੇ ਅਭਿਸ਼ੇਕ ਚੌਹਾਨ ਨੂੰ ਇਲਾਹਾਬਾਦ ਹਾਈ ਕੋਰਟ ਨੇ ਜ਼ਮਾਨਤ ਦੇ ਦਿੱਤੀ ਹੈ। ਤੀਜੇ ਮੁਲਜ਼ਮ ਸਕਸ਼ਮ ਪਟੇਲ ਦੀ ਅਰਜ਼ੀ ਦੀ ਸੁਣਵਾਈ ਅਗਲੀ ਤਰੀਕ ਉੱਤੇ ਹੋਵੇਗੀ।

ਅਲਾਹਾਬਾਦ ਹਾਈ ਕੋਰਟ ਨੇ ਜ਼ਮਾਨਤ ਮਨਜ਼ੂਰ ਕਰਦਿਆਂ ਕਿਹਾ ਹੈ ਕਿ ਸਰਕਾਰੀ ਪੱਖ ਮੁਲਜ਼ਮਾਂ ਵਿਰੁੱਧ ਠੋਸ ਸਬੂਤ ਪੇਸ਼ ਨਹੀਂ ਕਰ ਸਕਿਆ।ਅਦਾਲਤ ਦੀ ਇਸ ਟਿਪਣੀ ਨਾਲ ਮੁਲਜ਼ਮਾਂ ਨਾਲ ਪੁਲਸ ਦੀ ਮਿਲੀਭੁਗਤ ਸਾਹਮਣੇ ਆਉਂਦੀ ਹੈ।ਇਹ ਜਾਨਣਾ ਜ਼ਰੂਰੀ ਹੈ ਕਿ ਬਲਾਤਕਾਰ ਦੇ ਕੇਸਾਂ ਵਿੱਚ ਅਦਾਲਤ ਬਿਨਾਂ ਠੋਸ ਸਬੂਤਾਂ ਦੇ ਜ਼ਮਾਨਤ ਨਹੀਂ ਦਿੰਦੀ। ਕਈ ਵਾਰ ਤਾਂ ਮੁਲਜ਼ਮ 4-4 ਸਾਲ ਜੇਲ੍ਹ ਵਿੱਚ ਰਹਿੰਦੇ ਹਨ, ਤਦ ਜਾ ਕੇ ਉਨ੍ਹਾਂ ਦੀ ਜ਼ਮਾਨਤ ਹੁੰਦੀ ਹੈ।

ਇਸ ਕੇਸ ਵਿੱਚ ਮੁਲਜ਼ਮ ਸਿਰਫ਼ 8 ਮਹੀਨਿਆਂ ਵਿੱਚ ਹੀ ਬਾਹਰ ਆ ਗਏ ਹਨ। ਭਾਜਪਾ ਸ਼ਾਸਤ ਰਾਜ ਦੀ ਪੁਲਸ ਕੋਲੋਂ ਭਾਜਪਾਈਆਂ ਦੇ ਖ਼ਿਲਾਫ਼ ਠੋਸ ਸਬੂਤ ਪੇਸ਼ ਕਰਨ ਦੀ ਕਿਵੇਂ ਉਮੀਦ ਕੀਤੀ ਜਾ ਸਕਦੀ ਹੈ, ਜਿਹੜੀ ਦੋ ਮਹੀਨੇ ਇਹੋ ਇੰਤਜ਼ਾਰ ਕਰਦੀ ਰਹੀ ਕਿ ਮੱਧ ਪ੍ਰਦੇਸ਼ ਦੀਆਂ ਚੋਣਾਂ ਮੁੱਕ ਜਾਣ ਤਾਂ ਉਹ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਸਕੇ। ਇਹ ਸਾਰੀ ਘਟਨਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਦੇ ਮਹਿਲਾ ਸੁਰੱਖਿਆ ਦੇ ਢੌਂਗ ਦਾ ਪੂਰੀ ਤਰ੍ਹਾਂ ਪਰਦਾਫਾਸ਼ ਕਰਦੀ ਹੈ।



# ਪਾਕਿਸਤਾਨ ਵਿਚ "ਮੰਕੀਪਾਕਸ ਫੈਲਿਆ", ਪੰਜਵਾਂ ਮਾਮਲਾ ਆਇਆ ਸਾਹਮਣੇ ਆਇਆ

## ✪ ਕਰਾਚੀ ਵਿਚ ਵੀ ਵਾਇਰਸ ਦਾ 1 ਸ਼ੱਕੀ ਕੇਸ ਮਿਲਿਆ

ਪੇਸ਼ਾਵਰ/ਕਰਾਚੀ-ਪਾਕਿਸਤਾਨ ਦੇ ਪੇਸ਼ਾਵਰ ਵਿਚ ਇਕ ਜਹਾਜ਼ ਦੇ ਯਾਤਰੀ ਵਿਚ 'ਮੰਕੀਪੌਕਸ' (ਐਮਪੌਕਸ) ਵਾਇਰਸ ਦੀ ਪੁਸ਼ਟੀ ਹੋਣ ਤੋਂ ਬਾਅਦ ਦੇਸ਼ ਵਿਚ 'ਐਮਪੌਕਸ' ਦੇ ਮਾਮਲਿਆਂ ਦੀ ਗਿਣਤੀ ਵੱਧ ਕੇ 5 ਹੋ ਗਈ ਹੈ, ਜਦੋਂਕਿ ਕਰਾਚੀ ਵਿਚ ਘਾਤਕ ਵਾਇਰਸ ਦਾ ਇਕ ਸ਼ੱਕੀ ਮਾਮਲਾ ਸਾਹਮਣੇ ਆਇਆ ਹੈ। ਸਿਹਤ ਅਧਿਕਾਰੀਆਂ ਨੇ ਬੀਤੇ ਦਿਨੀਂ ਇਹ ਜਾਣਕਾਰੀ ਦਿੱਤੀ।

ਖੈਬਰ ਪਖਤੂਨਖਵਾ ਦੇ ਉੱਤਰ-ਪੱਛਮੀ ਸੂਬੇ ਦੇ ਜਨ ਸਿਹਤ ਦੇ ਨਿਰਦੇਸ਼ਕ ਡਾ. ਇਰਸ਼ਾਦ ਅਲੀ ਨੇ ਕਿਹਾ ਕਿ ਹਵਾਈ ਅੱਡੇ 'ਤੇ ਡਾਕਟਰੀ ਕਰਮਚਾਰੀਆਂ ਨੇ ਵੀਰਵਾਰ ਨੂੰ ਜੇਦਾਹ ਤੋਂ ਵਾਪਸ ਆਏ 2 ਯਾਤਰੀਆਂ ਵਿਚ 'ਐਮਪੌਕਸ' ਦੇ ਲੱਛਣਾਂ ਦਾ ਪਤਾ ਲਗਾਇਆ ਅਤੇ ਉਨ੍ਹਾਂ ਵਿੱਚੋਂ ਸਿਰਫ ਇਕ ਵਿਚ ਹੀ ਐਮਪੌਕਸ ਵਾਇਰਸ ਦੀ ਪੁਸ਼ਟੀ ਕੀਤੀ ਗਈ। ਪੁਸ਼ਟੀ ਕੀਤੇ ਕੇਸ ਵਿਚ ਓਰਕਜ਼ਈ ਦਾ ਇਕ 51 ਸਾਲਾ ਵਿਅਕਤੀ ਸ਼ਾਮਲ ਹੈ, ਜਿਸ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ ਅਤੇ ਉਸ ਨੂੰ ਇਲਾਜ ਲਈ ਪੇਸ਼ਾਵਰ ਦੇ ਇਕ ਹਸਪਤਾਲ ਵਿਚ ਦਾਖ਼ਲ ਕਰਵਾਇਆ ਗਿਆ ਹੈ।

ਡਾ. ਇਰਸ਼ਾਦ ਨੇ ਕਿਹਾ, "ਅਸੀਂ ਸਥਿਤੀ ਦੀ ਨੇੜਿਓਂ ਨਿਗਰਾਨੀ ਕਰ ਰਹੇ ਹਾਂ ਅਤੇ ਲਾਗ ਦੇ ਫੈਲਣ ਨੂੰ ਰੋਕਣ ਲਈ ਸਾਰੇ ਜ਼ਰੂਰੀ ਉਪਾਅ ਕਰ ਰਹੇ ਹਾਂ।" ਇਸ ਦੌਰਾਨ ਇਕ 32 ਸਾਲਾ ਵਿਅਕਤੀ ਵਿਚ ਐਮਪੌਕਸ ਵਰਗੇ ਲੱਛਣ ਦਿਸਣ ਤੋਂ ਬਾਅਦ ਉਸ ਨੂੰ ਕਰਾਚੀ ਦੇ ਇਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ।

# ਰਾਧਾ ਸਵਾਮੀਆਂ ਦੀ ਗੁਰਗਦੀ ਪਿਛੇ ਭੰਬਲਭੂਸਾ ਕਿਉਂ ਹੈ ?ਡੇਰੇ ਵਿਚ ਵਿਵਾਦ ਕਿਉਂ ?

**○ ਫਿਲਹਾਲ ਨਹੀਂ ਸੌਂਪੀ ਜਾਵੇਗੀ ਗੁਰਤਾ ਗੱਦੀ ਡਾ. ਜਸਦੀਪ ਸਿੰਘ ਗਿੱਲ ਨੂੰ, ਫੈਸਲਾ ਬਦਲਿਆ ○ ਸਤਿਸੰਗ ਵਿਚ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਬੈਠਣਗੇ ਨਵੇਂ ਬਣੇ ਡੇਰਾ ਮੁਖੀ ਬਿਆਸ**

● ਕਵਰ ਸਟੋਰੀ ●



ਡੇਰਾ ਰਾਧਾ ਸੁਆਮੀ ਸਤਿਸੰਗ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਸੋਮਵਾਰ ਨੂੰ 45 ਸਾਲਾ ਡਾ. ਜਸਦੀਪ ਸਿੰਘ ਗਿੱਲ ਨੂੰ ਆਪਣਾ ਜਾਂਨਸ਼ੀਨ ਐਲਾਨ ਦਿੱਤਾ। ਡੇਰਾ ਬਿਆਸ ਵੱਲੋਂ ਅਚਾਨਕ ਲਏ ਗਏ ਇਸ ਫ਼ੈਸਲੇ ਨਾਲ ਦੇਸ਼-ਦੁਨੀਆ ਵਿਚ ਬੈਠੀ ਡੇਰੇ ਦੇ ਪ੍ਰੇਮੀ ਹੈਰਾਨ ਤੇ ਨਿਰਾਸ਼ ਹੋ ਗਈ। ਹਾਲਾਂਕਿ ਬਾਅਦ 'ਚ ਡੇਰੇ ਵੱਲੋਂ ਸਪਸ਼ਟ ਕੀਤਾ ਗਿਆ ਕਿ ਬਾਬਾ ਗੁਰਿੰਦਰ ਸਿੰਘ ਢਿੱਲੋਂ ਗੁਰਤਾ ਗੱਦੀ 'ਤੇ ਬਣੇ ਰਹਿਣਗੇ। ਇਹ ਪਹਿਲੀ ਵਾਰ ਹੈ ਕਿ ਰਾਧ ਸਵਾਮੀ ਪਰੰਪਰਾ ਵਿਚ ਗੱਦੀ ਬਾਰੇ ਵਿਵਾਦ ਛਿੜਿਆ ਹੋਵੇ ?

ਡੇਰਾ ਬਿਆਸ ਵੱਲੋਂ ਬੀਤੇ ਸੋਮਵਾਰ ਨੂੰ ਆਪਣੇ ਸਾਰੇ ਸੇਵਾਦਾਰ ਇੰਚਾਰਜਾਂ ਤੇ ਸੈਂਟਰਾਂ ਨੂੰ ਇਕ ਪੱਤਰ ਜਾਰੀ ਕਰ ਕੇ ਦੱਸਿਆ ਗਿਆ ਕਿ ਰਾਧਾ ਸੁਆਮੀ ਸਤਿਸੰਗ ਬਿਆਸ ਦੇ ਸਰਪ੍ਰਸਤ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਸੁਖਦੇਵ ਸਿੰਘ ਗਿੱਲ ਦੇ ਸਪੁੱਤਰ ਡਾ. ਜਸਦੀਪ ਸਿੰਘ ਗਿੱਲ ਨੂੰ ਰਾਧਾ ਸੁਆਮੀ ਸਤਿਸੰਗ ਬਿਆਸ ਸੁਸਾਇਟੀ ਦਾ ਸਰਪ੍ਰਸਤ ਨਾਮਜ਼ਦ ਕੀਤਾ ਹੈ। 2 ਸਤੰਬਰ 2024 ਤੋਂ ਤੁਰੰਤ ਪ੍ਰਭਾਵ ਨਾਲ ਡਾ. ਜਸਦੀਪ ਸਿੰਘ ਗਿੱਲ ਰਾਧਾ ਸੁਆਮੀ ਸਤਿਸੰਗ ਬਿਆਸ ਸੁਸਾਇਟੀ ਦੇ ਸੰਤ ਸਤਿਗੁਰੂ ਬਾਬਾ ਗੁਰਿੰਦਰ ਸਿੰਘ ਢਿੱਲੋਂ ਦੀ ਥਾਂ ਲੈਣਗੇ। ਪੱਤਰ ਮੁਤਾਬਕ ਉਨ੍ਹਾਂ ਨੂੰ ਨਾਮ ਦਾਨ ਦੇਣ ਦਾ ਅਧਿਕਾਰ ਵੀ ਹੋਵੇਗਾ। ਪੱਤਰ ਵਿਚ ਬਾਬਾ ਗੁਰਿੰਦਰ ਢਿੱਲੋਂ ਨੇ ਕਿਹਾ ਕਿ ਜਿਸ ਤਰ੍ਹਾਂ ਹਜ਼ੂਰ ਮਹਾਰਾਜ (ਚਰਨ ਸਿੰਘ) ਜੀ ਤੋਂ ਬਾਅਦ ਉਨ੍ਹਾਂ ਨੂੰ ਸੰਗਤ ਦਾ ਅਥਾਹ ਸਹਿਯੋਗ ਤੇ ਪਿਆਰ ਮਿਲਿਆ, ਉਨ੍ਹਾਂ ਦੀ ਇੱਛਾ ਤੇ ਅਪੀਲ ਹੈ ਕਿ ਸੰਗਤ ਉਹੀ ਪਿਆਰ ਤੇ ਸਹਿਯੋਗ ਡਾ. ਜਸਦੀਪ ਸਿੰਘ ਗਿੱਲ ਨੂੰ ਵੀ ਦੇਵੇ।

ਇਸ ਪੱਤਰ ਤੇ ਖ਼ਬਰ ਦੇ ਜਨਤਕ ਹੁੰਦੇ ਹੀ ਦੇਸ਼-ਦੁਨੀਆ ਵਿਚ ਡੇਰਾ ਬਿਆਸ ਦੀ ਸੰਗਤ 'ਚ ਨਿਰਾਸ਼ਾ ਫੈਲ ਗਈ। ਡੇਰੇ ਵਿਚ ਸਤਿਸੰਗ ਦੇ ਤੈਅ ਪ੍ਰੋਗਰਾਮ ਤੋਂ ਠੀਕ ਚਾਰ-ਪੰਜ ਦਿਨ ਪਹਿਲਾਂ ਇਸ ਤਰ੍ਹਾਂ ਦੇ ਐਲਾਨ ਮਗਰੋਂ ਇੰਟਰਨੈੱਟ ਮੀਡੀਆ ਜ਼ਰੀਏ ਬਾਬਾ ਗੁਰਿੰਦਰ ਸਿੰਘ ਦੀ ਸਿਹਤ ਸਬੰਧੀ ਕਈ ਤਰ੍ਹਾਂ ਦੀਆਂ ਅਫ਼ਵਾਹਾਂ ਤੇ ਭਰਮਾਊ ਜਾਣਕਾਰੀਆਂ ਫੈਲਣ ਲੱਗੀਆਂ। ਵੱਡੀ ਗਿਣਤੀ ਵਿਚ ਸੰਗਤ ਡੇਰੇ ਲਈ ਰਵਾਨਾ ਹੋ ਪਈ।

ਇਸ ਦੇ ਮੱਦੇਨਜ਼ਰ ਸ਼ਾਮ ਨੂੰ ਡੇਰੇ ਵੱਲੋਂ ਸੰਦੇਸ਼ ਜਾਰੀ ਕਰ ਕੇ ਦੱਸਿਆ ਕਿ ਗਿਆ ਕਿ ਸੰਦੇਸ਼ ਮੁਤਾਬਕ ਬਾਬਾ ਗੁਰਿੰਦਰ ਸਿੰਘ ਤੰਦਰੁਸਤ ਹਨ ਤੇ ਰਾਧਾ ਸੁਆਮੀ ਬਿਆਸ ਦੇ ਗੁਰੂ ਬਣੇ ਰਹਿਣਗੇ। ਗੁਰੂ ਗੱਦੀ ਤਬਦੀਲ ਕਰਨ ਤੇ ਦਸਤਾਰਬੰਦੀ ਵਰਗਾ ਕੋਈ ਪ੍ਰੋਗਰਾਮ ਨਹੀਂ। ਡਾ. ਜਸਦੀਪ ਸਿੰਘ ਗਿੱਲ ਉਨ੍ਹਾਂ ਦੇ ਡਿਪਟੀ ਵਜੋਂ ਉਨ੍ਹਾਂ ਨਾਲ ਬੈਠਣਗੇ ਤੇ ਬਾਬਾ ਗੁਰਿੰਦਰ ਸਿੰਘ ਦੀ ਨਿਗਰਾਨੀ ਹੇਠ ਰਹਿਣਗੇ।

ਹਾਲਾਂਕਿ ਸਾਰੇ ਵਿਦੇਸ਼ੀ ਸਤਿਸੰਗ ਨਵੇਂ ਮਹਾਰਾਜ ਵੱਲੋਂ ਕੀਤੇ ਜਾਣਗੇ। ਸੰਦੇਸ਼ 'ਚ ਸੰਗਤ ਨੂੰ ਕਿਹਾ ਗਿਆ ਹੈ ਕਿ ਕਾਹਲੀ ਵਿਚ ਡੇਰਾ ਬਿਆਸ ਆਉਣ ਦੀ ਕੋਈ ਜ਼ਰੂਰਤ ਨਹੀਂ ਹੈ। ਬਾਬਾ ਗੁਰਿੰਦਰ ਸਿੰਘ ਤੇ ਉਨ੍ਹਾਂ ਦੇ ਜਾਨਸ਼ੀਨ ਇਕੱਠੇ ਸਤਿਸੰਗ ਕੇਂਦਰਾਂ ਦਾ ਦੌਰਾ ਕਰਨਗੇ। ਸੰਗਤ ਨੂੰ ਅਪੀਲ ਕੀਤੀ ਗਈ ਕਿ ਉਹ ਕਿਸੇ ਵੀ ਅਫ਼ਵਾਹ 'ਤੇ ਯਕੀਨ ਨਾ ਕਰਨ ਤੇ ਡੇਰੇ ਵੱਲ ਨਾ ਭੱਜਣ।

ਜ਼ਿਕਰਯੋਗ ਹੈ ਕਿ ਬਾਬਾ ਗੁਰਿੰਦਰ ਸਿੰਘ ਢਿੱਲੋਂ ਕੈਂਸਰ ਤੇ ਦਿਲ ਦੇ ਰੋਗ ਤੋਂ ਪੀੜਤ ਹਨ। ਕੁਝ ਸਾਲ ਪਹਿਲਾਂ ਲੰਬਾ ਸਮਾਂ ਉਨ੍ਹਾਂ ਦਾ ਕੈਂਸਰ ਇਲਾਜ ਚੱਲਿਆ ਸੀ ਹਾਲਾਂਕਿ ਉਹ ਬਾਅਦ ਵਿਚ ਠੀਕ ਹੋ ਕੇ ਪਹਿਲਾਂ ਵਾਂਗ ਹੀ ਡੇਰੇ ਦੀਆਂ ਸਰਗਰਮੀਆਂ 'ਚ ਹਿੱਸਾ ਲੈਣ ਲੱਗ ਪਏ ਸਨ।

### ਕੌਣ ਹਨ ਡਾ. ਜਸਦੀਪ ਸਿੰਘ ਗਿੱਲ

ਡੇਰਾ ਬਿਆਸ ਦੇ ਨਵੇਂ ਚੁਣੇ ਗਏ ਜਾਂਨਸ਼ੀਨ ਡਾ. ਜਸਦੀਪ ਸਿੰਘ ਗਿੱਲ ਦੇ ਪਿਤਾ ਸੁਖਦੇਵ ਸਿੰਘ ਗਿੱਲ ਮੁੰਬਈ ਵਿਚ ਡੇਰੇ ਦੀਆਂ ਬ੍ਰਾਂਚਾਂ ਦੇ ਸਕੱਤਰ ਗੁਰਵਿੰਦਰ ਸਿੰਘ ਦੇ ਜਵਾਈ ਤੇ ਡੇਰਾ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਦੇ ਭੂਆ ਦੇ ਪੁੱਤਰ ਹਨ। ਉਹ ਕੈਮੀਕਲ ਇੰਜੀਨੀਅਰ ਹਨ। ਉਨ੍ਹਾਂ ਨੇ ਕੈਂਬ੍ਰਿਜ ਯੂਨੀਵਰਸਿਟੀ ਤੋਂ ਕੈਮੀਕਲ ਇੰਜੀਨੀਅਰਿੰਗ ਵਿਚ ਪੀਐੱਚਡੀ ਤੇ ਮੈਸਾਚੁਸੇਟਸ ਇੰਸਟੀਚਿਊਟ ਆਫ ਟੈਕਨਾਲੋਜੀ ਤੋਂ ਕੈਮੀਕਲ ਇੰਜੀਨੀਅਰਿੰਗ ਵਿਚ ਮਾਸਟਰ ਡਿਗਰੀ ਹਾਸਲ ਕੀਤੀ ਹੈ। ਉਨ੍ਹਾਂ ਨੇ ਆਈਆਈਟੀ ਦਿੱਲੀ ਤੋਂ ਬੀਟੈਕ ਤੇ ਐਮਟੈਕ ਦੀ ਡਿਗਰੀ ਹਾਸਲ ਕੀਤੀ ਸੀ। ਡਾ. ਜਸਦੀਪ ਸਿੰਘ ਗਿੱਲ ਸਿਪਲਾ ਕੰਪਨੀ ਵਿਚ ਚੀਫ ਸਟ੍ਰੈਟਜੀ ਅਫਸਰ ਤੇ ਸੀਈਓ ਵਜੋਂ ਕੰਮ ਕਰ ਚੁੱਕੇ ਹਨ। ਉਨ੍ਹਾਂ ਨੇ 31 ਮਈ 2024 ਨੂੰ ਇਹ ਅਹੁਦਾ ਛੱਡਿਆ ਸੀ। ਉਹ ਬੋਰਡ ਆਬਜ਼ਰਵਰ ਦੇ ਰੂਪ ਵਿਚ ਏਥ੍ਰਿਸ ਐਂਡ ਅਚਿਰਾ ਲੈਬਸ ਪ੍ਰਾਈਵੇਟ ਲਿਮਟਡ ਨਾਲ ਵੀ ਜੁੜੇ ਰਹੇ। ਮਾਰਚ 2024 ਤੱਕ ਉਹ ਹੈਲਦੀ ਥੈਰੇਪਿਊਟਿਕਸ ਦੇ ਬੋਰਡ ਮੈਂਬਰ ਰਹੇ। ਇਸ ਤੋਂ ਪਹਿਲਾਂ ਉਨ੍ਹਾਂ ਨੇ ਰੈਨਬੈਕਸੀ ਵਿਚ ਸੀਈਓ ਦੇ ਕਾਰਜਕਾਰੀ ਸਹਾਇਕ ਦੇ ਰੂਪ ਵਿਚ ਵੀ ਕੰਮ ਕੀਤਾ ਹੈ।

### ਕੀ ਇਸ ਪਿਛੇ ਸਰਕਾਰ ਦੀ ਜਾਂ ਸੰਘ ਪਰਿਵਾਰ ਦੀ ਦਖਲਅੰਦਾਜ਼ੀ ਹੈ ?

ਸੀਨੀਅਰ ਪੱਤਰਕਾਰ ਸੁਖਦੇਵ ਸਿੰਘ ਚੰਡੀਗੜ੍ਹ ਲਿਖਦੇ ਹਨ ਕਿ ਰਾਧਾ ਸਵਾਮੀ ਡੇਰੇ ਅੰਦਰ ਰੱਫੜ ਖੜਾ ਹੋ ਗਿਆ। ਕਿਤੇ ਇਹ ਕਾਰਪੋਰੇਟ ਕਲਚਰ ਵਾਲੇ ਬਾਬੇ ਦੀ ਨਿਯੁਕਤੀ ਰਾਧਾ ਸੁਆਮੀਆਂ ਦੇ ਅਧਿਆਤਮਕਤਾ ਦੇ ਜੁਗਾੜੀ ਪੱਖ ਨੂੰ ਚੌਪਟ ਤਾਂ ਨਹੀਂ ਕਰ ਦੇਵੇਗੀ। ਇਸ ਸੰਭਾਵਤ ਡਰ ਕਾਰਨ ਡੇਰੇ ਦੇ ਸਕਤਰ ਦਵਿੰਦਰ ਕੁਮਾਰ ਸਿਕਰੀ ਦਾ ਬਿਆਨ ਆ ਗਿਆ ਕਿ ਸਵੇਰ ਵਾਲਾ ਐਲਾਨ ਭੁਲੇਖੇ ਕਾਰਨ ਦਿੱਤਾ ਗਿਆ ਸੀ।

ਸਵੇਰ ਵਾਲਾ ਬਿਆਨ ਬਾਬਾ ਗੁਰਿੰਦਰ ਸਿੰਘ ਵਲੋਂ ਜਾਰੀ ਹੋਇਆ ਦਸਿਆ ਗਿਆ ਸੀ। ਉਸ ਅਨੁਸਾਰ ਬਾਬੇ ਨੇ ਸੰਗਤਾਂ ਨੂੰ ਕਿਹਾ ਸੀ ਕਿ ਜਸਦੀਪ ਸਿੰਘ ਗਿਲ ਨੇ 2 ਸਤੰਬਰ ਤੋਂ ਡੇਰਾ ਮੁਖੀ ਦਾ ਚਾਰਜ ਸਾਂਭ ਲਿਆ ਹੈ। ਬਾਬਾ ਗੁਰਿੰਦਰ ਸਿੰਘ ਨੇ ਸੰਗਤਾਂ ਨੂੰ ਅਪੀਲ ਵੀ ਕੀਤੀ ਸੀ ਕਿ ਉਹ ਨਵੇਂ ਮੁਖੀ ਨੂੰ ਉਂਜ ਹੀ ਪਿਆਰ ਸਤਿਕਾਰ ਦੇਣ ਜਿਵੇਂ ਉਹ ਬਾਬੇ ਗੁਰਿੰਦਰ ਸਿੰਘ ਨੂੰ ਦਿੰਦੀਆਂ ਆ ਰਹੀਆਂ ਸਨ।

ਪਰ ਸ਼ਾਮ ਤਕ ਹਾਲਾਤ ਬਦਲ ਗਏ। ਸੀਕਰੀ ਨੇ "ਦਰੁਸਤੀ" ਕਰਦਿਆਂ ਦਸਿਆ ਬਾਬਾ ਗੁਰਿੰਦਰ ਸਿੰਘ ਢਿਲੋਂ "ਸੰਤ ਸਤਗੁਰੂ" ਦੀ ਉਪਾਧੀ ਤੇ ਕਾਇਮ ਰਹਿਣਗੇ, ਉਹੀ ਸੰਗਤਾਂ ਨੂੰ ਸੰਬੋਧਤ ਹੋਣਗੇ ਅਤੇ ਨਾਮ ਦਾਨ ਦਿੰਦੇ ਰਹਿਣਗੇ। ਜਸਦੀਪ ਸਿੰਘ ਗਿਲ ਤਦ ਹੀ ਮੁਖੀ ਬਣਨਗੇ ਜਦ ਬਾਬਾ ਢਿੱਲੋਂ ਚਾਰਜ ਛਡਣਗੇ।

ਫਿਲਹਾਲ ਗਿਲ (ਇਸ ਸਲਤਨਤ ਦੇ) ਰਾਜ ਪਰਬੰਧਕ ਮਾਮਲੇ ਸਾਂਭਣਗੇ। ਵਿਸ਼ਾਲ ਜੁਗਾੜ, ਅਰਬਾਂ ਦੀ ਜਾਇਦਾਦ ਅਤੇ ਰਾਜਨੀਤਕ-ਧਾਰਮਿਕ ਮਹਤਵ ਕਾਰਨ, ਮੇਰੇ ਵਿਚਾਰ ਵਿਚ, ਇਹ ਵਿਸ਼ਵਾਸ ਕਰਨ ਦਾ ਕੋਈ ਕਾਰਨ ਨਹੀਂ ਕਿ "ਸੰਤ ਸਤਗੁਰੂ" ਜਿਹੇ ਅਹਿਮ ਅਹੁਦੇ ਦਾ ਫੈਸਲਾ ਸੰਗਠਨ ਦਾ ਮਹਿਜ਼ ਅੰਦਰੂਨੀ ਮਾਮਲਾ ਹੋਵੇ। ਸਟੇਟ ਇਸ ਤੋਂ ਬਾਹਰ ਰਹਿ ਨਹੀਂ ਸਕਦੀ। ਉਹ ਲਿਖਦੇ ਹਨ ਕਿ ਜਿਵੇਂ ਤਿਬਤੀ ਲਾਮਾ ਸੰਗਠਣ ਦੀ ਬਣਤਰ ਵਿਚ ਚੀਨ ਸਰਕਾਰ ਦਾ ਹੱਥ ਹੁੰਦਾ ਹੈ, ਇਸੇ ਤਰ੍ਹਾਂ ਭਾਰਤੀ ਸਟੇਟ ਸਭਨਾਂ ਧਾਰਮਿਕ ਸੰਸਥਾਵਾਂ, ਡੇਰਿਆਂ ਅਤੇ ਸ਼ਰੋਮਣੀ ਕਮੇਟੀ ਤਕ ਜਿਹੀਆਂ ਸੰਸਥਾਵਾਂ ਉਪਰ ਨਜ਼ਰਾਂ ਹੀ ਨਹੀਂ ਰਖਦੀ ਬਲਕਿ ਇਨ੍ਹਾਂ ਦੀ ਬਣਤਰ ਵਿਚ ਜਿਥੋਂ ਤਕ ਸੰਭਵ ਹੁੰਦਾ ਹੈ, ਸਰਗਰਮ ਦਖਲ ਦਿੰਦੀ ਹੈ।

ਸੁਖਦੇਵ ਸਿੰਘ ਦਾ ਕਹਿਣਾ ਹੈ ਕਿ ਸੰਘ ਪਰਿਵਾਰ ਤਾਂ ਪੈਦਾ ਹੀ ਇਸ ਕੰਮ ਲਈ ਕੀਤਾ ਗਿਆ ਹੈ। ਰਾਧਾ ਸਵਾਮੀ ਸੰਗਠਨ ਹਿੰਦੂਤਵੀ ਮੰਚ ਦਾ ਬਹੁਤ ਸਿੱਕੇਬੰਦ ਅੱਡਾ ਹੈ। ਸਰਕਾਰਾਂ ਅੰਦਰ ਇਸ ਦਾ ਦਖਲ ਚਲਦਾ ਆਇਆ ਹੈ। ਇਸ ਸੰਗਠਨ ਅੰਦਰ ਸਰਕਾਰਾਂ ਦਾ ਰਕਾਣ ਬਣ ਕੇ ਬੈਠਣ ਦਾ ਹੱਕ ਕਿਉਂ ਨਾ ਹੋਵੇ !

## ਕੀ ਹੈ ਡੇਰੇ ਦਾ ਇਤਿਹਾਸ

ਰਾਧਾ ਸੁਆਮੀ ਸਤਿਸੰਗ ਬਿਆਸ ਡੇਰਾ 1891 ਵਿਚ ਸਥਾਪਿਤ ਕੀਤਾ ਗਿਆ ਸੀ। ਜਿਸ ਦਾ ਉਦੇਸ਼ ਲੋਕਾਂ ਨੂੰ ਧਾਰਮਿਕ ਸੰਦੇਸ਼ ਦੇਣਾ ਹੈ। ਇਹ ਸੰਸਥਾ ਦੁਨੀਆ ਦੇ 90 ਦੇਸ਼ਾਂ ਵਿੱਚ ਫੈਲੀ ਹੋਈ ਹੈ, ਜਿਸ ਵਿਚ ਅਮਰੀਕਾ, ਸਪੇਨ, ਨਿਊਜ਼ੀਲੈਂਡ, ਆਸਟ੍ਰੇਲੀਆ, ਜਾਪਾਨ, ਅਫਰੀਕਾ ਅਤੇ ਹੋਰ ਕਈ ਦੇਸ਼ ਸ਼ਾਮਲ ਹਨ। ਡੇਰੇ ਕੋਲ 4 ਹਜ਼ਾਰ ਏਕੜ ਤੋਂ ਵੱਧ ਜ਼ਮੀਨ ਹੈ। ਬਿਆਸ ਵਿਚ ਇਸ ਦਾ ਮੁੱਖ ਦਫਤਰ 3,000 ਏਕੜ ਵਿਚ ਫੈਲਿਆ ਹੋਇਆ ਹੈ ਅਤੇ ਆਪਣੇ ਆਪ ਵਿਚ ਇਕ ਛੋਟਾ ਜਿਹਾ ਸ਼ਹਿਰ ਹੈ। ਜਿਸ ਵਿਚ ਇਕ ਵਿਸ਼ਾਲ ਸਤਿਸੰਗ ਭਵਨ, ਰਿਹਾਇਸ਼ੀ ਖੇਤਰ, ਇਕ ਸਕੂਲ ਅਤੇ ਇਕ ਹਸਪਤਾਲ ਹੈ। ਡੇਰੇ ਦੇ ਲੱਖਾਂ ਪੈਰੋਕਾਰ ਹਨ।

ਬਾਬਾ ਸ਼ਿਵ ਦਿਆਲ ਸਿੰਘ ਨੂੰ ਰਾਧਾਸੁਆਮੀ ਲਹਿਰ ਦਾ ਮੋਢੀ ਮੰਨਿਆ ਜਾਂਦਾ ਹੈ, ਜੋ ਇਕ ਅਧਿਆਤਮਿਕ ਆਗੂ ਸਨ। ਬਾਬਾ ਜੈਮਲ ਸਿੰਘ 1878-1903 ਦੇ ਸੇਵਕ ਬਾਬਾ ਸਾਵਨ ਸਿੰਘ ਉਸ ਤੋਂ ਬਾਅਦ ਰਾਧਾ ਸੁਆਮੀ ਸਤਿਸੰਗ ਬਿਆਸ ਦੇ ਅਗਲੇ ਮੁਖੀ ਬਣੇ। ਉਹ 1903 ਤੋਂ 1948 ਤੱਕ ਮੁਖੀ ਰਹੇ। ਬਾਬਾ ਸਾਵਨ ਸਿੰਘ ਦੇ ਸੇਵਕ ਬਾਬਾ ਸਰਦਾਰ ਬਹਾਦਰ ਜਗਤ ਸਿੰਘ 1948 ਤੋਂ 1951 ਤੱਕ ਮੁਖੀ ਬਣੇ। ਬਾਬਾ ਸਾਵਨ ਸਿੰਘ ਦੇ ਪੈਰੋਕਾਰ ਬਾਬਾ ਚਰਨ ਸਿੰਘ ਨੇ ਬਾਬਾ ਸਰਦਾਰ ਬਹਾਦਰ ਜਗਤ ਸਿੰਘ ਤੋਂ ਬਾਅਦ ਰਾਧਾ ਸੁਆਮੀ ਸਤਿਸੰਗ ਬਿਆਸ ਦੇ ਮੁਖੀ ਵਜੋਂ ਅਹੁਦਾ ਸੰਭਾਲਿਆ। ਉਨ੍ਹਾਂ 1951 ਤੋਂ 1990 ਤੱਕ ਡੇਰੇ ਦੇ ਮੁੱਖੀ ਰਹੇ। ਜਿਸ ਤੋਂ ਬਾਅਦ ਬਾਬਾ ਚਰਨ ਸਿੰਘ ਦੇ ਉਤਰਅਧਿਕਾਰੀ ਬਾਬਾ ਗੁਰਿੰਦਰ ਸਿੰਘ ਨੇ ਰਾਧਾ ਸੁਆਮੀ ਸਤਿਸੰਗ ਬਿਆਸ ਦੇ ਮੁਖੀ ਵਜੋਂ ਅਹੁਦਾ ਸੰਭਾਲਿਆ

## ਡੇਰੇ ਵਿਚ ਸਿਆਸੀ ਆਗੂ ਭਰਦੇ ਨੇ ਹਾਜ਼ਰੀ

ਡੇਰਾ ਰਾਧਾ ਸਵਾਮੀ ਸਤਿਸੰਗ ਬਿਆਸ ਦਾ ਵਿਆਪਕ ਪ੍ਰਭਾਵ ਹੈ। ਡੇਰਾ ਬਿਆਸ ਦਾ ਦਾਅਵਾ ਹੈ ਕਿ ਇਹ ਗੈਰ-ਸਿਆਸੀ ਹੈ, ਪਰ ਦੇਸ਼ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦੇ ਆਗੂ, ਮੰਤਰੀ ਆਦਿ ਡੇਰੇ ਵਿਚ ਆਪਣੀ ਹਾਜ਼ਰੀ ਲਗਵਾਉਣ ਆਉਂਦੇ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੋਂ ਲੈ ਕੇ ਸੋਨੀਆ ਗਾਂਧੀ, ਲਾਲ ਕ੍ਰਿਸ਼ਨ ਅਡਵਾਨੀ, ਰਾਹੁਲ ਗਾਂਧੀ, ਨਿਤਨ ਗਡਕਰੀ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ, ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਰਾਸ਼ਟਰੀ ਸਵੈ ਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਆਦਿ ਹਾਜਰੀ ਭਰ ਚੁੱਕੇ ਹਨ। ਹਰ ਸਾਲ ਵੱਡੀ ਗਿਣਤੀ ਵਿਚ ਧਾਰਮਿਕ ਅਤੇ ਸਿਆਸੀ ਪਾਰਟੀਆਂ ਦੇ ਨੁਮਾਇੰਦੇ ਪਹੁੰਚਦੇ ਆ ਰਹੇ ਹਨ।

# ਜਲੰਧਰ ਦੀ ਮਸ਼ਹੂਰ ਟਰੈਵਲ ਏਜੰਸੀ ਦੇ ਮਾਲਕ ਉਪਰ ਲੱਗੇ ਬਲਾਤਕਾਰ ਦੇ ਦੋਸ਼

## ✪ ਪੀੜਤਾ ਨੇ ਕੀਤੀ ਆਤਮ-ਹੱਤਿਆ ਦੀ ਕੋਸ਼ਿਸ਼, ਪੁਲਿਸ ਵਲੋਂ ਬਲਾਤਕਾਰ ਦਾ ਮਾਮਲਾ ਦਰਜ

ਜਲੰਧਰ-ਜਲੰਧਰ 'ਚ ਨਾਮੀ ਟਰੈਵਲ ਏਜੰਟ ਆਰਐੱਸ ਗਲੋਬਲ ਦੇ ਮਾਲਕ ਸੁਖਚੈਨ ਸਿੰਘ ਰਾਹੀ 'ਤੇ 24 ਸਾਲਾ ਲੜਕੀ ਨੂੰ ਹੋਟਲ ਵਿਚ ਲਿਜਾ ਕੇ ਉਸ ਨਾਲ ਜਬਰ ਜਨਾਹ ਕਰਨ ਦੇ ਦੋਸ਼ ਲੱਗੇ ਹਨ। ਇਸ ਸਬੰਧੀ ਥਾਣਾ ਨਵੀ ਬਾਰਾਦਰੀ ਦੀ ਪੁਲਸ ਨੇ ਮੁਲਜ਼ਮ ਸੁਖਚੈਨ ਸਿੰਘ ਰਾਹੀ ਖ਼ਿਲਾਫ਼ ਜਬਰ ਜਨਾਹ ਦਾ ਪਰਚਾ ਦਰਜ ਕਰ ਲਿਆ ਹੈ। ਪੀੜਤਾ ਦਾ ਮੈਡੀਕਲ ਕਰਵਾਇਆ ਗਿਆ ਹੈ। ਪੁਲਸ ਨੇ ਇਸ ਮਾਮਲੇ 'ਚ ਇੱਕ ਸੁਸਾਈਡ ਨੋਟ ਵੀ ਬਰਾਮਦ ਕੀਤਾ ਹੈ। ਫਿਲਹਾਲ ਲੜਕੀ ਦਾ ਇਲਾਜ ਚੱਲ ਰਿਹਾ ਹੈ।

ਸੁਸਾਈਡ ਨੋਟ ਵਿੱਚ ਲੜਕੀ ਨੇ ਸੁਖਚੈਨ ਸਿੰਘ ਰਾਹੀ ਦਾ ਨਾਮ ਅਤੇ ਉਸ ਦੀ ਕੰਪਨੀ ਦਾ ਨਾਮ ਵੀ ਲਿਖਿਆ ਹੈ। ਮੁਲਜ਼ਮ ਨੇ ਕੈਨੇਡਾ ਭੇਜਣ ਦੇ ਬਹਾਨੇ ਉਸ ਨਾਲ ਅਜਿਹਾ ਕੀਤਾ। ਪੁਲਸ ਨੇ ਕਾਨੂੰਨੀ ਰਾਏ ਲੈ ਕੇ ਮਾਮਲਾ ਦਰਜ ਕਰ ਲਿਆ ਹੈ। ਪੁਲਸ ਨੇ ਲੜਕੀ ਕੋਲੋਂ ਸੁਸਾਈਡ ਨੋਟ ਬਰਾਮਦ ਕੀਤਾ ਹੈ। ਜਿਸ ਦੀ ਜਾਂਚ ਕੀਤੀ ਜਾ ਰਹੀ ਹੈ। ਖੁਦਕੁਸ਼ੀ ਨੋਟ 'ਚ ਪੀੜਤਾ ਨੇ ਲਿਖਿਆ ਹੈ ਕਿ ਉਹ ਜਲੰਧਰ ਦੇ ਗੜ੍ਹਾ ਰੋਡ 'ਤੇ ਸਥਿਤ ਪੀਜੀ ਵਿਚ ਰਹਿੰਦੀ ਹੈ। ਉਸ ਨੇ ਬੀਤੀ 20 ਅਗਸਤ ਨੂੰ ਇੰਡੋ ਕੈਨੇਡੀਅਨ ਦੇ ਨਾਲ ਲੱਗਦੀ ਗਲੀ ਵਿੱਚ ਸਥਿਤ ਵੱਡੀ ਆਰਐੱਸ ਗਲੋਬਲ ਟਰੈਵਲ ਏਜੰਸੀ ਦੇ ਦਫ਼ਤਰ ਵਿੱਚ ਫੋਨ ਕੀਤਾ ਸੀ। ਉਸ




ਨੇ ਕੰਪਨੀ ਦੀ ਕਰਮਚਾਰੀ ਪੱਲਵੀ ਨਾਲ ਫੋਨ 'ਤੇ ਗੱਲ ਕੀਤੀ ਸੀ। ਉਸ ਨੂੰ ਅਗਲੇ ਦਿਨ ਯਾਨੀ 21 ਅਗਸਤ ਨੂੰ ਦਫ਼ਤਰ ਆਉਣ ਲਈ ਕਿਹਾ। ਜਿੱਥੇ ਉਸ ਦੀ ਮੀਟਿੰਗ ਸੁਖਚੈਨ ਸਿੰਘ ਰਾਹੀ ਨਾਮਕ ਟਰੈਵਲ ਏਜੰਸੀ ਦੇ ਮਾਲਕ ਨਾਲ ਕਰਵਾਈ ਗਈ, ਜੋ ਕੰਪਨੀ ਦਾ ਮਾਲਕ ਹੋਣ ਦਾ ਦਾਅਵਾ ਕਰਦਾ ਸੀ। ਮੁਲਜ਼ਮ ਨੇ ਪੀੜਤਾ ਦਾ ਨੰਬਰ ਲੈ ਲਿਆ। ਲੜਕੀ ਨੇ ਉਸ ਨੂੰ ਸਿੰਗਾਪੁਰ ਬਾਰੇ ਦੱਸਿਆ ਸੀ। ਪਰ ਰਾਹੀ ਨੇ ਉਸ ਨੂੰ ਵਰਕ ਪਰਮਿਟ 'ਤੇ ਕੈਨੇਡਾ ਭੇਜਣ ਦੀ ਗੱਲ ਆਖੀ। ਜਿਸ ਵਿੱਚ ਉਸਦਾ ਖਰਚਾ ਵੀ ਘੱਟ ਹੋਵੇਗਾ।

ਪੀੜਤ ਨੇ ਆਪਣੇ ਸਾਰੇ ਦਸਤਾਵੇਜ਼ ਉਕਤ ਦੋਸ਼ੀ ਦੇ ਨੰਬਰ 'ਤੇ ਭੇਜ ਦਿੱਤੇ। ਜਿਸ ਤੋਂ ਬਾਅਦ ਦੋਸ਼ੀ ਨੇ ਪੀੜਤ ਲੜਕੀ ਨੂੰ ਬੱਸ ਸਟੈਂਡ ਤੋਂ ਅਦਾਲਤ ਨੂੰ ਜਾਂਦੇ ਰਸਤੇ ਵਿਚ ਹੋਟਲ ਵਿਚ ਬੁਲਾਇਆ। ਪੀੜਤਾ ਨੇ ਕਿਹਾ ਕਿ ਪਹਿਲਾਂ ਲੜਕੀ ਦੀ ਹੋਟਲ ਵਿਚ ਐਂਟਰੀ ਕੀਤੀ ਗਈ ਤੇ ਫਿਰ ਦੂਜੀ ਮੰਜ਼ਿਲ 'ਤੇ ਇਕ ਕਮਰੇ 'ਚ ਲੈ ਗਿਆ। ਪੀੜਤਾ ਨੇ ਸੁਸਾਈਡ ਨੋਟ 'ਚ ਅੱਗੇ ਕਿਹਾ- ਉਸ ਨੇ ਕਮਰੇ ਵਿਚ ਕੋਲਡ ਡਰਿੰਕ ਪੀਤੀ, ਜਿਸ ਤੋਂ ਬਾਅਦ ਉਸ ਨੂੰ ਯਾਦ ਨਹੀਂ ਕਿ ਉਸ ਨਾਲ ਕੀ ਹੋਇਆ। ਪਰ ਮੈਨੂੰ ਯਕੀਨਨ ਪਤਾ ਲੱਗਾ ਕਿ ਮੇਰੇ ਨਾਲ ਦੋ ਵਾਰ ਗਲਤ ਕੰਮ ਹੋਇਆ ਹੈ। ਜਿਸ ਤੋਂ ਬਾਅਦ ਮੈਨੂੰ ਪੀਜੀ ਛੱਡ ਦਿੱਤਾ ਗਿਆ।

ਪੀੜਤਾ ਨੇ ਸੁਸਾਈਡ ਨੋਟ ਵਿਚ ਅੱਗੇ ਲਿਖਿਆ ਕਿ ਹੁਣ ਮੈਨੂੰ ਲੱਗਾ ਹੈ ਕਿ ਮੈਂ ਕਿਤੇ ਵੀ ਮੂੰਹ ਦਿਖਾਉਣ ਦੇ ਲਾਇਕ ਨਹੀਂ ਰਹੀ। ਜਿਸ ਕਾਰਨ ਮੈਂ ਹੁਣ ਇਹ ਜ਼ਿੰਦਗੀ ਜੀਣਾ ਨਹੀਂ ਚਾਹੁੰਦਾ। ਮੇਰੀ ਮੌਤ ਦਾ ਸਿਰਫ ਰਾਹੀ ਹੀ ਜ਼ਿੰਮੇਵਾਰ ਹੋਵੇਗਾ। ਮੇਰੀ ਬੇਨਤੀ ਹੈ ਕਿ ਰਾਹੀ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ। ਤਾਂ ਜੋ ਕਿਸੇ ਹੋਰ ਕੁੜੀ ਨਾਲ ਅਜਿਹਾ ਨਾ ਹੋਵੇ। ਕੁੜੀ ਨੇ ਸੁਸਾਈਡ ਨੋਟ ਦੇ ਹੇਠਾਂ ਆਪਣੇ ਦਸਤਖਤ ਵੀ ਕੀਤੇ ਹੋਏ ਸਨ।

## ਕੰਗਨਾ 'ਐਮਰਜੈਂਸੀ' ਫ਼ਿਲਮ ਰਿਲੀਜ਼ ਕਰਵਾਉਣ ਲਈ ਅਦਾਲਤ ਵਲ ਰੁਖ ਕਰੇਗੀ



ਨਵੀਂ ਦਿੱਲੀ-ਬੌਲੀਵੁਡ ਅਦਾਕਾਰਾ ਤੇ ਫਿਲਮ ਨਿਰਮਾਤਾ ਕੰਗਨਾ ਰਣੌਤ ਦਾ ਕਹਿਣਾ ਹੈ ਕਿ ਸੈਂਸਰ ਬੋਰਡ ਨੇ ਉਸ ਨੂੰ ਆਉਣ ਵਾਲੀ ਫਿਲਮ 'ਐਮਰਜੈਂਸੀ' ਲਈ ਹਾਲੇ ਤੱਕ ਸਰਟੀਫਿਕੇਟ ਨਹੀਂ ਦਿੱਤਾ ਹੈ ਅਤੇ ਉਮੀਦ ਹੈ ਕਿ ਇਹ ਸਮੇਂ ਸਿਰ ਮਿਲ ਜਾਵੇਗਾ, ਨਹੀਂ ਤਾਂ ਉਹ ਅਦਾਲਤ ਦਾ ਰੁਖ਼ ਕਰੇਗੀ। ਉਸ ਨੇ ਅੱਗੇ ਕਿਹਾ,'ਮੈਂ ਆਪਣਾ ਹੱਕ ਲੈਣ ਲਈ ਲੜਾਈ ਲੜਾਂਗੀ, ਤੁਸੀਂ ਇਤਿਹਾਸ ਬਦਲ ਨਹੀਂ ਸਕਦੇ ਅਤੇ ਧਮਕੀਆਂ ਦੇ ਕੇ ਡਰਾ ਨਹੀਂ ਸਕਦੇ। ਸਾਨੂੰ ਇਤਿਹਾਸ ਦਿਖਾਉਣਾ ਪਵੇਗਾ। ਲਗਪਗ 70 ਸਾਲ ਦੀ ਬਜ਼ੁਰਗ ਔਰਤ ਇੰਦਰਾ ਨੂੰ ਉਸ ਦੇ ਘਰ ਵਿੱਚ 30-35 ਵਾਰ ਗੋਲੀਆਂ ਮਾਰੀਆਂ ਗਈਆਂ... ਕਿਸੇ ਨੇ ਤਾਂ ਉਸ ਨੂੰ ਮਾਰਿਆ ਹੋਵੇਗਾ। ਤੁਹਾਨੂੰ ਇਤਿਹਾਸ ਦਿਖਾਉਣਾ ਪਵੇਗਾ ਕਿ ਉਸ ਦੀ ਮੌਤ ਕਿਵੇਂ ਹੋਈ।

# ਗੋਆ ਵਿਚ ਐਸ਼ਪ੍ਰਸਤੀ ਕਰਨ ਗਏ ਪੰਜਾਬੀ ਮੁੰਡਿਆਂ ਨੂੰ ਦੇਹ ਵਪਾਰ ਵਾਲੀਆਂ ਕੁੜੀਆ ਨੇ ਠੱਗਿਆ

## ✪ ਪੁਲਸ ਵੱਲੋਂ ਦੋ ਔਰਤਾਂ ਅਤੇ ਉਨ੍ਹਾਂ ਦਾ ਇਕ ਸਾਥੀ ਗ੍ਰਿਫ਼ਤਾਰ

ਪਣਜੀ-ਪੰਜਾਬ ਤੋਂ ਗੋਆ ਘੁੰਮਣ ਗਏ ਦੋਸਤ ਉੱਥੇ ਜਾ ਕੇ ਮੁਸੀਬਤ ਵਿਚ ਫੱਸ ਗਏ। ਉਨ੍ਹਾਂ ਨੂੰ 2 ਔਰਤਾਂ ਦੇਹ ਵਪਾਰ ਦਾ ਧੰਦਾ ਕਰਨ ਵਾਲੀਆਂ ਬਣ ਕੇ ਮਿਲੀਆਂ ਤੇ ਫ਼ਿਰ ਉਨ੍ਹਾਂ ਨੂੰ ਜਬਰ-ਜ਼ਿਨਾਹ ਦੇ ਕੇਸ ਵਿਚ ਫਸਾਉਣ ਦੀ ਧਮਕੀ ਦੇਣ ਲੱਗ ਪਈਆਂ। ਦੋਹਾਂ ਨੇ ਆਪਣੇ 1 ਸਾਥੀ ਨਾਲ ਰਲ਼ ਕੇ ਪੰਜਾਬੀ ਮੁੰਡਿਆਂ ਤੋਂ 20 ਹਜ਼ਾਰ ਰੁਪਏ ਵੀ ਲੈ ਲਏ। ਪੁਲਸ ਵੱਲੋਂ ਦੋਹਾਂ ਔਰਤਾਂ ਅਤੇ ਉਨ੍ਹਾਂ ਦੇ ਇਕ ਸਾਥੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਇਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਗੋਆ ਦੇ ਪੋਰਵੋਰਿਮ ਵਿਚ ਪੰਜਾਬ ਦੇ ਇਕ ਸੈਲਾਨੀ ਤੋਂ ਪੈਸੇ ਵਸੂਲਣ ਦੇ ਦੋਸ਼ ਹੇਠ 2 ਔਰਤਾਂ ਸਮੇਤ 3 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਅਧਿਕਾਰੀ ਨੇ ਮੁਲਜ਼ਮਾਂ ਦੀ ਪਛਾਣ ਮੁੰਬਈ ਵਾਸੀ ਬਬੀਤਾ ਰਮੇਸ਼ ਉਪਾਧਿਆਏ, ਪੱਛਮੀ ਬੰਗਾਲ ਵਾਸੀ ਸੁਤਪਾ ਬੈਨਰਜੀ ਤੇ ਸਥਾਨਕ ਵਾਸੀ ਦੀਪਕ ਸਲਗਾਂਵਕਰ ਵਜੋਂ ਕੀਤੀ ਹੈ। ਤਿੰਨਾਂ ਨੂੰ ਸਾਗਰ ਅੰਸਾਰੀ ਦੀ ਸ਼ਿਕਾਇਤ 'ਤੇ ਗ੍ਰਿਫ਼ਤਾਰ



ਕੀਤਾ ਗਿਆ ਜਿਸ ਨੇ ਦੋਸ਼ ਲਾਇਆ ਸੀ ਕਿ ਉਸ ਨੂੰ ਤੇ ਉਸ ਦੇ ਦੋਸਤ ਨੂੰ 30 ਅਗਸਤ ਨੂੰ ਮੁਲਜ਼ਮਾਂ ਦੇ ਬੈਂਕ ਖਾਤਿਆਂ 'ਚ 20,000 ਰੁਪਏ ਟ੍ਰਾਂਸਫਰ ਕਰਨ ਲਈ ਮਜਬੂਰ ਕੀਤਾ ਗਿਆ ਸੀ।

ਅਧਿਕਾਰੀ ਨੇ ਕਿਹਾ ਕਿ ਅਸੀਂ ਕੈਲੰਗੁਟ 'ਚ ਸਲਗਾਂਵਕਰ ਵੱਲੋਂ ਵਰਤੀ ਗਈ ਕਾਰ ਦਾ ਪਿੱਛਾ ਕੀਤਾ ਤੇ ਬਾਅਦ ਵਿਚ ਅੰਜੁਨਾ ਤੋਂ 2 ਔਰਤਾਂ ਨੂੰ ਵੀ ਗ੍ਰਿਫ਼ਤਾਰ ਕੀਤਾ। ਦੋਵੇਂ ਔਰਤਾਂ ਅੰਸਾਰੀ ਨੂੰ ਦੇਹ ਵਪਾਰ ਦੇ ਧੰਦੇ ਦੇ ਮੈਂਬਰ ਵਜੋਂ ਮਿਲੀਆਂ ਤੇ ਫਿਰ ਜਬਰ-ਜ਼ਿਨਾਹ ਦਾ ਕੇਸ ਦਰਜ ਕਰਨ ਦੀ ਧਮਕੀ ਦੇ ਕੇ ਉਸ ਕੋਲੋਂ ਪੈਸੇ ਵਸੂਲੇ।

# ਗੁਰਦੁਆਰਾ ਸਾਹਿਬ ਦੇ ਭੋਰੇ ਵਿਚ ਔਰਤ ਨਾਲ ਬਲਾਤਕਾਰ ਕਰਨ ਵਾਲੇ ਬਾਬੇ ਖਿਲਾਫ ਪਰਚਾ ਦਰਜ, ਬਾਬਾ ਫਰਾਰ

ਜਗਰਾਓਂ-ਜਗਰਾਉਂ ਵਿੱਚ ਡੇਰਾ ਬਣਾ ਕੇ ਰਹਿ ਰਹੇ ਗੁਰਦੁਆਰਾ ਠਾਠਾ ਚਰਣਘਾਟ ਦੇ ਮੁੱਖ ਸੇਵਾਦਾਰ ਬਾਬਾ ਬਲਜਿੰਦਰ ਸਿੰਘ 'ਤੇ ਜ਼ਬਰਜਨਾਹ ਦਾ ਗੰਭੀਰ ਇਲਜ਼ਾਮ ਲੱਗਿਆ ਹੈ। ਇੱਕ ਔਰਤ ਨੇ ਬਾਬਾ ਬਲਜਿੰਦਰ ਸਿੰਘ 'ਤੇ ਇਲਜ਼ਾਮ ਲਗਾਇਆ ਕਿ 2 ਸਾਲ ਪਹਿਲਾਂ ਉਸ ਦੇ ਨਾਲ ਸਰੀਰਕ ਸਬੰਧ ਰੱਖੇ। ਵਿਆਹ ਕਰਵਾਉਣ ਦਾ ਝਾਂਸਾ ਦੇ ਕੇ ਬਾਬੇ ਨੇ ਸਰੀਰਕ ਸਬੰਧ ਬਣਾਏ। ਉਸ ਨੇ ਜਦੋਂ ਵਿਆਹ ਕਰਨ ਲਈ ਕਿਹਾ ਤਾਂ ਬਾਬੇ ਨੇ ਧਮਕਾਇਆ।

ਸੂਤਰਾਂ ਦੇ ਮੁਤਾਬਿਕ ਪੁਲਿਸ ਨੇ ਬਾਬੇ ਨੂੰ ਫੜ ਲਿਆ ਹੈ ਪਰ ਹੁਣ ਤੱਕ ਅਧਿਕਾਰਿਕ



ਐਲਾਨ ਨਹੀਂ ਕੀਤਾ ਹੈ।

ਪੀੜ੍ਹਤਾ ਨੇ ਕਿਹਾ ਬਾਬੇ ਕੋਲ ਕਈ ਕੁੜੀਆਂ ਅਤੇ ਔਰਤਾਂ ਸੰਗਤ ਦੇ ਰੂਪ ਵਿੱਚ ਆਉਂਦੀਆਂ ਹਨ। ਇਸ ਮਾਮਲੇ ਵਿੱਚ ਜਾਂਚ ਕਰਵਾਉਣੀ ਚਾਹੀਦੀ ਹੈ ਕਿ ਬਾਬੇ ਨੇ ਹੁਣ ਤੱਕ ਕਿੰਨੀਆਂ ਔਰਤਾਂ ਨੂੰ ਆਪਣਾ ਸ਼ਿਕਾਰ ਬਣਾਇਆ ਹੈ। ਜਾਣਕਾਰੀ ਦਿੰਦੇ ਹੋਏ ਸਿੱਖ ਜਥੇਬੰਦੀ ਦੇ ਆਗੂ ਅੰਮ੍ਰਿਤਪਾਲ ਸਿੰਘ ਮੇਹਰਾ ਨੇ ਕਿਹਾ ਉਸ ਦੇ ਘਰ ਪੀੜ੍ਹਤ ਮਹਿਲਾ ਆਈ ਉਸ ਨੇ ਦੱਸਿਆ ਕਿ ਗੁਰਦੁਆਰਾ ਠਾਠ ਚਰਣਘਾਟ ਦਾ ਮੁੱਖ ਸੇਵਾਦਾਰ ਬਾਬਾ ਬਲਜਿੰਦਰ ਨੇ ਉਸ ਨਾਲ ਜ਼ਬਰਜਨਾਹ ਕੀਤਾ ਹੈ। ਬਾਬੇ ਨੇ ਉਸਨੂੰ ਵਿਆਹ ਦਾ ਝਾਂਸਾ ਦਿੱਤਾ ਅਤੇ 2 ਸਾਲ ਤੱਕ ਜ਼ਬਰਜਨਾਹ ਕੀਤਾ।

ਅੰਮ੍ਰਿਤਪਾਲ ਸਿੰਘ ਮੇਹਰਾ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੇ ਕੋਲ ਇੱਕ ਵੀਡੀਓ ਵੀ ਹੈ ਜਿਸ ਵਿੱਚ ਬਾਬਾ ਨੇ ਆਪ ਮੰਨਿਆ ਹੈ ਕਿ ਉਸ ਦੇ ਔਰਤ ਦੇ ਨਾਲ ਸਬੰਧ ਹਨ। ਅੰਮ੍ਰਿਤਪਾਲ ਸਿੰਘ ਮੇਹਰਾ ਨੇ ਕਿਹਾ ਕਿ ਬਾਬਾ ਬਲਜਿੰਦਰ ਨੇ ਉਸ ਨੂੰ 10 ਲੱਖ ਲੈ ਕੇ ਸ਼ਾਂਤ ਰਹਿਣ ਲਈ ਕਿਹਾ ਸੀ। ਉਸ ਦੇ ਕੋਲ ਉਹ ਵੀਡੀਓ ਵੀ ਹੈ ਜਦੋਂ ਬਾਬਾ ਔਰਤ ਦੇ ਨਾਲ ਰਾਜ਼ੀਨਾਮਾ ਕਰਨ ਪਹੁੰਚਿਆ ਸੀ।

ਇਸ ਕੇਸ ਵਿੱਚ ਥਾਣਾ ਸਿੱਟੀ ਜਗਰਾਓ ਦੇ ਐਸਐਚਓ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ ਬਾਬਾ ਬਲਜਿੰਦਰ ਸਿੰਘ ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।

ਮਾਮਲਾ ਧੀ ਨਾਲ ਨਾਜਾਇਜ਼ ਸੰਬੰਧਾਂ ਦਾ

# ਅਮਰੀਕਾ ਤੋਂ ਭਾੜੇ ਦੇ ਕਾਤਲਾਂ ਰਾਹੀਂ ਦੋਧੀ ਨੂੰ ਕਤਲ ਕਰਵਾਇਆ

## ✪ ਪੁਲਿਸ ਨੇ ਪੰਜ ਲੋਕਾਂ ਖ਼ਿਲਾਫ਼ ਦਰਜ ਕੀਤਾ ਮਾਮਲਾ

ਜੰਡਿਆਲਾ ਗੁਰੂ-ਥਾਣਾ ਜੰਡਿਆਲਾ ਅਧੀਨ ਪੈਂਦੇ ਪਿੰਡ ਧਾਰੜ ਦੇ ਰਹਿਣ ਵਾਲੇ ਦੋਧੀ ਕੁਲਬੀਰ ਸਿੰਘ ਦਾ ਅਮਰੀਕਾ ਬੈਠੇ ਕੁਝ ਵਿਅਕਤੀਆਂ ਵੱਲੋਂ ਕਤਲ ਕਰਵਾਇਆ ਗਿਆ ਹੈ। ਇਸ ਘਟਨਾ ਨੂੰ ਪਿੰਡ ਧਾਰੜ ਦੇ ਰਹਿਣ ਵਾਲੇ ਕਸ਼ਮੀਰ ਸਿੰਘ ਨੇ ਆਪਣੇ ਰਿਸ਼ਤੇਦਾਰ ਜਗਰੂਪ ਸਿੰਘ ਰਾਹੀਂ ਅੰਜਾਮ ਦਿੱਤਾ। ਉਸ ਨੇ ਇਸ ਦੇ ਲਈ ਦੋ ਸ਼ਾਰਪ ਸ਼ੂਟਰ ਹਾਇਰ ਕੀਤੇ ਅਤੇ ਉਨ੍ਹਾਂ ਨੇ ਇਸ ਕਤਲ ਨੂੰ ਅੰਜਾਮ ਦਿੱਤਾ। ਫਿਲਹਾਲ ਪੁਲਿਸ ਨੇ ਜਗਰੂਪ ਸਿੰਘ, ਕਸ਼ਮੀਰ ਸਿੰਘ ਵਾਸੀ ਪਿੰਡ ਧਾਰੜ, ਇਕਬਾਲ ਕੌਰ ਵਾਸੀ ਧਾਰੜ, ਵਰਿੰਦਰ ਸਿੰਘ, ਸੁੱਖਾ ਸਿੰਘ ਵਾਸੀ ਤਖਤੂਚੱਕ ਥਾਣਾ ਵੈਰੋਵਾਲ ਜ਼ਿਲ੍ਹਾ ਤਰਨਤਾਰਨ ਦੇ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਵੱਲੋਂ ਇਨ੍ਹਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

ਪਿੰਡ ਧਾਰੜ ਦੇ ਕਸ਼ਮੀਰ ਸਿੰਘ ਦੀ ਲੜਕੀ ਦੀ ਸਾਲ 2011 ਵਿਚ ਮੌਤ ਹੋ ਗਈ ਸੀ। ਉਸ ਨੂੰ ਸ਼ੱਕ ਸੀ ਕਿ ਉਸ ਦੀ ਲੜਕੀ ਦਲਜੀਤ ਕੌਰ ਜੋ ਕਿ ਐੱਮਕੇ ਹੋਟਲ ਵਿਚ ਨੌਕਰੀ ਕਰਦੀ ਸੀ, ਦੇ ਨਾਲ ਕੁਲਬੀਰ ਸਿੰਘ ਦੇ ਨਾਜਾਇਜ਼ ਸਬੰਧ ਸਨ। ਉਸ ਦੀ ਧੀ ਦੀ ਮੌਤ ਤੋਂ ਬਾਅਦ ਕਸ਼ਮੀਰ ਸਿੰਘ ਦੇ ਪਰਿਵਾਰ ਵਾਲਿਆਂ ਨੇ ਥਾਣਾ ਸਿਵਲ ਲਾਈਨ ਵਿਚ ਉਸ ਦੇ ਲੜਕੇ



ਕੁਲਬੀਰ ਸਿੰਘ ਖ਼ਿਲਾਫ਼ ਕਤਲ ਦਾ ਕੇਸ ਵੀ ਦਰਜ ਕਰਵਾਇਆ ਸੀ। ਮ੍ਰਿਤਕ ਕਰੀਬ 2 ਸਾਲ ਜੇਲ੍ਹ ਵਿਚ ਵੀ ਰਿਹਾ ਜਿਸ ਤੋਂ ਬਾਅਦ ਉਸ ਨੂੰ ਬਰੀ ਕਰ ਦਿੱਤਾ ਗਿਆ ਸੀ। ਪਰਿਵਾਰ ਨੂੰ ਰੰਜਿਸ਼ ਸੀ ਕਿ ਕੁਲਬੀਰ ਸਿੰਘ ਹੀ ਉਨ੍ਹਾਂ ਦੀ ਧੀ ਦੀ ਮੌਤ ਦਾ ਕਾਰਨ ਹੈ ਅਤੇ ਅਦਾਲਤ ਨੇ ਵੀ ਉਸ ਨੂੰ ਬਰੀ ਕਰ ਦਿੱਤਾ ਹੈ। ਮੁਲਜ਼ਮ ਦਾ ਰਿਸ਼ਤੇਦਾਰ ਜਗਰੂਪ ਸਿੰਘ ਅਮਰੀਕਾ ਰਹਿੰਦਾ ਹੈ। ਲੜਕੀ ਦੇ ਪਿਤਾ ਕਸ਼ਮੀਰ ਸਿੰਘ ਅਤੇ ਮਾਤਾ ਇਕਬਾਲ ਕੌਰ ਨੇ ਉਸ ਨਾਲ ਸੰਪਰਕ ਕੀਤਾ। ਇਸ ਤੋਂ ਬਾਅਦ ਜਗਰੂਪ ਸਿੰਘ ਨੇ ਵਰਿੰਦਰ ਸਿੰਘ ਅਤੇ ਸੁੱਖਾ ਸਿੰਘ ਨੂੰ ਸੁਪਾਰੀ ਦਿੱਤੀ ਅਤੇ ਕੁਲਬੀਰ ਸਿੰਘ ਨੂੰ ਗੋਲੀ ਮਾਰ ਕੇ ਮਰਵਾ ਦਿੱਤਾ।

ਉਹ ਲੋਕਾਂ ਨੂੰ ਦੁੱਧ ਦੇ ਕੇ ਆਪਣੀ ਕਾਰ ਵਿਚ ਘਰ ਪਰਤ ਰਿਹਾ ਸੀ ਤਾਂ ਰਸਤੇ ਵਿਚ ਦੋ ਹਮਲਾਵਰਾਂ ਨੇ ਉਸ ਨੂੰ ਰੋਕ ਲਿਆ ਅਤੇ ਕਾਰ ਦਾ ਸ਼ੀਸ਼ਾ ਖੜਕਾਉਂਦੇ ਹੋਏ ਕਾਰ ਦੀ ਖਿੜਕੀ ਖੁਲ੍ਹਵਾਈ। ਸ਼ੀਸ਼ਾ ਖੋਲ੍ਹਦੇ ਹੀ ਹਮਲਾਵਰਾਂ ਨੇ ਉਸ 'ਤੇ ਗੋਲੀਆਂ ਚਲਾ ਦਿੱਤੀਆਂ। ਉਸ ਨੂੰ ਤਿੰਨ ਗੋਲੀਆਂ ਲੱਗੀਆਂ। ਪੁਲਿਸ ਨੇ ਮ੍ਰਿਤਕ ਦੇ ਪਿਤਾ ਅਮਰੀਕ ਸਿੰਘ ਦੀ ਸ਼ਿਕਾਇਤ 'ਤੇ ਕੇਸ ਦਰਜ ਕਰ ਲਿਆ। ਡੀਐੱਸਪੀ ਜੰਡਿਆਲਾ ਗੁਰੂ ਰਵਿੰਦਰ ਸਿੰਘ ਨੇ ਦੱਸਿਆ ਕਿ ਹਮਲਾਵਰਾਂ ਦੀ ਪਛਾਣ ਕਰ ਲਈ ਗਈ ਹੈ ਅਤੇ ਜਲਦੀ ਹੀ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਸੈਕਸ ਸ਼ੋਸ਼ਣ ਨਾ ਹੋ ਸਕਿਆ ਤਾਂ ਨੌਜਵਾਨ ਨੇ ਦੋਸਤ ਦੇ ਗੁਪਤ ਅੰਗ ਵਿਚ ਕੰਪ੍ਰੈਸ਼ਰ ਨਾਲ ਭਰੀ ਹਵਾ, ਫਿਰ ਹੋਇਆ ਫ਼ਰਾਰ

## ✪ ਪੀੜਤ ਦੀਆਂ ਅੰਤੜੀਆਂ ਫਟੀਆਂ, ਹਸਪਤਾਲ ਦਾਖਲ, ਮਾਮਲਾ ਦਰਜ

ਨੋਇਡਾ-ਨੋਇਡਾ ਦੇ ਕਾਸਨਾ ਥਾਣਾ ਖੇਤਰ 'ਚ ਸਥਿਤ ਮੋਟਰ ਗੈਰਾਜ 'ਚ ਕੰਮ ਕਰਨ ਵਾਲੇ ਇਕ ਵਿਅਕਤੀ ਨੇ ਕਥਿਤ ਤੌਰ 'ਤੇ ਆਪਣੀ ਇਕ ਸਾਥੀ ਨਾਲ ਸੈਕਸ ਸ਼ੋਸ਼ਣ ਕਰਨ ਦੀ ਕੋਸ਼ਿਸ਼ ਕੀਤੀ ਗਈ। ਜਦੋਂ ਉਸ ਨੇ ਵਿਰੋਧ ਕੀਤਾ ਤਾਂ ਦੋਸਤ ਨੇ 'ਕੰਪ੍ਰੈਸਰ' ਨਾਲ ਉਸ ਦੇ ਗੁਪਤ ਅੰਗਾਂ 'ਚ ਹਵਾ ਭਰ ਦਿੱਤੀ, ਜਿਸ ਕਾਰਨ ਉਸ ਦੀਆਂ ਅੰਤੜੀਆਂ ਫਟ ਗਈਆਂ। ਦੱਸ ਦੇਈਏ ਕਿ ਪੀੜਤ ਨੌਜਵਾਨ ਹਸਪਤਾਲ ਵਿਚ ਜੇਰੇ ਇਲਾਜ ਹੈ।

ਕਾਸਨਾ ਥਾਣਾ ਇੰਚਾਰਜ ਇੰਸਪੈਕਟਰ ਵਿਨੋਦ ਕੁਮਾਰ ਨੇ ਦੱਸਿਆ ਕਿ ਇਕ ਵਿਅਕਤੀ ਨੇ ਥਾਣੇ ਵਿਚ ਸ਼ਿਕਾਇਤ ਦਰਜ ਕਰਵਾਈ ਕਿ ਕਸਨਾ ਸਥਿਤ ਇਕ ਮੋਟਰ ਗੈਰੇਜ 'ਚ ਕੰਮ ਕਰਦੇ ਉਸ ਦੇ ਭਰਾ ਨਾਲ ਉਸ ਦੇ ਸਾਥੀ ਰੋਹਿਤ ਵਰਮਾ ਨੇ ਜਬਰ-ਜ਼ਨਾਹ ਕਰਨ ਦੀ ਕੋਸ਼ਿਸ਼ ਕੀਤੀ। ਜਦੋਂ ਉਸ ਨੇ ਇਸ ਦਾ ਵਿਰੋਧ ਕੀਤਾ ਤਾਂ ਉਸ ਨੇ ਉਸ ਦੇ ਭਰਾ ਦੇ ਗੁਪਤ ਅੰਗ ਵਿਚ ਹਵਾ ਭਰ ਦਿੱਤੀ, ਜਿਸ ਕਾਰਨ ਉਸ ਦੀਆਂ ਅੰਤੜੀਆਂ ਫਟ ਗਈਆਂ। ਇਸ ਸਮੇਂ ਉਸ ਦੀ ਹਾਲਤ ਗੰਭੀਰ ਬਣੀ ਹੋਈ ਹੈ।

ਉਹਨਾਂ ਨੇ ਦੱਸਿਆ ਕਿ ਪੀੜਤ ਨੂੰ ਇਕ ਹਸਪਤਾਲ ਵਿਚ ਇਲਾਜ ਲਈ ਭਰਤੀ ਕਰਵਾਇਆ ਗਿਆ ਹੈ। ਪੀੜਤ ਨੇ ਦੋਸ਼ ਲਗਾਇਆ ਕਿ ਰੋਹਿਤ ਦੇ ਨਾਲ ਦੋ ਹੋਰ ਲੋਕ ਵੀ ਇਸ ਘਟਨਾ ਵਿਚ ਸ਼ਾਮਲ ਹਨ। ਥਾਣਾ ਇੰਚਾਰਜ ਨੇ ਦੱਸਿਆ ਕਿ ਘਟਨਾ ਦੀ ਰਿਪੋਰਟ ਦਰਜ ਕਰਕੇ ਪੁਲਸ ਨੇ ਇਸ ਮਾਮਲੇ ਦੀ ਜਾਂਚ ਕਰਨੀ ਸ਼ੁਰੂ ਕਰ ਦਿੱਤੀ ਹੈ।

# ਹਾਈਕੋਰਟ ਤੋਂ ਰਾਹਤ ਬਾਅਦ ਆਈ ਜੀ ਉਮਰਾਨੰਗਲ ਨੂੰ ਮੁੜ ਤੋਂ ਅਹੁਦਾ ਮਿਲਿਆ

## ✪ ਨੀਤੀ ਅਤੇ ਨਿਯਮ ਵਿਭਾਗ ਦੀ ਜ਼ਿੰਮੇਵਾਰੀ ਦਿੱਤੀ ਗਈ

ਜਲੰਧਰ-ਬਹਿਬਲਕਲਾਂ ਤੇ ਕੋਟਕਪੂਰਾ ਵਿੱਚ ਗੋਲੀ ਦੇ ਇਲਜ਼ਾਮ ਵਿੱਚ ਸਸਪੈਂਡ ਆਈਜੀ ਪਰਮਰਾਜ ਸਿੰਘ ਉਮਰਾਨੰਗਲ ਨੂੰ ਮੁੜ ਤੋਂ ਅਹੁਦਾ ਮਿਲ ਗਿਆ। ਉਨ੍ਹਾਂ ਨੂੰ ਨੀਤੀ ਅਤੇ ਨਿਯਮ ਵਿਭਾਗ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ। ਉਮਰਾਨੰਗਲ 1995 ਬੈਚ ਦੇ ਆਈਪੀਐਸ ਅਧਿਕਾਰੀ ਹਨ। ਪੰਜਾਬ ਹਰਿਆਣਾ ਹਾਈਕੋਰਟ ਨੇ ਇਸੇ ਸਾਲ ਦੇ ਸ਼ੁਰੂਆਤ ਵਿੱਚ ਉਨ੍ਹਾਂ ਨੂੰ ਬਹਾਲ ਕੀਤਾ ਸੀ, ਪਰ ਪੰਜਾਬ ਸਰਕਾਰ ਵੱਲੋਂ 4 ਮਹੀਨੇ ਤੱਕ ਹੁਕਮਾਂ ਦੀ ਪਾਲਨਾ ਨਾ ਕਰਨ 'ਤੇ ਨੋਟਿਸ ਜਾਰੀ ਕਰਕੇ 15 ਦਿਨਾ ਦਾ ਅਲਟੀਮੇਟਮ ਦਿੱਤਾ ਸੀ ਜਿਸ ਤੋਂ ਬਾਅਦ ਪੰਜਾਬ ਸਰਕਾਰ ਨੇ ਜੁਲਾਈ ਵਿੱਚ ਉਮਰਾਨੰਗਲ ਨੂੰ ਬਹਾਲ ਕੀਤਾ ਅਤੇ ਹੁਣ ਅਹੁਦਾ ਵੀ ਦੇ ਦਿੱਤਾ ਹੈ। ਉਮਰਾਨੰਗਲ ਨੇ ਆਪਣੇ ਸਸਪੈਂਸ਼ਨ ਨੂੰ ਹਾਈਕੋਰਟ ਨੂੰ ਚੁਣੌਤੀ ਦਿੱਤੀ ਸੀ। ਅਦਾਲਤ ਨੇ ਉਮਰਾਨੰਗਲ ਦੇ ਹੱਕ ਵਿੱਚ ਫੈਸਲਾ ਸੁਣਾਉਂਦੇ ਹੋਏ ਕਿਹਾ ਅਸੀਂ ਕਿਸੇ ਵੀ ਅਫ਼ਸਰ ਨੂੰ ਜ਼ਿਆਦਾ ਦੇਰ ਸਸਪੈਂਡ ਨਹੀਂ ਰੱਖ ਸਕਦੇ ਹਾਂ।

ਆਈਜੀ ਪਰਮਰਾਜ ਉਮਰਾਨੰਗਲ ਖ਼ਿਲਾਫ਼ ਤਿੰਨ ਐਫਆਈਆਰ ਦਰਜ ਕੀਤੀਆਂ ਗਈਆਂ ਸਨ, ਜਿਨ੍ਹਾਂ ਵਿੱਚੋਂ ਇੱਕ ਕੋਟਕਪੂਰਾ ਗੋਲੀਬਾਰੀ, ਦੂਜੀ ਬਹਿਬਲ ਕਲਾਂ



ਗੋਲੀਬਾਰੀ ਅਤੇ ਤੀਜੀ ਐਨਡੀਪੀਐਸ ਐਕਟ ਤਹਿਤ ਦਰਜ ਕੀਤੀ ਗਈ ਸੀ। ਇਨ੍ਹਾਂ ਵਿੱਚੋਂ ਉਹ ਪਹਿਲਾਂ ਹੀ ਐੱਨਡੀਪੀਐਸ ਕੇਸ ਵਿੱਚੋਂ ਬਰੀ ਹੋ ਚੁੱਕੇ ਹਨ। ਇਨ੍ਹਾਂ ਸਾਰੇ ਮਾਮਲਿਆਂ ਵਿੱਚ ਸਰਕਾਰ ਨੇ ਉਸ ਨੂੰ ਮੁਅੱਤਲ ਕਰ ਦਿੱਤਾ ਸੀ।

ਉਮਰਾਨੰਗਲ ਨੇ ਆਪਣੀ ਮੁਅੱਤਲੀ ਦੇ ਇਨ੍ਹਾਂ ਹੁਕਮਾਂ ਨੂੰ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ ਅਤੇ ਇਨ੍ਹਾਂ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ। 2 ਫਰਵਰੀ ਨੂੰ ਹਾਈਕੋਰਟ ਦੇ ਡਿਵੀਜ਼ਨ ਬੈਂਚ ਨੇ ਉਸ ਦੀ ਮੰਗ ਨੂੰ ਜਾਇਜ਼ ਮੰਨਦਿਆਂ ਉਸ ਦੇ ਤਿੰਨੋਂ ਮੁਅੱਤਲੀ ਹੁਕਮਾਂ ਨੂੰ ਰੱਦ ਕਰਕੇ ਉਸ ਨੂੰ ਵੱਡੀ ਰਾਹਤ ਦਿੱਤੀ ਸੀ।

# ਯੂਪੀ ਵਿਚ ਯੋਗੀ ਨੇ ਹਿੰਦੂ ਭਾਈਚਾਰੇ ਨੂੰ ਕੀਤਾ ਸਾਵਧਾਨ ਛੱਡੀ ਫਿਰਕੂ ਛੁਰਲੀ

## ✪ ਅਖੇ ਭਾਰਤ ਵਿਚ ਬੰਗਲਾਦੇਸ਼ ਵਰਗੇ ਹਾਲਾਤ ਬਣ ਸਕਦੇ ਨੇ

ਦਿੱਲੀ-ਇਹ ਹੈਰਾਨੀ ਦੀ ਗੱਲ ਹੈ ਕਿ ਭਾਰਤ ਵਿਚ ਅੱਜਕੱਲ੍ਹ ਭਾਜਪਾ ਦਾ ਲਗਭਗ ਹਰ ਨੇਤਾ ਇਹ ਡਰ ਵਿਖਾ ਰਿਹਾ ਹੈ ਕਿ ਬੰਗਲਾਦੇਸ਼ ਵਾਂਗ ਹੋ ਜਾਵੇਗਾ ਜਾਂ ਬੰਗਲਾਦੇਸ਼ ਵਰਗਾ ਹੋ ਜਾਂਦਾ ਜੇਕਰ ਦੇਸ਼ ਵਿਚ ਮਜ਼ਬੂਤ ਸਰਕਾਰ ਨਾ ਹੁੰਦੀ।

ਇਹ ਗੱਲ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਨੇ ਕਹੀ ਹੈ। ਉਨ੍ਹਾਂ ਨੇ ਬੀਤੇ ਦਿਨੀਂ ਇਕ ਪ੍ਰੋਗਰਾਮ ਵਿਚ ਹਿੰਦੂਆਂ ਨੂੰ ਇਕਜੁੱਟ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਦੇ ਸ਼ਬਦ ਸਨ, 'ਵੰਡਾਂਗੇ ਤਾਂ ਕਟਾਂਗੇ।' ਫਿਰ ਉਨ੍ਹਾਂ ਨੇ ਕਿਹਾ ਕਿ ਭਾਰਤ ਵਿਚ ਬੰਗਲਾਦੇਸ਼ ਵਰਗੇ ਹਾਲਾਤ ਬਣ ਸਕਦੇ ਹਨ। ਇਸੇ ਤਰ੍ਹਾਂ ਭਾਜਪਾ ਦੀ ਸੰਸਦ ਮੈਂਬਰ



ਕੰਗਨਾ ਰਣੌਤ ਨੇ ਕਿਹਾ ਕਿ ਕਿਸਾਨ ਅੰਦੋਲਨ ਸਮੇਂ ਜੇਕਰ ਮਜ਼ਬੂਤ ਸਰਕਾਰ ਨਾ ਹੁੰਦੀ ਤਾਂ ਬੰਗਲਾਦੇਸ਼ ਵਰਗੀ ਸਥਿਤੀ ਬਣ ਜਾਂਦੀ। ਦਰਅਸਲ ਇਨ੍ਹਾਂ ਆਗੂਆਂ ਨੂੰ ਜੇਕਰ ਠੀਕ ਤਰ੍ਹਾਂ ਪਤਾ ਹੁੰਦਾ ਕਿ ਬੰਗਲਾਦੇਸ਼ ਵਿਚ ਕੀ ਹੋਇਆ ਹੈ ਤਾਂ ਇਹ ਭਾਰਤ ਵਿਚ ਉਸ ਤਰ੍ਹਾਂ ਹੋਣ ਦੀ ਗੱਲ ਨਾ ਕਰਦੇ। ਬੰਗਲਾਦੇਸ਼ ਵਿਚ ਕੱਟੜਪੰਥੀ ਬਹੁਗਿਣਤੀ ਆਬਾਦੀ ਨੇ ਸਰਕਾਰ ਖ਼ਿਲਾਫ਼ ਅੰਦੋਲਨ ਛੇੜਿਆ ਅਤੇ ਤਖ਼ਤਾ ਪਲਟ ਕਰ ਦਿੱਤਾ।

ਉਸ ਤੋਂ ਬਾਅਦ ਬਹੁਗਿਣਤੀ ਆਬਾਦੀ ਦੇ ਕੁਝ ਲੋਕ ਘੱਟ-ਗਿਣਤੀਆਂ 'ਤੇ ਹਮਲੇ ਕਰ ਰਹੇ ਹਨ। ਜੇਕਰ ਅਜਿਹਾ ਕੁਝ ਭਾਰਤ ਵਿਚ ਹੋਵੇਗਾ ਤਾਂ ਕੀ ਹੋਵੇਗਾ? ਇਹ ਬਹੁਗਿਣਤੀ ਕੌਣ ਹੈ ਅਤੇ ਉਸ ਵਿਚ ਵੀ ਕੱਟੜਪੰਥੀ ਕੌਣ ਹਨ?

ਬੰਗਲਾਦੇਸ਼ ਵਰਗਾ ਕੁਝ ਹੋਇਆ ਤਾਂ ਕੱਟੜਪੰਥੀ ਬਹੁਗਿਣਤੀ ਕਿਸ ਉੱਪਰ ਜ਼ੁਲਮ ਕਰੇਗੀ? ਪਰ ਕਿਉਂਕਿ ਅਜਿਹੀਆਂ ਤਰਕਸ਼ੀਲ ਗੱਲਾਂ ਨਾਲ ਭਾਜਪਾ ਆਗੂਆਂ ਦਾ ਨਾਤਾ ਨਹੀਂ ਹੈ, ਇਸ ਲਈ ਉਹ ਇਹ ਭੈਅ ਦਿਖਾ ਰਹੇ ਹਨ ਕਿ ਬੰਗਲਾਦੇਸ਼ 'ਚ ਬਹੁਗਿਣਤੀ ਨੇ ਜੋ ਕੀਤਾ, ਉਹੀ ਕੰਮ ਭਾਰਤ ਵਿਚ ਘੱਟ-ਗਿਣਤੀਆਂ ਕਰ ਸਕਦੀਆਂ ਹਨ। ਇਸ ਦੇ ਲਈ ਬੰਗਲਾਦੇਸ਼ ਦਾ ਨਾਂਅ ਲਿਆਉਣ ਦੀ ਕੀ ਲੋੜ ਹੈ? ਭਾਜਪਾ ਆਗੂਆਂ ਦੀ ਵੱਡੀ ਜਮਾਤ ਤਾਂ ਪਹਿਲਾਂ ਤੋਂ ਹੀ ਹਰ ਤਰ੍ਹਾਂ ਦੀਆਂ ਘੱਟ-ਗਿਣਤੀਆਂ ਨੂੰ ਦੇਸ਼ ਭਗਤੀ ਦੇ ਕਟਹਿਰੇ 'ਚ ਖੜ੍ਹਾ ਕਰ ਰਹੀ ਹੈ।

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਵਿਰਸਾ ਸਿੰਘ ਵਲਟੋਹਾ ਮਹਾਰਾਜਾ ਰਣਜੀਤ ਸਿੰਘ ਦੀ ਤੁਲਨਾ ਸੁਖਬੀਰ ਬਾਦਲ ਨਾਲ ਕਿਉਂ ਕਰ ਰਹੇ ਹਨ ?

**✪ ਸੁਖਬੀਰ ਨੇ ਸਿਖਾਂ ਉਪਰ ਗੋਲੀਆਂ ਚਲਾਈਆਂ, ਪਰ ਸ਼ੇਰੇ ਪੰਜਾਬ ਆਪਣੀ ਮੌਤ ਤੋਂ ਬਾਅਦ ਸਿੱਖ ਜਗਤ ਦੇ ਨਾਇਕ ਹਨ ✪ ਹੁਣ ਜਿਮਨੀ ਚੋਣਾਂ ਬਾਦਲ ਅਕਾਲੀ ਦਲ ਲਈ ਲੜਨੀਆਂ ਸੌਖੀਆਂ ਨਹੀਂ ✪ ਸੁਖਬੀਰ ਨੂੰ ਅਕਾਲੀ ਦਲ ਵਿਚੋਂ ਖਾਰਜ ਕਰਨ ਬਾਰੇ ਸਿਖਾਂ ਦੀਆਂ ਸ਼ਿਕਾਇਤਾਂ ਪੁੱਜਣ ਲੱਗੀਆਂ**



ਸਾਬਕਾ ਖਾੜਕੂ ਤੇ ਅਕਾਲੀ ਦਲ ਦੇ ਸਾਬਕਾ ਵਿਧਾਇਕ ਵਿਰਸਾ ਸਿੰਘ ਦੀ ਸਿਖ ਪੰਥ ਪ੍ਰਤੀ ਨਿਸ਼ਠਾ ਰੱਖਣ ਤੇ ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਬਚਾਉਣ ਦੀ ਥਾਂ ਸੁਖਬੀਰ ਸਿੰਘ ਬਾਦਲ ਦਾ ਡੁਬਦਾ ਸਿਆਸੀ ਬੇੜਾ ਕਿਉਂ ਬਚਾਉਣਾ ਚਾਹੁੰਦੇ ਹਨ, ਜਿਸਨੂੰ ਅਕਾਲ ਤਖਤ ਸਾਹਿਬ ਨੇ ਗੁਨਾਹਗਾਰਾਂ ਦੇ ਕਟਹਿਰੇ ਵਿਚ ਖੜਾ ਕਰ ਦਿਤਾ ?

ਹੁਣੇ ਜਿਹੇ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਕਰਾਰ ਦੇਣ ਦੇ ਫੈਸਲੇ 'ਤੇ ਸਾਬਕਾ ਵਿਧਾਇਕ ਤੇ ਸਾਬਕਾ ਖਾੜਕੂ ਵਿਰਸਾ ਸਿੰਘ ਵਲਟੋਹਾ ਨੇ ਕਿਹਾ ਸੀ ਕਿ ਸੁਖਬੀਰ ਸਿੰਘ ਅਕਾਲ ਤਖਤ ਸਾਹਿਬ 'ਤੇ ਜਾ ਕੇ ਪੇਸ਼ ਹੋਣਗੇ ਅਤੇ ਜੋ ਵੀ ਸਜ਼ਾ ਅਕਾਲ ਤਖਤ ਸਾਹਿਬ ਵੱਲੋਂ ਦਿੱਤੀ ਜਾਵੇਗੀ, ਉਸ ਨੂੰ ਪ੍ਰਵਾਨ ਕੀਤਾ ਜਾਵੇਗਾ। ਸਜ਼ਾ ਭੁਗਤਣ ਤੋਂ ਬਾਅਦ ਅਕਾਲ ਤਖਤ ਸਾਹਿਬ ਤੋਂ ਹੀ ਉਨ੍ਹਾਂ ਨੂੰ ਦੋਸ਼ ਮੁਕਤ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਜਦੋਂ ਮਹਾਰਾਜਾ ਰਣਜੀਤ ਸਿੰਘ ਨੂੰ ਅਕਾਲੀ ਬਾਬਾ ਫੂਲਾ ਸਿੰਘ ਨੇ ਪੇਸ਼ ਹੋਣ ਲਈ ਕਿਹਾ ਸੀ ਤਾਂ ਉਸ ਸਮੇਂ ਮਹਰਾਜਾ ਰਣਜੀਤ ਸਿੰਘ ਮਹਾਰਾਜਾ ਦੀ ਉਪਾਧੀ ਛੱਡ ਕੇ ਪੇਸ਼ ਨਹੀਂ ਹੋਏ ਸੀ। ਉਸ ਵਕਤ ਮਹਾਰਾਜਾ ਦਾ ਅਹੁਦਾ ਉਨ੍ਹਾਂ ਦੇ ਕੋਲ ਸੀ। ਸੁਖਬੀਰ ਫਿਰ ਅਹੁਦਾ ਕਿਉਂ ਛਡਣ ?

ਸੁਆਲ ਤਾਂ ਇਹ ਹੈ ਕੀ ਸ਼ੇਰੇ ਪੰਜਾਬ ਦੀ ਤੁਲਨਾ ਸੁਖਬੀਰ ਵਰਗੇ ਗੁਨਾਹਗਾਰ ਨਾਲ ਹੋ ਸਕਦੀ ਏ ?

ਵਲਟੋਹਾ ਜੁਆਬ ਦੇਣ ਕਿ ਮਹਾਰਾਜਾ ਰਣਜੀਤ ਸਿੰਘ ਦੀ ਪੇਸ਼ੀ ਅਕਾਲ ਤਖਤ ਉਪਰ ਪੇਸ਼ੀ ਕਦੋਂ ਹੋਈ ਕਿਹੜੇ ਦੋਸ਼ ਕਾਰਣ ਹੋਈ। ਇਹ ਗਪ ਮਿਥਕ ਇਤਿਹਾਸ ਬਣਾਕੇ ਅੰਗਰੇਜ਼ ਲੇਖਕਾਂ ਨੇ ਖਾਲਸਾ ਰਾਜ ਦੇ ਖਾਤਮੇ ਬਾਅਦ ਢਾਡੀਆਂ ਵਲੋਂ ਪੇਸ਼ ਕੀਤੀ ਗਈ ਜਿਸ ਦਾ ਕੋਈ ਇਤਿਹਾਸਕ ਆਧਾਰ ਤੇ ਸਮਕਾਲੀਨ ਦਸਤਾਵੇਜ਼ ਨਹੀਂ ਹੈ। ਦੂਸਰਾ ਮਹਾਰਾਜਾ ਰਣਜੀਤ ਸਿੰਘ ਉਪਰ ਅਜਿਹਾ ਕੋਈ ਦੋਸ਼ ਨਹੀਂ ਕਿ ਉਸਨੇ ਸਿਖ ਪੰਥ ਵਿਰੁਧ ਗੁਨਾਹ ਕੀਤੇ। ਮਹਾਰਾਜਾ ਰਣਜੀਤ ਸਿੰਘ ਹਮੇਸ਼ਾ ਪੰਥ ਅਗੇ ਝੁਕਿਆ। ਸਿਖ ਪੰਥ ਉਸ ਦੀ ਮੌਤ ਤੋਂ ਬਾਅਦ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ ਜਰਨੈਲ ਮੰਨਕੇ ਖਾਲਸਾ ਰਾਜ ਲਈ ਜੰਗਾਂ ਲੜਿਆ।

ਖਾਲਸਾ ਪੰਥ ਆਖਰੀ ਜੰਗ ਗੁਜਰਾਤ ਵਾਲੀ ਜੰਗ ਅੰਗਰੇਜ਼ਾਂ ਖਿਲਾਫ ਹਾਰਿਆ ਤਾਂ ਮਹਾਰਾਜਾ ਰਣਜੀਤ ਸਿੰਘ ਦਾ ਨਾਮ ਲੈਕੇ ਰੋਇਆ ਕਿ ਅੱਜ ਮਹਾਰਾਜਾ ਰਣਜੀਤ ਸਿੰਘ ਮਰਿਆ ਹੈ। ਇਹ ਇਤਿਹਾਸ ਹੈ ਖਾਲਸਾ ਪੰਥ ਸ਼ੇਰੇ ਪੰਜਾਬ ਦੀ ਰੂਹ ਵਿਚ ਜੀਉਂਦਾ ਸੀ,ਤੇ ਸ਼ੇਰੇ ਪੰਜਾਬ ਖਾਲਸਾ ਪੰਥ ਵਿਚ। ਇਹ ਅਟੁਟ ਬੰਧਨ ਸੀ। ਅੱਜ ਵੀ ਖਾਲਸਾ ਪੰਥ ਦੀ ਰੂਹ ਵਿਚ ਸ਼ੇਰੇ ਪੰਜਾਬ ਜਿਊਂਦਾ ਹੈ। ਕੀ ਸੁਖਬੀਰ ਬਾਦਲ ਖਾਲਸਾ ਪੰਥ ਦੀ ਰੂਹ ਵਿਚ ਜਿਊਂਦਾ ਹੈ ?

ਸੁਆਲ ਇਹ ਹੈ ਵਲਟੋਹਾ ਸੁਖਬੀਰ ਸਿੰਘ ਬਾਦਲ ਦੇ ਗੁਨਾਹਾਂ ਬਾਰੇ ਚੁਪ ਕਿਉਂ ਹਨ, ਕਿਉਂ ਬਾਦਲ ਪਰਿਵਾਰ ਦੇ ਵਕੀਲ ਬਣੇ ਹੋਏ ਹਨ ?

ਅੱਜ ਸਿਖ ਰਾਜਨੀਤੀ ਦੇ ਹਾਲਾਤ ਇਹ ਹਨ ਕਿ ਸਿਖ ਪੰਥ ਸੁਖਬੀਰ ਬਾਦਲ ਦੇ ਵਿਰੋਧ ਵਿਚ ਹੈ ਅਤੇ ਕਈ ਪਿੰਡਾਂ ਤੋਂ ਅਕਾਲ ਤਖਤ ਸਾਹਿਬ ਨੂੰ ਬੇਨਤੀਆਂ ਭੇਜੀਆਂ ਜਾ ਰਹੀਆਂ ਹਨ ਕਿ ਸੁਖਬੀਰ ਸਿੰਘ ਬਾਦਲ ਨੂੰ ਅਕਾਲੀ ਦਲ ਤੋਂ ਬਾਹਰ ਦਾ ਰਸਤਾ ਦਿਖਾਇਆ ਜਾਵੇ। ਸੁਖਬੀਰ ਦੀਆਂ ਰਾਜਨੀਤਕ ਗਤੀਵਿਧੀਆਂ ਕਾਰਣ ਸਿਖ ਪੰਥ ਦਾ ਵੱਡਾ ਨੁਕਸਾਨ ਹੋ ਸਕਦਾ ਹੈ ਤੇ ਇਸ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਆਪਣੀ ਇਤਿਹਾਸਕ ਹੋਂਦ ਸਥਾਪਤ ਨਹੀਂ ਕਰ ਸਕਦਾ। ਪੰਥਕ ਹਲਕੇ ਅਕਾਲੀ ਦਲ ਦੇ ਨਵੇਂ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ , ਅਕਾਲੀ ਦਲ ਦੇ ਬੁਲਾਰੇ ਤੇ ਸਾਬਕਾ ਵਿਧਾਇਕ ਡਾਕਟਰ ਦਲਜੀਤ ਸਿੰਘ ਚੀਮਾ, ਹਰਸਿਮਰਤ ਕੌਰ ਬਾਦਲ, ਮਹੇਸ਼ ਗਰੇਵਾਲ ਤੇ ਸਾਬਕਾ ਖਾੜਕੂ ਵਿਰਸਾ ਸਿੰਘ ਵਲਟੋਹਾ ਆਦਿ ਨੂੰ ਇਕੋ ਲੜੀ ਵਿਚ ਰਖਦੇ ਹਨ।

ਪੰਥਕ ਹਲਕਿਆਂ ਦਾ ਇਹ ਵੀ ਖਿਆਲ ਹੈ ਕਿ ਜੇਕਰ ਅਕਾਲੀ ਲੀਡਰਸ਼ਿਪ ਬਾਦਲ ਪਰਿਵਾਰ ਅਧੀਨ ਰਹੀ ਗਿਦੜਬਾਹਾ ਜਿਮਨੀ ਚੋਣ ਵਿਚ ਇਹ ਮਹਾਂਬਲੀ ਮਾਈ ਬੁਢੀ ਦੇ ਝਾਟਿਆਂ ਵਾਂਗ ਹਵਾ ਵਿਚ ਉਡਦੇ ਦਿਖਾਈ ਦੇਣਗੇ। ਸੁਖਬੀਰ ਬਾਦਲ ਕੋਲ ਨੈਤਿਕ ਪਾਵਰ ਨਹੀਂ ਹੋਵੇਗੀ ਕਿ ਇਸ ਚੋਣ ਵਿਚ ਪੰਥ ਦੀ ਗੈਰਹਾਜ਼ਰੀ ਤੇ ਸਮਰਥਨ ਬਿਨਾਂ ਵਿਰੋਧੀ ਪਾਰਟੀਆਂ ਦਾ ਮੁਕਾਬਲਾ ਕਰ ਸਕਣ। ਦੂਸਰੇ ਪਾਸੇ ਜਿਮਨੀ ਚੋਣਾਂ ਵਿਚ ਬਾਗੀ ਅਕਾਲੀ ਧੜੇ ਦੀ ਸਰਗਰਮੀ ਨਜ਼ਰ ਨਹੀਂ ਆ ਰਹੀ।

ਅਕਾਲ ਤਖਤ ਸਾਹਿਬ ਦੇ ਪੰਥਕ ਹਿਤੂ ਫੈਸਲੇ ਨੇ ਸੁਖਬੀਰ ਸਿੰਘ ਬਾਦਲ ਨੂੰ ਗੁਨਾਹਗਾਰ ਤੇ ਤਨਖਾਹੀਆ ਠਹਿਰਾਕੇ ਬਾਦਲ ਪਰਿਵਾਰ ਦੇ ਸਿਆਸੀ ਅੰਤਮ ਚਲਾਣੇ ਦੀ ਸਾਖੀ ਦਾ ਆਖਰੀ ਅਧਿਆਇ ਲਿਖ ਦਿਤਾ। ਇੰਜ ਜਾਪ ਰਿਹਾ ਹੈ ਕਿ ਸਿਖ ਪੰਥ ਦੀ ਹੁਣ ਕੋਈ ਲੀਡਰਸ਼ਿਪ ਨਹੀਂ, ਉਸਦੀ ਅਗਵਾਈ ਸਿਰਫ ਸਤਿਗੁਰੂ ਗੁਰੂ ਗ੍ਰੰਥ ਸਾਹਿਬ ਹੀ ਕਰ ਰਹੇ ਹਨ। ਸਿਖ ਪੰਥ ਸਤਿਗੁਰੂ ਦੇ ਆਸਰੇ ਨਾਲ ਚਲ ਰਿਹਾ ਹੈ, ਇਸ ਆਸ ਵਿਚ ਅਕਾਲੀ ਦਲ ਦੀ ਪੁਨਰ ਸਿਰਜਣਾ ਹੋਵੇਗੀ ਤੇ ਨਵੀਂ ਲੀਡਰਸ਼ਿਪ ਪੈਦਾ ਹੋਵੇਗੀ।

ਹੋਲੀ ਹੋਲੀ ਪਿੰਡਾਂ ਵਿਚ ਸਿਖ ਰੋਹ ਵਿਚ ਉਬਾਲਾ ਆ ਰਿਹਾ ਹੈ, ਸੌਦਾ ਸਾਧ ਦੀ ਮਾਫੀ ਤੋਂ ਬਾਅਦ ਪੰਥਕ ਰੋਸ ਵਾਲੇ ਦ੍ਰਿਸ਼ ਬਣ ਰਹੇ ਹਨ। ਪੰਥਕ ਜਥੇਬੰਦੀਆਂ ਸਾਂਝਾ ਮੰਚ ਉਸਾਰਨ ਲਈ ਇਕਠੀਆਂ ਹੋ ਰਹੀਆਂ ਹਨ। ਜੇਕਰ ਅਜਿਹਾ ਵਾਪਰਿਆ ਤਾਂ ਬਾਦਲ ਲੀਡਰਸ਼ਿਪ ਵਲੋਂ ਸਰਗਰਮੀਆਂ ਕਰਨੀਆਂ ਔਖੀਆਂ ਹੋ ਜਾਣਗੀਆਂ।

# ਆਪਣੇ ਸਹਿਯੋਗੀਆਂ ਤੋਂ ਡਰੀ ਕੀ ਭਾਜਪਾ ਭਗਵਾਂ ਆਪਰੇਸ਼ਨ ਲੋਟਸ ਕਰੇਗੀ ?

**✪ 4 ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਦੀ ਵਡੀ ਪ੍ਰਾਪਤੀ ਦੀ ਘਟ ਸੰਭਾਵਨਾ ✪ ਆਪਣੇ ਹੀ ਸਹਿਯੋਗੀ ਅਤੇ ਪੁਰਾਣੇ ਗ਼ੈਰ-ਰਸਮੀ ਤੌਰ 'ਤੇ ਸਹਿਯੋਗੀ ਰਹੇ ਦਲਾਂ ਨੂੰ ਤੋੜਨ ਦੀ ਮੁਹਿੰਮ ਸ਼ੁਰੂ**



ਲਗਦਾ ਹੈ ਕਿ ਭਾਜਪਾ ਦੇ ਸਿਖਰਲੀ ਲੀਡਰਸ਼ਿਪ ਭਾਵ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਮੰਨ ਲਿਆ ਹੈ ਕਿ 4 ਰਾਜਾਂ ਦੀਆਂ ਵਿਧਾਨ ਸਭਾ ਚੋਣਾਂ 'ਚ ਭਾਜਪਾ ਦੇ ਹੱਥ ਕੁਝ ਨਹੀਂ ਲਗਣਾ ਅਤੇ ਨਤੀਜੇ ਆਉਣ ਤੋਂ ਬਾਅਦ ਕੇਂਦਰ 'ਚ ਉਨ੍ਹਾਂ ਦੇ ਸਹਿਯੋਗੀ ਉਨ੍ਹਾਂ ਦੀ ਸਰਕਾਰ ਲਈ ਪ੍ਰੇਸ਼ਾਨੀ ਖੜ੍ਹੀ ਕਰ ਸਕਦੇ ਹਨ।

ਇਸ ਲਈ ਉਨ੍ਹਾਂ ਨੇ ਹੁਣ ਤੋਂ ਉਸ ਸਥਿਤੀ ਨਾਲ ਨਜਿੱਠਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ। ਇਸ ਸਿਲਸਿਲੇ ਵਿਚ ਉਨ੍ਹਾਂ ਨੇ ਆਪਣੇ ਹੀ ਸਹਿਯੋਗੀ ਅਤੇ ਪੁਰਾਣੇ ਗ਼ੈਰ-ਰਸਮੀ ਤੌਰ 'ਤੇ ਸਹਿਯੋਗੀ ਰਹੇ ਦਲਾਂ ਨੂੰ ਤੋੜਨ ਲਈ 'ਆਪਰੇਸ਼ਨ ਲੋਟਸ' ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਦਾ ਨਿਸ਼ਾਨਾ ਸੰਸਦ ਦੇ ਦੋਵਾਂ ਸਦਨਾਂ ਵਿਚ ਭਾਜਪਾ ਦਾ ਬਹੁਮਤ ਕਾਇਮ ਕਰਨ ਦਾ ਹੈ। ਇਸ ਸਮੇਂ ਲੋਕ ਸਭਾ 'ਚ ਭਾਜਪਾ ਨੂੰ ਬਹੁਮਤ ਲਈ 32 ਅਤੇ ਰਾਜ ਸਭਾ 'ਚ 15 ਸੰਸਦ ਮੈਂਬਰਾਂ ਦੀ ਜ਼ਰੂਰਤ ਹੈ। ਭਾਜਪਾ ਨੂੰ ਹਰ ਮੌਕੇ 'ਤੇ ਸੰਸਦ 'ਚ ਸਮਰਥਨ ਦਿੰਦੇ ਰਹੇ ਬੀਜੂ ਜਨਤਾ ਦਲ ਅਤੇ ਵਾਈ.ਐੱਸ.ਆਰ. ਕਾਂਗਰਸ ਦੇ ਰਾਜ ਸਭਾ ਵਿਚ ਕ੍ਰਮਵਾਰ 8 ਅਤੇ 11 ਮੈਂਬਰ ਹਨ। ਬੀਜੂ ਜਨਤਾ ਦਲ ਦੀ ਇਕ ਰਾਜ ਸਭਾ ਮੈਂਬਰ ਹੁਣੇ ਜਿਹੇ ਭਾਜਪਾ ਵਿਚ ਸ਼ਾਮਿਲ ਹੋ ਗਈ ਹੈ। ਇਸੇ ਪਾਰਟੀ ਦੇ ਕੁਝ ਹੋਰ ਸੰਸਦ ਮੈਂਬਰ ਵੀ ਭਾਜਪਾ ਦੇ ਸੰਪਰਕ ਵਿਚ ਹਨ। ਉੱਧਰ ਵਾਈ.ਐੱਸ.ਆਰ. ਕਾਂਗਰਸ ਦੇ ਵੀ ਕੁਝ ਸੰਸਦ ਮੈਂਬਰਾਂ ਨੂੰ ਭਾਜਪਾ ਆਪਣੇ ਨਾਲ ਲਿਆਉਣ ਦੀ ਕੋਸ਼ਿਸ਼ ਵਿਚ ਹੈ। ਲੋਕ ਸਭਾ ਵਿਚ ਬਹੁਮਤ ਦਾ ਅੰਕੜਾ ਛੂਹਣ ਦੀ ਭਾਜਪਾ ਦੀ ਅਜਿਹੀ ਹੀ ਕੋਸ਼ਿਸ਼ ਜਨਤਾ ਦਲ (ਯੂ.) ਅਤੇ ਚਿਰਾਗ ਪਾਸਵਾਨ ਦੀ ਲੋਕ ਜਨਸ਼ਕਤੀ ਪਾਰਟੀ ਨੂੰ ਤੋੜਨ ਲਈ ਚੱਲ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਚਿਰਾਗ ਦੀ ਪਾਰਟੀ ਦੇ 5 ਵਿਚੋਂ 3 ਸੰਸਦ ਮੈਂਬਰ ਭਾਜਪਾ 'ਚ ਸ਼ਾਮਿਲ ਹੋ ਸਕਦੇ ਹਨ। ਭਾਜਪਾ ਦੀ ਯੋਜਨਾ ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਤੋਂ ਬਾਅਦ ਏਕਨਾਥ ਸ਼ਿੰਦੇ ਦੀ ਸ਼ਿਵ ਸੈਨਾ ਨੂੰ ਤੋੜਨ ਦੀ ਵੀ ਹੈ, ਜਿਸ ਦੇ ਲੋਕ ਸਭਾ ਵਿਚ 7 ਸੰਸਦ ਮੈਂਬਰ ਹਨ।

ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਭਾਜਪਾ ਸਫਲ ਨਾ ਹੋਈ ਤਾਂ ਉਸ ਨੂੰ ਸਿਆਸੀ ਦਿਕਤਾਂ ਦਾ ਸਾਹਮਣਾ ਕਰਨਾ ਪਵੇਗਾ। ਉਸ ਦੀਆਂ ਗਠਜੋੜ ਪਾਰਟੀਆਂ ਦਾ ਦਬਾਅ ਵੀ ਵਧੇਗਾ ਤੇ ਭਾਜਪਾ ਦੀ ਸਿਆਸੀ ਇਮਾਨਦਾਰੀ ਉਪਰ ਵਿਸ਼ਵਾਸ ਵੀ ਟੁਟੇਗਾ।

# ਭਾਜਪਾ ਦਾ ਨਵਾਂ ਫਿਰਕੂ ਪੱਤਾ ਕੰਗਨਾ ਵਾਲਾ ਸਿਖ ਪੰਥ ਤੇ ਕਿਸਾਨਾਂ ਵਿਰੁਧ ਬੁਰੀ ਤਰ੍ਹਾਂ ਫੇਲ ਹੋਇਆ

## ✪ ਅਦਾਲਤ ਵਲੋਂ ਹਾਲ ਦੀ ਘੜੀ ਐਮਰਜੈਂਸੀ ਫਿਲਮ ਉਪਰ ਰੋਕ ✪ ਕਿਸਾਨਾਂ ਤੇ ਸਿਖ ਪੰਥ ਵਿਚ ਭਾਜਪਾ ਪ੍ਰਤੀ ਸਖਤ ਰੋਸ

ਭਾਰਤੀ ਜਨਤਾ ਪਾਰਟੀ ਵਿੱਚ ਇਹ ਇੱਕ ਰਣਨੀਤੀ ਹੈ ਕਿ ਇਸਦੇ ਕੱਟੜਪੰਥੀ ਨੇਤਾਵਾਂ ਦੇ ਉਦਾਰਵਾਦੀ ਬਣਨ ਅਤੇ ਫਿਰ ਨਵੇਂ ਕੱਟੜਪੰਥੀ ਨੇਤਾਵਾਂ ਦੇ ਉਭਰਨ ਦਾ ਸਿਲਸਿਲਾ ਚਲਦਾ ਰਹਿੰਦਾ ਹੈ। ਜਿਵੇਂ ਅਟਲ ਬਿਹਾਰੀ ਵਾਜਪਾਈ ਅਤੇ ਲਾਲ ਕ੍ਰਿਸ਼ਨ ਅਡਵਾਨੀ ਵਰਗੇ ਆਗੂ ਸਨ। ਇਨ੍ਹਾਂ ਵਿੱਚੋਂ ਵਾਜਪਾਈ ਉਦਾਰਵਾਦੀ ਅਤੇ ਅਡਵਾਨੀ ਕੱਟੜਪੰਥੀ ਬਣ ਗਏ। ਫਿਰ ਜਦੋਂ ਨਰਿੰਦਰ ਮੋਦੀ ਆਇਆ ਤਾਂ ਮੋਦੀ ਕੱਟੜਪੰਥੀ ਬਣ ਗਿਆ ਅਤੇ ਅਡਵਾਨੀ ਉਦਾਰਵਾਦੀ ਹੋ ਗਿਆ। ਮੋਦੀ ਅਤੇ ਅਮਿਤ ਸ਼ਾਹ ਬਾਰੇ ਭਵਿੱਖ ਵਿੱਚ ਇਹ ਸੰਭਵ ਹੈ ਕਿ ਮੋਦੀ ਉਦਾਰਵਾਦੀ ਬਣ ਸਕਦੇ ਹਨ ਅਤੇ ਸ਼ਾਹ ਕੱਟੜਪੰਥੀ ਬਣ ਸਕਦੇ ਹਨ ਅਤੇ ਫਿਰ ਸ਼ਾਹ ਉਦਾਰਵਾਦੀ ਹੋ ਸਕਦੇ ਹਨ ਅਤੇ ਯੋਗੀ ਆਦਿਤਿਆਨਾਥ ਕੱਟੜਪੰਥੀ ਨੇਤਾ ਬਣ ਸਕਦੇ ਹਨ। ਇਹ ਸਿਲਸਿਲਾ ਮਹਿਲਾ ਆਗੂਆਂ ਵਿੱਚ ਵੀ ਜਾਰੀ ਹੈ। ਸੁਸ਼ਮਾ ਸਵਰਾਜ ਇੱਕ ਉਦਾਰਵਾਦੀ ਚਿਹਰਾ ਸੀ ਜਦੋਂ ਕਿ ਉਮਾ ਭਾਰਤੀ ਇੱਕ ਕੱਟੜਪੰਥੀ ਸੀ। ਫਿਰ ਉਮਾ ਭਾਰਤੀ ਉਦਾਰਵਾਦੀ ਹੋ ਗਈ ਜਾਂ ਰਾਜਨੀਤੀ ਤੋਂ ਬਾਹਰ ਹੋ ਗਈ ਅਤੇ ਉਨ੍ਹਾਂ ਦੀ ਥਾਂ ਸਮ੍ਰਿਤੀ ਇਰਾਨੀ ਨੇ ਲੈ ਲਈ। ਹੁਣ ਲੋਕ ਸਭਾ ਚੋਣਾਂ ਹਾਰਨ ਤੋਂ ਬਾਅਦ ਸਮ੍ਰਿਤੀ ਇਰਾਨੀ ਉਦਾਰਵਾਦੀ ਹੋ ਗਈ ਹੈ ਅਤੇ ਉਸ ਦੀ ਜਗ੍ਹਾ ਕੰਗਨਾ ਰਣੌਤ ਨੇ ਲੈ ਲਈ ਹੈ।

ਲੋਕ ਸਭਾ ਚੋਣਾਂ ਹਾਰਨ ਤੋਂ ਬਾਅਦ ਸਮ੍ਰਿਤੀ ਇਰਾਨੀ ਨੇ ਪਹਿਲੀ ਵਾਰ ਇੱਕ ਲੰਮਾ ਇੰਟਰਵਿਊ ਦਿੱਤਾ, ਜਿਸ ਵਿੱਚ ਉਹ ਰਾਹੁਲ ਗਾਂਧੀ ਦੀ ਰਾਜਨੀਤੀ ਦਾ ਵਿਸ਼ਲੇਸ਼ਣ ਕਰ ਰਹੀ ਹੈ। ਉਸ ਤੋਂ ਜਾਪਦਾ ਸੀ ਕਿ ਉਸ ਦੇ ਸ਼ਬਦਾਂ ਵਿਚ ਰਾਹੁਲ ਗਾਂਧੀ ਪ੍ਰਤੀ ਕੋਈ ਨਫ਼ਰਤ ਨਹੀਂ ਸੀ। ਪਰ ਉਸ ਦੀ ਜਗ੍ਹਾ ਲੈ ਰਹੀ ਕੰਗਨਾ ਰਣੌਤ ਨੇ ਉਦੋਂ ਹੀ ਨਫ਼ਰਤ ਦਿਖਾਈ ਹੈ ਜਦੋਂ ਉਸਨੇ ਹਾਲ ਹੀ ਵਿੱਚ ਆਪਣੀ ਫਿਲਮ ਐਮਰਜੈਂਸੀਦੇ ਪ੍ਰਮੋਸ਼ਨ ਲਈ ਕਈ ਇੰਟਰਵਿਊ ਦਿੱਤੇ ਤੇ ਸਿਖ ਪੰਥ ਵਿਰੁੱਧ ਤਿਖੀਆਂ ਟਿਪਣੀਆਂ ਕੀਤੀਆਂ ਸਨ। ਕੰਗਨਾ ਨੇ ਸਭ ਤੋਂ ਪਹਿਲਾਂ ਕਿਸਾਨਾਂ ਪ੍ਰਤੀ ਨਫ਼ਰਤ ਦਾ ਪ੍ਰਗਟਾਵਾ ਕਰਦਿਆਂ ਕਿਹਾ ਸੀ ਕਿ ਕਿਸਾਨ ਅੰਦੋਲਨ ਵਿੱਚ ਬਲਾਤਕਾਰ ਹੋ ਰਹੇ ਹਨ, ਲਾਸ਼ਾਂ ਲਟਕ ਰਹੀਆਂ ਸਨ ਅਤੇ ਜੇਕਰ ਸਰਕਾਰ ਮਜ਼ਬੂਤ ਨਾ ਹੁੰਦੀ ਤਾਂ ਬੰਗਲਾਦੇਸ਼ ਬਣ ਜਾਣਾ ਸੀ। ਇਸ ਤੋਂ ਬਾਅਦ ਉਨ੍ਹਾਂ ਨੇ ਇੰਦਰਾ ਗਾਂਧੀ ਪ੍ਰਤੀ ਨਫਰਤ ਜ਼ਾਹਿਰ ਕਰਦਿਆਂ ਕਿਹਾ ਸੀ ਕਿ ਜਦੋਂ ਬੰਗਲਾਦੇਸ਼ ਦੀ ਵੰਡ ਹੋਈ ਤਾਂ ਇੰਦਰਾ ਗਾਂਧੀ ਵੀ ਦੇਸ਼ ਨੂੰ ਵੰਡਣਾ ਚਾਹੁੰਦੀ ਸੀ। ਰਾਹੁਲ ਗਾਂਧੀ ਪ੍ਰਤੀ ਨਫ਼ਰਤ ਜ਼ਾਹਰ ਕਰਦੇ ਹੋਏ ਕੰਗਨਾ ਨੇ ਇਕ ਨਿਊਜ਼ ਚੈਨਲ ਦੀ ਐਂਕਰ ਨੂੰ ਪੁੱਛਿਆ ਕਿ ਰਾਹੁਲ ਨੇ ਵਿਰੋਧੀ ਧਿਰ ਦਾ ਨੇਤਾ ਬਣਨ ਲਈ ਅਜਿਹਾ ਕੀ ਕੀਤਾ ਹੈ? ਜਦੋਂ ਐਂਕਰ ਨੇ 99 ਸੀਟਾਂ ਦਾ ਜ਼ਿਕਰ ਕੀਤਾ ਤਾਂ ਕੰਗਨਾ ਐਂਕਰ ਤੋਂ ਗੁੱਸੇ ਵਿਚ ਆ ਗਈ।




ਉਸਨੇ ਨੇ ਜਾਤੀ ਗਣਨਾ ਬਾਰੇ ਵੀ ਆਪਣੀ ਰਾਏ ਦਿੱਤੀ ਕਿ ਇਹ ਨਹੀਂ ਹੋਣੀ ਚਾਹੀਦੀ। ਅਜਿਹਾ ਕਹਿਕੇ ਉਸਨੇ ਦਲਿਤ ਸਮਾਜ ਨੂੰ ਵੀ ਨਰਾਜ਼ ਕਰ ਲਿਆ। ਪਹਿਲਾਂ ਸਮ੍ਰਿਤੀ ਇਰਾਨੀ ਅਜਿਹੀਆਂ ਗੱਲਾਂ ਕਰਦੀ ਸੀ। ਹੁਣ ਇਹ ਕਹਿਣ ਦੀ ਜ਼ਿੰਮੇਵਾਰੀ ਕੰਗਨਾ ਰਣੌਤ ਦੀ ਹੈ।

ਕੰਗਨਾ ਰਣੌਤ ਨੇ ਕਿਸਾਨਾਂ ਵਿਰੁਧ ਜ਼ਹਿਰੀਲਾ ਹਮਲਾ ਬੋਲਣ ਉਪਰੰਤ ਸਿਖ ਪੰਥ ਨੂੰ ਆਪਣੀ ਫਿਲਮ ਐਮਰਜੈਂਸੀ ਰਾਹੀਂ ਨਿਸ਼ਾਨਾ ਬਣਾਇਆ ਹੈ। ਇਸ ਫਿਲਮ ਵਿਚ ਸਿਖਾਂ ਨੂੰ ਹਿੰਦੂਆਂ ਦੇ ਕਾਤਲ ਦਰਸਾਉਣ ਦੀ ਕੋਸ਼ਿਸ਼ ਕੀਤੀ ਹੈ।

ਇਸ ਫਿਲਮ 'ਤੇ ਇਤਰਾਜ਼ ਜਤਾਉਂਦੇ ਹੋਏ ਕੁਝ ਸਿੱਖਾਂ ਨੇ ਪੰਜਾਬ-ਹਰਿਆਣਾ ਹਾਈ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਇਸ ਦੇ ਸਕ੍ਰੀਨਿੰਗ ਸਰਟੀਫਿਕੇਟ ਨੂੰ ਰੱਦ ਕਰਨ ਦੀ ਮੰਗ ਕੀਤੀ ਸੀ।

ਕੰਗਨਾ ਰਣੌਤ ਦੀ ਫ਼ਿਲਮ 'ਐਮਰਜੈਂਸੀ' 'ਤੇ ਰੋਕ ਲਗਾਉਣ ਦੀ ਮੰਗ ਵਾਲੀ ਪਟੀਸ਼ਨ 'ਤੇ ਕੇਂਦਰ ਸਰਕਾਰ ਨੇ ਹਾਈ ਕੋਰਟ ਨੂੰ ਦੱਸਿਆ ਸੀ ਕਿ ਫ਼ਿਲਮ 'ਐਮਰਜੈਂਸੀ' ਨੂੰ ਸੈਂਸਰ ਬੋਰਡ ਨੇ ਸਰਟੀਫਿਕੇਟ ਜਾਰੀ ਨਹੀਂ ਕੀਤਾ। ਕੇਂਦਰ ਦੇ ਇਸ ਜਵਾਬ 'ਤੇ ਹਾਈ ਕੋਰਟ ਨੇ ਪਟੀਸ਼ਨ ਦਾ ਨਿਪਟਾਰਾ ਕਰਦੇ ਹੋਏ ਪਟੀਸ਼ਨਕਰਤਾ ਨੂੰ ਸੈਂਸਰ ਬੋਰਡ ਦੀ ਕਮੇਟੀ ਦੇ ਸਾਹਮਣੇ ਆਪਣੀ ਮੰਗ ਰੱਖਣ ਤੇ ਦੁਬਾਰਾ ਪਟੀਸ਼ਨ ਦਾਇਰ ਕਰਨ ਦੀ ਛੋਟ ਦੇ ਦਿੱਤੀ ਹੈ ਭਾਰਤ ਦੇ ਐਡੀਸ਼ਨਲ ਐਡਵੋਕੇਟ ਜਨਰਲ ਸਤਿਆ ਪਾਲ ਜੈਨ ਨੇ ਸੀਬੀਐਫਸੀ ਵੱਲੋਂ ਅਦਾਲਤ ਵਿਚ ਪੇਸ਼ ਹੋਏ ਕਿਹਾ ਸੀ ਕਿ ਫਿਲਮ 'ਐਮਰਜੈਂਸੀ' ਨੂੰ ਅਜੇ ਤੱਕ ਜਨਤਕ ਸਕ੍ਰੀਨਿੰਗ ਲਈ ਮਨਜ਼ੂਰੀ ਨਹੀਂ ਦਿੱਤੀ ਗਈ ਹੈ। ਇਸ ਫਿਲਮ ਦੇ ਸਰਟੀਫਿਕੇਸ਼ਨ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਪਰ ਇਹ ਸਥਾਪਿਤ ਨਿਯਮਾਂ ਅਨੁਸਾਰ ਹੀ ਹੋਵੇਗਾ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਨੂੰ ਕੋਈ ਸ਼ਿਕਾਇਤ ਹੈ ਤਾਂ ਉਹ ਬੋਰਡ ਨੂੰ ਭੇਜ ਸਕਦੇ ਹਨ। ਇਸ 'ਤੇ ਗੰਭੀਰਤਾ ਨਾਲ ਵਿਚਾਰ ਕਰਕੇ ਕੋਈ ਫੈਸਲਾ ਲਿਆ ਜਾਵੇਗਾ।

ਜੈਨ ਨੇ ਕਿਹਾ ਸੀ ਕਿ ਬੋਰਡ ਕਿਸੇ ਵੀ ਫਿਲਮ ਨੂੰ ਪ੍ਰਮਾਣਿਤ ਕਰਨ ਤੋਂ ਪਹਿਲਾਂ ਕਈ ਪਹਿਲੂਆਂ ਨੂੰ ਧਿਆਨ ਵਿਚ ਰੱਖਦਾ ਹੈ। ਉਹ ਇਹ ਵੀ ਯਕੀਨੀ ਬਣਾਉਂਦਾ ਹੈ ਕਿ ਕਿਸੇ ਵੀ ਧਾਰਮਿਕ ਜਾਂ ਕਿਸੇ ਹੋਰ ਸਮੂਹ ਦੀਆਂ ਭਾਵਨਾਵਾਂ ਨੂੰ ਠੇਸ ਨਾ ਪਹੁੰਚੇ। ਬੋਰਡ ਦੇ ਵਕੀਲ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਅਨਿਲ ਖੇਤਰਪਾਲ ਨੇ ਪਟੀਸ਼ਨ ਦਾ ਨਿਪਟਾਰਾ ਕਰ ਦਿੱਤਾ। ਤੁਹਾਨੂੰ ਦੱਸ ਦੇਈਏ ਕਿ ਆਪਣੇ ਮੋਹਾਲੀ ਦੇ ਗੁਰਿੰਦਰ ਸਿੰਘ ਅਤੇ ਜਗਮੋਹਨ ਸਿੰਘ ਨੇ ਪੰਜਾਬ-ਹਰਿਆਣਾ ਹਾਈਕੋਰਟ ਵਿਚ ਪਟੀਸ਼ਨ ਦਾਇਰ ਕੀਤੀ ਸੀ। ਉਨ੍ਹਾਂ ਨੇ ਸੀਬੀਐਫਸੀ ਵੱਲੋਂ ਫਿਲਮ ਨੂੰ ਦਿੱਤੇ ਕਥਿਤ ਸਰਟੀਫਿਕੇਟ ਨੂੰ ਰੱਦ ਕਰਨ ਅਤੇ ਇਸ ਨੂੰ ਰਿਲੀਜ਼ ਕਰਨ ਤੋਂ ਪਹਿਲਾਂ ਪ੍ਰਸਿੱਧ ਸਿੱਖ ਸ਼ਖਸੀਅਤਾਂ ਤੋਂ ਸਮੀਖਿਆ ਕਰਨ ਦੀ ਇਜਾਜ਼ਤ ਦੇਣ ਦੀ ਮੰਗ ਕੀਤੀ ਸੀ।

ਆਪਣੀ ਪਟੀਸ਼ਨ ਵਿਚ ਦੋਵਾਂ ਵਿਅਕਤੀਆਂ ਨੇ ਇਸ ਫਿਲਮ ਵਿਚ ਕਥਿਤ ਤੌਰ 'ਤੇ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਉਣ ਵਾਲੇ ਦ੍ਰਿਸ਼ਾਂ ਨੂੰ ਹਟਾਉਣ ਦੀ ਮੰਗ ਵੀ ਕੀਤੀ ਸੀ। ਸ਼੍ਰੋਮਣੀ ਅਕਾਲੀ ਦਲ ਨੇ ਸਿੱਖ ਕੌਮ ਨੂੰ ਗਲਤ ਤਰੀਕੇ ਨਾਲ ਪੇਸ਼ ਕਰਨ ਦਾ ਦੋਸ਼ ਲਾਉਂਦਿਆਂ ਇਸ ਫਿਲਮ 'ਤੇ ਪਾਬੰਦੀ ਲਾਉਣ ਅਤੇ ਨਿਰਮਾਤਾਵਾਂ ਵਿਰੁੱਧ ਕੇਸ ਦਰਜ ਕਰਨ ਦੀ ਮੰਗ ਵੀ ਕੀਤੀ ਹੈ। ਇੰਦਿਰਾ ਗਾਂਧੀ ਦੇ ਜੀਵਨ 'ਤੇ ਆਧਾਰਿਤ ਇਸ ਫਿਲਮ ਵਿਚ ਕੰਗਨਾ ਰਣੌਤ ਨੇ ਮੁੱਖ ਭੂਮਿਕਾ ਨਿਭਾਈ ਹੈ।

ਇਸ ਦੌਰਾਨ ਕਾਂਗਰਸ ਦੇ ਸੰਸਦ ਮੈਂਬਰ ਅਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਫਿਲਮ ਨੂੰ ਲੈ ਕੇ ਕਿਹਾ ਕਿ ਸਿੱਖ ਆਧਾਰਿਤ ਫਿਲਮ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦਿਖਾਈ ਜਾਵੇ। ਸ਼੍ਰੋਮਣੀ ਕਮੇਟੀ ਦੇ ਸਰਟੀਫਿਕੇਟ ਤੋਂ ਬਾਅਦ ਹੀ ਫਿਲਮ ਨੂੰ ਰਿਲੀਜ਼ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ। ਦੂਜੇ ਪਾਸੇ ਚੋਣਾਂ ਦੀ ਹਾਰ ਦੇ ਡਰ ਤੋਂ ਭਾਜਪਾ ਕੰਗਨਾ ਦੇ ਵਿਰੁੱਧ ਸਟੈਂਡ ਲੈ ਰਹੀ ਹੈ।

ਕੰਗਨਾ ਰਣੌਤ ਦੀ ਫਿਲਮ ਨਾਲ ਜੁੜੇ ਸਵਾਲ 'ਤੇ ਭਾਜਪਾ ਨੇਤਾ ਹਰਜੀਤ ਸਿੰਘ ਗਰੇਵਾਲ ਨੇ ਕਿਹਾ ਕਿ ਸੰਸਦ ਮੈਂਬਰ ਬਣਨ ਨਾਲ ਕੋਈ ਆਗੂ ਨਹੀਂ ਬਣ ਜਾਂਦਾ। ਉਨ੍ਹਾਂ ਨੇ ਪਹਿਲੇ ਦਿਨ ਕੰਗਨਾ ਰਣੌਤ ਦਾ ਵਿਰੋਧ ਕੀਤਾ ਸੀ। ਇਹ ਸਾਡੀ ਪਾਰਟੀ ਦੀ ਵਿਚਾਰਧਾਰਾ ਨਹੀਂ ਹੈ।

ਸੋ ਭਾਜਪਾ ਦਾ ਨਵਾਂ ਫਿਰਕੂ ਪਤਾ ਕੰਗਨਾ ਰਣੌਤ ਵਾਲਾ ਸਿਖ ਪੰਥ ਤੇ ਕਿਸਾਨਾਂ ਵਿਰੁਧ ਬੁਰੀ ਤਰ੍ਹਾਂ ਫੇਲ ਹੋ ਗਿਆ ਹੈ।

# ਅਮਰੀਕਾ ਦੀ ਗਰਭਵਰਤੀ ਔਰਤ ਨਾਲ ਸਹੁਰਾ ਪਰਿਵਾਰ ਨੇ ਕੀਤੀ ਕੁੱਟਮਾਰ ? ਥਾਣੇ ਪਹੁੰਚਿਆ ਮਾਮਲਾ

## ✪ ਸਹੁਰੇ ਪਰਿਵਾਰ ਨੇ ਆਪਣੇ ਉੱਪਰ ਲਗਾਏ ਸਾਰੇ ਦੋਸ਼ਾਂ ਨੂੰ ਗਲਤ ਦੱਸਿਆ

ਜਲੰਧਰ-ਵਿੱਚ ਅਮਰੀਕੀ ਨਾਗਰਿਕ ਰਜਨੀਸ਼ ਕੌਰ ਨਾਲ ਕੁੱਟਮਾਰ ਦੇ ਆਰੋਪ ਲੱਗੇ ਹਨ। ਜਲੰਧਰ ਦੇ ਬਿਲਗਾ ਕਸਬੇ ਵਿੱਚ ਇਕ ਪਰਿਵਾਰ ਤੇ ਆਪਣੀ ਨੂੰਹ ਨਾਲ ਕੁੱਟਮਾਰ ਕਰਨ ਦੇ ਅਰੋਪ ਲੱਗੇ ਹਨ, ਔਰਤ ਜੋ ਇਕ ਅਮਰੀਕਾ ਦੀ ਨਾਗਰਿਕ ਹੈ। ਦੱਸ ਦੇਈਏ ਕਿ ਔਰਤ ਗਰਭਵਤੀ ਹੈ ਅਤੇ ਉਸ ਦੇ ਪੇਟ ਵਿੱਚ ਵੀ ਲੱਤਾਂ ਮਾਰੀਆਂ ਗਈਆਂ ਹਨ। ਔਰਤ ਵੱਲੋਂ ਕੱਪੜੇ ਪਾੜਨ ਦੀ ਵੀ ਗੱਲ ਕਹੀ ਹੈ। ਔਰਤ ਵੱਲੋਂ ਥਾਣਾ ਬਿਲਗਾ ਨੂੰ ਸ਼ਿਕਾਇਤ ਵੀ ਦਿੱਤੀ ਗਈ ਹੈ ਅਤੇ ਉਸ ਨੇ ਦੱਸਿਆ ਕਿ ਪੁਲਿਸ ਸ਼ਿਕਾਇਤ ਕਰਨ ਤੋਂ ਢਾਈ ਘੰਟੇ ਬਾਅਦ ਪਹੁੰਚੀ ਹੈ। ਜਾਣਕਾਰੀ ਮੁਤਾਬਕ ਔਰਤ ਦੀ ਹਾਲਤ ਹੁਣ ਖਤਰੇ ਤੋਂ ਬਾਹਰ ਹੈ। ਇਸ ਸਬੰਧੀ ਜਦੋਂ ਸਹੁਰੇ ਪਰਿਵਾਰ ਨਾਲ ਗੱਲ ਕੀਤੀ ਤਾਂ ਉਨ੍ਹਾਂ ਨੇ ਆਪਣੇ ਉੱਪਰ ਲਗਾਏ ਸਾਰੇ ਦੋਸ਼ਾਂ ਨੂੰ ਗਲਤ ਦੱਸਿਆ ਹੈ।

ਔਰਤ ਨੇ ਦੱਸਿਆ ਕਿ ਉਸ ਦਾ ਵਿਆਹ 8 ਸਾਲ ਪਹਿਲਾਂ ਹੋਇਆ ਸੀ ਅਤੇ ਉਹ ਅਮਰੀਕਾ ਵਿੱਚ ਰਹਿ ਰਹੀ ਹੈ। ਉਹ 18 ਅਗਸਤ ਨੂੰ ਪੰਜਾਬ ਆਈ ਸੀ। ਉਸ ਨੇ ਦੱਸਿਆ ਕਿ ਬੀਤੇ ਦਿਨੀਂ ਜਦੋਂ ਸਹੁਰੇ ਘਰ ਦੇ ਕੈਮਰਿਆਂ ਨੇ ਅਚਾਨਕ ਕੰਮ ਕਰਨਾ ਬੰਦ ਕਰ ਦਿੱਤਾ ਤਾਂ ਉਹ ਕਾਰ ਵਿੱਚ ਸਵਾਰ ਹੋ ਕੇ ਆਪਣੇ ਸਹੁਰੇ ਘਰ ਆ ਗਈ।



ਜਦੋਂ ਉਹ ਘਰ ਅੰਦਰ ਦਾਖਲ ਹੋਈ ਤਾਂ ਉਸ ਨੇ ਦੇਖਿਆ ਕਿ ਕੈਮਰੇ ਦੀ ਤਾਰ ਕੱਟੀ ਹੋਈ ਸੀ, ਜਿਸ ਕਾਰਨ ਕੈਮਰੇ ਬੰਦ ਸਨ। ਬਾਅਦ ਵਿਚ ਸਹੁਰੇ ਵਾਲਿਆਂ ਨੇ ਉਸ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਉਨ੍ਹਾਂ ਨੇ ਉਸ ਨੂੰ ਘਸੀਟ ਕੇ ਘਰੋਂ ਬਾਹਰ ਕੱਢਣਾ ਸ਼ੁਰੂ ਕਰ ਦਿੱਤਾ, ਉਸ ਦੇ ਕੱਪੜੇ ਪਾੜ ਦਿੱਤੇ ਅਤੇ ਪੇਟ ਵਿਚ ਲੱਤਾਂ ਮਾਰੀਆਂ। ਉਸ ਨੇ ਕਿਸੇ ਤਰ੍ਹਾਂ 112 'ਤੇ ਫੋਨ ਕਰਕੇ ਮਾਮਲੇ ਦੀ ਸੂਚਨਾ ਪੁਲਸ ਨੂੰ ਦਿੱਤੀ। ਇਸ ਤੋਂ ਬਾਅਦ ਪੀੜਤਾ ਨੇ ਆਪਣੇ ਮਾਪਿਆਂ ਨੂੰ ਵੀ ਪੂਰੇ ਮਾਮਲੇ ਦੀ ਜਾਣਕਾਰੀ ਦਿੱਤੀ।

ਰਜਨੀਸ਼ ਕੌਰ ਦੇ ਸਹੁਰੇ ਪਰਿਵਾਰ ਨੇ ਸਾਰੇ ਦੋਸ਼ਾਂ ਨੂੰ ਸਿਰੇ ਤੋਂ ਰੱਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਨੂੰਹ ਨੇ ਉਨ੍ਹਾਂ ਦੀ ਕੁੱਟਮਾਰ ਕੀਤੀ ਹੈ। ਰਜਨੀਸ਼ ਦੀ ਸੱਸ ਅਤੇ ਸਹੁਰੇ ਜਸਪਾਲ ਸਿੰਘ ਅਤੇ ਰਛਪਾਲ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਨੂੰਹ ਨੇ ਕੁੱਟਮਾਰ ਕੀਤੀ ਹੈ।

## ਕਰਾਈਮ ਨਿਊਜ਼

### ਗੁਰਦਾਸਪੁਰ ਵਿਖੇ ਪੁਲਿਸ ਤੇ ਦੋ ਗੈਂਗਸਟਰਾਂ ਵਿਚਾਲੇ ਹੋਈ ਫਾਇਰਿੰਗ ! ਦੋ ਗੈਂਗਸਟਰ ਜ਼ਖਮੀ

ਗੁਰਦਾਸਪੁਰ-ਜ਼ਿਲ੍ਹਾ ਗੁਰਦਾਸਪੁਰ ਦੇ ਡੇਰਾ ਬਾਬਾ ਨਾਨਕ ਵਿੱਚ ਪੁਲਿਸ 'ਤੇ ਦੋ ਗੈਂਗਸਟਰਾਂ ਨੇ ਫਾਇਰਿੰਗ ਕੀਤੀ ਹੈ। ਪੁਲਿਸ ਹਥਿਆਰਾਂ ਦਾ ਰਿਕਵਰੀ ਲਈ ਗਈ ਸੀ।



ਪੁਲਿਸ ਵੱਲੋਂ ਕੀਤੀ ਗਈ ਜਵਾਬੀ ਕਾਰਵਾਈ ਦੇ ਵਿੱਚ ਦੋ ਗੈਂਗਸਟਰ ਜ਼ਖ਼ਮੀ ਹੋਏ ਹਨ। ਦੋਵੇਂ ਗੈਂਗਸਟਰਾਂ ਦੀਆਂ ਲੱਤਾਂ ਤੇ ਗੋਲੀਆਂ ਲੱਗੀਆਂ ਹਨ। ਇਸ ਤੋਂ ਬਾਅਦ ਦੋਵੇਂ ਗੈਂਗਸਟਰਾਂ ਨੂੰ ਬਟਾਲਾ ਦੇ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।

21 ਅਗਸਤ ਨੂੰ ਫਿਰੌਤੀ ਦੀ ਮੰਗ ਨੂੰ ਲੈ ਕੇ ਗੈਂਗਸਟਰਾਂ ਨੇ ਡੇਰਾ ਬਾਬਾ ਨਾਨਕ ਵਿਚ ਪੇਂਟ ਸਟੋਰ 'ਤੇ ਗੋਲੀਬਾਰੀ ਕੀਤੀ ਸੀ। ਪੁਲਿਸ ਨੇ ਇਸ ਮਾਮਲੇ ਵਿੱਚ ਚਾਰ ਗੈਂਗਸਟਰਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਇਨ੍ਹਾਂ ਵਿਚੋਂ ਦੋ ਗੈਂਗਸਟਰਾਂ ਅਰਸ਼ਦੀਪ ਅਤੇ ਰਵੀ ਨੂੰ ਪੁਲਿਸ ਡੇਰਾ ਬਾਬਾ ਨਾਨਕ ਦੇ ਪਿੰਡ ਰੱਤੜ ਛਤਰ ਨੇੜੇ ਸ਼ਮਸ਼ਾਨਘਾਟ ਵਿਚ ਛੁਪਾਏ ਹਥਿਆਰ ਬਰਾਮਦ ਕਰਨ ਲਈ ਲੈ ਗਈ ਸੀ। ਜਦੋਂ ਪੁਲਿਸ ਉੱਥੇ ਪਹੁੰਚੀ ਤਾਂ ਉੱਥੇ ਲੁਕੇ ਹੋਏ ਗੈਂਗਸਟਰਾਂ ਨੇ ਭੱਜਣ ਲਈ ਪੁਲਿਸ ਤੇ ਫਾਇਰਿੰਗ ਕਰ ਦਿੱਤੀ ਸੀ।

# ਵਿਆਹ ਲਈ ਮਨ੍ਹਾ ਕਰਨ ਉਪਰੰਤ ਪ੍ਰੇਮੀ ਨੇ ਪ੍ਰੇਮਿਕਾ ਨੂੰ ਜਿਉਂਦਾ ਸਾੜਿਆ, ਫਿਰ ਖੁਦ ਨੂੰ ਵੀ ਲਾਈ ਅੱਗ



## ✪ ਪ੍ਰੇਮੀ ਤੇ ਪ੍ਰੇਮਿਕਾ ਹਸਪਤਾਲ ਦਾਖਲ, ਪ੍ਰੇਮੀ ਉਪਰ ਕੇਸ ਦਰਜ਼

ਖੰਨਾ-ਖੰਨਾ ਦੇ ਸਮਰਾਲਾ ਰੋਡ 'ਤੇ ਇਕ ਨੌਜਵਾਨ ਨੇ ਆਪਣੀ ਪ੍ਰੇਮਿਕਾ ਨੂੰ ਵਿਆਹ ਤੋਂ ਇਨਕਾਰ ਕਰਨ 'ਤੇ ਅੱਗ ਲਗਾ ਦਿੱਤੀ। ਜਦੋਂ ਉਸ ਦੀ ਪ੍ਰੇਮਿਕਾ ਅੱਖਾਂ ਦੇ ਸਾਹਮਣੇ ਤੜਫ ਰਹੀ ਸੀ ਤਾਂ ਪ੍ਰੇਮੀ ਨੇ ਆਪਣੇ ਆਪ ਨੂੰ ਅੱਗ ਲਗਾ ਲਈ। ਗੰਭੀਰ ਰੂਪ ਵਿਚ ਝੁਲਸੇ ਪ੍ਰੇਮੀ ਅਤੇ ਪ੍ਰੇਮਿਕਾ ਨੂੰ ਸਿਵਲ ਹਸਪਤਾਲ ਖੰਨਾ 'ਚ ਦਾਖਲ ਕਰਵਾਇਆ ਗਿਆ ਹੈ। ਦੋਵਾਂ ਨੂੰ ਗੰਭੀਰ ਹਾਲਤ ਵਿੱਚ ਚੰਡੀਗੜ੍ਹ ਦੇ ਸੈਕਟਰ-32 ਸਥਿਤ ਸਰਕਾਰੀ ਹਸਪਤਾਲ ਵਿੱਚ ਰੈਫਰ ਕਰ ਦਿੱਤਾ ਗਿਆ। ਦੋਵਾਂ ਦਾ ਉੱਥੇ ਇਲਾਜ ਚੱਲ ਰਿਹਾ ਹੈ। ਇਸ ਘਟਨਾ ਵਿੱਚ ਨੌਜਵਾਨ 50 ਫੀਸਦੀ ਅਤੇ ਲੜਕੀ 40 ਫੀਸਦੀ ਸੜ ਚੁੱਕੀ ਦੱਸੀ ਜਾ ਰਹੀ ਹੈ।

ਸਮਰਾਲਾ ਦੀ ਰਹਿਣ ਵਾਲੀ 27 ਸਾਲਾ ਜਸਪ੍ਰੀਤ ਕੌਰ ਅਨੁਸਾਰ ਉਹ ਲੁਧਿਆਣਾ ਵਿੱਚ ਨਰਸਿੰਗ ਦੀ ਡਿਊਟੀ ਕਰਦੀ ਹੈ। ਕਰੀਬ 5 ਸਾਲ ਪਹਿਲਾਂ ਉਸ ਦੀ ਦੋਸਤੀ ਪੰਜਾਬੀ ਬਾਗ ਖੰਨਾ ਦੇ ਰਹਿਣ ਵਾਲੇ ਹਰਸ਼ਪ੍ਰੀਤ ਸਿੰਘ ਨਾਲ ਹੋਈ ਸੀ। ਉਹ ਹਰਸ਼ਪ੍ਰੀਤ ਦੇ ਘਰ ਵੀ ਆਉਂਦੀ-ਜਾਂਦੀ ਰਹਿੰਦੀ ਸੀ। ਪਰ ਬਾਅਦ ਵਿੱਚ ਉਸ ਨੂੰ ਪਤਾ ਲੱਗਿਆ ਕਿ ਹਰਸ਼ਪ੍ਰੀਤ ਸਿੰਘ ਨਸ਼ੇ ਦਾ ਆਦੀ ਹੈ। ਜਿਸ ਕਾਰਨ ਉਸ ਨੇ ਹਰਸ਼ਪ੍ਰੀਤ ਨੂੰ ਮਿਲਣਾ ਘੱਟ ਕਰ ਦਿੱਤਾ ਸੀ। ਹਰਸ਼ਪ੍ਰੀਤ ਉਸ 'ਤੇ ਵਿਆਹ ਲਈ ਦਬਾਅ ਪਾ ਰਿਹਾ ਸੀ। ਉਸ ਨੂੰ ਭਾਵਨਾਤਮਕ ਤੌਰ 'ਤੇ ਤੰਗ ਕਰਨਾ ਸ਼ੁਰੂ ਕਰ ਦਿੱਤਾ ਸੀ।

ਜਸਪ੍ਰੀਤ ਕੌਰ ਅਨੁਸਾਰ ਹਰਸ਼ਪ੍ਰੀਤ ਸਿੰਘ ਨੇ ਉਸ ਨੂੰ ਪੰਜਾਬੀ ਬਾਗ ਸਥਿਤ ਆਪਣੇ ਘਰ ਬੁਲਾਇਆ। ਉਸ ਨੇ ਜਸਪ੍ਰੀਤ ਕੌਰ ਨੂੰ ਮਾਰਨ ਦੀ ਨੀਅਤ ਨਾਲ ਬਾਈਕ ਦੀ ਟੈਂਕੀ 'ਚੋਂ ਪੈਟਰੋਲ ਕੱਢ ਕੇ ਉਸ 'ਤੇ ਛਿੜਕ ਦਿੱਤਾ ਅਤੇ ਫਿਰ ਲਾਈਟਰ ਨਾਲ ਅੱਗ ਲਗਾ ਦਿੱਤੀ। ਅੱਗ ਲੱਗਣ ਕਾਰਨ ਉਹ ਬਾਹਰ ਭੱਜ ਕੇ ਨਾਲ ਵਾਲੇ ਕਮਰੇ ਵਿੱਚ ਚਲੀ ਗਈ। ਉੱਥੇ ਇੱਕ ਕੰਬਲ ਪਿਆ ਸੀ।

ਉਸ ਨੇ ਕੰਬਲ ਨਾਲ ਅੱਗ ਬੁਝਾਈ। ਉਸ ਦਾ ਸਰੀਰ ਸੜ ਗਿਆ ਸੀ। ਜ਼ਮੀਨ 'ਤੇ ਲੇਟੇ ਹੋਏ ਉਸ ਨੇ 108 ਨੰਬਰ 'ਤੇ ਐਂਬੂਲੈਂਸ ਨੂੰ ਫੋਨ ਕੀਤਾ। ਇਸ ਦੌਰਾਨ ਹਰਸ਼ਪ੍ਰੀਤ ਨੇ ਡਰ ਦੇ ਮਾਰੇ ਆਪਣੇ ਆਪ ਨੂੰ ਅੱਗ ਲਗਾ ਲਈ। ਕਰੀਬ 20 ਮਿੰਟ ਬਾਅਦ 108 ਐਂਬੂਲੈਂਸ ਨੇ ਆ ਕੇ ਦੋਵਾਂ ਨੂੰ ਸਿਵਲ ਹਸਪਤਾਲ ਖੰਨਾ ਪਹੁੰਚਾਇਆ। ਉਥੇ ਮੁੱਢਲੀ ਸਹਾਇਤਾ ਤੋਂ ਬਾਅਦ ਉਸ ਨੂੰ ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ।

ਇਸ ਘਟਨਾ ਵਿੱਚ ਜਸਪ੍ਰੀਤ ਕੌਰ ਜੋ ਕਿ ਗੰਭੀਰ ਰੂਪ ਵਿੱਚ ਝੁਲਸ ਗਈ ਸੀ, ਦੇ ਵੀ ਦੋਵੇਂ ਹੱਥ ਬੁਰੀ ਤਰ੍ਹਾਂ ਸੜ ਗਏ ਸਨ। ਸਿਟੀ ਥਾਣੇ ਦੀ ਪੁਲਿਸ ਨੇ ਚੰਡੀਗੜ੍ਹ ਦੇ ਹਸਪਤਾਲ ਵਿੱਚ ਜਾ ਕੇ ਜਸਪ੍ਰੀਤ ਦੇ ਬਿਆਨ ਦਰਜ ਕੀਤੇ। ਐਫਆਈਆਰ ਦਰਜ ਕਰਨ ਦੀ ਪ੍ਰਕਿਰਿਆ ਦੌਰਾਨ, ਜਦੋਂ ਬਿਆਨਾਂ ਦੀ ਪੁਸ਼ਟੀ ਕਰਨ ਲਈ ਦਸਤਖਤ ਕੀਤੇ ਜਾਣੇ ਸਨ, ਤਾਂ ਜਸਪ੍ਰੀਤ ਦਸਤਖਤ ਕਰਨ ਤੋਂ ਅਸਮਰੱਥ ਸੀ ਕਿਉਂਕਿ ਉਸਦੇ ਹੱਥ ਸੜ ਗਏ ਸਨ। ਫਿਰ ਉਸ ਨੇ ਪੈਰ ਦਾ ਅੰਗੂਠਾ ਲਗਾ ਕੇ ਦਸਤਖਤ ਕੀਤੇ। ਜਿਸ ਤੋਂ ਬਾਅਦ ਪੁਲਿਸ ਨੇ ਐਫ.ਆਈ.ਆਰ. ਦਰਜ ਕਰ ਲਈ ਹੈ।

ਮਾਮਲੇ ਦੀ ਜਾਂਚ ਕਰ ਰਹੇ ਏਐਸਆਈ ਹਾਕਮ ਸਿੰਘ ਨੇ ਦੱਸਿਆ ਕਿ ਮੁਲਜ਼ਮ ਹਰਸ਼ਪ੍ਰੀਤ ਸਿੰਘ ਖ਼ਿਲਾਫ਼ ਭਾਰਤੀ ਨਿਆਂ ਸੰਹਿਤਾ ਦੀ ਧਾਰਾ 109 (ਜਾਨ ਦੇ ਇਰਾਦੇ ਨਾਲ ਹਮਲਾ) ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਫਿਲਹਾਲ ਹਰਸ਼ਪ੍ਰੀਤ ਖੁਦ ਵੀ ਇਲਾਜ ਅਧੀਨ ਹੈ। ਮੁਲਜ਼ਮ ਪ੍ਰੇਮੀ ਨੂੰ ਠੀਕ ਹੋਣ ਤੋਂ ਬਾਅਦ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਕੈਨੇਡਾ ਵਿਚ ਅੰਗਰੇਜ਼ ਬਲਾਗਰ ਵਲੋਂ ਪੰਜਾਬੀ ਕਿਸਾਨ 'ਤੇ ਆਨਲਾਈਨ ਨਸਲੀ ਹਮਲਾ

## ✪ ਡੈਰਲ ਨੇ ਆਪਣੇ ਬਲਾਗ ਪੋਸਟ ਵਿਚ ਸੰਧਰ ਪਰਿਵਾਰ ਨੂੰ ਅੱਤਵਾਦੀ, ਡਰੱਗ ਡੀਲਰ ਲਿਖਿਆ

ਐਬਟਸਫੋਰਡ-ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸ਼ਹਿਰ ਕਲੋਨਾ ਦੇ ਉੱਘੇ ਬਾਗਬਾਨੀ ਕਿਸਾਨ ਤੇ ਸੰਧਰ ਫਰੂਟ ਪੈਕਰਜ਼ ਦੇ ਮਾਲਕ ਬੀਰ ਸਿੰਘ ਸੰਧਰ ਤੇ ਅੰਗਰੇਜ਼ ਬਲਾਗਰ ਵਲੋਂ ਆਨਲਾਈਨ ਨਸਲੀ ਹਮਲਾ ਕੀਤਾ ਹੈ।

ਬਲਾਗਰ ਡੈਰਲ ਗਰਾਂਟ ਮੈਕਐਸਕਿੱਲ ਜਿਸ ਨੇ ਸੋਸ਼ਲ ਮੀਡੀਆ ਦੇ ਗੈਂਗਸਟੀਰਿਜ਼ਮ ਆਊਟ ਨਾਂ ਦਾ ਆਨਲਾਈਨ ਪੇਜ ਬਣਾਇਆ ਹੋਇਆ ਹੈ। ਉਸ ਨੇ ਸੰਧਰ ਪਰਿਵਾਰ ਲਈ ਬਹੁਤ ਮਾੜੀ ਸ਼ਬਦਾਵਲੀ ਵਰਤੀ ਹੈ। ਡੈਰਲ ਨੇ ਆਪਣੇ ਬਲਾਗ ਪੋਸਟ ਵਿਚ ਸੰਧਰ ਪਰਿਵਾਰ ਨੂੰ ਅੱਤਵਾਦੀ, ਡਰੱਗ ਡੀਲਰ, ਕਾਤਲ, ਮਨੁੱਖੀ ਤਸਕਰ ਦੇ ਧੋਖੇਬਾਜ਼ ਲਿਖਿਆ ਹੈ। ਇਹ ਮਾੜੀ ਸ਼ਬਦਾਵਲੀ ਲਿਖ ਕੇ ਉਸ ਨੇ ਕਈਆਂ ਨੂੰ ਈਮੇਲ ਵੀ ਭੇਜੀ ਹੈ ਜਦ ਕਿ ਬੀਰ ਸਿੰਘ ਸੰਧਰ ਭਾਈਚਾਰੇ 'ਚ ਸਤਿਕਾਰਿਤ ਸਖਸ਼ੀਅਤ ਹਨ ਤੇ ਉਹ ਆਪਣੇ ਦੋ ਪੁੱਤਰਾਂ ਨਾਲ ਹਜ਼ਾਰ ਏਕੜ ਸੇਬਾਂ ਤੇ ਹੋਰ ਫਲਾਂ ਦੀ ਖੇਤੀ ਕਰਦੇ ਹਨ ਤੇ ਕਲੋਨਾ 'ਚ



ਉਨ੍ਹਾਂ ਦੀ ਸੰਧਰ ਫਰੂਟ ਪੈਕਰਜ਼ ਲਿਮ. ਕੰਪਨੀ ਹੈ ਜਿੱਥੇ ਸੈਂਕੜੇ ਵਰਕਰ ਕੰਮ ਕਰਦੇ ਹਨ। ਸੰਧਰ ਪਰਿਵਾਰ ਦਾ ਕਹਿਣਾ ਹੈ ਕਿ ਮੈਕਏਸਕਿਲ ਵਲੋਂ ਵਰਤੀ ਗਈ ਮਾੜੀ ਸ਼ਬਦਾਵਲੀ ਕਾਰਨ ਉਨ੍ਹਾਂ ਦੇ ਅਕਸ ਨੂੰ ਢਾਅ ਲੱਗੀ ਹੈ ਜਿਸ ਕਰਕੇ ਹੁਣ ਉਨ੍ਹਾਂ ਨੇ ਉਸ ਖ਼ਿਲਾਫ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਵਿਚ ਮੁਕੱਦਮਾ ਦਾਇਰ ਕੀਤਾ ਹੈ।

# ਕਾਂਗਰਸ ਦੀ ਕੌਂਸਲਰ ਅਤੇ ਯੂਥ ਆਗੂ ਦੇ ਘਰ ਤੋਂ ਬਾਹਰ ਚੱਲੀਆਂ ਗੋਲ਼ੀਆਂ

## ✪ ਵਿਦੇਸ਼ੀ ਨੰਬਰ ਤੋਂ ਕਈ ਵਾਰ ਕਤਲ ਕਰਨ ਦੀ ਆ ਚੁੱਕੀ ਹੈ ਧਮਕੀ

ਗੁਰਦਾਸਪੁਰ-ਗੁਰਦਾਸਪੁਰ ਦੀ ਮਹਿਲਾ ਕਾਂਗਰਸੀ ਐਮਸੀ ਸੁਨੀਤਾ ਰਾਣੀ ਦੇ ਘਰ ਦੇ ਬਾਹਰ ਗੋਲ਼ੀਆਂ ਚੱਲਣ ਦੀ ਖ਼ਬਰ ਹੈ। ਘਟਨਾ ਬੀਤੀ ਰਾਤ ਦੀ ਦੱਸੀ ਜਾ ਰਹੀ ਹੈ। ਕੌਂਸਲਰ ਸੁਨੀਤਾ ਕੁਮਾਰੀ ਦਾ ਪੁੱਤਰ ਨਕੁਲ ਮਹਾਜਨ ਯੂਥ ਕਾਂਗਰਸ ਦਾ ਆਗੂ ਹੈ ਤੇ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਪਰਿਵਾਰ ਦਾ ਕਾਫੀ ਕਰੀਬੀ ਹੈ। ਘਰ ਉਪਰ ਗੋਲ਼ੀ ਚਲਾਉਣ ਵਾਲਾ ਨੌਜਵਾਨ ਸੀਸੀ ਟੀਵੀ ਕੈਮਰੇ ਵਿੱਚ ਵੀ ਕੈਦ ਹੋਇਆ ਹੈ ਜਿਸ ਵਿੱਚ ਨਕਾਬਪੋਸ਼ ਨੌਜਵਾਨ ਘਰ ਦੇ ਗੇਟ 'ਤੇ ਲਗਾਤਾਰ ਗੋਲੀਆਂ ਚਲਾਉਂਦਾ ਨਜ਼ਰ ਆ ਰਿਹਾ ਹੈ। ਸੂਚਨਾ ਮਿਲਣ 'ਤੇ ਪੁਲਿਸ ਟੀਮ ਤੁਰੰਤ ਮੌਕੇ ਪਹੁੰਚੀ ਗਈ ਤੇ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਜਾਣਕਾਰੀ ਮੁਤਾਬਕ ਬੀਤੀ ਦੇਰ ਰਾਤ ਗੁਰਦਾਸਪੁਰ ਦੀ ਵਾਰਡ ਨੰਬਰ 25 ਦੀ ਮਹਿਲਾ ਕਾਂਗਰਸੀ ਐਮਸੀ ਸੁਨੀਤਾ ਰਾਣੀ ਦੇ ਘਰ ਦੇ ਬਾਹਰ ਕਿਸੇ ਅਣਪਛਾਤੇ ਵਿਅਕਤੀ ਨੇ ਗੋਲੀਆਂ ਚਲਾ ਦਿੱਤੀਆਂ ਜੋ ਘਰ ਦੇ ਗੇਟ ਅਤੇ ਛੱਤ ਵਿੱਚ ਲੱਗੀਆਂ। ਇਸ ਦੌਰਾਨ ਮੁਹੱਲਾ ਵਾਸੀਆਂ ਨੇ ਪੁਲਿਸ ਪ੍ਰਸ਼ਾਸਨ ਦੇ ਖਿਲਾਫ ਨਾਅਰੇਬਾਜ਼ੀ ਕੀਤੀ। ਮੌਕੇ 'ਤੇ ਪਹੁੰਚੇ ਨਗਰ ਕੌਂਸਲ ਦੇ ਪ੍ਰਧਾਨ ਬਲਜੀਤ ਪਾਹੜਾ ਨੇ ਕਿਹਾ ਕਿ ਐਮਸੀ ਸੁਨੀਤਾ ਰਾਣੀ ਦੇ ਬੇਟੇ ਨਕੁਲ ਮਹਾਜਨ ਨੂੰ ਵਿਦੇਸ਼ੀ ਨੰਬਰ ਤੋਂ ਕਈ ਵਾਰ ਜਾਨੋਂ ਮਾਰਨ ਦੀ ਧਮਕੀ ਵੀ ਆ ਚੁੱਕੀ ਹੈ ਪਰ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ।





### ਤਰਨ ਤਾਰਨ ਪੁਲਿਸ ਤੇ ਕੇਂਦਰੀ ਏਜੰਸੀ ਨੇ ਚਲਾਇਆ ਸਾਂਝਾ ਅਪਰੇਸ਼ਨ

#### ✪ ਹਵਾਲਾ ਰਾਸ਼ੀ ਤੇ ਹਥਿਆਰਾਂ ਸਮੇਤ ਹਰਪ੍ਰੀਤ ਸਿੰਘ ਨੂੰ ਕੀਤਾ ਗ੍ਰਿਫਤਾਰ

ਪੰਜਾਬ ਪੁਲਿਸ ਨੇ ਹਵਾਲਾ ਰਾਸ਼ੀ ਅਤੇ ਹਥਿਆਰਾਂ ਸਮੇਤ ਹਰਪ੍ਰੀਤ ਸਿੰਘ ਨਾਮ ਦੇ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ।



ਡੀ.ਜੀ.ਪੀ ਪੰਜਾਬ ਗੌਰਵ ਯਾਦਵ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਤਰਨ ਤਾਰਨ ਪੁਲਿਸ ਨੇ ਕੇਂਦਰੀ ਏਜੰਸੀ ਦੇ ਨਾਲ ਚਲਾਏ ਇਕ ਸਾਂਝੇ ਅਪਰੇਸ਼ਨ ਵਿੱਚ 4-ਗਲੌਕ -19 ਪਿਸਤੋਲ ਬਰਾਮਦ ਕੀਤੇ ਹਨ। ਇਨ੍ਹਾਂ ਵਿੱਚ ਇਕ ਪਿਸਤਲ ਨਾਟੋ ਆਰਮੀ ਵੱਲੋਂ ਬਣਾਇਆ ਹੈ।

ਇਸ ਦੇ ਨਾਲ ਹੀ 4 ਮੈਗਜ਼ੀਨ, 7 ਰਾਊਂਡ ਅਤੇ 4.8 ਲੱਖ ਰੁਪਏ ਦੀ ਹਵਾਲਾ ਰਾਸ਼ੀ ਵੀ ਜ਼ਬਤ ਕੀਤੀ ਗਈ ਹੈ। ਉਨ੍ਹਾਂ ਹੋਰ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਮੌਕੇ ਹਰਪ੍ਰੀਤ ਸਿੰਘ ਨੂੰ ਹਥਿਆਰਾਂ ਦੇ ਨਾਲ ਗ੍ਰਿਫਤਾਰ ਕੀਤਾ ਗਿਆ ਹੈ, ਜਿਸ ਦੇ ਪਾਕਿਸਤਾਨ ਸਥਿਤ ਸਮੱਗਲਰਾਂ ਦੇ ਨਾਲ ਸਬੰਧ ਸਾਬਤ ਹੋਏ ਹਨ। ਇਸ ਦੇ ਨਾਲ ਹੀ ਹਰਪ੍ਰੀਤ ਬਾਰੇ ਹੋਰ ਜਾਣਕਾਰੀ ਵੀ ਇਕੱਠੀ ਕੀਤੀ ਜਾ ਰਹੀ ਹੈ। ਡੀਜੀਪੀ ਨੇ ਕਿਹਾ ਕਿ ਅਜਿਹਾ ਅਪਰਾਧੀਆਂ ਦੇ ਖਿਲਾਫ ਪੁਲਿਸ ਕਾਰਵਾਈ ਲਗਾਤਾਰ ਜਾਰੀ ਰਹੇਗੀ।

# ਕਿਸਮਤ ਦੇ ਸਿਤਾਰੇ

## ਵੀਰਵਾਰ 05 ਸਤੰਬਰ ਬੁੱਧਵਾਰ 11 ਸਤੰਬਰ 2024 ਤੱਕ

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)** ਮੁਸ਼ਕਿਲ ਹਾਲਾਤ ਦੇ ਬਾਵਜੂਦ ਗੁਜ਼ਾਰੇਯੋਗ ਆਮਦਨ ਦੇ ਵਸੀਲੇ ਬਣਦੇ ਰਹਿਣਗੇ। ਧਰਮ-ਕਰਮ ਵਿੱਚ ਰੁਝਾਨ ਵਧੇਗਾ। ਕਿਸੇ ਪਿਆਰੇ ਬੰਧੂ ਨਾਲ ਮੇਲ-ਜੋਲ ਵਧੇਗਾ। ਪਰਿਵਾਰ ਵਿੱਚ ਮੰਗਲ ਕੰਮ ਵੀ ਹੋ ਸਕਦੇ ਹਨ। ਸਿਹਤ ਅਤੇ ਆਰਥਿਕ ਉਲਝਣਾਂ ਕਰਕੇ ਪ੍ਰੇਸ਼ਾਨੀਆਂ ਵੱਧਣਗੀਆਂ। ਆਪਣੇ ਰੱਬ 'ਤੇ ਹਮੇਸ਼ਾ ਭਰੋਸਾ ਰੱਖੋ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)** ਭੱਜ-ਦੌੜ ਜ਼ਿਆਦਾ ਤੇ ਭੈਣਾਂ-ਭਰਾਵਾਂ ਨਾਲ ਤਣਾਉ ਰਹਿਣ ਦੀ ਸ਼ੰਕਾ ਹੈ। ਪਰਿ-ਵਾਰ ਵਿੱਚ ਮੱਤਭੇਦ ਅਤੇ ਮਨ ਅਸ਼ਾਂਤ ਰਹੇਗਾ। ਆਰਾਮ ਘੱਟ, ਸੰਘਰਸ਼ ਜ਼ਿਆਦਾ ਅਤੇ ਸਥਾਨ ਬਦਲਾਵ ਦੀ ਸੰਭਾਵਨਾ ਬਣੀ ਰਹੇਗੀ। ਹਾਲਾਤਾਂ ਤੋਂ ਘਬਰਾ ਕੇ ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਦੇ ਚੱਕਰ ਵਿੱਚ ਨਾ ਫਸੋ, ਨੁਕਸਾਨ ਹੋ ਸਕਦਾ ਹੈ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)** ਇਸ ਹਫ਼ਤੇ ਸਿਹਤ ਢਿੱਲੀ, ਸੁਭਾਅ ਵਿੱਚ ਤੇਜ਼ੀ, ਫਜ਼ੂਲ ਦੀ ਭੱਜ-ਦੌੜ ਅਤੇ ਵਿਰੋਧੀ ਸਰਗਰਮ ਰਹਿਣਗੇ, ਪਰ ਗੁਜ਼ਾਰੇਯੋਗ ਆਮਦਨ ਦੇ ਵਸੀਲੇ ਬਣਦੇ ਰਹਿਣਗੇ। ਕੁਝ ਸੋਚੀਆਂ ਯੋਜਨਾਵਾਂ ਵਿੱਚ ਤਰੱਕੀ ਅਤੇ ਰੁੱਕੇ ਹੋਏ ਕੰਮ ਪੂਰੇ ਹੋਣਗੇ। ਮਾਣ-ਇੱਜ਼ਤ ਵੀ ਵਧੇਗਾ। ਕਿਸੇ ਗਰੀਬ ਜਾਂ ਜਰੂਰਤਮੰਦ ਨੂੰ ਭੋਜਨ ਕਰਾਉ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)** ਸਾਂਝੇਦਾਰੀ ਦੇ ਕੰਮਾਂ ਵਿੱਚ ਨੁਕਸਾਨ ਹੋਣ ਦਾ ਯੋਗ ਹੈ। ਵਧੇਰੇ ਭੱਜ-ਦੌੜ ਤੋਂ ਬਾਅਦ ਹੀ ਧਨ ਆਉਣ ਦੇ ਸਾਧਨ ਬਣਨਗੇ। ਸਿਹਤ ਪੱਖੋਂ ਪ੍ਰੇਸ਼ਾਨੀ ਰਹੇਗੀ। ਸਵਾਰੀ ਆਦਿ ਸੁੱਖ-ਸਾਧਨਾਂ ਦੇ ਖਰਚ ਵਿੱਚ ਕਟੌਤੀ ਕਰਨੀ ਪਵੇਗੀ। ਆਪਣੇ ਮਾਤਾ ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂ ਸਾਂਝੀਆਂ ਕਰੋ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)** ਕੋਸ਼ਿਸ਼ ਕਰਨ 'ਤੇ ਧਨ ਲਾਭ ਅਤੇ ਨੌਕਰੀ ਵਿੱਚ ਤਰੱਕੀ ਦੇ ਮੌਕੇ ਮਿਲਣਗੇ। ਕਿਸੇ ਪਿਆਰੇ ਮਿੱਤਰ ਨਾਲ ਮੁਲਾਕਾਤ ਹੋਵੇਗੀ। ਪਰਿਵਾਰਕ ਜੀਵਨ ਵਿੱਚ ਫਜ਼ੂਲ ਦਾ ਤਣਾਉ, ਘਰੇਲੂ ਉਲਝਣਾਂ ਤੇ ਸੰਤਾਨ ਸਬੰਧੀ ਚਿੰਤਾ ਰਹੇਗੀ। ਪਰਿਵਾਰ ਵਿੱਚ ਸ਼ਾਂਤੀ ਬਣਾਏ ਰੱਖਣ ਲਈ ਖਾਸ ਕੋਸ਼ਿਸ਼ ਕਰਨੀ ਪਵੇਗੀ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)** ਕੁਝ ਸੋਚੀਆਂ ਯੋਜਨਾਵਾਂ ਵਿੱਚ ਰੁਕਾਵਟਾਂ ਤੋਂ ਬਾਅਦ ਠੀਕ ਦਿਸ਼ਾ ਵਿੱਚ ਅੱਗੇ ਵੱਧਣ ਦੇ ਮੌਕੇ ਮਿਲਣਗੇ। ਇਸਤਰੀ ਅਤੇ ਸੰਤਾਨ ਸੁੱਖ ਮਿਲੇਗਾ, ਪਰ ਸੰਤਾਨ ਸਬੰਧੀ ਕੁਝ ਨਾ ਕੁਝ ਚਿੰਤਾ ਵੀ ਬਣੀ ਰਹੇਗੀ। ਕਾਰੋਬਾਰੀ ਹਾਲਾਤ ਵਿੱਚ ਕੁਝ ਖਾਸ ਬਦਲਾਵ ਦੇ ਯੋਗ ਹਨ। ਪਰਿਵਾਰ ਸਮੇਤ ਮਾਤਾ ਪਿਤਾ ਬੱਚਿਆਂ ਨੂੰ ਗੁਰੂ ਘਰ ਜਰੂਰ ਲਿਜਾਉ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)** ਵਪਾਰਕ ਖੇਤਰ ਵਿੱਚ ਕੁਝ ਅਸਥਿਰਤਾ ਦਾ ਮਾਹੌਲ ਬਣੇਗਾ। ਬਣਦੇ ਕੰਮਾਂ ਵਿੱਚ ਰੁਕਾਵਟਾਂ ਪੈਣਗੀਆਂ। ਸਿਹਤ ਵੀ ਕੁਝ ਢਿੱਲੀ ਅਤੇ ਮਾਤਾ-ਪਿਤਾ ਨਾਲ ਫਜ਼ੂਲ ਦਾ ਵਾਦ-ਵਿਵਾਦ ਅਤੇ ਮੱਤਭੇਦ ਹੋਣਗੇ। ਹਫਤੇ ਦੇ ਅਖੀਰ 'ਚ ਨਵੇਂ ਮੁੱਦੇ ਵਿਚਾਰ ਵਿਮਰਸ਼ ਦਾ ਕੇਂਦਰ ਬਣਨਗੇ। ਹਮੇਸ਼ਾ ਆਪਣੀ ਚਾਦਰ ਦੇਖ ਕੇ ਹੀ ਪੈਰ ਪਸਾਰੋ, ਆਰਥਿਕ ਉਲਝਣਾਂ ਤੋਂ ਬਚੇ ਰਹੋਗੇ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)** ਹਾਲਾਤ ਠੀਕ ਨਾ ਹੋਣ ਦੇ ਬਾਵਜੂਦ ਗੁਜ਼ਾਰੇਯੋਗ ਆਮਦਨ ਹੁੰਦੀ ਰਹੇਗੀ। ਦਿਮਾਗੀ ਤਣਾਅ ਤੇ ਕੋਈ ਗੁਪਤ ਚਿੰਤਾ ਬਣੀ ਰਹੇਗੀ। ਕੁਝ ਵਿਗੜੇ ਕੰਮ ਬਣਨਗੇ। ਮਿੱਤਰਾਂ ਤੇ ਸਬੰਧੀਆਂ ਦੇ ਸਹਿਯੋਗ ਨਾਲ ਖਾਸ ਯੋਜਨਾਵਾਂ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ। ਮਾਤਾ ਪਿਤਾ ਨੂੰ ਗੁਰੂ-ਘਰ ਜਰੂਰ ਲੈ ਕੇ ਜਾਵੋ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)** ਕਿਸੇ ਨਵੇਂ ਕੰਮ ਦੀ ਯੋਜਨਾ ਬਣੇਗੀ। ਕਾਰੋਬਾਰ ਵਿੱਚ ਰੁਝੇਵੇਂ ਵੱਧਣਗੇ। ਪਰਿਵਾਰ ਵਿੱਚ ਫਜ਼ੂਲ ਦੀ ਪ੍ਰੇਸ਼ਾਨੀ ਰਹੇਗੀ। ਨੌਕਰੀ/ਕਾਰੋਬਾਰ 'ਵਿੱਚ ਉਮੀਦ ਮੁਤਾਬਕ ਧਨ ਪ੍ਰਾਪਤੀ ਦੇ ਵਸੀਲੇ ਬਣਦੇ ਰਹਿਣਗੇ। ਜ਼ਿਆਦਾ ਗੁੱਸਾ ਤੇ ਉਤੇਜਨਾ ਨਾਲ ਸਿਹਤ ਪੱਖੋਂ ਪ੍ਰੇਸ਼ਾਨੀ ਹੋ ਸਕਦੀ ਹੈ। ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਰਹੇਗਾ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)** ਸ਼ੁਰੂ ਵਿੱਚ ਕਿਸੇ ਚੀਜ਼ ਨੂੰ ਹਾਸਲ ਕਰਨ ਦੇ ਸਬੰਧ ਵਿੱਚ ਪ੍ਰੇਸ਼ਾਨੀ ਰਹੇਗੀ। ਸਿਹਤ ਪੱਖੋਂ ਚਿੰਤਾ ਤੇ ਨਿਕਟ ਸਬੰਧੀਆਂ ਦੇ ਸਹਿਯੋਗ ਵਿੱਚ ਕਮੀ ਹੋਵੇਗੀ। ਆਪਣੇ ਵੀ ਪਰਾਏ ਵਰਗਾ ਵਿਹਾਰ ਕਰਨਗੇ। ਕਾਰੋਬਾਰ/ਨੌਕਰੀ ਵਿੱਚ ਸੁਧਾਰ ਹੋਵੇਗਾ। ਧਨ ਲਾਭ ਦੇ ਮੌਕੇ ਮਿਲਣਗੇ। ਆਪਣੇ ਕੰਮ 'ਤੇ ਜਾਂ ਬਾਹਰ ਹਰੇਕ ਨਾਲ ਨਿਮਰਤਾ ਨਾਲ ਪੇਸ਼ ਹੋਵੋ, ਕਾਰੋਬਾਰ ਠੀਕ ਹੋਣਗੇ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)** ਆਰਥਿਕ ਹਾਲਾਤਾਂ ਲਈ ਇਕੱਠੇ ਕੀਤੇ ਧਨ ਵਿੱਚ ਕੁਝ ਕਮੀ ਆਵੇਗੀ। ਸ਼ੁੱਭ ਕੰਮਾਂ 'ਤੇ ਧਨ ਦਾ ਖਰਚ ਕਰਨਾ ਪਵੇਗਾ। ਇਸ ਹਫ਼ਤੇ ਕਿਸੇ ਨਵੇਂ ਕੰਮ ਦੀ ਯੋਜਨਾ ਨੂੰ ਕਾਰਜ ਰੂਪ ਦੇਣ ਲਈ ਕੋਸ਼ਿਸ਼ ਕਰਦੇ ਰਹੋਗੇ। ਕਾਰੋਬਾਰ ਤੇ ਕਾਰਜਸ਼ੈਲੀ ਵਿੱਚ ਬਦਲਾਵ ਦੀ ਸੰਭਾਵਨਾ ਵਧੇਗੀ। ਮਨ ਨੂੰ ਸਥਿਰ ਰੱਖਣ ਲਈ ਪਾਠ ਕਰੋ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)** ਧਨ ਲਾਭ ਅਤੇ ਕੁਝ ਵਿਗੜੇ ਕੰਮਾਂ ਵਿੱਚ ਸੁਧਾਰ ਹੋਵੇਗਾ। ਯਾਤਰਾ ਦੇ ਵੀ ਸੁਖਦ ਵਿਚਾਰ ਬਣਨਗੇ। ਸ਼ੁੱਭ ਕੰਮ ਕਰਨ 'ਤੇ ਮਨ ਨੂੰ ਸ਼ਾਂਤੀ ਮਿਲੇਗੀ, ਪਰ ਸੰਤਾਨ ਸਬੰਧੀ ਚਿੰਤਾ ਬਣੀ ਰਹੇਗੀ। ਸਾਂਝੇਦਾਰੀ ਦੇ ਕੰਮਾਂ ਵਿੱਚ ਨੁਕਸਾਨ ਹੋ ਸਕਦਾ ਹੈ। ਗੁਰੂ ਘਰ ਬੱਚਿਆਂ ਸਮੇਤ ਬਰਤਨ ਸਾਫ ਕਰਨ ਦੀ ਸੇਵਾ ਕਰੋ, ਕਮਾਈ ਵਿੱਚ ਬਰਕਤ ਹੋਵੇਗੀ।

----------

## ਹਾਸੇ ਦੀ ਪਟਾਰੀ

**ਜਾਨਵਰਾਂ** ਦੇ ਹਸਪਤਾਲ ਵਿੱਚ ਵੱਖਰਾ ਹੀ ਚੱਕਰ ਹੈ।

ਇਥੇ ਰਜਿਸਟਰ ਵਿੱਚ ਨਾਂ ਮਾਲਕ ਦਾ ਲਿਖਿਆ ਜਾਂਦਾ ਹੈ ਤੇ ਬਿਮਾਰੀ ਜਾਨਵਰ ਦੀ।

ਨਾਂ-ਵਿਨੋਦ ਸਿੰਘ

ਬਿਮਾਰੀ-ਪੂੰਛ ਵਿੱਚ ਸੋਜ ਤੇ ਖੁਰਾਂ ਵਿੱਚ ਮਵਾਦ।

*----*----*

**ਬੇਟਾ,** ਪਾਪਾ 10 ਰੁਪਏ ਦਿਉ ਨਾ।

ਪਾਪਾ, ਨਹੀਂ ਦੇਵਾਂਗਾ।

ਬੇਟਾ, ਪਾਪਾ ਦੇ ਦਿਉ ਨਾ, ਦੁੱਧ ਵਾਲੇ ਅਤੇ ਮਾਂ ਦੀ ਇਕ ਗੱਲ ਦੱਸਾਂਗਾ।

ਪਾਪਾ, ਇਹ ਲੈ 20 ਰੁਪਏ, ਜਲਦੀ ਦੱਸ।

ਬੇਟਾ, ਦੁੱਧ ਵਾਲਾ ਮਾਂ ਨੂੰ ਕਹਿ ਰਿਹਾ ਸੀ ਕਿ ਜੇਕਰ ਅੱਜ ਇਸ ਮਹੀਨੇ ਦੇ ਪੈਸੇ ਨਹੀਂ ਦਿੱਤੇ ਤਾਂ ਕੱਲ੍ਹ ਤੋਂ ਦੁੱਧ ਨਹੀਂ ਮਿਲੇਗਾ।

*----*----*


ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £95 ☐
1 YEAR ---- £180 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME.............................................................................
ADDRESS.......................................................................
.............................................POST CODE................................
TEL.................................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to: SUBSCRIPTION*
PANJAB TIMES BRIDLE GATE LANE, ALVASTON, DERBY, DE24 0QW, U.K.
TEL: 01332 372851 FAX: 01332 374819
or please ring on Mo: 07966 388 388
*www.panjabtimes.uk Email: Panjabtimes@aol.com*



ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੁਈਟ


ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ


ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਹੱਤਿਆ ਤੇ ਜਬਰਜਨਾਹ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਪ੍ਰਾਪਤ ਕੈਦੀ ਨੇ ਜਾਨ ਬਖਸ਼ ਦੇਣ ਦੀ ਕੀਤੀ ਅਪੀਲ

✪ ਕਿਹਾ ਉਸ ਨਾਲ ਇਕ ਸੁਧਾਰ ਸਕੂਲ ਵਿਚ ਕੀਤੀ ਗਈ ਸੀ ਬਦਫੈਲੀ




ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਫਲੋਰਿਡਾ ਰਾਜ ਦੇ ਇਕ ਕੈਦੀ ਜਿਸ ਨੂੰ 1994 ਵਿਚ ਇਕ ਕਾਲਜ ਦੇ ਵਿਦਿਆਰਥੀ ਦੀ ਹੱਤਿਆ ਤੇ ਉਸ ਦੀ ਭੈਣ ਨਾਲ ਜਬਰਜਨਾਹ ਕਰਨ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਸੁਣਾਈ ਗਈ ਸੀ, ਨੇ ਆਪਣੇ ਆਪ ਨੂੰ ਨਿਰਦੋਸ਼ ਦਸਦਿਆਂ ਉਸ ਦੀ ਜਾਨ ਬਖਸ਼ ਦੇਣ ਦੀ ਅਪੀਲ ਕੀਤੀ ਹੈ ਤੇ ਕਿਹਾ ਹੈ ਕਿ ਉਸ ਨਾਲ ਇਕ ਪ੍ਰਸਿੱਧ ਸੁਧਾਰ ਸਕੂਲ ਵਿਚ ਬਦਫੈਲੀ ਕੀਤੀ ਗਈ ਸੀ। ਲੋਰਾਨ ਕੈਨਸਟਲੇ ਕੌਲ (57) ਨੂੰ ਜ਼ਹਿਰ ਦਾ ਟੀਕਾ ਲਾ ਕੇ ਮੌਤ ਦੀ ਸਜ਼ਾ ਦੇਣ ਦਾ ਆਦੇਸ਼ ਦਿੱਤਾ ਗਿਆ ਹੈ।

ਕੌਲ ਨੂੰ 18 ਸਾਲਾ ਜੌਹਨ ਐਡਵਰਡਜ ਦੀ ਹੱਤਿਆ ਤੇ ਉਸ ਦੀ ਭੈਣ ਨਾਲ ਜਬਰਜਨਾਹ ਕਰਨ ਦੇ ਦੋਸ਼ਾਂ ਤਹਿਤ ਮੌਤ ਦੀ ਸਜ਼ਾ ਸੁਣਾਈ ਗਈ ਹੈ। ਇਹ ਘਟਨਾ ਉੱਤਰੀ ਕੇਂਦਰੀ ਫਲੋਰਿਡਾ ਵਿਚ ਵਾਪਰੀ ਸੀ। 18 ਫਰਵਰੀ ,1994 ਨੂੰ ਐਡਵਰਡਜ ਭੈਣ-ਭਰਾ ਇਕ ਟੂਰ ਪ੍ਰੋਗਰਾਮ ਤਹਿਤ ਕੈਂਪ ਤਿਆਰ ਕਰ ਰਹੇ ਸਨ ਜਦੋਂ ਉਹ ਕੌਲ ਜੋ ਉਸ ਵੇਲੇ 27 ਸਾਲਾਂ ਦਾ ਸੀ ਤੇ ਇਕ ਹੋਰ ਵਿਅਕਤੀ ਵਿਲੀਅਮ ਪੌਲ ਜੋ ਉਸ ਵੇਲੇ 20 ਸਾਲਾਂ ਦਾ ਸੀ, ਨੂੰ ਮਿਲੇ।

ਕੌਲ ਨੇ ਆਪਣੀ ਪਛਾਣ ਕੈਵਿਨ ਦੇ ਨਾਂ 'ਤੇ ਅਤੇ ਪੌਲ ਦੀ ਪਛਾਣ ਆਪਣੇ ਭਰਾ ਦੇ ਤੌਰ 'ਤੇ ਐਡਵਰਡਜ ਭੈਣ-ਭਰਾ ਨਾਲ ਕਰਵਾਈ ਤੇ ਕੈਂਪ ਬਣਾਉਣ ਵਿਚ ਐਡਵਰਡਜ ਭੈਣ-ਭਰਾ ਦੀ ਮਦਦ ਕੀਤੀ। ਅਦਾਲਤੀ ਰਿਕਾਰਡ ਅਨੁਸਾਰ ਰਾਤ ਵੇਲੇ ਕੌਲ ਨੇ ਐਡਵਰਡਜ ਦੀ ਭੈਣ ਦੇ ਹੱਥਾਂ ਨੂੰ ਬੰਨ ਲਿਆ। ਐਡਵਰਡਜ ਨੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਹ ਨਾਕਾਮ ਰਿਹਾ। ਬਾਅਦ ਵਿਚ ਐਡਵਰਡਜ ਦੀ ਭੈਣ ਨਾਲ ਜਬਰਜਨਾਹ ਕਰਨ ਉਪਰੰਤ ਉਸ ਨੂੰ ਦੋ ਦਰੱਖਤਾਂ ਵਿਚਾਲੇ ਬੰਨ ਦਿੱਤਾ ਗਿਆ। ਅਗਲੀ ਸਵੇਰ ਨੂੰ ਇਕ ਡਰਾਈਵਰ ਦੀ ਨਜਰ ਪੈਣ 'ਤੇ ਉਸ ਨੇ ਪੁਲਿਸ ਨੂੰ ਫੋਨ ਕੀਤਾ। ਪੁਲਿਸ ਨੇ ਐਡਵਰਡਜ ਦੀ ਭੈਣ ਨੂੰ ਖੋਲਿਆ ਜਦ ਕਿ ਨੇੜੇ ਹੀ ਐਡਵਰਡਜ ਦੀ ਲਾਸ਼ ਬਰਾਮਦ ਕੀਤੀ। 3 ਦਿਨ ਬਾਅਦ ਪੁਲਿਸ ਨੇ ਕੌਲ ਤੇ ਪੌਲ ਨੂੰ ਗ੍ਰਿਫਤਾਰ ਕਰ ਲਿਆ ਸੀ। 1995 ਵਿੱਚ ਕੌਲ ਤੇ ਪੌਲ ਨੂੰ ਪਹਿਲਾ ਦਰਜਾ ਹੱਤਿਆ ਤੇ ਅਗਵਾ ਤੇ ਹੋਰ ਦੋਸ਼ਾਂ ਤਹਿਤ ਦੋਸ਼ੀ ਕਰਾਰ ਦਿੱਤਾ ਗਿਆ। ਕੌਲ ਨੂੰ ਜਬਰਜਨਾਹ ਦੇ ਦੋਸ਼ਾਂ ਤਹਿਤ ਵੀ ਦੋਸ਼ੀ ਕਰਾਰ ਦੇ ਕੇ ਮੌਤ ਦੀ ਸਜ਼ਾ ਸੁਣਾਈ ਗਈ ਸੀ ਜਦ ਕਿ ਪੌਲ ਨੇ ਆਪਣੇ ਉਪਰ ਲੱਗੇ ਅਪਰਾਧਕ ਦੋਸ਼ਾਂ ਨੂੰ ਮੰਨ ਲਿਆ ਸੀ ਤੇ ਅਦਾਲਤ ਨੇ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ ਜੋ ਕਿ ਫਲੋਰਿਡਾ ਦੀ ਇਕ ਜੇਲ ਵਿਚ ਬਾਕੀ ਬੱਚੀ ਜਿੰਦਗੀ ਬਿਤਾ ਰਿਹਾ ਹੈ।

## ਲਾਸ ਵੇਗਾਸ ਦੇ ਪੱਤਰਕਾਰ ਦੀ ਹੱਤਿਆ ਦੇ ਮਾਮਲੇ ਵਿਚ ਨੇਵਾਡਾ ਦੇ ਸਾਬਕਾ ਰਾਜਸੀ ਆਗੂ ਨੂੰ ਉਮਰ ਭਰ ਲਈ ਜੇਲ ਦੀ ਸਜ਼ਾ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਇਕ ਜਿਊਰੀ ਨੇ ਨੇਵਾਡਾ ਦੇ ਸਾਬਕਾ ਰਾਜਸੀ ਆਗੂ ਰਾਬਰਟ ਟੈਲਸ ਨੂੰ ਲਾਸ ਵੇਗਾਸ ਦੇ ਇਕ ਰਿਪੋਰਟਰ ਦੀ ਹੱਤਿਆ ਦੇ ਮਾਮਲੇ ਵਿਚ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਪੈਰੋਲ ਉਪਰ ਰਿਹਾਈ ਤੋਂ ਪਹਿਲਾਂ ਉਸ ਨੂੰ ਘੱਟੋ ਘੱਟ 20 ਸਾਲ ਕੈਦ ਕੱਟਣੀ ਪਵੇਗੀ। ਕਲਾਰਕ ਕਾਊਂਟੀ ਦੇ ਸਾਬਕਾ ਪਬਲਿਕ ਐਡਮਨਿਸਟ੍ਰੇਟਰ 47 ਸਾਲਾ ਟੈਲਸ ਨੂੰ ਸਤੰਬਰ 2022 ਵਿਚ ਲਾਸ ਵੇਗਾਸ ਦੇ ਰੀਵੀਊ ਰਸਾਲੇ ਦੇ ਪੱਤਰਕਾਰ ਜੈਫ ਜਰਮਨੀ ਦੀ ਹੋਈ ਮੌਤ ਦੇ ਮਾਮਲੇ ਵਿਚ ਦੋਸ਼ੀ ਕਰਾਰ ਦਿੱਤਾ ਗਿਆ ਹੈ। ਫੈਸਲਾ ਸੁਣਨ ਉਪਰੰਤ ਟੈਲਸ ਨੇ ਨੀਵੀਂ ਪਾ ਲਈ। ਇਥੇ ਜਿਕਰਯੋਗ ਹੈ ਕਿ ਸੁਣਾਈ ਦੌਰਾਨ ਟੈਲਸ ਨੇ ਮੰਨਿਆ ਸੀ ਕਿ ਜੇਕਰ ਜੈਫ ਉਸ ਬਾਰੇ ਹਾਨੀਕਾਰਕ ਲੇਖ ਨਾ ਲਿਖਦਾ ਤਾਂ ਉਹ ਕਲਾਰਕ ਕਾਊਂਟੀ ਪਬਲਿਕ ਐਡਮਨਿਸਟ੍ਰੇਟਰ ਦੀ ਮੁੱਢਲੀ ਚੋਣ ਜਿੱਤ ਜਾਂਦਾ। ਜੈਫ ਨੇ ਆਪਣੇ ਲੇਖਾਂ ਵਿਚ ਟੈਲਸ ਦੇ ਰਾਜਸੀ ਦਫਤਰ ਵਿਚ ਚਲ ਰਹੀ ਗੜਬੜ ਨੂੰ ਨੰਗਾ ਕੀਤਾ ਸੀ।

# ਅਮਰੀਕੀ ਚੋਣਾਂ : ਇਕ ਤਾਜ਼ਾ ਸਰਵੇ ਵਿਚ ਕਮਲਾ ਹੈਰਿਸ ਨੇ ਡੋਨਲਡ ਟਰੰਪ ਨੂੰ 4% ਵੋਟਾਂ ਨਾਲ ਪਛਾੜਿਆ


✪ ਔਰਤਾਂ ਤੇ ਹਿਸਪੈਨਿਕਸ ਵੋਟਰਾਂ ਵਿਚ ਉੱਪ ਰਾਸ਼ਟਰਪਤੀ ਪ੍ਰਤੀ ਸਮਰਥਨ ਵਧਿਆ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਇਕ ਤਾਜ਼ਾ ਸਰਵੇ ਵਿਚ ਰਾਸ਼ਟਰਪਤੀ ਅਹੁੱਦੇ ਲਈ ਡੈਮੋਕਰੈਟਿਕ ਉਮੀਦਵਾਰ ਕਮਲਾ ਹੈਰਿਸ ਨੇ ਰਿਪਬਲੀਕਨ ਉਮੀਦਵਾਰ ਡੋਨਲਡ ਟਰੰਪ ਨੂੰ 4% ਵੋਟਾਂ ਨਾਲ ਪਛਾੜ ਦਿੱਤਾ ਹੈ। ਰਾਈਟਰ-ਇਪਸੋਸ ਵੱਲੋਂ ਪਿਛਲੇ 8 ਦਿਨਾਂ ਦੌਰਾਨ ਕੀਤੇ ਸਰਵੇ ਜੋ 29 ਅਗਸਤ ਨੂੰ ਪ੍ਰਕਾਸ਼ਿਤ ਹੋਇਆ, ਅਨੁਸਾਰ ਹੈਰਿਸ ਨੂੰ 45% ਲੋਕਾਂ ਦਾ ਸਮਰਥਨ ਮਿਲਿਆ ਹੈ ਜਦ ਕਿ ਡੋਨਲਡ ਟਰੰਪ ਨੂੰ 41% ਲੋਕਾਂ ਨੇ ਸਮਰਥਨ ਦਿੱਤਾ ਹੈ।

ਸਰਵੇ ਅਨੁਸਾਰ ਹੈਰਿਸ ਵੋਟਰਾਂ ਵਿਚ ਨਵਾਂ ਜੋਸ਼ ਭਰਨ ਵਿਚ ਸਫਲ ਹੋਈ ਹੈ ਤੇ ਉਹ ਰਾਸ਼ਟਰਪਤੀ ਦੀ ਦੌੜ ਵਿਚ ਟਰੰਪ ਨਾਲੋਂ ਅੱਗੇ ਚੱਲ ਰਹੀ ਹੈ। ਪਿਛਲੇ ਮਹੀਨੇ ਜੁਲਾਈ ਦੇ ਆਖਰ ਵਿਚ ਰਜਿਸਟਰਡ ਵੋਟਰਾਂ 'ਤੇ ਕੀਤੇ ਸਰਵੇ ਵਿਚ ਸਾਬਕਾ ਰਾਸ਼ਟਰਪਤੀ ਦੀ ਤੁਲਨਾ ਵਿੱਚ ਉੱਪ ਰਾਸ਼ਟਰਪਤੀ ਕੇਵਲ 1% ਵੋਟਾਂ ਨਾਲ ਅੱਗੇ ਸੀ। ਤਾਜ਼ਾ ਸਰਵੇ ਜੋ 28 ਅਗਸਤ ਨੂੰ ਮੁਕੰਮਲ ਹੋਇਆ ਹੈ, ਵਿਚ 2% ਅੰਕਾਂ ਦੀ ਗਲਤੀ ਦੀ ਸੰਭਾਵਨਾ ਰਖੀ ਗਈ ਹੈ। ਸਰਵੇ ਅਨੁਸਾਰ 49% ਔਰਤਾਂ ਤੇ ਹਿਸਪੈਨਿਕਸ ਵੋਟਰਾਂ ਨੇ ਹੈਰਿਸ ਨੂੰ ਸਮਰਥਨ ਦਿੱਤਾ ਹੈ ਜਦ ਕਿ 36% ਟਰੰਪ ਦੇ ਹੱਕ ਵਿਚ ਹਨ। ਜੁਲਾਈ ਦੇ ਸਰਵੇ ਵਿਚ ਔਰਤਾਂ ਵੋਟਰਾਂ ਵਿੱਚ ਹੈਰਿਸ 9% ਵੋਟਾਂ ਨਾਲ ਅੱਗੇ ਸੀ ਜਦ ਕਿ ਹਿਸਪੈਨਿਕਸ ਵੋਟਰਾਂ ਵਿਚ ਟਰੰਪ ਨਾਲੋਂ 6% ਵੋਟਾਂ ਨਾਲ ਅੱਗੇ ਸੀ। ਜੁਲਾਈ ਵਿਚ ਟਰੰਪ ਗੋਰੇ ਵੋਟਰਾਂ ਤੇ ਮਰਦ ਵੋਟਰਾਂ ਵਿਚ ਇਸ ਅੰਤਰ ਨਾਲ ਹੀ ਅੱਗੇ ਸੀ। ਤਾਜ਼ਾ ਸਰਵੇ ਵਿਚ ਬਿਨਾਂ ਕਾਲਜ ਡਿਗਰੀ ਵੋਟਰਾਂ ਵਿੱਚ ਟਰੰਪ ਦੀ ਬੜਤ 14% ਤੋਂ ਘੱਟ ਕੇ 7% ਰਹਿ ਗਈ ਹੈ। ਇਕ ਲਿਬਰਲ ਗਰੁੱਪ ''ਸ਼ੀ ਦ ਪਿਉਪਲ'' ਦੇ ਸੰਸਥਾਪਕ ਏਮੀ ਐਲੀਸਨ ਦਾ ਕਹਿਣਾ ਹੈ ਕਿ ਇਸ ਸਰਵੇ ਵਿਚ ਲੋਕ ਅਤੀਤ ਦੀ ਬਜਾਏ ਆਪਣੇ ਭਵਿੱਖ ਨੂੰ ਲੈ ਕੇ ਜਿਆਦਾ ਫਿਕਰਮੰਦ ਹਨ। ਉਹ ਕਮਲਾ ਹੈਰਿਸ ਵਿਚ ਆਪਣਾ ਭਵਿੱਖ ਵੇਖ ਰਹੇ ਹਨ ਜਦ ਕਿ ਰਿਪਬਲੀਕਨ ਇਨਾਂ ਚੋਣਾਂ ਵਿਚ ਕੇਵਲ ਟਰੰਪ ਤੱਕ ਸੀਮਿਤ ਹਨ। ਸਰਵੇ ਤਹਿਤ ਰਾਸ਼ਟਰ ਪੱਧਰ 'ਤੇ 3562 ਰਜਿਸਟਰਡ ਵੋਟਰਾਂ ਸਮੇਤ 4253 ਵੋਟਰਾਂ ਨੇ ਸਪੱਸ਼ਟ ਰੂਪ ਵਿਚ ਆਪਣੀ ਚੋਣ ਦੱਸੀ।

## ਹੱਤਿਆ ਤੇ ਜਬਰ ਜਨਾਹ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਪ੍ਰਾਪਤ ਦੋਸ਼ੀ ਨੂੰ ਲਾਇਆ ਜ਼ਹਿਰ ਦਾ ਟੀਕਾ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਇਕ 18 ਸਾਲਾ ਵਿਦਿਆਰਥੀ ਦੀ ਹੱਤਿਆ ਤੇ ਉਸ ਦੀ ਵੱਡੀ ਭੈਣ ਨਾਲ ਜਬਰ ਜਨਾਹ ਕਰਨ ਦੇ ਮਾਮਲੇ ਵਿਚ ਮੌਤ ਦੀ ਸਜ਼ਾ ਪ੍ਰਾਪਤ ਦੋਸ਼ੀ ਲੋਰਾਨ ਕੌਲ ਨੂੰ ਫਲੋਰਿਡਾ ਦੀ ਜੇਲ ਵਿਚ ਜ਼ਹਿਰ ਦਾ ਟੀਕਾ ਲਾਇਆ ਗਿਆ। ਉਸ ਵੱਲੋਂ ਬੀਤੇ ਦਿਨ ਜਾਨ ਬਖਸ਼ ਦੇਣ ਦੀ ਕੀਤੀ ਗਈ ਆਖਰੀ ਬੇਨਤੀ ਵੱਲ ਕਿਸੇ ਨੇ ਧਿਆਨ ਨਹੀਂ ਦਿੱਤਾ। ਜੈਕਸਨਵਿਲੇ ਤੋਂ 40 ਮੀਲ ਦੂਰ ਦੱਖਣ ਪੱਛਮ ਵਿਚ ਸਥਿੱਤ ਫਲੋਰਿਡਾ ਸਟੇਟ ਜੇਲ ਰਾਈਫੋਰਡ ਵਿਚ ਕੌਲ (57) ਨੂੰ ਜ਼ਹਿਰ ਦਾ ਟੀਕਾ ਲਾਉਣ ਉਪਰੰਤ ਸ਼ਾਮ 6.15 ਵਜੇ ਮ੍ਰਿਤਕ ਐਲਾਨ ਦਿੱਤਾ ਗਿਆ। ਇਸ ਸਾਲ ਫਲੋਰਿਡਾ ਵਿਚ ਇਹ ਪਹਿਲੀ ਤੇ ਅਮਰੀਕਾ ਵਿਚ ਇਹ ਤੇਰਵੀਂ ਫਾਂਸੀ ਹੈ। ਕੌਲ ਨੂੰ 1994 ਵਿਚ ਫਲੋਰਿਡਾ ਸਟੇਟ ਯੁਨੀਵਰਸਿਟੀ ਦੇ ਵਿਦਿਆਰਥੀ ਜੌਹਨ ਐਡਵਰਡਜ ਦੀ ਹੱਤਿਆ ਕਰਨ ਤੇ ਉਸ ਦੀ ਭੈਣ ਨਾਲ ਜਬਰ ਜਨਾਹ ਕਰਨ ਦੇ ਮਾਮਲੇ ਵਿਚ ਦੋਸ਼ੀ ਕਰਾਰ ਦੇ ਕੇ ਮੌਤ ਦੀ ਸਜ਼ਾ ਸੁਣਾਈ ਗਈ ਸੀ। ਜ਼ਹਿਰ ਦਾ ਟੀਕਾ ਲਾਉਣ ਵੇਲੇ ਗਾਰਡ, ਸਟਾਫ ਤੇ 7 ਪੱਤਰਕਾਰ ਹਾਜਰ ਸਨ।

# ਕੈਨੇਡਾ ਤੋਂ ਵੱਡੀ ਗਿਣਤੀ ਵਿੱਚ ਭਾਰਤੀਆਂ ਦਾ ਬਿਨਾਂ ਦਸਤਾਵੇਜ਼ਾਂ ਤੋਂ ਅਮਰੀਕਾ ਜਾਣ ਦਾ ਰੁਝਾਨ ਵਧਿਆ

## ✪ ਜੂਨ ਵਿੱਚ 5,152 ਭਾਰਤੀ ਬਿਨਾਂ ਦਸਤਾਵੇਜ਼ਾਂ ਦੇ ਕੈਨੇਡਾ ਤੋਂ ਪੈਦਲ ਅਮਰੀਕਾ ਵਿੱਚ ਹੋਏ ਦਾਖਲ

ਵਾਸ਼ਿੰਗਟਨ-ਕੈਨੇਡਾ ਤੋਂ ਵੱਡੀ ਗਿਣਤੀ ਵਿੱਚ ਭਾਰਤੀ ਬਿਨਾਂ ਦਸਤਾਵੇਜ਼ਾਂ ਦੇ ਅਮਰੀਕਾ ਜਾ ਰਹੇ ਹਨ। ਇਹ ਸੰਖਿਆ ਆਪਣੇ ਉੱਚੇ ਪੱਧਰ 'ਤੇ ਪਹੁੰਚ ਗਈ ਹੈ। ਲੋਕਾਂ ਦੇ ਲਗਾਤਾਰ ਗੈਰ-ਕਾਨੂੰਨੀ ਤਰੀਕੇ ਨਾਲ ਦਾਖਲ ਹੋਣ ਕਾਰਨ ਕੈਨੇਡਾ ਦੀ ਵੀਜ਼ਾ ਜਾਂਚ ਪ੍ਰਕਿਰਿਆ ਹੁਣ ਸਵਾਲਾਂ ਦੇ ਘੇਰੇ ਵਿਚ ਆ ਗਈ ਹੈ। ਇਸ ਤੋਂ ਇਲਾਵਾ ਅਜਿਹੀਆਂ ਖਬਰਾਂ ਵੀ ਹਨ ਕਿ ਕੈਨੇਡਾ ਜਾਣ ਵਾਲੇ ਯਾਤਰੀ ਅਜਿਹੇ ਸਫਰ ਕਰਦੇ ਹਨ ਕਿ ਉਨ੍ਹਾਂ ਨੂੰ ਯੂ.ਕੇ. ਵਿਚ ਰੁਕਣਾ ਪਵੇ। ਇਸ ਤੋਂ ਬਾਅਦ ਉਨ੍ਹਾਂ ਵੱਲੋਂ ਬ੍ਰਿਟੇਨ ਵਿਚ ਸ਼ਰਨ ਮੰਗਣ ਦੇ ਮਾਮਲੇ ਵੀ ਵਧਦੇ ਜਾ ਰਹੇ ਹਨ। ਯੂ.ਐਸ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (ਸੀ.ਬੀ.ਪੀ) ਦੇ ਤਾਜ਼ਾ ਅੰਕੜਿਆਂ ਅਨੁਸਾਰ, ਇਸ ਸਾਲ ਜੂਨ ਵਿੱਚ, 5,152 ਭਾਰਤੀ ਬਿਨਾਂ ਦਸਤਾਵੇਜ਼ਾਂ ਦੇ ਕੈਨੇਡਾ ਤੋਂ ਪੈਦਲ ਅਮਰੀਕਾ ਵਿੱਚ ਦਾਖਲ ਹੋਏ।




ਦਸੰਬਰ 2023 ਤੋਂ ਹਰ ਮਹੀਨੇ ਕੈਨੇਡਾ ਤੋਂ ਅਮਰੀਕਾ ਵਿੱਚ ਦਾਖਲ ਹੋਣ ਵਾਲੇ ਭਾਰਤੀਆਂ ਦੀ ਗਿਣਤੀ ਮੈਕਸੀਕੋ ਸਰਹੱਦ ਤੋਂ ਦਾਖਲ ਹੋਣ ਵਾਲੇ ਭਾਰਤੀਆਂ ਦੀ ਗਿਣਤੀ ਤੋਂ ਵੱਧ ਹੋ ਗਈ ਹੈ। ਕੈਨੇਡਾ ਅਤੇ ਅਮਰੀਕਾ ਵਿਚਕਾਰ 9000 ਕਿਲੋਮੀਟਰ ਦੀ ਸਰਹੱਦ ਹੈ। ਇਹ ਦੁਨੀਆ ਦੀ ਸਭ ਤੋਂ ਲੰਬੀ ਖੁੱਲ੍ਹੀ ਸਰਹੱਦ ਹੈ, ਜੋ ਮੈਕਸੀਕੋ-ਅਮਰੀਕਾ ਸਰਹੱਦ ਦੀ ਲੰਬਾਈ ਤੋਂ ਦੁੱਗਣੀ ਹੈ। ਯੂ.ਐਸ ਦੇ ਸੀ.ਬੀ.ਪੀ ਦੇ ਅੰਕੜਿਆਂ ਅਨੁਸਾਰ ਇਸ ਸਾਲ ਜਨਵਰੀ ਤੋਂ ਜੂਨ ਦਰਮਿਆਨ ਹਰ ਮਹੀਨੇ ਅਮਰੀਕੀ ਸਰਹੱਦ 'ਤੇ ਫੜੇ ਗਏ ਭਾਰਤੀਆਂ ਦੀ ਔਸਤ ਗਿਣਤੀ 2548 ਤੋਂ 2024 ਵਿੱਚ 47 ਪ੍ਰਤੀਸ਼ਤ ਵਧ ਕੇ 3733 ਹੋ ਗਈ ਹੈ। 2021 ਵਿੱਚ ਇਹ ਸਿਰਫ 282 ਸੀ, ਜਿਸ ਵਿੱਚ 13 ਗੁਣਾ ਵਾਧਾ ਹੋਇਆ ਹੈ।

ਅਮਰੀਕਾ ਵਿਚ ਵੱਡੀ ਗਿਣਤੀ ਵਿਚ ਭਾਰਤੀ ਰਹਿ ਰਹੇ ਹਨ ਜੋ ਕਾਨੂੰਨੀ ਤੌਰ 'ਤੇ ਉਥੇ ਵਸ ਗਏ ਹਨ। ਇਨ੍ਹਾਂ ਭਾਰਤੀਆਂ ਦਾ ਅਮਰੀਕਾ ਵਿੱਚ ਆਰਥਿਕ ਦਬਦਬਾ ਹੈ। ਬੋਸਟਨ ਕੰਸਲਟਿੰਗ ਗਰੁੱਪ ਦੇ ਇੱਕ ਤਾਜ਼ਾ ਅਧਿਐਨ ਵਿੱਚ ਅੰਦਾਜ਼ਾ ਲਗਾਇਆ ਗਿਆ ਹੈ ਕਿ ਭਾਰਤੀ ਅਮਰੀਕੀ ਕੁੱਲ ਅਮਰੀਕਾ ਦੀ ਆਬਾਦੀ ਦਾ 1.5 ਪ੍ਰਤੀਸ਼ਤ ਹਨ। ਪਰ ਉਹ ਸਾਰੇ ਇਨਕਮ ਟੈਕਸ ਦਾ 5-6 ਫੀਸਦੀ ਅਦਾ ਕਰਦਾ ਹੈ। ਇਸ ਦੌਰਾਨ, ਸ਼ਰਣ ਮੰਗਣ ਲਈ ਬ੍ਰਿਟੇਨ ਦੀਆਂ ਬੰਦਰਗਾਹਾਂ 'ਤੇ ਪਹੁੰਚਣ ਵਾਲੇ ਭਾਰਤੀਆਂ ਦੀ ਗਿਣਤੀ ਵੀ ਲਗਾਤਾਰ ਵਧ ਰਹੀ ਹੈ। 2021 ਵਿੱਚ ਇਹ ਗਿਣਤੀ 495 ਸੀ ਜੋ 2022 ਵਿੱਚ 136 ਫੀਸਦੀ ਵਧ ਕੇ 1170 ਹੋ ਗਈ। ਇਹ ਸੰਖਿਆ 2023 ਵਿੱਚ 1391 ਤੱਕ ਪਹੁੰਚ ਗਈ। ਇਸ ਸਾਲ ਦੀ ਗੱਲ ਕਰੀਏ ਤਾਂ ਜੂਨ ਤੱਕ 475 ਸ਼ਰਨ ਮੰਗਣ ਵਾਲੇ ਯੂਕੇ ਦੀਆਂ ਬੰਦਰਗਾਹਾਂ 'ਤੇ ਪਹੁੰਚੇ।

ਅਮਰੀਕਾ ਅਤੇ ਯੂ.ਕੇ ਦੋਵਾਂ ਨੇ ਕੈਨੇਡਾ ਨੂੰ ਆਪਣੀਆਂ ਚਿੰਤਾਵਾਂ ਤੋਂ ਜਾਣੂ ਕਰਾਇਆ ਹੈ। ਰਿਪੋਰਟ ਮੁਤਾਬਕ ਅਮਰੀਕਾ ਨੇ ਵੀਜ਼ਾ ਜਾਂਚ ਪ੍ਰਕਿਰਿਆ ਨੂੰ ਹੋਰ ਸਖ਼ਤ ਕਰਨ ਦੀ ਮੰਗ ਕੀਤੀ ਹੈ। ਇਮੀਗ੍ਰੇਸ਼ਨ, ਰਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ (ਆਈ.ਆਰ.ਸੀ.ਸੀ) ਦੇ ਬੁਲਾਰੇ ਨੇ ਕਿਹਾ, 'ਆਈ.ਆਰ.ਸੀ.ਸੀ ਇਸ ਸਮੇਂ ਅਮਰੀਕਾ ਜਾਂ ਯੂ.ਕੇ ਨਾਲ ਕਿਸੇ ਵੀ ਗੱਲਬਾਤ 'ਤੇ ਟਿੱਪਣੀ ਨਹੀਂ ਕਰ ਸਕਦੀ।

ਕੈਨੇਡਾ ਇਨ੍ਹਾਂ ਗਤੀਵਿਧੀਆਂ ਪਿੱਛੇ ਨੈੱਟਵਰਕ ਨੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹੈ। ਯੂ.ਕੇ ਦੇ ਗ੍ਰਹਿ ਦਫ਼ਤਰ ਨੇ ਕਿਹਾ ਕਿ ਉਹ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਇਸ ਸਹੂਲਤ ਦੀ ਦੁਰਵਰਤੋਂ ਨਾ ਹੋਵੇ।

# ਵੈਨਕੂਵਰ ਵਿਚ ਖਾਲਿਸਤਾਨੀਆ ਨੇ ਦਿਖਾਈ ਝਾਕੀ, ਮੁੱਖ ਮੰਤਰੀ ਬੇਅੰਤ ਸਿੰਘ ਨੂੰ ਮਾਰਨ ਵਾਲੇ ਨੂੰ ਦੱਸਿਆ 'ਹੀਰੋ'

## ✪ ਝਾਕੀ ਕਾਰਣ ਭਾਰਤ-ਕੈਨੇਡਾ ਸਬੰਧਾਂ ਵਿਚ ਇੱਕ ਵਾਰ ਫਿਰ ਤਣਾਅ ਵਧਿਆ

ਟੋਰਾਂਟੋ-ਕੈਨੇਡਾ 'ਚ ਖਾਲਿਸਤਾਨ ਪੱਖੀ ਕੱਟੜਪੰਥੀਆਂ ਵੱਲੋਂ ਆਯੋਜਿਤ ਤਾਜ਼ਾ ਝਾਕੀ ਨੇ ਭਾਰਤ-ਕੈਨੇਡਾ ਸਬੰਧਾਂ ਵਿਚ ਇੱਕ ਵਾਰ ਫਿਰ ਤਣਾਅ ਵਧਾ ਦਿੱਤਾ ਹੈ। ਇਹ ਝਾਕੀ 31 ਅਗਸਤ, 2024 ਨੂੰ ਵੈਨਕੂਵਰ ਵਿੱਚ ਭਾਰਤੀ ਕੌਂਸਲੇਟ ਦੇ ਨੇੜੇ ਕੱਢੀ ਗਈ ਸੀ, ਜਿਸ ਵਿਚ 1995 ਵਿੱਚ ਪੰਜਾਬ ਦੇ ਤਤਕਾਲੀ ਮੁੱਖ ਮੰਤਰੀ ਬੇਅੰਤ ਸਿੰਘ ਦਾ ਸੋਧਾ ਲਗਾਉਣ ਵਾਲੇ ਦਿਲਾਵਰ ਸਿੰਘ ਬੱਬਰ ਨੂੰ ਸਨਮਾਨ ਦਿੱਤਾ ਗਿਆ ਹੈ। ਝਾਕੀ ਵਿੱਚ ਬੇਅੰਤ ਸਿੰਘ ਦੀਆਂ ਤਸਵੀਰਾਂ ਅਤੇ ਬੰਬ ਨਾਲ ਭਰੀ ਕਾਰ ਵੀ ਦਿਖਾਈ ਗਈ ਜਿਸ ਵਿੱਚ ਉਹ ਮਾਰੇ ਗਏ ਸਨ। ਤਸਵੀਰਾਂ 'ਤੇ ਤਿਖੇ ਸੰਦੇਸ਼ ਲਿਖੇ ਹੋਏ ਸਨ, ਜਿਵੇਂ ਕਿ 'ਬੇਅੰਤ ਮਾਰਿਆ ਗਿਆ'।





ਝਾਕੀ ਦੇ ਆਯੋਜਨ ਦਾ ਸਮਾਂ ਵੀ ਬਹੁਤ ਸੰਵੇਦਨਸ਼ੀਲ ਸੀ, ਕਿਉਂਕਿ ਇਹ ਬੇਅੰਤ ਸਿੰਘ ਦੀ 29ਵੀਂ ਬਰਸੀ ਮੌਕੇ ਕੱਢੀ ਗਈ ਸੀ। ਬੱਬਰ ਖਾਲਸਾ ਇੰਟਰਨੈਸ਼ਨਲ ਨਾਲ ਜੁੜੇ ਦਿਲਾਵਰ ਸਿੰਘ ਬੱਬਰ ਨੇ 31 ਅਗਸਤ 1995 ਨੂੰ ਚੰਡੀਗੜ੍ਹ ਸਕੱਤਰੇਤ ਦੇ ਬਾਹਰ ਆਤਮਘਾਤੀ ਬੰਬ ਧਮਾਕਾ ਕਰਕੇ ਬੇਅੰਤ ਸਿੰਘ ਦੀ ਹੱਤਿਆ ਕਰ ਦਿੱਤੀ ਸੀ। ਇਹ ਹਮਲਾ ਬੇਅੰਤ ਸਿੰਘ ਵੱਲੋਂ ਪੰਜਾਬ ਵਿੱਚ ਖਾੜਕੂਵਾਦ ਦੌਰਾਨ ਕਈ ਬੇਗੁਨਾਹ ਸਿਖਾਂ ਨੂੰ, ਲਵਾਰਸ ਲਾਸ਼ਾਂ ਬਣਾਉਣ ਦਾ ਪ੍ਰਤੀਕਰਮ ਸੀ। ਇਸ ਕਤਲ ਨੂੰ ਉਸ ਸਮੇਂ ਦੇ ਖਾਲਿਸਤਾਨ ਸਮਰਥਕਾਂ ਵੱਲੋਂ 'ਆਜ਼ਾਦੀ ਦੀ ਲੜਾਈ' ਵਜੋਂ ਦਰਸਾਇਆ ਗਿਆ ਸੀ। ਕੈਨੇਡਾ ਵਿਚ ਅਜਿਹੀਆਂ ਗਤੀਵਿਧੀਆਂ ਸਿਰਫ਼ ਵੈਨਕੂਵਰ ਤੱਕ ਹੀ ਸੀਮਤ ਨਹੀਂ ਸਨ। ਇਸੇ ਤਰ੍ਹਾਂ ਦੀ ਇੱਕ ਹੋਰ ਰੈਲੀ ਟੋਰਾਂਟੋ ਵਿੱਚ ਵੀ ਕੱਢੀ ਗਈ, ਜਿਸ ਦੀ ਅਗਵਾਈ ਇੰਦਰਜੀਤ ਸਿੰਘ ਗੋਸਲ ਨੇ ਕੀਤੀ।

ਗੋਸਲ ਨੇ ਰੈਲੀ ਵਿੱਚ ਦਿਲਾਵਰ ਸਿੰਘ ਨੂੰ 'ਸ਼ਹੀਦ' ਕਿਹਾ ਅਤੇ ਉਸ ਨੂੰ ਖਾਲਿਸਤਾਨ ਰਾਇਸ਼ੁਮਾਰੀ ਦੇ ਪ੍ਰਚਾਰਕਾਂ ਦਾ ਹੀਰੋ ਦੱਸਿਆ। ਗੋਸਲ, ਜੋ ਕਿ ਖਾਲਿਸਤਾਨੀ ਸੰਗਠਨ ਸਿੱਖਸ ਫਾਰ ਜਸਟਿਸ ਦੇ ਜਨਰਲ ਵਕੀਲ ਗੁਰਪਤਵੰਤ ਪੰਨੂ ਦਾ ਸਹਿਯੋਗੀ ਮੰਨਿਆ ਜਾਂਦਾ ਹੈ, ਨੂੰ ਵੀ ਹਾਲ ਹੀ ਵਿੱਚ ਕੈਨੇਡੀਅਨ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੁਆਰਾ ਉਸਦੀ ਜਾਨ ਨੂੰ ਖਤਰੇ ਦੀ ਚੇਤਾਵਨੀ ਦਿੱਤੀ ਗਈ ਸੀ। ਇਹ ਚੇਤਾਵਨੀ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਸ ਅਤੇ ਰਾਇਲ ਕੈਨੇਡੀਅਨ ਮਾਊਂਟਿਡ ਪੁਲਸ ਦੁਆਰਾ ਜਾਰੀ ਕੀਤੀ ਗਈ ਸੀ। ਗੋਸਲ ਦਾ ਸਬੰਧ ਹਰਦੀਪ ਸਿੰਘ ਨਿੱਝਰ ਨਾਲ ਵੀ ਦੱਸਿਆ ਜਾਂਦਾ ਹੈ, ਜਿਸ ਦਾ ਪਿਛਲੇ ਸਾਲ ਜੂਨ ਮਹੀਨੇ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿਖੇ ਕਤਲ ਕਰ ਦਿੱਤਾ ਗਿਆ ਸੀ। ਭਾਰਤ ਸਰਕਾਰ ਨੇ ਖਾਲਿਸਤਾਨ ਸਮਰਥਕਾਂ ਦੀਆਂ ਇਨ੍ਹਾਂ ਗਤੀਵਿਧੀਆਂ 'ਤੇ ਸਖ਼ਤ ਇਤਰਾਜ਼ ਪ੍ਰਗਟਾਇਆ ਹੈ। ਇਹ ਮੁੱਦਾ ਕੈਨੇਡੀਅਨ ਅਧਿਕਾਰੀਆਂ ਕੋਲ ਵੀ ਉਠਾਇਆ ਗਿਆ ਹੈ, ਜਨਤਕ ਸੁਰੱਖਿਆ ਮੰਤਰੀ ਡੋਮਿਨਿਕ ਲੇਬਲੈਂਕ ਨੇ ਹਿੰਸਾ ਨੂੰ ਭੜਕਾਉਣ ਦੀ ਨਿੰਦਾ ਕੀਤੀ ਹੈ।

ਇਸ ਤੋਂ ਪਹਿਲਾਂ ਇਸ ਸਾਲ 9 ਜੂਨ ਨੂੰ ਗ੍ਰੇਟਰ ਟੋਰਾਂਟੋ ਖੇਤਰ ਦੇ ਬਰੈਂਪਟਨ ਵਿੱਚ ਇੱਕ ਹੋਰ ਵਿਵਾਦਤ ਝਾਕੀ ਕੱਢੀ ਗਈ ਸੀ, ਜਿਸ ਵਿੱਚ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਪੁਤਲਾ ਪ੍ਰਦਰਸ਼ਿਤ ਕੀਤਾ ਗਿਆ ਸੀ। ਉਸ ਝਾਕੀ ਵਿੱਚ 31 ਅਕਤੂਬਰ 1984 ਨੂੰ ਉਨ੍ਹਾਂ ਦੇ ਅੰਗ ਰੱਖਿਅਕਾਂ ਵੱਲੋਂ ਕੀਤੇ ਗਏ ਇੰਦਰਾ ਗਾਂਧੀ ਦੇ ਕਤਲ ਨੂੰ 'ਇਨਸਾਫ਼' ਵਜੋਂ ਪੇਸ਼ ਕੀਤਾ ਗਿਆ ਸੀ। ਸਾਕਾ ਨੀਲਾ ਤਾਰਾ ਦੀ 40ਵੀਂ ਵਰ੍ਹੇਗੰਢ ਨੂੰ ਦਰਸਾਉਂਦੀ ਝਾਕੀ ਕੱਢੀ ਗਈ ਸੀ।

TAIL PIECE

Dalip Singh Wasan, Advocate
Email: dalipsinghwassan@yahoo.co.in

## System in Parliament needs reforms - A statement



A statement has come that whatever system and procedure that been adopted here in India for setting functioning of our Parliament needs reforms. This is a general statment and needs specific consideration. We are a democracy and we have declared ourselves as government of the people. All the people cannot sit in Parliament and therefore, we have adopted this election system. The people elect their representatives to sit in Parliament and work for them.

Till date candidates are nominated by contesting groups with PM designats and the PM designate who comes with majority forms the government. PM and ministers are not elecrted by the members present in the house. Even after oath, these members do not become representatives of the people and they are actually connected with the contesting groups and work under the PM designates from the supporting side and from the opposition side. Members from supporting side often remain silent and people from opposition side too do not speak and if speak, they are not heard.

The members are not free here to represent the people who elected them and work under hidden whips. They are not free to work for the people as per their own conscience, will, wisdom, experience in debates on Bills, Projects, Schemes and policies. Till date none could bring something for the people of his area in the house and are just voters and number for Bills, Projects, Schemes and Policies forwarded by the heads of contesting groups.Since we could not turn our members as our representatives, reforms proposed must concentrate on this point.

One way out is to turn House party less and all members be raised to the status of representatives of the people; Even PM and other ministers could be elected here. Members must forget their nominations and oath means representatives of the people only. Only then the menbers shall be able to work as per their own conscience, will, wisdom and discretion. Let the nation think over this point and even these matters must be discussed in press too. The present system has been adopted in the beginning, must change to upgrade our democracy as per spirit of our Constitution.

## 12 cities shall get status of Industrial Smart Cities and shall provide employment to ten lakh youths

The latest news came from the side of Central Government is that 12 cities in India including one city Rajpura from Punjab shall get status of Industrial Smart Cities. And an estimate too has come out that at least ten lakh people shall get employment. A good move and with good results.

The biggest problem in India is that income of most of the people is not matching the cost of living and that had been the result of growing poverty. Regular employment and regular proper income both can root out poverty from India.

We could not concentrate on these two point in the past and because of our failure, poverty in India had been growing and now two-third population of India has turned poor and if we do not start industrial gowth, poverty shall continue to rise in number. Only growth of industrial towns is the remedy and let we must think of cooperative wing too because the farmers who too are mostly unemployed and have less income, must availa of new opportunities.



There is Cooperative Law in India and some units in this line are functioning well. Let us think of more units specially in village and specially of peole of rural areas so that they too could establish cooperative units on line with corporate houses.

Our parliament too must concentrate on these lines and let this period of five years bring us on line and we coujld see no poverty in India. Both government side and opposition side must come with Bills, projects, Schemes and Policies on these line and must cooperate.

## Contesting groups in J and K may tell the people their Development Programmes

Elections dates for Jammu and Kashmir province are near. But till date the names of contesting groups are not clear and even none of them has given their programmes, targets to the people. The people hope that this time the contesting groups would not waste their time on comments against each other. The people of Kashmir could get this opportunity to elect their own government and therefore. the contesting groups must be clear what are the programmes of groups who shall be in the field. There are people who still believe that J and K is still a state and its final decision is still pending and they are still misleading the people. But on the whole the people of Kashmir know that J and K has become part of India when as per Independence Act, the Maharaja Hari Singh had merged his state in India and the area occupied by Pakistan too is part of India.

At present people do not want that there should be discussion on the point of merger. They want that the contesting groups must speak only on development programmes and ensure that Kashmir shall turn Tourists resort and more and more people shall start visiting this province and because of flourishing this industry, people too shall get employment and earning capacity. The people had been suffering since independence because of political misleadings.

## Contesting groups in J and K must ensure jobs for all un-employed youths

Contesting groups in J and K must ensure that all youths who are unemployed shall get jobs with reasonable and proper wages. Till jobsare not available in the State, neighbouring states shall be requested-to adjust some youths from Kashymir. The people of J and K arealready adjusted themselves as citizens of India and we note a large number of youths from Kashmir are serving in other srtates and evensome of them could have houses in other states.



Because of certain mischiefs of some personsa wing of politiciansare talking of separation and they are still of the view that one day Plebiscite shall be conducted in J and K and people shall be given liberty to decide their fate. They are ignoring that the Independence Act passede by the British allowed all states in India liberty to joineither India or Pakistan and under those provisions of the Act, Maharaja hari Singh of Kashmir had merged his state with India andhad been given Privy Purse as rulers of other states got.

The contesting groups have nominated candidates for elections andwe shall be having peaceful elections in J and K and also in partdeclared as UT and people shall be having their own State Legislative Assembly. The sleeping war initiated by Pakistan through terrrorist sremained a futile exercise and they are losing lives of youths and parents of such youths too are silent in Pakistan because of supremacyof Armies there. Pakistan must leave the area occupied illegally and let India and Pakistan too must sign a No War Pact for twenty five years like one signed by India and Bangladesh. Peace in this subcontinent shall bring more prosperity among the people because of natural resources available in this sub continent.

- ਲੇਖਕ -
ਗਿ: ਗੁਰਬਖਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



**ਕਿਸ਼ਤ ਪਹਿਲੀ**

# ਗੁਰ ਅੰਗਦੁ ਗੁਰੂ ਅੰਗੁ ਤੇ




**ਮੱਤੇ ਦੀ ਸਰਾਂ ਵਿਚ ਫੇਰੂ ਮੱਲ ਨੂੰ ਕੰਮ ਵਿਚ ਚੰਗਾ ਲੱਗਾ ਵੇਖ ਕੇ ਨਾਨਕਿਆਂ ਨੇ ਇਨ੍ਹਾਂ ਦਾ ਵਿਆਹ ਇਸੇ ਪਾਸੇ ਹੀ ਕਰਨ ਦੀ ਸੋਚਣੀ ਸ਼ੁਰੂ ਕੀਤੀ। ਭਲੇ ਸੰਜੋਗਾਂ ਨਾਲ ਪਿੰਡ ਵਿਚ ਹੀ ਬੜਾ ਮਿਲਨੇਸਾਰ ਇਕ ਪ੍ਰਵਾਰ ਮਿਲ ਗਿਆ। ਸੋ, ਪਿਤਾ ਸ੍ਰੀ ਗੇਹਨੂੰ ਮੱਲ ਜੀ ਨੇ ਇਨ੍ਹਾਂ ਦੇ ਨਾਨਕਿਆਂ ਦੀ ਚੋਣ ਅਨੁਸਾਰ ਬਹੁਤ ਨੇਕ-ਬਖ਼ਤ ਇਸਤ੍ਰੀ ਸ੍ਰੀ ਸਭਰਾਈ ਜੀ (ਇਨ੍ਹਾਂ ਦੇ ਨਾਂ ਰਾਮੋ, ਨਿਹਾਲ ਕੌਰ ਅਰ ਮਨਸਾ ਦੇਈ ਵੀ ਮਿਲਦੇ ਹਨ) ਨਾਲ ਫੇਰੂ ਮੱਲ ਦਾ ਵਿਆਹ ਕਰ ਦਿੱਤਾ। ਇਸ ਦੰਪਤੀ ਦੇ ਘਰ ਹੀ ਕਰਤਾਰ ਨੇ ੧੫੬੧ ਬਿਕਰਮੀ /੧੫੦੪ ਈਸਵੀ ਨੂੰ ਲਹਿਣਾ ਮੱਲ ਜੀ ਨੂੰ ਭੇਜਿਆ ਜਿਨ੍ਹਾਂ ਦੀ ਸਿਫ਼ਤ ਕਰਦਿਆਂ ਸੱਤਾ ਡੂਮ ਨੇ ਫੇਰੂਆਣ (ਫੇਰੂ ਜੀ ਦੇ ਸਪੁੱਤਰ) ਅਤੇ ਭੱਟ ਕਲਸਹਾਰ ਨੇ ਫਿਰਨਸੀਂਹ (ਫੇਰੂ ਮੱਲ ਜੀ ਦਾ ਸ਼ੇਰ-ਪੁੱਤਰ) ਆਦਿ ਵਿਸ਼ੇਸ਼ਣਾਂ ਨਾਲ ਪਿਤਾ ਜੀ ਦਾ ਵੀ ਅਭਿਨੰਦਨ ਕੀਤਾ ਹੈ।**

## ਮੁੱਢਲਾ ਜੀਵਨ

ਗੁਰੂ ਅੰਗਦ ਸਾਹਿਬ ਜੀ ਦਾ ਮੁੱਢਲਾ ਨਾਂ (ਸ੍ਰੀ) ਲਹਿਣਾ ਮੱਲ ਸੀ ਜੋ ਅਕਸਰ ਲਹਿਣਾ ਕਹਿ ਕੇ ਪੁਕਾਰਿਆ ਜਾਂਦਾ ਸੀ।ਇਨ੍ਹਾਂ ਦਾ ਜਨਮ ਬਾਬਾ ਫੇਰੂ ਮੱਲ ਜੀ ਅਤੇ ਮਾਤਾ ਸਭਰਾਈ /ਰਾਮੋ /ਨਿਹਾਲ ਕੌਰ ਜੀ ਦੇ ਗ੍ਰਿਹ ੧੧ ਵੈਸਾਖ ਸੁਦੀ ਏਕਮ ਸੰਮਤ ੧੫੬੧ ਅਰਥਾਤ ੧੫੦੪ ਈਸਵੀ ਨੂੰ ਮੱਤੇ ਦੀ ਸਰਾਂ (ਮੁਕਤਸਰ) ਵਿਚ ਹੋਇਆ।ਇਹ ਨਗਰ ਮੁਕਤਸਰ ਸਾਹਿਬ ਤੋਂ ਕੇਵਲ ੧੨ ਕਿਲੋਮੀਟਰ ਦੀ ਦੂਰੀ 'ਤੇ ਹੈ। ਆਪ ਜੀ ਦਾ ਵਿਆਹ ਖਡੂਰ ਸਾਹਿਬ ਤੋਂ ਚਾਰ ਕਿਲੋਮੀਟਰ ਦੀ ਦੂਰੀ 'ਤੇ ਪਿੰਡ ਸੰਘਰ ਨਿਵਾਸੀ ਧਨਾਢ ਸ੍ਰੀ ਦੇਵੀ ਚੰਦ ਦੀ ਸੁਸ਼ੀਲ ਧੀ ਸ੍ਰੀ (ਮਾਤ) ਖੀਵੀ ਜੀ ਨਾਲ ੧੫੭੬ ਬਿਕ੍ਰਮੀ /੧੫੧੯ ਈ. ਵਿਚ ਹੋਇਆ। ਪਿਤਾ ਜੀ ਦਾ ਪਿਛੋਕੜ ਪਿੰਡ ਮੰਗੋਵਾਲ ਜ਼ਿਲਾ ਗੁਜਰਾਤ, ਪਾਕਿਸਤਾਨ ਦਾ ਮਿਲਦਾ ਹੈ।ਇਨ੍ਹਾਂ ਦੇ ਵਡੇਰੇ ਸ੍ਰੀ ਸੂਰਜ ਮੱਲ ਜੀ ਤ੍ਰੇਹਣ ਚੰਗੇ ਧਨਾਢ ਵਪਾਰੀ ਸਨ ਜੋ ਵਾਪਾਰ ਹਿੱਤ ਆਪ ਅਤੇ ਉਨ੍ਹਾਂ ਦੇ ਸਪੁੱਤ੍ਰ ਸ੍ਰੀ ਗੇਹਨੂੰ ਮੱਲ ਸਾਰੇ ਪੰਜਾਬ ਵਿਚ ਦੂਰ ਨੇੜੇ ਆਇਆ ਜਾਇਆ ਕਰਦੇ ਸਨ। ਇਸੇ ਆਉਣ ਜਾਣ ਵਿਚ ਹੀ ਮੱਤੇ ਦੀ ਸਰਾਂ ਜੋ ਉਸ ਸਮੇਂ ਪਾਕਪੱਤਣ ਤੋਂ ਦਿੱਲੀ ਜਾਣ ਵਾਲੇ ਪ੍ਰਸਿੱਧ ਵਪਾਰਕ ਰਾਹ 'ਤੇ ਸੀ, ਵਿਖੇ ਸ੍ਰੀ ਗੇਹਨੂੰ ਮੱਲ ਜੀ ਦਾ ਰਿਸ਼ਤਾ ਹੋ ਗਿਆ। ਸਮਾਂ ਪਾ ਕੇ ਇਨ੍ਹਾਂ ਦੇ ਘਰ ਚਾਰ ਪੁੱਤਰਾਂ -ਰਾਜਾਨੀ, ਗੁਰਯਾ ਮੱਲ, ਫੇਰੂ ਮੱਲ ਅਰ ਅਰਬੀ ਮੱਲ ਨੇ ਜਨਮ ਲਿਆ। ਨਾਨਕੇ ਆਪਣੇ ਦੋਹਤਰੇ ਫੇਰੂ ਮੱਲ ਨੂੰ ਆਪਣੇ ਕੋਲ ਲੈ ਆਏ ਅਤੇ ਇਥੇ ਹੀ ਫੇਰੂ ਮੱਲ ਜੀ ਨੂੰ ਫ਼ਾਰਸੀ ਤੇ ਕਾਰੋਬਾਰੀ ਵਿਦਿਆ ਲੰਡੇ/ਮਹਾਜਨੀ ਦੀ ਉਸਤਾਦਾਂ ਪਾਸੋਂ ਚੰਗੀ ਮੁਹਾਰਤ ਪ੍ਰਾਪਤ ਕਰਵਾਈ ਜਿਸ ਸਦਕਾ ਪਿੰਡ ਦੇ ਚੌਧਰੀ ਤਖ਼ਤ ਮੱਲ ਜੋ ਅੰਦਾਜ਼ਨ ੨੦ ਪਿੰਡਾਂ ਦਾ ਜਗੀਰਦਾਰ ਸੀ, ਨੇ ਹਿਸਾਬ-ਕਿਤਾਬ ਸਾਂਭਣ ਲਈ ਆਪਣੇ ਕੋਲ ਰੱਖ ਲਿਆ। ਸੁਭਾਅ ਦੇ ਨੇਕ, ਮਿੱਠਬੋਲੇ ਅਤੇ ਮਿਹਨਤੀ ਹੋਣ ਕਰ ਕੇ ਚੌਧਰੀ ਪ੍ਰਵਾਰ ਨਾਲ ਨੇੜਤਾ ਬਣਦੀ ਗਈ।ਚੌਧਰੀ ਤਖ਼ਤ ਮੱਲ ਦੇ ਸੱਤ ਪੁੱਤਰ ਅਤੇ ਇਕ ਪੁੱਤਰੀ ਸੀ। ਪੁੱਤਰੀ ਦਾ ਨਾਂ ਪ੍ਰਵਾਰ ਨੇ ਵੀਰਾਂ ਵਾਲੀ /ਵਿਰਾਈ ਰੱਖ ਦਿੱਤਾ। ਵਿਰਾਈ ਕੁਦਰਤੀ ਹੀ ਬੜੇ ਧੀਰਜ ਅਤੇ ਧਰਮੀ ਸੁਭਾਅ ਦੀ ਸੀ ਜਿਸ ਨੇ ਫੇਰੂ ਮੱਲ ਜੀ ਨੂੰ ਆਪਣਾ ਧਰਮ ਭਰਾ ਮੰਨ ਲਿਆ। ਚੌਧਰੀ ਤਖ਼ਤ ਮੱਲ ਨੇ ਆਪਣੀ ਇਸ ਧਰਮੀ ਧੀ ਦਾ ਵਿਆਹ ੧੫੬੧ ਬਿਕ੍ਰਮੀ /੧੫੦੪ ਈ. ਨੂੰ ਖਡੂਰ ਦੇ ਚੌਧਰੀ ਮਹਿਮੇ ਨਾਲ ਕਰ ਦਿੱਤਾ।

ਮੱਤੇ ਦੀ ਸਰਾਂ ਵਿਚ ਫੇਰੂ ਮੱਲ ਨੂੰ ਕੰਮ ਵਿਚ ਚੰਗਾ ਲੱਗਾ ਵੇਖ ਕੇ ਨਾਨਕਿਆਂ ਨੇ ਇਨ੍ਹਾਂ ਦਾ ਵਿਆਹ ਇਸੇ ਪਾਸੇ ਹੀ ਕਰਨ ਦੀ ਸੋਚਣੀ ਸ਼ੁਰੂ ਕੀਤੀ। ਭਲੇ ਸੰਜੋਗਾਂ ਨਾਲ ਪਿੰਡ ਵਿਚ ਹੀ ਬੜਾ ਮਿਲਨੇਸਾਰ ਇਕ ਪ੍ਰਵਾਰ ਮਿਲ ਗਿਆ। ਸੋ, ਪਿਤਾ ਸ੍ਰੀ ਗੇਹਨੂੰ ਮੱਲ ਜੀ ਨੇ ਇਨ੍ਹਾਂ ਦੇ ਨਾਨਕਿਆਂ ਦੀ ਚੋਣ ਅਨੁਸਾਰ ਬਹੁਤ ਨੇਕ-ਬਖ਼ਤ ਇਸਤ੍ਰੀ ਸ੍ਰੀ ਸਭਰਾਈ ਜੀ (ਇਨ੍ਹਾਂ ਦੇ ਨਾਂ ਰਾਮੋ, ਨਿਹਾਲ ਕੌਰ ਅਰ ਮਨਸਾ ਦੇਈ ਵੀ ਮਿਲਦੇ ਹਨ) ਨਾਲ ਫੇਰੂ ਮੱਲ ਦਾ ਵਿਆਹ ਕਰ ਦਿੱਤਾ। ਇਸ ਦੰਪਤੀ ਦੇ ਘਰ ਹੀ ਕਰਤਾਰ ਨੇ ੧੫੬੧ ਬਿਕਰਮੀ /੧੫੦੪ ਈਸਵੀ ਨੂੰ ਲਹਿਣਾ ਮੱਲ ਜੀ ਨੂੰ ਭੇਜਿਆ ਜਿਨ੍ਹਾਂ ਦੀ ਸਿਫ਼ਤ ਕਰਦਿਆਂ ਸੱਤਾ ਡੂਮ ਨੇ ਫੇਰੂਆਣ (ਫੇਰੂ ਜੀ ਦੇ ਸਪੁੱਤਰ) ਅਤੇ ਭੱਟ ਕਲਸਹਾਰ ਨੇ ਫਿਰਨਸੀਂਹ (ਫੇਰੂ ਮੱਲ ਜੀ ਦਾ ਸ਼ੇਰ-ਪੁੱਤਰ) ਆਦਿ ਵਿਸ਼ੇਸ਼ਣਾਂ ਨਾਲ ਪਿਤਾ ਜੀ ਦਾ ਵੀ ਅਭਿਨੰਦਨ ਕੀਤਾ ਹੈ। ਲਹਿਣਾ ਜੀ ਦੀ ਉਮਰ ਅਜੇ ਪੰਦਰਾਂ ਸਾਲ ਦੀ ਹੋਈ ਸੀ ਜਦੋਂ ਭੂਆ ਵਿਰਾਈ ਜੀ ਨੇ ਖਡੂਰ ਦੇ ਨੇੜਿਓਂ ਹੀ ਪਿੰਡ ਸੰਘਰ ਨਿਵਾਸੀ ਸ਼ਾਹੂਕਾਰ ਸ੍ਰੀ ਦੇਵੀ ਚੰਦ ਮਰਵਾਹੇ ਖੱਤਰੀ ਦੀ ਧੀ ਖੀਵੀ ਦਾ ਰਿਸ਼ਤਾ ਕਰਵਾ ਦਿੱਤਾ। ਕਰਤਾਰ ਦੀ ਕਰਨੀ ਕਿ ਥੋੜੇ ਸਮੇਂ ਬਾਦ ਹੀ ਕਾਰੋਬਾਰ ਦੇ ਹਿਸਾਬ ਨੂੰ ਲੈ ਕੇ ਚੌਧਰੀ ਤਖ਼ਤ ਮੱਲ ਅਰ ਸ੍ਰੀ ਫੇਰੂ ਮੱਲ ਜੀ ਦਰਮਿਆਨ ਸਖ਼ਤ ਮੱਤ-ਭੇਦ ਪੈਦਾ ਹੋ ਗਏ। ਕੁਝ ਸਮੇਂ ਵਿਚ ਯਤਨ ਕਰਦਿਆਂ ਹਿਸਾਬ ਵਿਚ ਹੋਈ ਗ਼ਲਤੀ ਲੱਭ ਜਾਣ ਨਾਲ ਭਾਵੇਂ ਆਪਸੀ ਮੱਤ-ਭੇਦ ਤਾਂ ਦੂਰ ਹੋ ਗਏ ਪਰ, ਸ੍ਰੀ ਫੇਰੂ ਮੱਲ ਜੀ ਨੇ ਇਨ੍ਹਾਂ ਦਾ ਕੰਮ ਛੱਡ ਦਿੱਤਾ ਅਰ ਨੇੜੇ ਹੀ ਪਿੰਡ ਹਰੀਏ ਕੇ /ਹਰੀ ਕੇ ਆ ਕੇ ਆਪਣਾ ਕਾਰੋਬਾਰ ਆਰੰਭ ਲਿਆ। ਕਾਰੋਬਾਰ ਦੇ ਨਾਲ-ਨਾਲ ਆਪ ਪਿੰਡ ਵਾਲਿਆਂ ਨਾਲ ਕਾਂਗੜੇ ਵਾਲੀ ਦੇਵੀ ਦੇ ਜਗਰ-ਤੇ ਕਰਨ ਲੱਗ ਪਏ।

## ਸੰਘਰ ਆਉਣਾ

ਲਹਿਣਾ ਜੀ ਵੀ ਹੁਣ ਜੁਆਨ ਹੋ ਗਏ ਸਨ, ਉਹ ਜਿਥੇ ਪਿਤਾ ਜੀ ਨਾਲ ਹੁਣ ਕਾਰੋਬਾਰ ਵਿਚ ਹੱਥ ਵੰਡਾਉਂਦੇ ਸਨ ਓਥੇ ਜੁਆਲਾ ਜੀ ਵੀ ਸੰਗ ਨਾਲ ਜਾਣ ਲੱਗੇ। ੧੫੮੦ ਬਿ. /੧੫੨੩ ਈ. ਨੂੰ ਪਿਤਾ ਜੀ ਅਚਾਨਕ ਚਲਾਣਾ ਕਰ ਗਏ। ਉਨ੍ਹਾਂ ਦੇ ਚਲੇ ਜਾਣ ਉਪਰੰਤ ਕਾਰੋਬਾਰ ਅਜੇ ਸੰਭਾਲਣ ਹੀ ਲਗੇ ਸਨ ਕਿ ਖ਼ੁਰਾਸਾਨ ਤੋਂ ਬਾਬਰ ਨੇ ਆਣ ਭਾਰਤ 'ਤੇ ਦੂਜਾ ਹੱਲਾ ਬੋਲਿਆ। ਲਾਹੌਰ ਤੋਂ ਉਸ ਨੇ ਦੀਪਾਲਪੁਰ 'ਤੇ ਆਣ ਕਬਜ਼ਾ ਕੀਤਾ ਅਤੇ ਦਿੱਲੀ ਦੇ ਬਾਦਸ਼ਾਹ ਇਬਰਾਹੀਮ ਲੋਧੀ ਦੇ ਬਾਗੀ ਆਲਮ ਖ਼ਾਨ 'ਤੇ ਭਰੋਸਾ ਕਰਦਿਆਂ ਉਸ ਨੂੰ ਦੀਪਾਲਪੁਰ ਦਾ ਗਵਰਨਰ ਥਾਪ ਦਿੱਤਾ। ਇਸ ਦੌਰਾਨ ਪਿਛੇ ਕੰਧਾਰ ਵਿਚ ਹੋ ਰਹੀ ਬਗਾਵਤ ਦੀ ਖ਼ਬਰ ਸੁਣ ਕੇ ਬਾਬਰ ਇਥੋਂ ਹੀ ਪਿਛੇ ਪਰਤ ਗਿਆ ਪਰ ਹੁਣ ਤੱਕ ਉਸ ਦੀਆਂ ਫ਼ੌਜਾਂ ਅਰ ਨਾਲ ਧਾੜਵੀਆਂ ਨੇ ਪਾਕਪੱਤਣ ਤੋਂ ਸਤਲੁਜ ਪਾਰ ਕਰ ਕੇ ਦੂਰ ਤੱਕ ਲੁੱਟ ਮਚਾ ਚੁੱਕੀਆਂ ਸਨ। ਇਤਿਹਾਸਕਾਰਾਂ ਦਾ ਕਥਨ ਹੈ ਕਿ ਇਸੇ ਸਮੇਂ ਹੀ ਘੁੱਗ ਵਸਦੀ ਮੱਤੇ ਕੀ ਸਰਾਂ ਵੀ ਕਤਲੋ-ਗ਼ਾਰਤ ਦਾ ਸ਼ਿਕਾਰ ਹੋ ਗਈ ਜੋ ਲੁੱਟ-ਪੁੱਟ ਤੋਂ ਬਾਦ ਧਾੜਵੀਆਂ ਨੇ ਉਜਾੜ ਹੀ ਦਿੱਤੀ। ਚੌਧਰੀ ਤਖ਼ਤ ਮੱਲ ਆਪਣੇ ਸੱਤ ਪੁਤਰਾਂ ਸਹਿਤ ਇਸ ਹੋਣੀ ਦੀ ਭੇਟ ਚੜ੍ਹ ਗਿਆ ਪਰ, ਸ੍ਰੀ ਲਹਿਣਾ ਜੀ ਕੁਝ ਵਿੱਥ 'ਤੇ ਹਰੀ ਕੇ ਹੋਣ ਕਰ ਕੇ ਮਹਿਫ਼ੂਜ਼ ਰਹੇ। ਇਹ ਸਾਰਾ ਕੁਝ ਹੋਇਆ ਜਾਣ ਕੇ ਭੂਆ ਵਿਰਾਈ ਜੀ ਅਰ ਖੀਵੀ ਜੀ ਦੇ ਪਿਤਾ ਸ੍ਰੀ ਦੇਵੀ ਚੰਦ ਜੀ ਨੇ ਸ੍ਰੀ ਲਹਿਣਾ ਜੀ ਨੂੰ ਸੰਘਰ ਆ ਜਾਣ ਲਈ ਜ਼ੋਰ ਪਾਇਆ। ਲੋਕਾਂ ਵਿਚ ਫ਼ੈਲੀ ਦਹਿਸ਼ਤ ਕਾਰਨ ਕਾਰੋਬਾਰ ਤਾਂ ਪ੍ਰਭਾਵਤ ਹੋ ਹੀ ਚੁੱਕਾ ਸੀ, ਸੋ, ਸ੍ਰੀ ਲਹਿਣਾ ਜੀ ਸਾਂਭ ਸੰਭਾਲ ਕਰ ਕੇ ਆਪਣੇ ਸਹੁਰੇ ਨਗਰ ਸੰਘਰ ਜਿਸ ਨੂੰ ਸੰਘਰ ਕੋਟ ਵੀ ਕਿਹਾ ਜਾਂਦਾ ਹੈ, ਆ ਗਏ ਅਰ ਇਥੇ ਆ ਕੇ ਆਪਣਾ ਪਹਿਲਾਂ ਵਾਲਾ ਹੀ ਦੁਕਾਨਦਾਰੀ ਵਾਲਾ ਕੰਮ ਸ਼ੁਰੂ ਕਰ ਲਿਆ ਜੋ ਛੇਤੀ ਚੰਗੀ ਚਾਲੇ ਪੈ ਗਿਆ। ਇਸ ਨਗਰ ਵਿਚ ਮਰਵਾਹਿਆਂ ਤੋਂ ਇਲਾਵਾ ਤ੍ਰੇਹਣ ਅਤੇ ਭੱਲੇ ਖੱਤਰੀਆਂ ਦੇ ਵੀ ਘਰ ਸਨ ਅਰ ਆਲੇ ਦੁਆਲੇ ਖਹਿਰੇ ਜੱਟਾਂ ਦੀ ਖੇਤੀਬਾੜੀ ਸੀ। ਹੌਲੀ ਹੌਲੀ ਸ੍ਰੀ ਲਹਿਣਾ ਜੀ ਦਾ ਸਾਰਿਆਂ ਨਾਲ ਚੰਗਾ ਵਿਉਹਾਰ ਬਣ ਗਿਆ ਅਰ ਆਪ ਜੀ ਇਨ੍ਹਾਂ ਵਿਚੋਂ ਸ਼ਰਧਾਲੂਆਂ ਨੂੰ ਨਾਲ ਲੈ ਕੇ ਜੁਆਲਾ ਮੁਖੀ ਜਾਣ ਲੱਗ ਪਏ।

ਸੰਘਰ ਆਇਆਂ ਹੀ ੧੫੮੭ ਬਿ. /੧੫੩੦ ਈ. ਨੂੰ ਦਾਸ (ਦਾਸੂ) ਜੀ, ੧੫੮੯ ਬਿ. /੧੫੩੨ ਈ. ਨੂੰ ਅਮਰੋ ਜੀ, ੧੫੯੨ ਬਿ. /੧੫੩੫ ਈ. ਨੂੰ ਅਨੋਖੀ ਜੀ ਅਤੇ ੧੫੯੪ ਬਿ. /੧੫੩੭ ਈ. ਨੂੰ ਦਾਤਾ (ਦਾਤੂ) ਜੀ ਭਾਵ ਦੋ ਪੁੱਤਰਾਂ ਅਤੇ ਦੋ ਪੁੱਤਰੀਆਂ ਨੇ ਜਨਮ ਲਿਆ।

## ਜਗਿਆਸਾ

ਕਾਰੋਬਾਰ ਠੀਕ ਚੱਲ ਰਿਹਾ ਸੀ; ਕਰਤਾਰ ਨੇ ਆਗਿਆਕਾਰ ਧਰਮਾਤਮਾ ਪਤਨੀ ਦਿੱਤੀ ਸੀ; ਦੋ ਪੁੱਤਰ ਅਰ ਦੋ ਪੁੱਤਰੀਆਂ ਸਨ; ਜੁਆਲਾ ਮੁਖੀ ਦੇਵੀ ਦੇ ਆ ਜਾ ਰਹੇ ਸਨ ਪਰ, ਅੰਦਰ ਇਕ ਤਰਹ ਦੀ ਬੇਚੈਨੀ ਬਣੀ ਹੋਈ ਸੀ ਜਿਸ ਦਾ ਹਵਾਲਾ ਬੰਸਾਵਲੀਨਾਮਾ ਵਾਲੇ ਇਉਂ ਦੇਂਦੇ ਹਨ:

ਸੇਵਕ ਮਾਤਾ ਦੇਵੀ ਕੇ ਆਹੇ ਆਦਿ। ਗਾਇਤ੍ਰੀ ਤਰਪਣ ਪਿਤ੍ਰ ਪੂਜਾ ਨਿਤ ਕਰਨ ਯਾਦ।
ਕਾਂਗੜੇ ਜੁਆਲਾ ਹਮੇਸ਼ਾ ਜਾਵਨ।
ਧੁਜਾ ਨਲੀਏਰ ਭੇਟਾ ਦੇਵਨ ਤੇ ਛੰਦ ਗਾਵਨ।੭॥
ਜਗਿਆਸਾ ਬਡੀ ਪਰ ਸਾਂਤਿ ਨ ਆਵੈ।
ਸਾਧੁ ਅਤੀਤ ਸੁਨੈ ਤਿਥੇ ਜਾਵੈ।
ਜੋਗੀ, ਬੈਰਾਗੀ, ਸੰਨਿਆਸੀ ਹੋਈ।
ਸਾਧੂ ਭਗਤ ਜੋ ਸੁਨੀਐ ਕੋਈ।੮॥
ਭੇਟਾ ਲੈ ਕੇ ਜਾਇ ਪਾਸ।
ਮਤ ਕਿਧਰੋਂ ਪੂਰਨ ਹੋਵੈ ਆਸ।
ਨਾਲੇ ਕਿਰਤ ਹਟੀ ਦੀ ਕਰੇ।
ਸਾਹੂਕਾਰੀ ਦੇਣਾ ਲੈਣਾ ਸਭ ਕੁਛ ਸਰੇ।੯॥

ਇਹੀ ਵਿਦਵਾਨ ਇਕ ਹੋਰ ਘਟਨਾ ਦਾ ਜ਼ਿਕਰ ਕਰਦੇ ਹਨ ਕਿ ਇਨ੍ਹੀਂ ਦਿਨੀਂ ਜਦੋਂ ਆਪ ਜੁਆਲਾ ਮੁਖੀ ਗਏ ਤਾਂ ਓਥੇ ਕੁਝ ਮਹਾਤਮਾ ਲੋਕਾਂ ਨੇ ਚਰਚਾ ਕੀਤੀ ਕਿ ਨਾਨਕ ਤਪਾ ਕਰਤਾਰਪੁਰ ਵਿਚ ਬੜੀ ਬਰਕਤ ਵਾਲੇ ਮੰਨੇ ਜਾਂਦੇ ਹਨ।ਇਨ੍ਹਾਂ ਅੰਦਰ ਦਰਸ਼ਨ ਕਰਨ ਦੀ ਲਾਲਸਾ ਹੋਈ ਪਰ ਘਰ ਦੇ ਰੁਝੇਵਿਆਂ ਨੇ ਨਿਕਲਣ ਨ ਦਿੱਤਾ:

ਏਕ ਸਮੇਂ ਜੁਆਲਾ ਜੀ ਗਏ।
ਪੀਰ ਫਕੀਰ ਸੰਨਿਆਸੀਆਂ ਕੇ ਬੈਠਤ ਭਏ।
ਤਹਾਂ ਚਰਚਾ ਤਬ ਐਸੇ ਹੋਈ।
ਨਾਨਕ ਤਪਾ ਖਤ੍ਰੀ ਇਕ ਹੋਇਆ ਹੈ ਕੋਈ।੧੦॥
ਪਰ ਬਡੀ ਬਰਕਤ ਵਾਲਾ ਹੈ ਹੋਇਆ।
ਉਥੋਂ ਹਿਰਦੇ ਵਿਚ ਇਹ ਸੁਖਨੁ ਪਰੋਇਆ।
ਭਈ ਚਾਹ ਜੋ ਦਰਸਨ ਪਾਈਐ।
ਜਿਥੇ ਉਹੁ ਹੋਵੈ ਓਥੇ ਹੀ ਜਾਈਐ।੧੧॥

**ਪਰ:**

ਮਨ ਪ੍ਰੀਤ ਬਹੁਤ ਬਾਬੇ ਕੇ ਦੀਦਾਰ ਦੀ। ਅਤੇ ਕਿਰਤ ਫਾਹੀ ਬਡੀ ਬੈਪਾਰ ਦੀ।
ਧਾਮੋਂ (ਘਰੋਂ) ਨਿਕਲਣ ਹੋਵੈ ਨਾਹੀਂ।
ਅਤੇ ਪ੍ਰੀਤ ਬਡੀ ਸਾਹਿਬ ਦੇ ਦੀਦਾਰ ਮਨ ਮਾਹੀ।੧੪॥ ਚਰਨ ਦੂਜਾ

ਇਸ ਸਮੇਂ ਦੇ ਦੌਰਾਨ ਇਕ ਹੋਰ ਘਟਨਾ ਹੋਈ। ਗੁਰੂ ਬਾਬਾ ਜੀ ਦਾ ਨਿਵਾਜਿਆ ਇਕ ਪਿਆਰਾ ਭਾਈ ਜੋਧ ਇਸ ਇਲਾਕੇ ਵਿਚ ਰਹਿੰਦਾ ਸੀ ਜੋ ਅੰਮ੍ਰਿਤ ਵੇਲੇ ਗੁਰਬਾਣੀ ਪੜ੍ਹ ਰਿਹਾ ਸੀ। ਪੁਰਾਤਨ ਜਨਮ ਸਾਖੀ ਅਨੁਸਾਰ:

ਆਗਿਆ ਪਰਮੇਸਰ ਕੀ ਹੋਈ, ਜੋ ਇਕੁ ਸਿਖੁ ਜਾਤਿ ਭਲਾਂ ਖਡੂਰ ਵਿਚਿ 'ਗੁਰੂ ਗੁਰੂ' ਜਪੈ। ਅਤੈ ਹੋਰੁ ਸਾਰਾ ਖਡੂਰ ਦੁਰਗਾ ਨੂੰ ਮੰਨੈ।ਅਤੈ ਓਸ ਸਿਖ ਦੇ ਨਾਲਿ ਸਭ ਖੇਚਰੀ ਕਰਨਿ। ਤਿਹਨਾ ਦੈ ਮਹਲੈ ਰਹੈ, ਤਿਸ ਦਾ ਪੁਜਾਰੀ ਕਹਿਣਾ ਰਾਹੈ।

ਚਲਦਾ.....

**6 ਸਤੰਬਰ 2024 ਦੇ ਅੰਕ ਲਈ, ਸ਼ਹੀਦੀ ਦਿਨ ‘ਤੇ ਵਿਸ਼ੇਸ਼**

# ਸ਼ਹੀਦ ਭਾਈ ਭਾਗ ਸਿੰਘ ਭਿਖੀਵਿੰਡ

**ਡਾ. ਚਰਨਜੀਤ ਸਿੰਘ ਗੁਮਟਾਲਾ**
0019375739812 (ਅਮਰੀਕਾ), ਵਟਸਐਪ 919417533060



ਭਾਈ ਭਾਗ ਸਿੰਘ ਦਾ ਜਨਮ 1872 ਈ. ਵਿੱਚ ਪਿੰਡ ਭਿੱਖੀਵਿੰਡ ਜੋ ਕਿ ਹੁਣ ਤਰਨਤਾਰਨ ਜ਼ਿਲ੍ਹੇ ਵਿੱਚ ਹੈ ਤੇ ਉਸ ਸਮੇਂ ਲਾਹੌਰ ਜ਼ਿਲ੍ਹੇ ਵਿੱਚ ਹੁੰਦਾ ਸੀ, ਵਿਖੇ ਹੋਇਆ। ਆਪ ਦੇ ਪਿਤਾ ਦਾ ਨਾਂ ਸ. ਨਰਾਇਣ ਸਿੰਘ ਸੰਧੂ ਤੇ ਮਾਤਾ ਦਾ ਨਾਂ ਬੀਬੀ ਮਾਨ ਕੌਰ ਸੀ।20 ਸਾਲ ਦੀ ਉਮਰ ਵਿੱਚ ਆਪ ਦਸਵੀਂ ਬੰਗਾਲ ਲੈਂਸਰ ਰਜਮੈਂਟ ਵਿੱਚ ਭਰਤੀ ਹੋ ਗਏ ਪਰ ਪੰਜ ਸਾਲ ਪਿੱਛੋਂ ਅਸਤੀਫਾ ਦੇ ਦਿੱਤਾ। ਕੁਝ ਸਮੇਂ ਪਿੱਛੋਂ ਹਾਂਗਕਾਂਗ ਚਲੇ ਗਏ ਤੇ ਉੱਥੇ ਪੁਲੀਸ ਵਿੱਚ ਭਰਤੀ ਹੋ ਗਏ। ਡੇਢ ਸਾਲ ਨੌਕਰੀ ਕਰਨ ਪਿੱਛੋਂ ਆਪ ਹਾਂਗਕਾਂਗ ਤੋਂ ਚੀਨ ਦੇ ਸ਼ਹਿਰ ਸ਼ੰਘਾਈ ਜਾ ਕੇ ਉੱਥੋਂ ਦੀ ਮਿਉਂਸਿਪਲ ਪੁਲੀਸ ਵਿੱਚ ਭਰਤੀ ਹੋ ਗਏ। 1906 ਈ. ਵਿੱਚ ਨੌਕਰੀ ਛੱਡ ਕੇ ਕਨੇਡਾ ਰਵਾਨਾ ਹੋ ਗਏ।

ਵੈਨਕੂਅਰ ਆ ਕੇ ਆਪ ਨੂੰ ਨਸਲੀ ਵਿਤਕਰੇ ਦਾ ਸ਼ਿਕਾਰ ਹੋਣਾ ਪਿਆ।ਸੋਹਣ ਸਿੰਘ ਪੂੰਨੀ ਨੇ ਆਪਣੀ ਪੁਸਤਕ ‘ਕਨੇਡਾ ਦੇ ਗਦਰੀ ਯੋਧੇ ’ ਵਿਚ ਇਸ ਬਾਰੇ ਬੜੇ ਵਿਸਥਾਰ ਨਾਲ ਲਿਖਿਆ ਹੈ ਕਿ ਗੋਰੇ ਬੱਚੇ ਭਾਰਤੀਆਂ ਨੂੰ “ਹੈਲੋ ਇੰਡੀਅਨ ਸਾਲੇਵ” ਭਾਵ ਕਿ ਹੈਲੋ ਭਾਰਤੀ ਗੁਲਾਮੋਂ ਕਹਿ ਕੇ ਬੁਲਾਉਂਦੇ ਸਨ। ਵੋਟਾਂ ਦੇ ਲਾਲਚ ਵਿੱਚ ਗੋਰੇ ਹਿੰਦੁਸਤਾਨੀਆਂ ਵਿਰੁੱਧ ਜ਼ਹਿਰ ਉਗਲ ਰਹੇ ਸਨ। ਹਿੰਦੁਸਤਾਨੀ ਆਵਾਸੀ ਕਨੇਡਾ ਵਿੱਚ ਤਿੰਨ ਸਾਲ ਰਹਿਣ ਤੋਂ ਪਿੱਛੋਂ ਕਨੇਡਾ ਦੇ ਵਸਨੀਕ ਬਣ ਜਾਂਦੇ ਸਨ ਤੇ ਉਨ੍ਹਾਂ ਨੂੰ ਵੋਟ ਪਾਉਣ ਦਾ ਹੱਕ ਮਿਲ ਜਾਂਦਾ ਸੀ। ਪਰ ਬ੍ਰਿਟਿਸ਼ ਕੋਲੰਬੀਆਂ ਦੀ ਕਨਜ਼ਰਵੇਟਿਵ ਸਰਕਾਰ ਨੇ 27 ਮਾਰਚ 1907 ਨੂੰ ਬਿੱਲ ਪਾਸ ਕਰਕੇ ਵੋਟ ਪਾਉਣ ਦਾ ਅਧਿਕਾਰ ਖੋਹ ਲਿਆ। ਏਥੇ ਹੀ ਬੱਸ ਨਹੀਂ ਨਸਲ ਪ੍ਰਸਤ ਗੋਰਿਆਂ ਨੇ ਏਸ਼ੀਆਈਆਂ ਨੂੰ ਬਾਹਰ ਰੱਖਣ ਲਈ ਲੀਗ ਬਣਾ ਲਈ।

ਸਤੰਬਰ 1907 ਵਿੱਚ ਅਮਰੀਕਾ ਦੇ ਸ਼ਹਿਰ ਬੈਲਿੰਗਹੈਮ ਵਿੱਚ ਨਸਲ ਪ੍ਰਸਤ ਗੋਰਿਆਂ ਨੇ ਹਿੰਦੁਸਤਾਨੀਆਂ ਨੂੰ ਕੁੱਟਿਆ ਮਾਰਿਆ ਤੇ ਉਹ ਮਜਬੂਰ ਹੋ ਕੇ ਉਹ ਵੈਨਕੂਅਰ ਆ ਗਏ । ਇੱਥੇ ਵੀ ਨਸਲੀ ਦੰਗੇ ਭੜਕ ਉੱਠੇ। ਇਹ ਮਾਹੌਲ ਵੇਖ ਕੇ ਭਾਈ ਜੀ ਦੀ ਰੂਹ ਕੰਬ ਉੱਠੀ।ਵੈਨਕੂਅਰ ਵਿੱਚ ਆਪ ਦੀ ਨੇੜਤਾ ਬੰਗਾਲੀ ਇਨਕਲਾਬੀ ਬਾਬੂ ਤਾਰਕਨਾਥ ਨਾਲ ਹੋਈ ਤੇ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਇਸ ਵਿਤਕਰੇ ਭਰੇ ਮਾਹੌਲ ਲਈ ਗੁਲਾਮੀ ਜ਼ੁੰਮੇਵਾਰ ਹੈ ਤੇ ਉਨ੍ਹਾਂ ਨੇ ਹਿੰਦੁਸਤਾਨੀਆਂ ਨੂੰ ਦੇਸ਼ ਨੂੰ ਗੁਲਾਮੀ ਤੋਂ ਮੁਕਤ ਕਰਨ ਦਾ ਹੋਕਾ ਦੇਣਾ ਸ਼ੁਰੂ ਕਰ ਦਿੱਤਾ।

ਭਾਈ ਭਾਗ ਸਿੰਘ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਕਨੇਡਾ ਦਾ ਸਭ ਤੋਂ ਪਹਿਲਾ ਗੁਰਦੁਆਰਾ ਬਣਾਇਆ। ਇਹ ਗੁਰਦੁਆਰਾ 19 ਜਨਵਰੀ 1908 ਈ. ਨੂੰ ਖੁੱਲ੍ਹਾ ਜੋ ਕਿ ਧਾਰਮਿਕ ਸਰਗਰਮੀਆਂ ਦੇ ਨਾਲ ਸਮਾਜਿਕ ਤੇ ਰਾਜਨੀਤਕ ਗਤੀਵਿਧੀਆਂ ਦਾ ਕੇਂਦਰ ਵੀ ਬਣ ਗਿਆ।ਗੁਰਦੁਆਰਾ ਬਨਾਉਣ ਲਈ 22 ਜੁਲਾਈ 1906 ਨੂੰ ਮਤਾ ਪਾਸ ਕੀਤਾ ਗਿਆ ਤੇ ਕਮੇਟੀ ਬਣਾਈ ਗਈ ਜੋ ਕਿ 13 ਮਾਰਚ 1909 ਨੂੰ ‘ਖ਼ਾਲਸਾ ਦੀਵਾਨ ਸੁਸਾਇਟੀ ਵੈਨਕੂਅਰ’ ਦੇ ਨਾਂ ਹੇਠ ਰਜਿਸਟਰ ਕਰਵਾਈ ਗਈ। ਭਾਈ ਭਾਗ ਸਿੰਘ ਇਸ ਸੁਸਾਇਟੀ ਦੇ ਮਾਰਚ 1909 ਤੋਂ ਮਾਰਚ 1910 ਤੀਕ ਖਜ਼ਾਨਚੀ ਤੇ ਮੁੱਖ ਸਕੱਤਰ ਰਹੇ ਤੇ ਮਾਰਚ 1910 ਤੋਂ ਬਾਅਦ ਪ੍ਰਧਾਨ ਰਹੇ।

ਆਪ ਕਨੇਡਾ ਵਿੱਚ ਬਣੀਆਂ ਸੋਸ਼ਿਲਿਟ ਜਥੇਬੰਦੀਆਂ ਦੇ ਵੀ ਆਹੁਦੇਦਾਰ ਰਹੇ। ਆਪ ਨੇ ਭਾਈ ਬਲਵੰਤ ਸਿੰਘ, ਖਾਲਸਾ ਦੀਵਾਨ ਸੁਸਾਇਟੀ ਦੇ ਕਾਰਜਕਾਰਨੀ ਦੇ ਆਹੁਦੇਦਾਰਾਂ ਨੇ ਹੁਸੈਨ ਰਹੀਮ ਨਾਲ ਰਲ ਕੇ ਵੈਨਕੂਅਰ ਵਿੱਚ ਸੋਸ਼ਲਿਸਟ ਪਾਰਟੀ ਆਫ਼ ਕੈਨੇਡਾ ਦੀ ਇੱਕ ਵਿਸ਼ੇਸ਼ ਸ਼ਾਖਾ ਕਾਇਮ ਕੀਤੀ।

ਹਿੰਦੁਸਤਾਨੀਆਂ ਨੇ ਮਹਿਸੂਸ ਕੀਤਾ ਕਿ ਉਹ ਕੰਮ ਕਰਨ ਵਿੱਚ ਗੋਰਿਆਂ ਨਾਲੋਂ ਘੱਟ ਨਹੀਂ ਪਰ ਉਨ੍ਹਾਂ ਨੂੰ ਉਹ ਮਾਣ ਸਤਿਕਾਰ ਨਹੀਂ ਮਿਲਦਾ ਜੋ ਕਿ ਗੋਰਿਆਂ ਨੂੰ ਮਿਲਦਾ ਹੈ। ਇਸ ਦਾ ਕਾਰਨ ਹਿੰਦੁਸਤਾਨ ਦਾ ਗੁਲਾਮ ਹੋਣਾ ਹੈ। ਰਾਜਨੀਤਕ ਚੇਤਨਾ ਨੂੰ ਵੱਧਦਾ ਹੋਇਆ ਵੇਖਕੇ ਕਨੇਡੀਅਨ ਸਰਕਾਰ ਨੇ ਹਿੰਦੁਸਤਾਨੀਆਂ ਦੇ ਕਨੇਡਾ ਵਿੱਚ ਦਾਖਲੇ ਨੂੰ ਰੋਕਣ ਲਈ ਕਈ ਤਰ੍ਹਾਂ ਦੇ ਯਤਨ ਕਰਨੇ ਸ਼ੁਰੂ ਕਰ ਦਿੱਤੇ। 1908 ਵਿੱਚ ਇਹ ਕਾਨੂੰਨ ਬਣਾਇਆ ਗਿਆ ਕਿ ਕਨੇਡਾ ਉਹੋ ਹੀ ਆ ਸਕਦਾ ਹੈ ਜਿਸ ਪਾਸ 200 ਡਾਲਰ ਨਕਦ ਹੋਣ ਤੇ ਉਹ ਹਿੰਦੁਸਤਾਨ ਤੋਂ ਸਿੱਧਾ ਕਨੇਡਾ ਆਵੇ। ਉਸ ਸਮੇਂ ਕੋਈ ਵੀ ਜਹਾਜ਼ ਸਿੱਧਾ ਨਹੀਂ ਸੀ ਆਉਂਦਾ। ਇਸ ਤਰ੍ਹਾਂ ਹਿੰਦੁਸਤਾਨੀਆਂ ਦਾ ਇਕ ਤਰ੍ਹਾਂ ਨਾਲ ਦਾਖਲਾ ਬੰਦ ਹੋ ਗਿਆ।

ਬਰਤਾਨੀਆਂ ਦੀਆਂ ਗੋਰੀ ਕਲੋਨੀਆਂ ਨੇ ਭਾਰਤੀਆਂ ਦੇ ਦਾਖਲੇ ਰੋਕਣ ਲਈ ਹਰ ਤਰੀਕਾ ਵਰਤਿਆ। ਅਸਟ੍ਰੇਲੀਆ ਦੀ ਫੈਡਰਲ ਸਰਕਾਰ ਨੇ 1901 ਵਿੱਚ ‘ਇਮੀਗ੍ਰੇਸ਼ਨ ਰਿਸਟ੍ਰਿਕਸ਼ਨ ਐਕਟ’ ਅਤੇ 1901 ਦਾ ‘ਲੇਬਰ ਰੈਕਰੂਟਮੈਂਟ ਐਕਟ’ ਪਾਸ ਕਰਕੇ ਹਿੰਦੁਸਤਾਨੀਆਂ ਦਾ ਜਾਣਾ ਬੰਦ ਕਰ ਦਿੱਤਾ ਸੀ। ਨਿਊਜ਼ੀਲੈਂਡ ਨੇ ਵੀ ਅਜਿਹੇ ਕਾਨੂੰਨ ਪਾਸ ਕਰਕੇ ਦਾਖਲਾ ਬੰਦ ਕਰ ਦਿੱਤਾ ਸੀ।

1908 ਵਿੱਚ ਕਨੇਡਾ ਦੇ ਸਾਰੇ ਦੇ ਸਾਰੇ ਹਿੰਦੁਸਤਾਨੀਆਂ ਨੂੰ ਕਨੇਡਾ ਵਿੱਚੋਂ ਕੱਢ ਕੇ ਸੈਂਟਰਲ ਅਮਰੀਕਾ ਦੀ ਬ੍ਰਿਟਿਸ਼ ਕਲੋਨੀ ਹਾਂਡੂਰਾਸ ਭੇਜਣ ਦੀ ਯੋਜਨਾ ਬਣਾਈ ਪਰ ਇਸ ਯੋਜਨਾ ਨੂੰ ਭਾਈ ਭਾਗ ਸਿੰਘ, ਭਾਈ ਤੇਜਾ ਸਿੰਘ ਤੇ ਭਾਈ ਬਲਵੰਤ ਸਿੰਘ ਵਰਗੇ ਭਾਈਚਾਰਕ ਆਗੂਆਂ ਨੇ ਸਿਰੇ ਨਾ ਲੱਗਣ ਦਿੱਤਾ।


ਇਸ ਦਾ ਸਿੱਟਾ ਇਹ ਨਿਕਲਿਆ ਕਿ ਉਨ੍ਹਾਂ ਨੇ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਦਾ ਮਨ ਬਣਾ ਲਿਆ। ਇਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਸਾਬਕਾ ਫ਼ੌਜੀਆਂ ਦੀ ਸੀ, ਜਿਨ੍ਹਾਂ ਨੇ ਭਾਰਤ ਨੂੰ ਗੁਲਾਮ ਬਣਾਈ ਰੱਖਣ ਲਈ ਅੰਗਰੇਜ਼ਾਂ ਦੀ ਮਦਦ ਕੀਤੀ ਸੀ । ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਉਨ੍ਹਾਂ ਨੂੰ ਜਿਹੜੇ ਬਹਾਦਰੀ ਦੇ ਮੈਡਲ ਮਿਲੇ ਹਨ ਇਹ ਅਸਲ ਵਿੱਚ ਗੁਲਾਮੀ ਦੇ ਮੈਡਲ ਹਨ।

ਇਸ ਸਮੇਂ ਇੱਕ ਘਟਨਾ 3 ਅਕਤੂਬਰ 1909 ਨੂੰ ਵੈਨਕੂਅਰ ਦੇ ਗੁਰਦੁਆਰੇ ਵਾਪਰੀ। ਭਾਈ ਨੱਥਾ ਸਿੰਘ ਬਿਲਗਾ ਜੋ ਕਿ ਭਾਈ ਭਾਗ ਸਿੰਘ ਦਾ ਦੋਸਤ ਤੇ ‘ਹਿੰਦੁਸਤਾਨ ਐਸੋਸੀਏਸ਼ਨ’ ਦਾ ਸਰਗਰਮ ਮੈਂਬਰ ਸੀ ਨੇ ਸੰਗਤ ਵਿੱਚ ਖੜ੍ਹੇ ਹੋ ਕੇ ਬਰਤਾਨੀਆ ਦੀਆਂ ਬਸਤੀਆਂ ਵਿੱਚ ਹਿੰਦੁਸਤਾਨੀਆਂ ਦੀ ਮਾੜੀ ਦਸ਼ਾ ਬਾਰੇ ਭਾਸ਼ਨ ਦਿੱਤਾ। ਭਾਸ਼ਨ ਤੋਂ ਬਾਅਦ ਮਤਾ ਰੱਖਿਆ ਗਿਆ ਕਿ ‘ਗੁਰਦੁਆਰੇ ਦੀ ਕਾਰਜਕਾਰਨੀ ਦਾ ਕੋਈ ਵੀ ਮੈਂਬਰ ਕੋਈ ਵੀ ਐਸਾ ਤਗ਼ਮਾ, ਵਰਦੀ ਜਾਂ ਇਨਸਿਗਨਿਆ ਨਹੀਂ ਪਾਵੇਗਾ ਜਿਸ ਤੋਂ ਪਤਾ ਲੱਗੇ ਕਿ ਪਹਿਨਣਵਾਲਾ ਅੰਗਰੇਜ਼ਾਂ ਦੇ ਇੱਕ ਗੁਲਾਮ ਤੋਂ ਵੱਧ ਕੁਝ ਨਹੀਂ। ਇਹ ਮਤਾ ਜੈਕਾਰਿਆਂ ਦੀ ਗੂੰਜ ਵਿੱਚ ਪਾਸ ਹੋ ਗਿਆ।

ਖਾਲਸਾ ਦੀਵਾਨ ਸੁਸਾਇਟੀ ਨੇ ਉਪ-ਪ੍ਰਧਾਨ ਚੌਦ੍ਹਵੀਂ ਸਿੱਖ ਰਜ਼ਮੈਂਟ ਦੇ ਸਾਬਕਾ ਫ਼ੌਜੀ ਮੋਗੇ ਲਾਗੇ ਫੂਲਾ ਸਿੰਘ ਵਾਲੀ ਕੋਕਰੀ ਦੇ ਭਾਈ ਗਰੀਬ ਸਿੰਘ ਨੇ ਚੀਨ ਵਿੱਚ ਬੌਕਸਰ ਵਿਦਰੋਹ ਵਿਚ ਵਿਖਾਈ ਬਹਾਦਰੀ ਕਾਰਨ ਮਿਲਿਆ ਤਗਮਾ ਲਾਹ ਦਿੱਤਾ ਅਤੇ ਸਕੱਤਰ ਭਾਈ ਭਾਗ ਸਿੰਘ ਭਿੱਖੀ ਵਿੰਡ ਨੇ ਆਪਣੀ ਵਰਦੀ ਤੇ ਆਨਰੇਬਲ ਡਿਸਚਾਰਜ ਸਰਟੀਫਿਕੇਟ ਨੂੰ ਅੱਗ ਲਾ ਦਿੱਤੀ। ਬਹੁਤ ਸਾਰੇ ਹੋਰ ਸਾਬਕਾ ਸਿੱਖ ਫ਼ੌਜੀਆਂ ਨੇ ਵੀ ਆਪਣੇ ਮੈਡਲ, ਵਰਦੀਆਂ, ਫੋਟੋਆਂ ਅਤੇ ਸਰਟੀਫਿਕੇਟ ਅਗਨੀ ਭੇਟ ਕਰ ਦਿੱਤੇ।

ਬਾਦਸ਼ਾਹ ਜਾਰਜ ਪੰਜਵੇਂ ਦੀ ਤਾਜਪੋਸ਼ੀ ਦੇ ਜਸ਼ਨ 19 ਸਤੰਬਰ 1912 ਨੂੰ ਵੈਨਕੂਅਰ ਵਿੱਚ ਮਨਾਏ ਜਾਣੇ ਸਨ ਜਿਸ ਵਿੱਚ ਕਨੇਡਾ ਦੇ ਗਵਰਨਰ ਜਨਰਲ ਬੀ.ਸੀ. ਨੇ ਮੁੱਖ ਮਹਿਮਾਨ ਹੋਣਾ ਸੀ। ਵੈਨਕੂਅਰ ਦੇ ਮੇਅਰ ਵੱਲੋਂ ਖਾਲਸਾ ਦੀਵਾਨ ਸੁਸਾਇਟੀ ਦੇ ਪ੍ਰਧਾਨ ਭਾਈ ਭਾਗ ਸਿੰਘ ਨੂੰ ਸਾਬਕਾ ਸਿੱਖ ਫ਼ੌਜੀਆਂ ਸਮੇਤ ਜਸ਼ਨ ਅਤੇ ਫ਼ੌਜੀ ਪ੍ਰੇਡ ਵਿੱਚ ਸ਼ਾਮਲ ਹੋਣ ਦਾ ਸੱਦਾ ਪੱਤਰ ਭੇਜਿਆ ਗਿਆ। ਭਾਈ ਭਾਗ ਸਿੰਘ ਨੇ ਖਾਲਸਾ ਦੀਵਾਨ ਸੁਸਾਇਟੀ ਦੇ ਅਹੁਦੇਦਾਰਾਂ ਨਾਲ ਸਲਾਹ ਕਰਕੇ ਇਹ ਸੱਦਾ-ਪੱਤਰ ਲੈਣੋਂ ਨਾਂਹ ਕਰ ਦਿੱਤੀ।

ਅਪ੍ਰੈਲ 1913 ਵਿੱਚ ਜਦ ਅਮਰੀਕਾ ਵਿੱਚ ਗਦਰ ਪਾਰਟੀ ਬਣੀ ਤਾਂ ਭਾਈ ਭਾਗ ਸਿੰਘ ਇਸ ਦੇ ਮੈਂਬਰ ਬਣ ਗਏ। ਜਦ ਗ਼ਦਰ ਪਾਰਟੀ ਨੇ 1 ਨਵੰਬਰ 1913 ਨੂੰ ਸਾਂਨਫਰਾਂਸਿਸਕੋ ਤੋਂ ਉਰਦੂ ਵਿੱਚ ਹਫਤਾਵਾਰੀ ਗ਼ਦਰ ਅਖ਼ਬਾਰ ਕੱਢਿਆ ਤਾਂ ਭਾਈ ਭਾਗ ਸਿੰਘ ਨੇ ਅਖਬਾਰ ਮੰਗਵਾਉਣਾ ਸ਼ੁਰੂ ਕਰ ਦਿੱਤਾ। ਇਹ ਅਖ਼ਬਾਰ ਗੁਰਦੁਆਰੇ ਦੀਆਂ ਮੀਟਿੰਗਾਂ ਵਿੱਚ ਪੜ੍ਹਿਆ



ਜਾਂਦਾ। ਆਪ ਦੀ ਪ੍ਰੇਰਨਾ ਸਦਕਾ ਸੈਂਕੜੇ ਹਿੰਦੁਸਤਾਨੀ ਗ਼ਦਰ ਪਾਰਟੀ ਦੇ ਮੈਂਬਰ ਬਣ ਗਏ ਤੇ ਹਜ਼ਾਰਾਂ ਡਾਲਰ ਚੰਦਾ ਇਕੱਠਾ ਕਰਕੇ ਗ਼ਦਰ ਪਾਰਟੀ ਦੇ ਮੁੱਖ-ਦਫ਼ਤਰ ਸਾਂਨਫਰਾਂਸਿਸਕੋ ਭੇਜਿਆ।

ਆਪ ਦੀ ਪਤਨੀ ਬੀਬੀ ਹਰਨਾਮ ਕੌਰ ਨੇ 21 ਜਨਵਰੀ 1914 ਨੂੰ ਧੀ ਨੂੰ ਜਨਮ ਦਿੱਤਾ। ਜਣੇਪੇ ਸਮੇਂ ਪਈਆਂ ਕਈ ਗੁੰਝਲਾਂ ਕਾਰਨ 30 ਜਨਵਰੀ 1914 ਨੂੰ 28 ਸਾਲ ਦੀ ਉਮਰ ਵਿੱਚ ਉਨ੍ਹਾਂ ਦੀ ਮੌਤ ਹੋ ਗਈ ਤੇ ਬੱਚਿਆਂ ਦੇ ਪਾਲਣ ਪੋਸ਼ਣ ਦੀ ਜ਼ਿੰਮੇਵਾਰੀ ਆਪ ਸਿਰ ਆ ਪਈ।

ਕਾਮਾਗਾਟਾਮਾਰੂ ਦਾ ਜਹਾਜ਼ 23 ਮਈ 1914 ਨੂੰ 376 ਮੁਸਾਫਰਾਂ ਸਮੇਤ ਵੈਨਕੂਅਰ ਆਣ ਪੁੱਜਾ। ਇਮੀਗਰੇਸ਼ਨ ਅਧਿਕਾਰੀਆਂ ਨੇ ਮੁਸਾਫਰਾਂ ਨੂੰ ਉਤਰਨ ਨਾ ਦਿੱਤਾ। ਭਾਈ ਭਾਗ ਸਿੰਘ ਨੇ ਯੂਨਾਈਟਿਡ ਇੰਡੀਆ ਲੀਗ ਦੇ ਪ੍ਰਧਾਨ ਹੁਸੈਨ ਰਹੀਮ ਨੂੰ ਨਾਲ ਲੈ ਕੇ ਮੁਸਾਫਰਾਂ ਦੀ ਸਹਾਇਤਾ ਲਈ 15 ਮੈਂਬਰੀ ਕਮੇਟੀ ਬਣਾਈ। ਕਮੇਟੀ ਨੇ ਚੰਦਾ ਇਕੱਠਾ ਕਰਕੇ ਲੋੜੀਂਦੀ ਕਾਨੂੰਨੀ ਕਾਰਵਾਈ ਕੀਤੀ ਪਰ ਕਨੇਡਾ ਸਰਕਾਰ ਆਪਣੇ ਹੀ ਕਾਨੂੰਨਾਂ ਦੀ ਉਲੰਘਣਾਂ ਕਰਕੇ ਕਾਮਾਗਾਟਾਮਾਰੂ ਜਹਾਜ਼ ਨੂੰ ਵਾਪਸ ਭੇਜ ਦਿੱਤਾ।

ਭਾਈ ਭਾਗ ਸਿੰਘ ਤੇ ਉਨ੍ਹਾਂ ਦੇ ਸਾਰੇ ਸਾਥੀ ਚਾਹੁੰਦੇ ਸਨ ਕਿ ਕਾਮਾਗਾਟਾਮਾਰੂ ਦੇ ਜਹਾਜ਼ ਰਾਹੀਂ ਅਸੀਂ ਹਥਿਆਰ ਭੇਜੀਏ ਤਾਂ ਜੋ ਅਮਰੀਕਾ ਨਾਲ ਹਥਿਆਰਬੰਦ ਲੜਾਈ ਹੋ ਸਕੇ। ਉਹ ਕਨੇਡਾ ਵਿੱਚੋਂ ਹਥਿਆਰ ਖ਼ੀਦਣ ਵਿੱਚ ਸਫ਼ਲ ਨਾ ਹੋ ਸਕੇ। ਭਾਈ ਭਾਗ ਸਿੰਘ 16 ਜੁਲਾਈ 1914 ਨੂੰ ਆਪਣੇ ਸਾਥੀ ਭਾਈ ਬਲਵੰਤ ਸਿੰਘ, ਭਾਈ ਮੇਵਾ ਸਿੰਘ ਅਤੇ ਬਾਬੂ ਹਰਨਾਮ ਸਿੰਘ ਸਾਹਰੀ ਨਾਲ ਐਸਟਸਫੋਰਡ ਲਾਗਿਉਂ ਸਰਹੱਦ ਪਾਰ ਕਰਕੇ ਅਮਰੀਕਾ ਦੇ ਸ਼ਹਿਰ ਸੁਮਾਸ ਤੋਂ ਹਥਿਆਰ ਲੈਣ ਗਏ। ਅਮਰੀਕੀ ਪੁਲੀਸ ਨੇ 17 ਜੁਲਾਈ ਨੂੰ ਭਾਈ ਬਲਵੰਤ ਸਿੰਘ ਅਤੇ ਬਾਬੂ ਹਰਨਾਮ ਦਾਸ ਸਾਹਰੀ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਵਿੱਚ ਭੇਜ ਦਿੱਤਾ। ਭਾਈ ਭਾਗ ਸਿੰਘ ਦਾ 32 ਮਹੀਨਿਆਂ ਦਾ ਪੁੱਤਰ ਵੀ ਜੇਲ੍ਹ ਵਿੱਚ ਬੰਦ ਸੀ।ਅਮਰੀਕਾ ਵਿੱਚ ਹਥਿਆਰ ਖ਼ੀਦਣੇ ਅਤੇ ਰੱਖਣੇ ਜ਼ੁਰਮ ਨਹੀਂ ਸੀ, ਇਸ ਲਈ ਕਾਮਾਗਾਟਾ ਮਾਰੂ ਦੇ ਵੈਨਕੂਅਰ ਤੋਂ ਤੁਰ ਜਾਣ ਪਿੱਛੋਂ 30 ਜੁਲਾਈ 1914 ਨੂੰ ਭਾਈ ਭਾਗ ਸਿੰਘ ਹੋਰਾਂ ਨੂੰ ਰਿਹਾਅ ਕਰ ਦਿੱਤਾ ਗਿਆ।

*ਬਾਕੀ ਹਿਸਾ ਸਫਾ 30 ਤੇ ਪੜ੍ਹੋ*

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

## ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਬ੍ਰਹਮ ਗਿਆਨੀ ਤੇ ਗੁਰੂ 'ਚ ਕੀ ਫਰਕ ਹੰਦਾ ਹੈ? ਗੁਰੂ ਤੋਂ ਬਿਨਾ ਗਿਆਨ ਪ੍ਰਾਪਤ ਨਹੀਂ ਹੁੰਦਾ ("ਮਃ 1 ॥ ਕੁੰਭੇ ਬਧਾ ਜਲੁ ਰਹੈ ਜਲ ਬਿਨੁ ਕੁੰਭੁ ਨ ਹੋਇ ॥ ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥4॥ ਅੰਗ 469"।), ਇਸ ਕਰਕੇ ਗੁਰੂ ਤੋਂ ਬਿਨਾ ਕੋਈ ਬ੍ਰਹਮ ਗਿਆਨੀ ਨਹੀਂ ਬਣ ਸਕਦਾ । ਇਸੇ ਕਰਕੇ ਹੀ ਗੁਰੂ ਦਾ ਦਰਜਾ ਬ੍ਰਹਮ ਗਿਆਨੀ ਤੋਂ ਉੱਪਰ ਹੁੰਦਾ ਹੈ, ਭਾਵੇਂ ਕਿ ਦੋਨੋਂ ਪਰਮੇਸ਼ਰ ਰੂਪ ਹੁੰਦੇ ਹਨ । ਬ੍ਰਹਮ ਗਿਆਨੀ ਤੇ ਗੁਰੂ 'ਚ ਉਹੀ ਫਰਕ ਹੰਦਾ ਹੈ ਜੋ ਕਿ ਬਾਬਾ ਬੁੱਢਾ ਜੀ ਤੇ ਸ੍ਰੀ ਗੁਰੂ ਅੰਗਦ ਦੇਵ ਜੀ ਵਿਚ ਸੀ ਜਾਂ ਹੈ ।

ਗਿਆਨੀਆਂ ਦਾ ਧਨ ਕਿਹੜਾ ਹੁੰਦਾ ਹੈ? ਪਰਮਾਤਮਾ ਦਾ ਨਾਮ ਹੀ ਗਿਆਨੀਆਂ (ਪਰਮਾਤਮਾ ਦੇ ਜਾਨਣ ਵਾਲ਼ਿਆਂ) ਦਾ ਧਨ ਹੁੰਦਾ ਹੈ, ਉਹ ਆਤਮਿਕ ਅਡੋਲਤਾ ਵਿਚ ਟਿਕ ਕੇ ਇਸ ਨਾਮ-ਧਨ ਦਾ ਵਪਾਰ ਕਰਦੇ ਹਨ । ਰਾਤ ਦਿਨ ਉਹ (ਪਰਮਾਤਮਾ ਦਾ ਨਾਮ ਸਿਮਰ ਕੇ) ਨਾਮ ਦਾ ਹੀ ਲਾਹਾ ਲੈਂਦੇ ਹਨ, ਨਾਮ-ਧਨ ਨਾ਼ਲ ਭਰੇ ਹੋਏ ਉਹਨਾਂ ਦੇ ਖ਼ਜ਼ਾਨੇ ਅਮੁੱਕ ਹੁੰਦੇ ਹਨ । ਹੇ ਨਾਨਕ ! ਇਹਨਾਂ ਖ਼ਜ਼ਾਨਿਆਂ ਵਿਚ ਕਦੇ ਭੀ ਤੋਟ ਨਹੀਂ ਅਉਂਦੀ, ਕਿਉਂਕਿ ਇਹ ਖ਼ਜ਼ਾਨੇ ਦੇਵਣਹਾਰ ਦਾਤਾਰ ਨੇ ਆਪ ਉਹਨਾਂ ਨੂੰ ਦਿੱਤੇ ਹੋਏ ਹਨ । "ਗਿਆਨੀਆ ਕਾ ਧਨੁ ਨਾਮੁ ਹੈ ਸਹਜਿ ਕਰਹਿ ਵਾਪਾਰੁ ॥ ਅਨਦਿਨੁ ਲਾਹਾ ਹਰਿ ਨਾਮੁ ਲੈਨਿ ਅਖੁਟ ਭਰੇ ਭੰਡਾਰ ॥ ਨਾਨਕ ਤੋਟਿ ਨ ਆਵਈ ਦੀਏ ਦੇਵਣਹਾਰਿ ॥10॥6॥23॥ ਅੰਗ 68"। ਗਿਆਨੀਆਂ ਦਾ ਧਨ ਨਾਮ ਹੀ ਹੁੰਦਾ ਹੈ ਤੇ ਨਾਮ ਵਿਚ ਹੀ ਉਹ ਸਦਾ ਸਮਾਏ ਰਹਿੰਦੇ ਹਨ । "ਗਿਆਨੀਆ ਕਾ ਧਨੁ ਨਾਮੁ ਹੈ ਸਦ ਹੀ ਰਹੈ ਸਮਾਇ ॥ ਅੰਗ 1282"। ਗਿਆਨੀ (ਬ੍ਰਹਮ) ਗਿਆਨ ਹੀ ਕਮਾਉਂਦੇ ਹਨ । "ਗਿਆਨੀ ਗਿਆਨੁ ਕਮਾਵਹਿ ॥ ਅੰਗ 71"। ਜਿਵੇਂ ਲਾਲਚੀ ਮਨੁੱਖ ਲਾਲਚਾਂ ਵਿਚ ਹੀ ਲੋਭਾਇਆ ਰਹਿੰਦਾ ਹੈ, ਤਿਵੇਂ ਗਿਆਨੀ ਮਨੁੱਖ ਪ੍ਰਭੂ ਦੇ ਪ੍ਰੇਮ ਵਿਚ ਮਸਤ ਰਹਿੰਦਾ ਹੈ । "ਲੋਭਨ ਮਹਿ ਲੋਭੀ ਲੋਭਾਇਓ ਤਿਉ ਹਰਿ ਰੰਗਿ ਰਚੇ ਗਿਆਨੀ ॥1॥ ਅੰਗ 613"। ਜਿੱਦਾਂ ਮਾਂ ਆਪਣੇ ਬੱਚੇ ਨੂੰ ਚਿੰਬੜਦੀ ਹੈ, ਉਸੇ ਤਰ੍ਹਾਂ ਹੀ ਗਿਆਨੀ ਨਾਮ ਦੀ ਕਮਾਈ ਕਰਦਾ ਹੈ। ਭਾਵ ਜਿੱਦਾਂ ਮਾਂ ਬੱਚੇ ਨੂੰ ਪਿਆਰ ਕਰਦੀ ਹੈ ਉਸੇ ਤਰ੍ਹਾਂ ਹੀ ਗਿਆਨੀ ਨਾਮ ਨੂੰ ਪਿਆਰ ਕਰਦਾ ਹੈ । "ਜਿਉ ਮਾਤਾ ਬਾਲਿ ਲਪਟਾਵੈ॥ ਤਿਉ ਗਿਆਨੀ ਨਾਮੁ ਕਮਾਵੈ॥3॥ ਅੰਗ 629"। ਹੇ ਨਾਨਕ! ਆਖ ਕਿ ਪ੍ਰਭੂ ਦਾ ਨਾਮ ਜਪ ਕੇ ਗਿਆਨੀ (ਆਤਮਿਕ ਜੀਵਨ) ਜਿਉਂਦਾ ਹੈ । "ਕਹੁ ਨਾਨਕ ਜਪਿ ਜੀਵੇ ਗਿਆਨੀ ॥2॥2॥20॥ ਅੰਗ 806"।

**564. ਸਾਰੇ ਕਾਲ ਚੱਕਰ 'ਚ ਕਿੱਦਾਂ ਬੰਨ੍ਹੇ ਹੋਏ ਹਨ?**

ਹੇ ਪ੍ਰਭੂ ਮੈਨੂੰ ਤੇਰਾ ਨਾਮ ਮਿਲੇ ਜੋ ਕਿ ਮੇਰੇ ਪ੍ਰਲੋਕ ਜਾਣ ਵੇਲੇ ਮੇਰੇ ਨਾਲ ਚੱਲੇਗਾ । ਨਾਮ ਬਿਨਾਂ ਸਾਰੀ ਦੁਨੀਆਂ ਕਾਲ ਚੱਕਰ 'ਚ ਬੱਝੀ ਪਈ ਹੈ । "ਨਾਮੁ ਮਿਲੈ ਚਲੈ ਮੈ ਨਾਲਿ ॥ ਬਿਨੁ ਨਾਵੈ ਬਾਧੀ ਸਭ ਕਾਲਿ॥1॥ ਰਹਾਉ ॥ ਅੰਗ 152"।

**565. ਸੱਚੇ ਗੁਰੂ ਦੀ ਸਿੱਖਿਆ ਦਾ ਕੀ ਅਸਰ ਹੁੰਦਾ ਹੈ?**

ਸੱਚੇ ਸਤਿਗੁਰੂ ਦੀ ਸਿੱਖਿਆ ਸੱਚੀ ਹੁੰਦੀ ਹੈ; ਭਾਵ ਸਦੀਵੀ ਸੱਚ ਹੁੰਦੀ ਹੈ ਤੇ ਸੱਚ (ਅਵਿਨਾਸ਼ੀ ਪ੍ਰਭੂ) ਨਾ਼ਲ ਜੋੜਨ ਲਈ ਸਮਰੱਥ ਹੁੰਦੀ ਹੈ । ਇਸ ਸਿੱਖਿਆ ਨਾ਼ਲ ਮਨ ਸ਼ਾਂਤ ਰਹਿੰਦਾ ਹੈ, ਸਰੀਰ ਸ਼ਾਂਤ ਰਹਿੰਦਾ ਹੈ (ਭਾਵ, ਤ੍ਰਿਸ਼ਨਾ/ਵਿਕਾਰਾਂ ਰੂਪੀ ਅੱਗ ਬੁਝ ਜਾਂਦੀ ਹੈ!) ਤੇ ਸਦਾ ਥਿਰ ਪਰਮਾਤਮਾ ਦੀ ਪਛਾਣ ਹੋ ਜਾਂਦੀ ਹੈ । ਜਿਵੇਂ ਪਾਣੀ ਦੀ ਚੌਪੱਤੀ, ਪਾਣੀ ਦਾ ਕੌਲ ਫੁਲ ਪਾਣੀ ਨਾ਼ਲ ਜੁੜੇ ਤੇ ਖਿੜੇ ਰਹਿੰਦੇ ਹਨ, ਇਸੇ ਤਰ੍ਹਾਂ ਗੁਰੂ ਦੀ ਸਿੱਖਿਆ ਰਾਹੀਂ ਸਿੱਖ ਖਿੜੇ ਰਹਿੰਦੇ ਹਨ । ਗੁਰੂ ਦੇ ਸ਼ਬਦ ਵਿਚ ਰੰਗੇ ਹੋਏ ਗੰਨੇ ਦੇ ਰਸ ਵਾਂਗ ਮਿੱਠੇ ਸੁਭਾਵ ਵਾ਼ਲੇ ਹੁੰਦੇ ਹਨ। "ਸਾਚੇ ਗੁਰ ਕੀ ਸਾਚੀ ਸੀਖ ॥ ਤਨੁ ਮਨੁ ਸੀਤਲੁ ਸਾਚੁ ਪਰੀਖ ॥ ਜਲ ਪੁਰਾਇਨਿ ਰਸ ਕਮਲ ਪਰੀਖ ॥ ਸਬਦਿ ਰਤੇ ਮੀਠੇ ਰਸ ਈਖ ॥3॥ ਅੰਗ 152"।

**566. ਕਾਮਨਾ (ਵਾਸ਼ਨਾ) ਰਹਿਤ ਕਿੱਦਾਂ ਹੋਈਦਾ ਹੈ?**

ਜਿਸ ਮਨੁੱਖ ਦੇ ਹਿਰਦੇ ਤੇ ਮੂੰਹ ਵਿਚ ਪਰਮਾਤਮਾ ਦਾ ਨਾਮ-ਅੰਮ੍ਰਿਤ ਹੁੰਦਾ ਹੈ, ਉਹ ਪ੍ਰਭੂ ਦੇ ਨਾਮ ਸਦਕੇ ਪ੍ਰਭੂ ਵਾਂਗ ਕਾਮਨਾ (ਵਾਸ਼ਨਾ) ਰਹਿਤ ਹੋ ਜਾਂਦਾ ਹੈ।1।ਰਹਾਉ। "ਨਾਮੁ ਰਿਦੈ ਅੰਮ੍ਰਿਤੁ ਮੁਖਿ ਨਾਮੁ ॥ ਨਰਹਰ ਨਾਮੁ ਨਰਹਰ ਨਿਹਕਾਮੁ ॥1॥ ਰਹਾਉ ॥ ਅੰਗ 152"।

**567. ਸੱਚੇ ਨਾਮ/ਪ੍ਰਭੂ ਨਾ਼ਲ ਜੁੜ ਕੇ ਕੌਣ ਖਿੜੇ ਰਹਿੰਦੇ ਹਨ?**

ਜਿਨ੍ਹਾਂ ਮਨੁੱਖਾਂ ਨੂੰ ਪੂਰਬਲੇ ਸੰਜੋਗਾਂ ਕਰਕੇ ਗੁਰੂ ਮਿਲਦਾ ਹੈ, ਉਹ ਪੂਰੇ ਪੁਰਸ਼ (ਭਾਵ ਜਿਨ੍ਹਾਂ 'ਚ ਕੋਈ ਕਮੀ ਨਹੀਂ ਹੁੰਦੀ/ਕੋਈ ਔਗਣ ਨਹੀਂ ਹੁੰਦਾ) ਸਦਾ-ਥਿਰ ਪ੍ਰਭੂ ਵਿਚ ਜੁੜ ਕੇ ਖਿੜੇ ਰਹਿੰਦੇ ਹਨ । ਸਤਿਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ ਜੇਹੜੇ ਮਨੁੱਖ ਮਨ ਤੇ ਤਨ ਗੁਰੂ ਦੇ ਹਵਾਲੇ ਕਰ ਕੇ ਅਡੋਲਤਾ ਵਿਚ ਟਿਕ ਕੇ, ਸ੍ਰੇਸ਼ਟ ਪ੍ਰੇਮ ਵਿਚ ਜੁੜ ਕੇ, (ਗੁਰੂ ਤੋਂ ਨਾਮ ਦੀ ਦਾਤਿ) ਲੈਂਦੇ ਹਨ, ਮੈਂ ਉਹਨਾਂ ਦੇ ਚਰਨੀਂ ਲੱਗਦਾ ਹਾਂ । "ਸਾਧੁ ਮਿਲੈ ਪੂਰਬ ਸੰਜੋਗ॥ ਸਚਿ ਰਹਸੇ ਪੂਰੇ ਹਰਿ ਲੋਗ ॥ ਮਨੁ ਤਨੁ ਦੇ ਲੈ ਸਹਜਿ ਸੁਭਾਇ ॥ ਨਾਨਕ ਤਿਨ ਕੈ ਲਾਗਉ ਪਾਇ ॥5॥6॥ ਅੰਗ 153"।

**568. ਸਤਿਗੁਰੂ ਨਾਨਕ ਦੇਵ ਜੀ ਦੀ ਨਿਮ-ਰਤਾ ਦੀ/ਉੱਤਮ ਬਕਤਾ ਦੀ ਕੋਈ ਇਕ ਮਿਸਾਲ?**


ਵਾਹ! ਵਾਹ! ਸਦਾ ਥਿਰ ਪ੍ਰਭੂ ਮੈਨੂੰ ਤੇਰਾ ਹੀ ਆਸਰਾ ਹੈ । ਮੈਂ ਪਾਪੀ ਹਾਂ ਤੇ ਤੂੰ ਹੀ ਇਕ ਨਿਰਮਲ ਹੈਂ । ਸਤਿਗੁਰੂ ਜੀ ਆਪਣੇ ਆਪ ਨੂੰ ਪਾਪੀ ਆਖ ਕੇ, ਉੱਤਮ ਬਕਤੇ ਦੇ ਤੌਰ ਤੇ, ਮੇਰੇ ਵਰਗੇ ਪਾਪੀਆਂ ਨੂੰ ਪ੍ਰਭੂ ਪਾਸੋਂ ਪਾਪ ਬਖਸ਼ਾਉਣ ਦੀ ਜਾਚ ਸਿਖਾ ਰਹੇ ਹਨ। "ਵਾਹੁ ਵਾਹੁ ਸਾਚੇ ਮੈ ਤੇਰੀ ਟੇਕ ॥ ਹਉ ਪਾਪੀ ਤੂੰ ਨਿਰਮਲੁ ਏਕ ॥1॥ ਰਹਾਉ॥ ਅੰਗ 153"।

ਬਾਕੀ ਅਗਲੇ ਹਫ਼ਤੇ ਪੜ੍ਹੋ


# ਪੰਜਾਬੀ ਸਿੱਖਣ ਲਈ ਕਿਤਾਬਾਂ

## ਜੀ ਸੀ ਐਸ ਈ ਦੀ ਤਿਆਰੀ ਲਈ ਬੱਚਿਆਂ ਨੂੰ ਤੋਹਫ਼ੇ GIFT ਵਜੋਂ ਇਹ ਕਿਤਾਬਾਂ ਦਿਓ ਤੇ ਪੰਜਾਬੀ ਨਾਲ ਜੋੜੋ

ਜੇ ਤੁਹਾਡੇ ਬੱਚੇ ਜਾਂ ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਸਿੱਖਣੀ ਚਾਹੁੰਦੇ ਹੋ, ਤਾਂ ਇਸ ਵਾਸਤੇ ਪੰਜਾਬ ਟਾਈਮਜ਼ ਵੱਲੋਂ 1 ਤੋਂ 4 ਲੈਵਲ ਤੱਕ ਚਾਰ ਪੁਸਤਕਾਂ ਸਿੱਖ ਸਕੂਲ ਡੌਟ ਕੋਮ, ਕੈਲੇਫੋਰਨੀਆ ਦੀ ਆਗਿਆ ਨਾਲ ਛਾਪੀਆਂ ਗਈਆਂ ਹਨ । ਇਹਨਾਂ (Work Books) ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਬੱਚਿਆਂ ਨੂੰ ਪੰਜਾਬੀ ਸਿਖਾ ਸਕਦੇ ਹੋ। ਇਹਨਾਂ ਪੁਸਤਕਾਂ ਨਾਲ ਅੰਗਰੇਜ਼ੀ ਰਾਹੀਂ ਪੰਜਾਬੀ ਸਿੱਖ ਸਕਦੇ ਹੋ। ਪੁਸਤਕਾਂ ਦੀ ਕੀਮਤ ਕੇਵਲ ਲਾਗਤ ਮਾਤਰ ਹੀ ਰੱਖੀ ਗਈ ਹੈ । ਇਹ ਪੁਸਤਕਾਂ ਮੁਨਾਫ਼ਾ ਕਮਾਉਣ ਲਈ ਨਹੀਂ ਬਲਕਿ ਪੰਜਾਬੀ ਦੇ ਪ੍ਰਚਾਰ ਹਿੱਤ ਬਹੁਤ ਹੀ ਸਸਤੀਆਂ ਦਿੱਤੀਆਂ ਜਾ ਰਹੀਆਂ ਹਨ ।




ਇਹ ਕਿਤਾਬ ਤੁਹਾਡੇ ਆਪਣੇ ਗੋਰੇ ਸਾਥੀਆਂ ਨੂੰ ਦੇਣ ਲਈ ਵੀ ਬਹੁਤ ਲਾਭਦਾਇਕ ਹੈ । ਜਿਸ ਤੋਂ ਤੁਸੀਂ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਬੜੇ ਆਸਾਨ ਤਰੀਕੇ ਨਾਲ ਸਿੱਖ ਸਕਦੇ ਹੋ

4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ
ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ਤੇ ਡਿਸਕਾਊਂਟ ਦਿੰਦੇ ਹਾਂ ।

ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

Whats App (M) 07966 388388

PANJAB TIMES
BRIDLE GATE LANE, ALVASTON, DERBY, DE24 0QW, U.K.
Email: panjabtimes@gmail.com,
www.panjabtimes.co.uk TEL: 01332 372 851

www.fb.com/punjabtimesuk


## 29 ਸਫੇ ਦੀ ਬਾਕੀ

ਪਹਿਲਾ ਵਿਸ਼ਵ ਯੁੱਧ 4 ਅਗਸਤ 1914 ਨੂੰ ਸ਼ੁਰੂ ਹੋ ਗਿਆ। ਵੱਡੀ ਗਿਣਤੀ ਵਿੱਚ ਦੇਸ਼ ਭਗਤ ਗਦਰੀ ਯੋਧੇ ਕਨੇਡਾ ਅਤੇ ਅਮਰੀਕਾ ਤੋਂ ਹਿੰਦੁਸਤਾਨ ਵੱਲ ਨੂੰ ਕੂਚ ਕਰ ਗਏ। ਭਾਈ ਭਾਗ ਸਿੰਘ ਵੀ ਜਾਣਾ ਚਾਹੁੰਦੇ ਸਨ ਪਰ ਪੌਣੇ ਤਿੰਨ ਸਾਲ ਦੇ ਪੁੱਤਰ ਜੁਗਿੰਦਰ ਸਿੰਘ ਅਤੇ ਛੇ ਮਹੀਨੇ ਦੀ ਧੀ ਕਰਮ ਕੌਰ ਦੀ ਸੰਭਾਲ ਵਿੱਚ ਦੇਰ ਹੋਣ ਕਰਕੇ ਉਹ ਜਾ ਨਾ ਸਕੇ।

ਉਧਰ ਵੈਨਕੂਅਰ ਵਿੱਚ ਗ਼ਦਾਰ ਟੋਲਾ ਪੂਰਾ ਜੋਰ ਲਾ ਰਿਹਾ ਸੀ ਕਿ ਕੋਈ ਵੀ ਹਿੰਦੁਸਤਾਨ ਨਾ ਜਾਵੇ। ਬੇਲਾ ਸਿੰਘ ਜਿਆਣ ਨੇ 22 ਅਤੇ 25 ਅਗਸਤ 1914 ਨੂੰ ਵੈਨਕੂਅਰ ਅਤੇ ਵਿਕਟੋਰੀਆ ਦੇ ਘਾਟਾਂ ਤੋਂ ਜਹਾਜ਼ਾਂ 'ਤੇ ਚੜ੍ਹਨ ਵਾਲੇ ਹਿੰਦੁਸਤਾਨੀਆਂ ਨੂੰ ਡਰਾਇਆ ਧਮਕਾਇਆ ਪਰ ਹਿੰਦੁਸਤਾਨੀਆਂ ਨੇ ਉਸ ਦੀ ਕੋਈ ਪ੍ਰਵਾਹ ਨਾ ਕੀਤੀ।

ਬੇਲਾ ਸਿੰਘ ਜਿਆਣ ਧੜੇ ਦੇ ਅਰਜਨ ਸਿੰਘ ਦੀ ਤਿੰਨ ਸਤੰਬਰ ਨੂੰ ਗੋਲੀ ਲੱਗਣ ਨਾਲ ਮੌਤ ਹੋ ਗਈ। ਬਹੁਤੇ ਲੋਕ ਇਸ ਨੂੰ ਦੁਰਘਟਨਾ ਸਮਝਦੇ ਸਨ ਪਰ ਬੇਲਾ ਸਿੰਘ ਦਾ ਖਿਆਲ ਸੀ ਕਿ ਅਰਜਨ ਸਿੰਘ ਦਾ ਕਤਲ ਹੋਇਆ ਹੈ। ਅਰਜਨ ਸਿੰਘ ਦੇ ਸਸਕਾਰ ਤੋਂ ਬਾਅਦ 5 ਸਤੰਬਰ 1914 ਨੂੰ ਸ਼ਾਮ ਨੂੰ ਵੈਨਕੂਅਰ ਦੇ ਗੁਰਦੁਆਰੇ ਵਿੱਚ ਸੰਗਤ ਜੁੜੀ ਹੋਈ ਸੀ। ਭਾਈ ਬਲਵੰਤ ਸਿੰਘ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਹੋਏ ਸਨ। ਭਾਈ ਭਾਗ ਸਿੰਘ ਵੀ ਗੁਰੂ ਗ੍ਰੰਥ ਸਾਹਿਬ ਵਾਲੇ ਤਖ਼ਤ ਪੋਸ਼ ਦੇ ਕੋਲ ਹੀ ਬੈਠੇ ਸਨ। ਬੇਲਾ ਸਿੰਘ ਸੱਤ ਵੱਜਣ ਵਿੱਚ ਕੁਝ ਮਿੰਟ ਰਹਿੰਦਿਆਂ ਗੁਰਦੁਆਰੇ ਅੰਦਰ ਆਇਆ ਤੇ ਮੱਥਾ ਟੇਕ ਕੇ ਭਾਈ ਭਾਗ ਸਿੰਘ ਦੇ ਪਿੱਛੇ ਚਾਰ-ਪੰਜ ਫੁੱਟ ਦੀ ਦੂਰੀ 'ਤੇ ਬੈਠ ਗਿਆ। 20-25 ਮਿੰਟ ਬਾਅਦ ਜਦੋਂ ਅਰਦਾਸ ਹੋਣ ਲੱਗੀ ਤਾਂ ਬੇਲਾ ਸਿੰਘ ਨੇ ਕਾਹਲੀ ਨਾਲ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਸਭ ਤੋਂ ਪਹਿਲਾਂ ਉਸ ਨੇ ਭਾਈ ਭਾਗ ਸਿੰਘ ਦੇ ਪਿੱਛਿਉਂ ਗੋਲੀਆਂ ਚਲਾਈਆਂ। ਉਹ ਦੋਹਾਂ ਹੱਥਾਂ ਵਿੱਚ ਪਿਸਤੋਲ ਫੜ੍ਹਕੇ ਗੋਲੀਆਂ ਚਲਾਈ ਜਾ ਰਿਹਾ ਸੀ। ਸਾਰਾ ਹਾਲ ਧੂੰਏ ਨਾਲ ਭਰ ਗਿਆ। ਕੁਝ ਵੀ ਵਿਖਾਈ ਨਹੀਂ ਸੀ ਦੇ ਰਿਹਾ। ਸਾਰੇ ਹਾਲ ਵਿੱਚ ਭਗਦੜ ਮੱਚ ਗਈ। ਬੇਲਾ ਸਿੰਘ ਧੂੰਏ ਦਾ ਲਾਭ ਉਠਾ ਕੇ ਗੁਰਦੁਆਰੇ ਵਿੱਚੋਂ ਭੱਜ ਗਿਆ। ਸਾਰਾ ਹਾਲ ਲਹੂ ਲੁਆਨ ਹੋਇਆ ਸੀ। ਬਹੁਤ ਸਾਰੇ ਬੰਦੇ ਜ਼ਖ਼ਮੀ ਹੋ ਗਏ। ਭਾਈ ਭਾਗ ਸਿੰਘ ਦੇ ਕਮਰ ਤੋਂ ਉਪਰ ਅਤੇ ਮੌਰਾਂ ਵਿਚਕਾਰ ਕਈ ਗੋਲੀਆਂ ਲੱਗੀਆਂ ਹੋਈਆਂ ਸਨ। ਇੱਕ ਗੋਲੀ ਪਿੱਠ ਵਿੱਚੋਂ ਦੀ ਹੋ ਕੇ ਫੇਫੜਿਆਂ ਵਿੱਚ ਜਾ ਫਸੀ। ਡਾਕਟਰਾਂ ਨੇ ਰਾਤ ਨੂੰ ਸਰਜਰੀ ਕੀਤੀ। ਅਗਲੇ ਦਿਨ ਪੁਲੀਸ ਬੇਲਾ ਸਿੰਘ ਨੂੰ ਲੈ ਕੇ ਦੁਪਹਿਰ ਇੱਕ ਵਜੇ ਹਸਪਤਾਲ ਪੁੱਜੀ। ਭਾਈ ਭਾਗ ਸਿੰਘ ਨੇ ਬੇਲਾ ਸਿੰਘ ਵੱਲ ਵੇਖਦਿਆਂ ਕਿਹਾ ਕਿ ਉਨ੍ਹਾਂ ਦੇ ਗੋਲੀਆਂ ਮਾਰਨ ਵਾਲਾ ਬੇਲਾ ਸਿੰਘ ਹੀ ਹੈ।

ਭਾਈ ਭਾਗ ਸਿੰਘ ਦੇ ਮਿੱਤਰ ਉਨ੍ਹਾਂ ਨੂੰ ਹਸਪਤਾਲ ਮਿਲੇ। ਭਾਈ ਭਾਗ ਸਿੰਘ ਦਾ ਕਹਿਣਾ ਸੀ "ਮਨ ਦੀ ਚਾਹ ਸੀ ਕਿ ਆਜ਼ਾਦੀ ਦੇ ਮੈਦਾਨੇ ਜੰਗ ਵਿੱਚ ਜੂਝ ਕੇ ਸ਼ਹੀਦ ਹੁੰਦਾ ਪਰ ਭਾਣਾ ਅਮਿੱਟ ਹੈ, ਅੱਜ ਇਸ ਬਿਸਤਰ ਪਰ ਸਰੀਰ ਛੱਡਣਾ ਪੈ ਰਿਹਾ ਹੈ"। 6 ਸਤੰਬਰ 1914 ਨੂੰ ਲੌਢੇ ਵੇਲੇ ਉਹ ਵੈਨਕੂਅਰ ਦੇ ਹਸਪਤਾਲ ਵਿੱਚ ਅਕਾਲ ਚਲਾਣਾ ਕਰ ਗਏ।

ਗੁਰਮੀਤ ਸਿੰਘ ਪਲਾਹੀ
-9815802070

# ਖੇਡਾਂ, ਪੰਜਾਬ ਅਤੇ ਸਿਆਸਤ

**ਪੰਜਾਬ ਸਰਕਾਰ ਦੀ ਖੇਡ ਪਾਲਿਸੀ ਕਿਥੇ ਹੈ? ਸੂਬੇ ਦਾ ਖੇਡ ਵਿਭਾਗ ਕਾਗਜ਼ਾਂ 'ਚ ਹੋਏਗਾ, ਅਮਲਾਂ 'ਚ ਪੰਜਾਬ 'ਚ ਕਿਧਰੇ ਵਿਖਾਈ ਨਹੀਂ ਦੇਂਦਾ। ਪਿੰਡਾਂ ਦੀਆਂ ਬਰੂਹਾਂ 'ਚ ਤਾਂ ਉਸਦੀ ਦਸਤਕ ਨਾ-ਮਾਤਰ ਹੈ। ਇੰਜ ਕਿਵੇਂ ਚੱਲੇਗਾ ਪੰਜਾਬ ਦਾ ਖੇਡ ਸਭਿਆਚਾਰ? ਇੰਜ ਕਿਵੇਂ ਬਚੇਗਾ ਪੰਜਾਬ? ਇਕੱਲੀ ਸਰਕਾਰ ਹੀ ਕਿਉਂ, ਸਾਡੇ ਪੰਜਾਬੀ ਧੁਰੰਤਰ, ਪੰਜਾਬੀ-ਬੁੱਧੀਜੀਵੀ, ਸੁਚੇਤ ਪੰਜਾਬੀ ਆਪਣੇ ਮਾਮਲਿਆਂ, ਆਪਣੇ ਨਾਲ ਹੁੰਦੇ ਧੱਕਿਆਂ, ਪੰਜਾਬੀਆਂ ਦੀ ਰੂਹ ਖੇਡਾਂ ਨਾਲ ਹੋ ਰਹੇ ਵਿਤਕਰੇ ਸਬੰਧੀ ਚੁੱਪ ਕਿਉਂ ਧਾਰੀ ਬੈਠੇ ਹਨ? ਅਸੀਂ ਜਿਹੜੇ ਢੁੱਠਾਂ ਵਾਲੇ, ਵੱਡੇ ਉੱਦਮੀ, ਬਾਬੇ ਨਾਨਕ ਦੇ ਪੈਰੋਕਾਰ ਕਹਾ ਖੁਸ਼ੀ 'ਚ ਫੁੱਲੇ ਨਹੀਂ ਸਮਾਂ ਰਹੇ**



ਖੇਡਾਂ, ਖੇਡਣੀਆਂ ਪੰਜਾਬੀਆਂ ਦਾ ਸੁਭਾਅ ਹੈ। ਖੇਡ, ਖੇਡ ਦੇ ਮੈਦਾਨ ਦੀ ਹੋਵੇ, ਖੇਡ ਸਿਆਸਤ ਦੀ ਹੋਵੇ, ਖੇਡ ਪੰਜਾਬੀ ਗ੍ਰਹਿਸਥੀ ਜੀਵਨ ਦੀ ਹੋਵੇ। ਪੰਜਾਬੀਆਂ ਦੀ ਖੇਡ ਨਿਰਾਲੀ ਹੈ, ਨਿਵੇਕਲੀ ਹੈ, ਕਿਧਰੇ ਦਿਲ-ਮਨ ਨੂੰ ਛੂਹ ਲੈਣ ਵਾਲੀ ਹੈ,ਕਿਧਰੇ ਜਾਨ ਲੇਵਾ ਹੈ, ਅਤੇ ਕਿਧਰੇ ਦੂਸਰਿਆਂ ਨੂੰ ਸਬਕ ਸਿਖਾਉਣ ਵਾਲੀ ਹੈ। ਕਿਧਰੇ ਆਪਣਾ ਉਜਾੜਾ ਆਪ ਪਾਉਣ ਵਾਲੀ ਹੈ।

ਸਿਆਸਤ ਦੀਆਂ ਅੰਦਰਲੀਆਂ ਪੇਚਦਗੀਆਂ ਜਾਂ ਗੁੰਝਲਾਂ ਤੋਂ ਅਨਜਾਣ,ਕਿਸੇ ਦੂਜੇ ਦੀ ਗੱਲ ਨੂੰ ਸਹਿਜ-ਸੁਭਾਅ ਮੰਨ ਲੈਣ ਵਾਲੇ ਪੰਜਾਬੀ,ਖੇਡ ਖੇਤਰ 'ਚ ਮੱਲਾਂ ਮਾਰਨ ਲਈ ਮਸ਼ਹੂਰ ਤਾਂ ਹੋਏ ਹੀ ,ਦੇਸੀਂ-ਪ੍ਰਦੇਸੀਂ ਜੁਸਿਆਂ ਦੇ ਬੱਲ 'ਤੇ, ਸੋਚ ਦੇ ਜ਼ੋਰ ਨਾਲ,ਤਰਕੀਬਾਂ ਅਤੇ ਮਿਲਾਪੜੇ ਸੁਭਾਅ ਨਾਲ ਆਪਣੇ ਕੱਦ ਕਾਠ ਵਧਾਉਣ 'ਚ ਸਫ਼ਲ ਹੋਏ। ਇੰਜ ਵਿਸ਼ਵ ਪੱਧਰ 'ਤੇ ਵਿਚਰਦਿਆਂ ਉਹਨਾ ਨਾ ਆਪਣੀ ਮਾਂ-ਬੋਲੀ ਛੱਡੀ,ਨਾ ਆਪਣੀ ਮਾਂ-ਖੇਡ ਕਬੱਡੀ ਨੂੰ ਤੱਜਿਆ,ਨਾ ਪਹਿਲਵਾਨੀ ਤੋਂ ਮੂੰਹ ਮੋੜਿਆ, ਨਾ ਆਪਣੇ ਰੰਗਲੇ ਸਭਿਆਚਾਰ ਨੂੰ ਤਲਾਂਜਲੀ ਦਿੱਤੀ ।ਆਪਣੇ ਸਭਿਆਚਾਰ,ਆਪਣੀ ਨਿੱਜੀ ਧਰਮ ਨੂੰ ਤਾਂ ਉਸ ਆਪਣੀ ਜ਼ਿੰਦਗੀ 'ਤੋਂ ਬਾਹਰ ਹੋਣ ਹੀ ਨਹੀਂ ਸੀ ਦੇਣਾ!

ਪੰਜਾਬੀਆਂ ਦਾ ਖੇਡਾਂ ਨਾਲ ਮੋਹ, ਆਪਣੇ ਖੇਤਾਂ ਨਾਲ ਮੋਹ ਜਿਹਾ ਹੈ। ਖੇਤ ਵੱਟ ਲਈ ਸ਼ਰੀਕਾਂ ਨਾਲ ਵੱਢ-ਟੁੱਕ ਮਾਰ-ਵੱਢ, ਗਾਲੀ ਗਲੋਚ, ਆਪਣੇ ਹੱਕ ਲਈ ਲੜਾਈ ਉਹਦੇ ਕਣ-ਕਣ 'ਚ ਵਸੀ ਹੋਣ ਕਰਕੇ ਜੁੱਸਿਆਂ ਦੀ ਤਾਕਤ ਵਧਾਉਣਾ,ਸਰੀਰਾਂ ਨੂੰ ਪਾਲਣਾ ਤਾਕਤ ਦਾ ਦਿਖਾਵਾ ਕਰਨਾ ਅਤੇ ਫਿਰ ਉਸੇ ਤਾਕਤ ਨੂੰ ਕਿਸੇ ਥਾਂ ਸਿਰ ਕਰਨਾ ਪੰਜਾਬੀਆਂ ਦਾ ਸ਼ੌਕ ਹੈ। ਬੱਦਲਾਂ ਦੀ ਗਰਜਣ,ਬਿਜਲੀ ਦੀ ਗੜਕਣ ਅਤੇ ਲਿਸ਼ਕਣ ਦਾ ਕਦੇ ਉਹਨਾ ਦੇ ਮਨ 'ਚ ਡਰ ਨਹੀਂ ਰਿਹਾ। ਉਹ ਜਦੋਂ ਲੜਦੇ ਹਨ,ਭਿੜਦੇ ਹਨ, ਕਬੱਡੀ ਦੇ ਮੈਦਾਨ ਵਿੱਚ, ਪਹਿਲਵਾਨੀ ਅਖਾੜੇ ਵਿੱਚ, ਸ਼ੈਲ-ਛਬੀਲੇ ਗੱਭਰੂ, ਦਹਾੜਦੇ ਹਨ, ਤਾਂ ਮੋਰ ਦੀ ਪੈਲਾਂ ਵੀ ਫਿੱਕੀਆਂ ਪੈ ਜਾਂਦੀਆਂ ਹਨ, ਸ਼ੇਰਾਂ ਦੀ ਗਰਜਨਾ ਵੀ ਲੋਕਾਂ ਨੂੰ ਭੁੱਲ ਜਾਂਦੀ ਹੈ। ਖੇਡ, ਤਾਂ ਪੰਜਾਬੀਆਂ ਲਈ ਉਹਨਾ ਦਾ ਵਿਰਸਾ ਹੈ,ਬਾਬੇ ਨਾਨਕ ਦੀ ਬਾਣੀ ਦਾ ਸੱਚ ਹੈ,ਜਿਹਨੂੰ ਉਹ ਪੱਲੇ ਬੰਨ ਜ਼ਿੰਦਗੀ 'ਚ ਵਿਚਰਦਾ ਹੈ, ਪ੍ਰਾਪਤੀਆਂ ਕਰਦਾ ਹੈ,ਉਹਦੇ ਗੁਣ ਗਾਉਂਦਾ ਹੈ,ਉਹਦਾ ਲੱਖ-ਲੱਖ ਸ਼ੁਕਰ ਮਨਾਉਂਦਾ ਹੈ।

ਪਿੰਡ ਦੀ ਸ਼ਾਮ ਵੇਖ ਲਓ, ਭਾਵੇਂ ਸਵੇਰ! ਖੇਡਾਂ ਦਾ ਝਲਕਾਰਾ ਪਿੰਡਾਂ ਦੀ ਬਰੂਹਾਂ 'ਚ ਦਿਸਦਾ ਹੈ। ਬਿਨ੍ਹਾਂ ਸ਼ੱਕ ਪੰਜਾਬੀ ਜੁਸਿਆਂ ਤੇ ਸੁਭਾਅ ਲੂੰ ਉਜਾੜਨ ਦੇ ਨਸ਼ਿਆਂ ਦੇ ਸਾਜ਼ਿਸ਼ੀ ਹਮਲਿਆਂ ਨੇ ਪੰਜਾਬੀ ਨੌਜਵਾਨਾਂ,ਬੱਚਿਆਂ, ਮੁਟਿਆਰਾਂ ਦੇ ਰਾਹ ਔਝੜੇ ਕੀਤੇ ਹਨ। ਮੁੰਡੇ,ਮੋਟਰਸਾਈਕਲ, ਮੋਬਾਇਲ,ਵਿਦੇਸ਼ੀ ਰਾਹ ਪਾਉਣ ਦੇ ਰਾਹ ਪਾ ਦਿਤੇ ਗਏ ਹਨ,ਮੁਟਿਆਰਾਂ ਵੀ ਕਿਸੇ ਤਰ੍ਹਾਂ ਰੀਸੋ-ਰੀਸੀ ਉਹ ਹਰ ਸ਼ੌਕ ਪਾਲ ਰਹੀਆਂ ਹਨ, ਜੋ ਮੁੰਡੇ ਹੰਢਾਉਂਦੇ ਹਨ, ਪਰ ਖੇਡਾਂ ਹਾਲੇ ਵੀ ਪੰਜਾਬੀਆਂ ਲਈ ਜੀਵਨ-ਜਾਚ ਹਨ। ਖੇਡਾਂ ਹਾਲੇ ਵੀ ਉਹਨਾ ਦੇ ਖ਼ੂਨ 'ਚ ਰਚੀਆਂ ਹੋਈਆਂ ਹਨ। ਖੇਡਾਂ ਅਤੇ ਭੰਗੜੇ ਦੀ ਤਾਲ-ਸੁਰ, ਗਿੱਧੇ ਦੀ ਧਮਾਲ ਤੇ ਬੋਲੀਆਂ ਨੂੰ, ਬਾਬੇ ਦੀ ਬਾਣੀ ਨੂੰ, ਕਿਹੜਾ ਸਿਆਸੀ ਦਲਾਲ, ਕਿਹੜਾ ਸਿਆਸੀ ਭਗਵਾਂਪਨ, ਕਿਹੜਾ ਸਿਆਸੀ ਡਿਕਟੇਟਰ, ਪੰਜਾਬੀਆਂ ਤੋਂ ਖੋਹ ਸਕਦਾ ਹੈ, ਜਾਂ ਖੋਹ ਸਕਿਆ ਹੈ? ਭਾਵੇਂ ਇਹ ਖੋਹਣ ਦੇ ਯਤਨ '47 'ਚ ਵੀ ਹੋਏ, '84 'ਚ ਵੀ ਹੋਏ, ਨਸ਼ਿਆਂ ਦੀ ਮਾਰ ਅਤੇ ਖਾੜਕੂਵਾਦ ਸਮੇਂ ਸ਼ਰੇਆਮ ਹਜ਼ਾਰਾਂ ਨੌਜਵਾਨਾਂ ਦੇ ਮਾਰਨ, ਲਾਪਤਾ ਕਰਨ ਦੇ ਯਤਨਾਂ ਨਾਲ ਵੀ ਹੋਏ ਅਤੇ ਹੁਣ ਕਿਸਾਨਾਂ ਵਿਰੁੱਧ ਕਾਲੇ ਕਾਨੂੰਨ ਪਾਸ ਕਰਕੇ, ਉਹਨਾ ਦੀ ਜ਼ਮੀਨ ਨੂੰ, ਉਹਨਾ ਦੀ ਹੋਂਦ ਨੂੰ, ਉਹਨਾ ਦੀ ਅਣਖ਼ ਨੂੰ ਖ਼ਤਰਾ ਪੈਦਾ ਕਰਕੇ ਵੀ ਹੋਏ! ਪਰ, ਪੰਜਾਬੀ, ਪ੍ਰੋ: ਪੂਰਨ ਸਿੰਘ ਦੇ ਸ਼ਬਦਾਂ 'ਚ "ਟੈਂਅ ਨਾ ਮੰਨਣ ਕਿਸੇ ਦੀ"

ਪੰਜਾਬ ਦਾ ਪਿੰਡ ਕਦੇ ਉਦਾਸ ਹੁੰਦਾ ਹੈ, ਕਦੇ ਹੁਲਾਸ ਨਾਲ ਭਰਦਾ ਹੈ। ਉਦਾਸ ਹੁੰਦਾ ਹੈ ਉਦੋਂ ਜਦੋਂ ਕੋਈ ਜੁਆਨ ਨਸ਼ੇ ਦੀ ਬਲੀ ਚੜ੍ਹਦਾ ਹੈ, ਜਦੋਂ ਕੋਈ ਕਿਸਾਨ ਸ਼ਤੀਰਾਂ ਨਾਲ ਲਟਕ ਜਾਂਦਾ ਹੈ, ਖੁਦਕੁਸ਼ੀ ਕਰ ਜਾਂਦਾ ਹੈ, ਪਰ ਖੁਸ਼ ਹੁੰਦਾ ਹੈ ਉਦੋਂ ਜਦੋਂ ਹਾਕੀ ਜਿੱਤ ਪੰਜਾਬੀ ਖਿਡਾਰੀ ਵਰ੍ਹਿਆਂ ਬਾਅਦ ਦੇਸ਼ ਨੂੰ ਖ਼ੁਸ਼ੀ ਦਿੰਦੇ ਹਨ। ਪੰਜਾਬ ਦਾ ਪਿੰਡ ਉਦਾਸ ਹੁੰਦਾ ਹੈ ਉਦੋਂ ਜਦੋਂ ਧੀਆਂ ਦਾ ਕੁੱਖ 'ਚ ਕਤਲ ਕੀਤਾ ਜਾਂਦਾ ਹੈ, ਖੁਸ਼ ਹੁੰਦਾ ਹੈ ਉਦੋਂ ਜਦੋਂ ਧੀਆਂ ਖੇਡਾਂ, ਪੜ੍ਹਾਈ ਦੇ ਖੇਤਰ 'ਚ ਵੱਡੀਆਂ ਪ੍ਰਾਪਤੀਆਂ ਕਰਦੀਆਂ ਹਨ ਅਤੇ ਮਾਪਿਆਂ ਤੇ ਸਮਾਜ ਦੀ ਖੁਸ਼ੀ ਦਾ ਬਾਰੋਬਰ ਦਾ ਹਿੱਸਾ ਬਣਦੀਆਂ ਹਨ।

ਪੰਜਾਬ ਦੇ ਪਿੰਡਾਂ ਦੇ ਪਹਿਲਵਾਨੀ ਅਤੇ ਕਬੱਡੀ ਦੇ ਅਖ਼ਾੜੇ, ਫੁੱਟਬਾਲ, ਬਾਲੀਵਾਲ ਦੇ ਮੈਦਾਨ, ਪਿੰਡ ਦਾ ਸ਼ਿੰਗਾਰ ਹਨ। ਸਵੇਰੇ, ਸ਼ਾਮੀ ਬੱਚੇ, ਨੌਜਵਾਨ ਜਦੋਂ ਖੇਡ ਮੈਦਾਨ 'ਚ ਬੁੱਕਦੇ ਹਨ, ਪ੍ਰੈਕਟਿਸ ਕਰਦੇ ਹਨ, ਜੁੱਸਿਆਂ ਨੂੰ ਤਕੜਾ ਸੁਡੋਲ ਕਰਦੇ ਹਨ ਅਤੇ ਫਿਰ ਕਬੱਡੀ, ਫੁੱਟਬਾਲ, ਮੁਕਾਬਲਿਆਂ 'ਚ ਹਿੱਸਾ ਲੈਂਦੇ ਹਨ ਤਾਂ ਨਜ਼ਾਰਾ ਵੇਖਿਆਂ ਹੀ ਬਣਦਾ ਹੈ। ਖੁਸ਼ੀ ਦੇ ਪਲ ਤਾਂ ਖੇਡ ਮੈਦਾਨ ਉਦੋਂ ਹੰਡਾਉਂਦਾ ਹੈ, ਜਦੋਂ ਪਿੰਡਾਂ 'ਚ ਫੁੱਟਬਾਲ ਟੂਰਨਾਮੈਂਟ, ਵੇਟ ਲਿਫਟਿੰਗ ਮੁਕਾਬਲੇ ਅਤੇ ਕਬੱਡੀ ਦੇ ਵਿਸ਼ਵ-ਪੱਧਰੀ ਮੁਕਾਬਲੇ ਪ੍ਰਵਾਸੀ ਵੀਰਾਂ ਦੇ ਸਹਿਯੋਗ ਨਾਲ ਪਿੰਡਾਂ 'ਚ ਕਰਵਾਏ ਜਾਂਦੇ ਹਨ। ਨੌਜਵਾਨਾਂ ਨੂੰ ਖੇਡਾਂ 'ਚ ਰੁਚਿਤ ਹੋਣ ਦਾ ਹੁਲਾਰਾ ਦਿੰਦੇ ਹਨ। ਇਹ ਹੁਲਾਸ ਵਰ੍ਹੇ ਭਰ ਅਗਲੇ ਸਾਲ 'ਚ ਇੱਕ ਨਵੀਂ ਆਸ ਨਾਲ ਜੀਉਂਦਾ ਜਾਗਦਾ ਹੈ, ਪਿੰਡ ਦੇ ਜਾਗਣ ਵਾਂਗਰ, ਜੋ ਕਦੇ ਸੌਂਦਾ ਨਹੀਂ, ਖ਼ਬਰਦਾਰ ਰਹਿੰਦਾ ਹੈ, ਆਪਣੇ ਬੱਚਿਆਂ ਲਈ, ਆਪਣੇ ਪੁੱਤਾਂ, ਧੀਆਂ ਲਈ, ਆਪਣੇ ਵਿਰਸੇ-ਸਭਿਆਚਾਰ ਲਈ ਅਤੇ ਸਭ ਤੋਂ ਵੱਧ ਮਾੜੇ-ਭੈੜੇ ਉਹਨਾ ਲੋਕਾਂ ਤੋਂ ਆਪਣੇ ਭਵਿੱਖ ਨੂੰ ਬਚਾਉਣ ਲਈ, ਜਿਹੜੇ ਉਹਨਾ ਪੱਲੇ ਭ੍ਰਿਸ਼ਟਾਚਾਰ ਪਾ ਰਹੇ ਹਨ, ਉਹਨਾ 'ਚ ਧੜੇ-ਬੰਦੀ ਦੇ ਬੀਅ ਬੀਜ ਰਹੇ ਹਨ, ਜਿਹੜੇ ਨਫ਼ਰਤ-ਸਾੜੇ ਦੀ ਸਿਆਸਤ ਕਰਕੇ ਧਰਮ-ਜਾਤ ਦੀ ਵੰਡ ਦਾ ਵਖਰੇਵਾਂ ਪਾਕੇ, ਵੋਟ ਰਾਜੀਨੀਤੀ ਦੀ ਖਾਤਰ ਸਭੋ ਕੁਝ ਹਥਿਆਉਣਾ ਚਾਹੁੰਦੇ ਹਨ, ਪਿੰਡ ਵੀ, ਖੇਤ ਵੀ, ਖੇਡ ਵੀ ਅਤੇ ਮਨੁੱਖੀ ਜ਼ਿੰਦਗੀ ਵੀ।

ਪੰਜਾਬੀਆਂ ਦੀ ਪਹਿਲੀ ਕਿਲਕਾਰੀ ਖੇਡ ਹੈ। ਬਚਪਨ, ਜੁਆਨੀ, ਬੁਢਾਪਾ ਉਹਨਾ ਨੂੰ ਕਿਸੇ ਹੀਲੇ ਵੀ ਖੇਡ ਤੋਂ ਵੱਖ ਨਹੀਂ ਹੋਣ ਦਿੰਦਾ। ਇਹੋ ਖੇਡ ਦਾ ਰੰਗ, ਉਹਨਾ ਨੂੰ ਸਰਹੱਦਾਂ ਦੀ ਰਾਖੀ ਲਈ ਭੇਜਦਾ ਹੈ, ਇਹੋ ਖੇਡ ਦਾ ਰੰਗ ਉਹਨਾ ਨੂੰ ਨਿਹੱਕਿਆਂ ਦੇ ਹੱਕ 'ਚ ਖੜਨ, ਉਹਨਾ ਲਈ ਜਾਨ ਵਾਰਨ ਅਤੇ ਆਪਣੀ ਹੱਕ ਪ੍ਰਾਪਤੀ ਦੇ ਸੰਘਰਸ਼ ਲਈ ਪ੍ਰੇਰਦਾ ਹੈ। ਖੇਡ, ਖੇਡ 'ਚ ਪੰਜਾਬੀ ਵੱਡੀਆਂ ਪ੍ਰਾਪਤੀਆਂ ਕਰਦੇ ਹਨ। ਪਰ ਖੇਡ, ਖੇਡ 'ਚ ਅਤੀਤ 'ਚ ਉਹਨਾ ਬਹੁਤ ਕੁਝ ਗੁਆਇਆ ਹੈ। ਸਿਆਸੀ ਖੇਡਾਂ 'ਚ ਦਿੱਲੀ ਹੱਥੋਂ ਪੰਜਾਬੀ ਮਾਤ ਖਾਂਦੇ ਰਹੇ ਹਨ, ਪਰ ਕਦੇ ਝੁਕੇ ਨਹੀਂ, ਅੜੇ ਰਹੇ, ਖੜੇ ਰਹੇ, ਬੜਾ ਕੁਝ ਗੁਆਇਆ ਧਨ, ਦੌਲਤ, ਸਰੀਰ, ਮਨ ਦਾ ਚੈਨ ਪਰ ਬੜਾ ਕੁਝ ਪਾਇਆ ਅਣਖ਼, ਸੰਤੁਸ਼ਟੀ ਅਤੇ ਟੌਹਰ-ਟੱਪਾ। ਬਿਨ੍ਹਾਂ ਸ਼ੱਕ ਅਫਗਾਨੇ-ਕਸ਼ਮੀਰੇ-ਦਿੱਲੀ ਤੱਕ ਰਾਜ ਕੀਤਾ, ਪਰ ਇਮਾਨਦਾਰ ਖੇਡ ਦੀ ਕਰਾਮਾਤ ਹੀ ਕਹਾਂਗੇ, ਸਭੋ ਕੁਝ ਸਿਮਟ ਪੰਜ ਦਰਿਆਵਾਂ ਨੂੰ ਸੰਭਾਲ ਲਿਆ। ਪਰ ਸਿਆਸੀ ਰੰਗ ਢੰਗ ਦੀ ਖੇਡ ਨੇ, ਉਹਦੇ ਢਾਈ ਦਰਿਆ ਹੀ ਪੱਲੇ ਰਹਿਣ ਦਿੱਤੇ। ਰਾਜਧਾਨੀ ਤੇ ਪੰਜਾਬੀ ਬੋਲਦੇ ਇਲਾਕੇ ਤਾਂ ਸਾਜ਼ਿਸ਼ਨ ਉਹਨਾ ਹਥਿਆਉਣੇ ਹੀ ਸਨ, ਪੰਜਾਬ ਦੇ ਦਰਿਆਵਾਂ ਦਾ ਪਾਣੀ ਵੀ ਖੋਹ ਲਿਆ। ਪੰਜਾਬੀ, ਜਿਹੜੇ ਅਧਾਰ 'ਤੇ ਸੂਬਾ ਪੰਜਾਬ ਬਣਿਆ ਸੀ, ਸਿਆਸਤਦਾਨਾਂ ਦੀ ਬੇਰੁਖ਼ੀ ਕਾਰਨ ਪੰਜਾਬੀ ਮਾਂ ਬੋਲੀ, ਮਤਰੇਈ ਮਾਂ ਵਾਲਾ ਸਲੂਕ ਹੰਢਾ ਰਹੀ ਹੈ। ਇਹ ਖੇਡਾਂ, ਇਹ ਚਾਲਾਂ ਇਹ ਸਾਜ਼ਿਸ਼ਾਂ ਹੰਢਾਉਣ ਲਈ ਆਦੀ ਹੋ ਚੁੱਕੇ ਪੰਜਾਬੀ ਫਿਰ ਵੀ ਖੇਡਾਂ ਨਹੀਂ ਭੁਲੇ, ਮੇਲੇ ਨਹੀਂ ਭੁਲੇ, ਸਭਿਆਚਾਰ ਨਹੀਂ ਭੁਲੇ! ਆਪਣਾ ਵਿਰਸਾ ਉਹਨਾ ਦੀ ਕੁੱਖ 'ਚ ਪਲ ਰਿਹਾ।

ਪਰ ਸਰਕਾਰਾਂ ਖੇਡਾਂ ਨਾਲ ਮਜ਼ਾਕ ਕਰ ਰਹੀਆਂ ਹਨ। ਕਦੇ ਕਦਾਈ ਖੇਡਾਂ ਨੂੰ ਸਿਆਸਤ ਲਈ ਵਰਤਦੀਆਂ ਨਜ਼ਰ ਆਉਂਦੀਆਂ ਹਨ। ਪਿਛਲੇ ਵਰ੍ਹਿਆਂ 'ਚ ਵਿਸ਼ਵ ਕਬੱਡੀ ਟੂਰਨਾਮੈਂਟ ਕਿਸੇ ਸਿਆਸੀ ਧਿਰ ਵਾਲੀ ਸਰਕਾਰ ਨੇ ਕਰਵਾਏ,ਆਪਣੀ ਸਿਆਸੀ ਹਿੱਤਾਂ ਦੀ ਪੂਰਤੀ ਲਈ, ਉਵੇਂ ਹੀ ਜਿਵੇਂ ਵਰ੍ਹਿਆਂ-ਬੱਧੀ ਪੰਜਾਬੀ 'ਚ ਪ੍ਰਵਾਸੀ ਸੰਮੇਲਨ ਕਰਵਾਏ ਵੋਟਾਂ ਦੀ ਪ੍ਰਾਪਤੀ ਲਈ! ਪਰ ਪੰਜਾਬੀਆਂ ਕੀ ਖੱਟਿਆ?

ਪੰਜਾਬ ਸਰਕਾਰਾਂ ਕਦੇ ਖੇਡਾਂ ਨੂੰ ਉਤਸ਼ਾਹਿਤ ਕਰਨ ਵੱਲ ਨਜ਼ਰ ਸਵੱਲੀ ਨਹੀਂ ਕੀਤੀ। ਕਿਥੇ ਗਏ ਹਰ ਵਰ੍ਹੇ ਪੰਚਾਇਤਾਂ, ਪਿੰਡਾਂ 'ਚ ਕਰਵਾਏ ਜਾਣ ਵਾਲੇ ਬਲਾਕ, ਜ਼ਿਲਾ, ਸੂਬਾ ਪੱਧਰੀ ਖੇਡ ਮੁਕਾਬਲੇ? ਸਿਰਫ਼ ਸਕੂਲਾਂ 'ਚ ਸਿਮਟਕੇ ਰਹਿ ਗਏ ਹਨ ਇਹ ਖੇਡ ਮੁਕਾਬਲੇ, ਖੋ-ਖੋ, ਕਬੱਡੀ, ਫੁੱਟਬਾਲ, ਵਾਲੀਬਾਲ ਟੇਬਲ ਟੈਨਿਸ ਦੇ ਮੁਕਾਬਲਿਆਂ ਤੱਕ ਸੀਮਤ, ਉਹ ਵੀ ਖ਼ਾਨਾ ਪੂਰਤੀ ਲਈ। ਕਿੰਨੇ ਸਟੇਡੀਅਮ ਹਨ ਸਰਕਾਰ ਦੇ ਸੂਬੇ 'ਚ? ਕਿੰਨੀਆਂ ਜਿੰਮਾਂ ਹਨ, ਪੰਜਾਬ 'ਚ? ਕਿੰਨੇ ਕੋਚ ਭਰਤੀ ਕੀਤੇ ਹਨ ਖੇਡ ਵਿਭਾਗ 'ਚ? ਕਿੰਨੇ ਪੀ. ਟੀ. ਆਈ., ਡੀ. ਪੀ. ਆਈ. ਸਿੱਖਿਆ ਵਿਭਾਗ 'ਚ ਤਾਇਨਾਤ ਹਨ? ਕਿੰਨਾ ਬਜ਼ਟ ਹੈ ਖੇਡ ਵਿਭਾਗ ਦਾ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ? ਪਰ ਤਸੱਲੀ ਵਾਲੀ ਗੱਲ ਹੈ ਪਿੰਡ ਸੰਸਾਰਪੁਰ 'ਚ ਹਾਕੀ ਮੈਦਾਨ ਦਾ ਅੰਤਰਰਾਸ਼ਟਰੀ ਪੱਧਰ ਦਾ ਮੈਦਾਨ ਹੈ। ਇਹ ਵੀ ਤਸੱਲੀ ਵਾਲੀ ਗੱਲ ਹੈ ਕਿ ਵੱਡੀ ਗਿਣਤੀ ਪੰਜਾਬੀ ਖਿਡਾਰੀ, ਭਾਰਤੀ ਹਾਕੀ ਟੀਮ ਦਾ ਹਿੱਸਾ ਹਨ। ਇਹ ਉਹਨਾ ਦੀ ਲਗਨ, ਮਿਹਨਤ, ਸਿਰੜ ਦਾ ਸਿੱਟਾ ਹੈ। ਇਹ ਵੀ ਤਸੱਲੀ ਵਾਲੀ ਗੱਲ ਹੈ ਕਿ ਜੇਤੂ ਖਿਡਾਰੀਆਂ ਦਾ ਪੰਜਾਬ ਸਰਕਾਰ 'ਤੇ ਪੰਜਾਬੀਆਂ ਮਾਣ-ਸਨਮਾਨ ਕੀਤਾ ਹੈ। ਬਹੁਤ ਸਾਰੇ ਪਿੰਡਾਂ 'ਚ ਖੇਡਾਂ ਸਟੇਡੀਅਮ ਹਨ, ਜਿੰਮਾਂ ਹਨ, ਪਹਿਲਵਾਨਾਂ ਦੇ ਅਖਾੜੇ ਹਨ। ਰਾਏਕੋਟ 'ਚ ਲੋਕ-ਖੇਡਾਂ ਹੁੰਦੀਆਂ ਹਨ। ਜਲੰਧਰ 'ਚ ਹਾਕੀ ਟੂਰਨਾਮੈਂਟ ਹੁੰਦੇ ਹਨ।

ਪਰ ਪੰਜਾਬ ਸਰਕਾਰ ਦੀ ਖੇਡ ਪਾਲਿਸੀ ਕਿਥੇ ਹੈ? ਸੂਬੇ ਦਾ ਖੇਡ ਵਿਭਾਗ ਕਾਗਜ਼ਾਂ 'ਚ ਹੋਏਗਾ, ਅਮਲਾਂ 'ਚ ਪੰਜਾਬ 'ਚ ਕਿਧਰੇ ਵਿਖਾਈ ਨਹੀਂ ਦੇਂਦਾ। ਪਿੰਡਾਂ ਦੀਆਂ ਬਰੂਹਾਂ 'ਚ ਤਾਂ ਉਸਦੀ ਦਸਤਕ ਨਾ-ਮਾਤਰ ਹੈ। ਇੰਜ ਕਿਵੇਂ ਚੱਲੇਗਾ ਪੰਜਾਬ ਦਾ ਖੇਡ ਸਭਿਆਚਾਰ? ਇੰਜ ਕਿਵੇਂ ਬਚੇਗਾ ਪੰਜਾਬ? ਇਕੱਲੀ ਸਰਕਾਰ ਹੀ ਕਿਉਂ, ਸਾਡੇ ਪੰਜਾਬੀ ਧੁਰੰਤਰ, ਪੰਜਾਬੀ-ਬੁੱਧੀਜੀਵੀ, ਸੁਚੇਤ ਪੰਜਾਬੀ ਆਪਣੇ ਮਾਮਲਿਆਂ, ਆਪਣੇ ਨਾਲ ਹੁੰਦੇ ਧੱਕਿਆਂ, ਪੰਜਾਬੀਆਂ ਦੀ ਰੂਹ ਖੇਡਾਂ ਨਾਲ ਹੋ ਰਹੇ ਵਿਤਕਰੇ ਸਬੰਧੀ ਚੁੱਪ ਕਿਉਂ ਧਾਰੀ ਬੈਠੇ ਹਨ? ਅਸੀਂ ਜਿਹੜੇ ਢੁੱਠਾਂ ਵਾਲੇ, ਵੱਡੇ ਉੱਦਮੀ, ਬਾਬੇ ਨਾਨਕ ਦੇ ਪੈਰੋਕਾਰ ਕਹਾ ਖੁਸ਼ੀ 'ਚ ਫੁੱਲੇ ਨਹੀਂ ਸਮਾਂ ਰਹੇ, ਆਖ਼ਿਰ ਆਪਣੀ ਹਾਲਤ ਕ੍ਰਾਂਤੀਕਾਰੀ ਕਵੀ ਲਾਲ ਸਿੰਘ ਦਿਲ ਦੀ ਕਵਿਤਾ "ਅਸੀਂ ਵੱਡੇ ਵੱਡੇ ਪਹਿਲਵਾਨ" ਵਾਲੀ ਕਿਉਂ ਬਣਾ ਬੈਠੇ ਹਾਂ? ਲਉ ਪੜ੍ਹੋ ਕਵੀ ਦੇ ਬੋਲ:-

"ਅਸੀਂ ਵੱਡੇ ਵੱਡੇ ਪਹਿਲਵਾਨ
ਸਵੇਰੇ ਹੀ ਕੱਸ ਲੈਂਦੇ ਹਾਂ ਲੰਗੋਟੇ
ਲੜਨ ਲਈ ਭੁੱਖ ਨੰਗ ਨਾਲ
ਜੋੜ ਤੋੜ ਜੋੜ ਤੋੜ ਕਰਦੇ ਰਹਿਣਾ ਸਾਡੀ
ਕਸਰਤ ਹੈ
ਦਾਅ ਬਹੁਤ ਡਾਢੇ ਨੇ
ਬੋਲਣ ਦੀ ਥਾਂ ਚੁੱਪ ਕਰ ਜਾਣਾ
ਪੀਣ ਦੀ ਥਾਂ ਪਿਆਸੇ ਮਰ ਜਾਣਾ
ਖਾਣ ਦੀ ਥਾਂ ਕਸਮ ਖਾਣੀ ਲੜਦੇ ਰਹਿਣ ਦੀ
ਪਛਾੜਦੇ ਹਾਂ ਵੱਡੇ ਵੱਡੇ ਪਹਿਲਵਾਨ
ਗਰਦਨ 'ਤੇ ਗੋਡਾ ਧਰ ਕੇ
ਖੇਤ ਪਏ ਗਧੇ ਵਾਲੀ ਜੂਨ ਭੋਗਦੇ ਹਾਂ
ਪਰ ਤਾਂ ਵੀ ਅਸੀਂ ਵੱਡੇ ਵੱਡੇ ਪਹਿਲਵਾਨ
ਸਵੇਰੇ ਹੀ ਲੰਗੋਟੇ ਕੱਸ ਲੈਂਦੇ ਹਨ"।

-ਗੁਰਮੀਤ ਸਿੰਘ ਪਲਾਹੀ

ਪ੍ਰੋ: ਸ਼ਿੰਗਾਰਾ ਸਿੰਘ ਢਿੱਲੋਂ
*(M.A, M.PHIL, BJMC, B.ED)*
ਮੋਬਾਈਲ:
07806945964



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ – 33**

# ਮੈਂ ਤੰਦਰੁਸਤ ਕਿਵੇਂ ਹੋਇਆ ?



**ਕੁੱਝ ਮਰੀਜ ਇਸ ਤਰਾਂ ਦੇ ਵੀ ਹੁੰਦੇ ਹਨ ਜੋ ਡਾਕਟਰ ਨੂੰ ਕੁੱਝ ਹੋਰ ਦੱਸਦੇ ਹਨ ਪਰ ਕਰਦੇ ਕੁੱਝ ਹੋਰ ਹਨ । ਜੇਕਰ ਡਾਕਟਰ ਕਿਸੇ ਮਰੀਜ ਨੂੰ ਸ਼ਰਾਬ, ਸਿਗਰਟ ਜਾਂ ਸ਼ੂਗਰ ਦੇ ਸੇਵਨ ਦੀ ਸਖਤ ਮਨਾਹੀ ਕਰਦਾ ਹੈ, ਪਰ ਮਰੀਜ ਪਰਹੇਜ ਨਹੀ ਕਰਦਾ, ਆਪਣੀ ਸਿਹਤ ਵਾਸਤੇ ਨੁਕਸਾਨਦਾਇਕ ਸਭ ਵਸਤੂਆਂ ਦਾ ਸੇਵਨ। ਡਾਕਟਰ ਦੁਆਰਾ ਦਿੱਤੀ ਚੇਤਾਵਨੀ ਦੇ ਬਾਵਜੂਦ ਵੀ ਲਗਾਤਾਰ ਕਰਦਾ ਰਹਿੰਦਾ ਹੈ ਤੇ ਡਾਕਟਰ ਨੂੰ ਦੱਸਦਾ ਹੈ ਕਿ ਉਸ ਨੇ ਉਕਤ ਚੀਜਾਂ ਦਾ ਸੇਵਨ ਬੰਦ ਕਰ ਦਿੱਤਾ ਹੈ ਤਾਂ ਇਥੇ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਧੋਖਾ, ਮਰੀਜ ਡਾਕਟਰ ਨਾਲ ਨਹੀਂ ਬਲਕਿ ਆਪਣੇ ਆਪ ਨਾਲ ਕਰ ਰਿਹਾ ਹੁੰਦਾ ਹੈ।**

ਪੰਜਾਬੀ ਵਿਚ ਇਕ ਕਹਾਵਤ ਹੈ ਕਿ "ਵਾਦੜੀਆਂ ਸਜਾਦੜੀਆਂ, ਨਿਭਣ ਸਿਰਾਂ ਦੇ ਨਾਲ" । ਗੱਲ ਆਦਤ ਦੀ ਕੀਤੀ ਗਈ ਹੈ ਕਿ ਇਕ ਵਾਰ ਪੈ ਜਾਏ ਤਾਂ ਪੂਰੀ ਜਿੰਦਗੀ ਹੀ ਉਹ ਆਦਤ ਬੰਦੇ ਦੇ ਨਾਲ ਨਿਭਦੀ ਹੈ । ਜਦ ਕੋਈ ਆਦਤ ਪੈ ਜਾਂਦੀ ਹੈ ਤੇ ਪੈ ਕੇ ਪੱਕ ਜਾਂਦੀ ਹੈ ਤਾਂ ਉਸ ਆਦਤ ਨੂੰ ਮੁੜਕੇ ਤਿਆਗਣਾ ਬਹੁਤ ਮੁਸ਼ਕਲ ਤਾਂ ਜਰੂਰ ਹੁੰਦਾ ਹੈ, ਪਰ ਨਾਮੁਮਕਿਨ ਨਹੀਂ ਖਾਸ ਕਰ ਜਿਥੇ ਜਿੰਦਗੀ ਦੀ ਸਵਾਲ ਹੋਵੇ ।

ਕਰਨਾ ਇਹ ਚਾਹੀਦਾ ਹੈ ਕਿ ਆਦਤ ਪਾਉਣੀ ਹੀ ਉਹ ਚਾਹੀਦੀ ਹੈ ਜੋ ਸਿਹਤ ਵਾਸਤੇ ਲਾਹੇਵੰਦ ਹੋਵੇ, ਪਰ ਜੇਕਰ ਅਣਜਾਣੇ ਵਿਚ ਜੀਂ ਮਾੜੀ ਸੰਗਤ ਵਿਚ ਪੈ ਜਾਣ ਕਰਕੇ ਕੋਈ ਭੈੜੀ ਲਤ ਲੱਗ ਗਈ ਹੈ ਤੇ ਸਿਹਤ ਦਾ ਨੁਕਸਾਨ ਕਰ ਰਹੀ ਹੈ, ਤੰਦਰੁਸਤ ਹੋਣ ਵਾਸਤੇ ਨਿੱਤ ਦਵਾਈਆਂ ਖਾਣੀਆਂ ਪੈ ਰਹੀਆਂ ਹਨ ਤੇ ਡਾਕਟਰ ਉਸ ਪੱਕ ਚੁੱਕੀ ਆਦਤ ਨੂੰ ਪੱਕੇ ਤੌਰ 'ਤੇ ਤਿਆਗਣ ਦੀਆਂ ਚੇਤਾਵਨੀਆਂ 'ਤੇ ਚੇਤਾਵਨੀਆਂ ਦੇਈ ਜਾ ਰਿਹਾ ਹੈ ਤਾਂ ਇਹ ਹੁਣ ਪੂਰੀ ਤਰਾਂ ਮਰੀਜ 'ਤੇ ਮੁਨੱਸਰ ਕਰਦਾ ਹੈ ਕਿ ਉਹ ਆਪਣੀ ਤੰਦਰੁਸਤੀ ਵਾਸਤੇ ਮਜਬੂਤ ਇੱਛਾ ਸ਼ਕਤੀ ਨਾਲ ਆਪਣੀ ਮਾੜੀ ਆਦਤ ਉੱਤੇ ਕਾਬੂ ਪਾਉਂਦਾ ਹੈ ਜਾਂ ਨਹੀਂ । ਇਥੇ ਗੱਲ ਜਿੰਦਗੀ ਅਤੇ ਮੌਤ ਵਿਚੋਂ ਇਕ ਨੂੰ ਚੁਣਨ ਦੀ ਹੈ ਤੇ ਫੈਸਲਾ ਵੀ ਮਰੀਜ ਦੇ ਹੱਥਾਂ 'ਚ ਹੈ।

ਆਮ ਹੀ ਦੇਖਿਆ ਸੁਣਿਆ ਜਾਂਦਾ ਹੈ ਕਿ ਇਸ ਉਕਤ ਸਟੇਜ 'ਤੇ ਪਹੁੰਚ ਕੇ ਸਾਡੇ ਵਿਚੋਂ ਬਹੁਤੇ ਤਾਂ ਇਹ ਸੋਚ ਕੇ ਆਪਣੀ ਮਾੜੀ ਆਦਤ ਨਾਲ ਪ੍ਰਤੀਬੱਧ ਰਹਿੰਦੇ ਹਨ ਕਿ "ਖਾ ਲਓ ਜੋ ਖਾਣਾ ਹੈ, ਜੋ ਹੋਣਾ ਹੈ, ਉਹ ਤਾਂ ਹੋ ਕੇ ਹੀ ਰਹਿਣਾ ਹੈ, ਮਰਨਾ ਤਾਂ ਇਕ ਵਾਰ ਹੀ ਹੈ, ਡਾਕਟਰਾਂ ਦਾ ਕੀ ਹੈ, ਉਹ ਤਾਂ ਕਹਿੰਦੇ ਹੀ ਰਹਿੰਦੇ ਹਨ ।"

ਕੁੱਝ ਮਰੀਜ ਇਸ ਤਰਾਂ ਦੇ ਵੀ ਹੁੰਦੇ ਹਨ ਜੋ ਡਾਕਟਰ ਨੂੰ ਕੁੱਝ ਹੋਰ ਦੱਸਦੇ ਹਨ ਪਰ ਕਰਦੇ ਕੁੱਝ ਹੋਰ ਹਨ । ਜੇਕਰ ਡਾਕਟਰ ਕਿਸੇ ਮਰੀਜ ਨੂੰ ਸ਼ਰਾਬ, ਸਿਗਰਟ ਜਾਂ ਸ਼ੂਗਰ ਦੇ ਸੇਵਨ ਦੀ ਸਖਤ ਮਨਾਹੀ ਕਰਦਾ ਹੈ, ਪਰ ਮਰੀਜ ਪਰਹੇਜ ਨਹੀ ਕਰਦਾ, ਆਪਣੀ ਸਿਹਤ ਵਾਸਤੇ ਨੁਕਸਾਨਦਾਇਕ ਸਭ ਵਸਤੂਆਂ ਦਾ ਸੇਵਨ। ਡਾਕਟਰ ਦੁਆਰਾ ਦਿੱਤੀ ਚੇਤਾਵਨੀ ਦੇ ਬਾਵਜੂਦ ਵੀ ਲਗਾਤਾਰ ਕਰਦਾ ਰਹਿੰਦਾ ਹੈ ਤੇ ਡਾਕਟਰ ਨੂੰ ਦੱਸਦਾ ਹੈ ਕਿ ਉਸ ਨੇ ਉਕਤ ਚੀਜਾਂ ਦਾ ਸੇਵਨ ਬੰਦ ਕਰ ਦਿੱਤਾ ਹੈ ਤਾਂ ਇਥੇ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਧੋਖਾ, ਮਰੀਜ ਡਾਕਟਰ ਨਾਲ ਨਹੀਂ ਬਲਕਿ ਆਪਣੇ ਆਪ ਨਾਲ ਕਰ ਰਿਹਾ ਹੁੰਦਾ ਹੈ ।

ਆਪਣੀ ਜ਼ਿੰਦਗੀ ਦੀ ਸਲਾਮਤੀ ਲਈ ਕੋਈ ਵੀ ਬੁਰੀ ਆਦਤ ਆਪਣੀ ਮਜਬੂਤ ਇੱਛਾਸ਼ਕਤੀ ਨਾਲ ਛੱਡੀ ਜਾ ਸਕਦੀ ਹੈ । ਇਥੇ ਮੈਂ ਆਪਣੀ ਉਦਾਹਰਣ ਦਿੰਦਾ ਹਾਂ । ਡਾਇਬੈਟਿਕ ਹੋਣ ਤੋਂ ਪਹਿਲਾਂ ਮੈਂ ਮਿੱਠਾ ਅਤੇ ਮਿਠਿਆਈਆਂ ਖਾਣ ਦਾ ਬਹੁਤ ਸ਼ੌਕੀਨ ਸੀ, ਮਿੱਠੀਆਂ ਚੀਜਾਂ ਚਾਹ ਕੇ ਖਾਣਾ ਮੇਰੀ ਆਦਤ ਬਣ ਚੁੱਕੀ ਸੀ । ਫਿਰ ਮੈਂ ਡਾਇਬੈਟਿਕ ਹੋ ਗਿਆ। ਪੇਟ ਚ ਇੰਸੂਲਿਨ ਦੇ ਤਿੰਨ ਚਾਰ ਇੰਜੈਕਸ਼ਨ ਹਰ ਰੋਜ ਲਗਾਉਣੇ ਪਏ, ਪੇਟ ਦਿਨਾਂ ਵਿਚ ਹੀ ਖਖੜੀਆਂ ਹੋ ਗਿਆ, ਡਾਕਟਰ ਨੇ ਮਿੱਠਾ ਅਤੇ ਇਸ ਤੋਂ ਬਣੀਆਂ ਸਭ ਵਸਤਾਂ ਤੋਂ ਤੋਬਾ ਕਰਨ ਵਾਸਤੇ ਸਖਤ ਚੇਤਾਵਨੀ ਦਿੱਤੀ, ਮੇਰੇ ਵਾਸਤੇ ਮਿੱਠੇ ਦਾ ਤਿਆਗ ਇਕ ਵੱਡੀ ਚਣੌਤੀ ਸੀ, ਪਰ ਦੂਸਰੇ ਪਾਸੇ ਤੰਦਰੁਸਤੀ ਤੇ ਜਿੰਦਗੀ ਸੀ । ਮੈਂ ਤੰਦਰੁਸਤੀ ਤੇ ਜਿੰਦਗੀ ਨੂੰ ਚੁਣਿਆ, ਮਨ ਪੱਕਾ ਕੀਤਾ, ਮਿੱਠਾ ਇਕਦਮ ਖਾਣਾ ਛੱਡਣ ਦੀ ਬਜਾਏ, ਉਸ ਦੇ ਸੇਵਨ ਦੀ ਮਿਕਦਾਰ ਦਿਨ ਪ੍ਰਤੀ ਦਿਨ ਘੱਟ ਕਰਦਾ ਗਿਆ, ਚਾਹ ਫਿੱਕੀ ਪੀਣੀ ਸ਼ੁਰੂ ਕਰ ਦਿੱਤੀ, ਮਿੱਠਿਆਈਆਂ ਦੇ ਸੇਵਨ ਵਿਚ ਕਟੌਤੀ ਕਰ ਦਿੱਤੀ, ਛੇ ਕੁ ਮਹੀਨਿਆਂ ਵਿਚ ਮਿੱਠਾ ਅਤੇ ਮਿਠਿਆਈਆਂ ਤੋਂ ਛੁਟਕਾਰਾ ਪਾ ਲਿਆ, ਹੁਣ ਟੇਸਟ ਬੱਡਜ ਇਸ ਤਰਾਂ ਦੇ ਹੋ ਗਏ ਹਨ ਕਿ ਮਿੱਠਾ ਜਾਂ ਮਿਠਿਆਈ ਖਾਣ ਨੂੰ ਰੂਹ ਹੀ ਨਹੀਂ ਕਰਦੀ । ਕਿਉਂਕਿ ਮੈਨੂੰ ਟਾਇਪ ਇਕ ਦੀ ਸ਼ੂਗਰ ਸੀ, ਇਸ ਲਈ ਉਸ ਨੂੰ ਕਾਬੂ ਕਰਨ ਵਾਸਤੇ ਹੋਰ ਬਹੁਤ ਕੁੱਝ ਕਰਨ ਦੀ ਜਰੂਰਤ ਸੀ, ਜੋ ਮੈਂ ਆਪਣੀ ਜੀਵਨ ਸ਼ੈਲੀ ਨੂੰ ਪੂਰੀ ਤਰਾਂ ਬਦਲ ਕੇ ਕੀਤਾ ਤੇ ਹੌਲੀ ਹੌਲੀ ਤੰਦਰੁਸਤੀ ਵੱਲ ਵਧ ਗਿਆ।

ਦੂਜੀ ਘਟਨਾ ਮੇਰੇ ਪਿੰਡ ਦੇ ਇਕ ਬਜੁਰਗ ਦੀ ਹੈ ਜੋ ਤੀਹ ਚਾਲੀ ਸਾਲ ਤੋਂ ਹੁੱਕਾ ਪੀਣ ਦੀ ਲਤ ਦਾ ਸ਼ਿਕਾਰ ਸੀ । ਬਜੁਰਗ ਦਾ ਨਾਮ ਧਰਮ ਸਿੰਘ ਸੀ । ਉਸ ਦੀ ਦੋਹਤੀ ਦੇ ਵਿਆਹ ਤੋਂ ਬਾਅਦ ਉਸ ਦਾ ਦੋਹਤ ਜਵਾਈ ਇੰਗਲੈਂਡ ਤੋਂ ਜਦ ਸਾਡੇ ਪਿੰਡ ਸ ਧਰਮ ਸਿੰਘ ਨੂੰ ਮਿਲਣ ਗਿਆ ਤਾਂ ਜਿਸ ਬੈਠਕ ਵਿਚ ਉਸ ਨੂੰ ਬਿਠਾਇਆ ਗਿਆ, ਉਸ ਵਿਚ ਹੁੱਕਾ ਪਿਆ ਦੇਖ ਕੇ, ਹੁੱਕੇ ਵੱਲ ਇਸ਼ਾਰਾ ਕਰਕੇ ਉਸ ਨੇ ਬਜ਼ੁਰਗ ਨੂੰ ਪੁੱਛਿਆ ਕਿ ਆਪਣੇ ਘਰ ਵਿਚ ਹੁੱਕਾ ਕੌਣ ਪੀਂਦਾ ਹੈ? ਤਾਂ ਧਰਮ ਸਿੰਘ ਨੇ ਜਵਾਬ ਵਿਚ ਕਿਹਾ ਕਿ ਉਹ ਹੁੱਕਾ ਪੀਂਦਾ ਹੈ । ਦੋਹਤ ਜਵਾਈ ਨੇ ਜਵਾਬ ਸੁਣਿਆ, ਕੁੱਝ ਦੇਰ ਚੁੱਪ ਰਿਹਾ, ਫਿਰ ਬੋਲਿਆ ਕਿ ਨਾਨਾ ਜੀ! ਕੀ ਤੁਸੀਂ ਕਦੀ ਸੋਚਿਆ ਕਿ ਤੁਹਾਡਾ ਨਾਮ ਧਰਮ ਸਿੰਘ ਹੈ, ਜੋ ਪੰਜਾਂ ਪਿਆਰਿਆਂ ਵਿਚੋਂ ਗੁਰੂ ਦਾ ਇਕ ਸਿੰਘ ਸੀ । ਆਪਣੇ ਘਰ ਹੁੱਕਾ ਪਿਆ ਦੇਖ ਕੇ ਮੈਨੂੰ ਬੁਰਾ ਲੱਗਾ, ਤੁਸੀਂ ਹੁੱਕਾ ਪੀਣਾ ਛੱਡ ਕਿਓਂ ਨਹੀਂ ਦਿੰਦੇ! ਬਜੁਰਗ ਆਪਣੇ ਦੋਹਤ ਜਵਾਈ ਦੀ ਹੁੱਕੇ ਸਬੰਧੀ ਛੋਟੀ ਜਿਹੀ ਟਿੱਪਣੀ 'ਤੇ ਪੂਰੀ ਤਰਾਂ ਨਿਰਉੱਤਰ ਸੀ ਤੇ ਨਿਮੋਝਾਣ ਵੀ ।

ਦੋਹਤ ਜਵਾਈ ਦੇ ਚਲੇ ਜਾਣ ਤੋਂ ਬਾਅਦ ਸ ਧਰਮ ਸਿੰਘ ਨੇ ਹੁੱਕਾ ਚੁੱਕਿਆ ਤੇ ਨਾਲ ਤੰਬਾਕੂ ਵਾਲੀ ਪੋਟਲੀ, ਆਪਣੇ ਘਰ ਦੇ ਨੇੜੇ ਸਥਿੱਤ ਸਾਂਸੀ ਜਾਤੀ ਦੇ ਲੋਕਾਂ ਦੇ ਮੁਹੱਲੇ ਜਾ ਵੜਿਆ ਤੇ ਉਥੇ ਹੁੱਕਾ ਤੇ ਤੰਬਾਕੂ ਦੀ ਪੋਟਲੀ ਕਿਸੇ ਨੂੰ ਫੜਾ ਕੇ ਵਾਪਸ ਘਰ ਆ ਗਿਆ । ਮੇਰੇ ਦੇਖਣ ਦੀ ਗੱਲ ਹੈ, ਉਹ ਬਜੁਰਗ ਇਕ ਦਮ ਮਨ 'ਤੇ ਲੱਗੀ ਗੱਲ ਕਾਰਨ ਹੁੱਕਾ ਪੀਣਾ ਛੱਡਣ ਕਾਰਨ ਬਹੁਤ ਬਿਮਾਰ ਰਿਹਾ, ਬੁਖਾਰ ਦੇ ਨਾਲ ਉਲਟੀਆਂ ਟੱਟੀਆਂ ਵੀ ਕਈ ਦਿਨ ਉਸ ਨੂੰ ਲੱਗੀਆਂ ਰਹੀਆਂ, ਬਿਮਾਰੀ ਨੂੰ ਠੀਕ ਕਰਨ ਲਈ ਹੁੱਕਾ ਪੀਣ ਦੀਆਂ ਬੇਨਤੀਆਂ ਵੀ ਪਿੰਡ ਦੇ ਲੋਕਾਂ ਵਲੋਂ ਕੀਤੀਆਂ ਗਈਆਂ, ਪਰ ਬਜੁਰਗ ਟਸ ਤੋਂ ਮਸ ਨਾ ਹੋਇਆ, ਉਸ ਨੇ ਆਪਣੀ ਮਜਬੂਤ ਇਛਾ ਸ਼ਕਤੀ ਨਾਲ ਹੁੱਕੇ ਦੀ ਲਤ ਤਿਆਗ ਕੇ ਹੀ ਸਾਹ ਲਿਆ । ਇਹ ਗੱਲ ਬੇਸ਼ੱਕ ਬਜੁਰਗ ਦੇ ਮਨ ਉਤੇ ਦੋਹਤ ਜਵਾਈ ਦੇ ਬੋਲਾਂ ਦਾ ਪ੍ਰਭਾਵ ਸੀ, ਪਰ ਇਸ ਤੋਂ ਪਰੇਰਣਾ ਵੀ ਬਹੁਤ ਵੱਡੀ ਮਿਲਦੀ ਹੈ ਕਿ ਮਜਬੂਤ ਇੱਛਾਸ਼ਕਤੀ ਹੋਵੇ ਤਾਂ ਸ਼ਭ ਕੁੱਝ ਹੀ ਸੰਭਵ ਹੈ ।

ਮੁਕਦੀ ਗੱਲ ਇਹ ਕਿ ਤੰਦਰੁਸਤੀ ਵਾਸਤੇ ਕਿਸੇ ਵੀ ਬੁਰੀ ਆਦਤ ਦਾ ਤਿਆਗ ਕਰਨਾ ਬੇਸ਼ੱਕ ਔਖਾ ਜਰੂਰ ਹੁੰਦਾ ਹੈ, ਪਰ ਅਸੰਭਵ ਨਹੀਂ । ਸੋ ਕੋਸ਼ਿਸ਼ ਕਰੋ ਚੰਗੀਆਂ ਆਦਤਾਂ ਪਾਓ, ਮਾੜੀਆਂ ਦਾ ਤਿਆਗ ਕਰੋ ਅਤੇ ਨਿਰੋਗੀ ਜੀਵਨ ਜੀਓ ।

——— ਚਲਦਾ


## ਗੁਰੂ ਤੇਗ ਬਹਾਦਰ ਸਾਹਿਬ ਗੁਰਦੁਆਰਾ ਡਡਲੀ ਵਿਖੇ

### ਗ੍ਰੰਥੀ ਸਿੰਘ (ਧਾਰਮਿਕ ਸੇਵਾਦਾਰ) ਦੀ ਤੁਰੰਤ ਲੋੜ

**1 VACANCY- JOB TITLE: RELIGIOUS WORKER - TIER-5 - FULL TIME**

**Duration:** Contract (1 Year)

To carry out the non-pastoral duties and to assist the Minister of Religion and to meet the service needs of Sikh Community.

**Duties & Responsibilities:** Performing Kirtan and Kitchen Sewa.

* Be honest, reliable, collect, manage and ensure administration of Ardas money.
* Must pay the highest respect to the guru Maharaj Ji, as well as public (Guru Ki Sadh Sangat) is essential: be present in Main hall Saturday / Sunday until the Diwan Samapthy, unless you are required/agreed viaTemple elswhere on duty.
* Undertake any other reasonable duties/activities in pursuing the Organization's religious programmes.
* On occassions the candidate maybe required to carry out Kirtan for family functions at the homes of the devotees.
* Benefits include full board and lodges.

**Salary:** National Minimum Wage for 23 hours a week.

**Personal Specifications:**

**The post holder will need to display the following:**

1. Previous experience holding a similar role is essential.
2. Knowledge and understanding of the Sikh Religion and Guru Granth Sahib.
3. Strong motivation and empathy towards the aims and objectives of the organisation.
4. Strong organisational skills.
5. Good communication and interpersonal skills.
6. Ability to work off own initiative as well as within a team.
7. Willingness to work unsocial hoiurs.
8. Knowledge of musical instruments vastly used in Sikh Faith.

**Other details:** Applicants must be able to demonstrate that they are legally entitled to work in the U.K. and where applicable, must provide original proof of their work right and legal status in the United Kingdom. The Temple committee reserve the rights to make official enquiries to make checks against any documents provided.

**Apply/Contact via Phone 01384 238936, or email: sdevsingh56@googlemail.com**
**Closing date: 15th September 2024**

**GURDWARA GURU TEG BAHADHUR SAHIB DUDLEY**
**7 VICAR STREET, DUDLEY, WEST MIDLANDS, DY2 8RQ**


ਬਾਲੀਵੁੱਡ ਦੇ ਮਸ਼ਹੂਰ ਫ਼ਿਲਮ ਸਮੀਖਿਕ, ਫ਼ਿਲਮ ਪ੍ਰੋਡਿਊਸਰ, ਫ਼ਿਲਮ ਨਿਰਦੇਸ਼ਕ, ਫ਼ਿਲਮ ਲੇਖਕ ਅਤੇ ਮੇਰੇ ਜਿਗਰੀ ਯਾਰ ਇਕਬਾਲ ਸਿੰਘ ਚਾਨਾ ਨੂੰ ਸਮਰਪਣ

ਲੜੀਵਾਰ ਨਾਵਲ
ਸ਼ਿਵਚਰਨ ਜੱਗੀ (ਕੁੱਸਾ)
ਫੋਨ : 07853 317 891
Email: jaggikussa@yahoo.de



# ਕੋਸੀ ਧੁੱਪ ਦਾ ਨਿੱਘ

-"ਜਮਾਂ ਨੀ ਕੁਛ ਖਾਂਦਾ ਕੋਹੜੀ...! ਲੋਕਾਂ ਦੇ ਜੁਆਕ ਦੁੱਧ ਘਿਉ ਪਸੂਆਂ ਮਾਂਗੂੰ ਚਰਦੇ ਐ, ਐਥੇ ਪਤਾ ਨੀ ਕਿਹੜੇ ਚੰਦਰੇ ਦੀ ਨਜਰ ਲੱਗ ਗੀ ਮੇਰੇ ਸਿਉਨੇ ਅਰਗੇ ਪੁੱਤ ਨੂੰ...! ਰੋਟੀ ਟੁੱਕ ਨੂੰ ਵੀ ਨੱਕ ਨੀ ਕਰਦਾ..!" ਮਾਂ ਨੇ ਬਲ਼ਦੀ ਮੜ੍ਹੀ ਵਾਂਗ ਹਾਉਕਾ ਲਿਆ। ਦੁਖੀ ਹੋਇਆ ਬਾਪੂ ਵੀ ਮੁਰਕੜੀ ਜਿਹੀ ਮਾਰ ਕੇ ਮੰਜੇ ਉਪਰ ਬੈਠ ਗਿਆ। ਉਸ ਨੂੰ ਸਮਝ ਨਹੀਂ ਪੈਂਦੀ ਸੀ ਕਿ 'ਕੱਲੇ-'ਕੱਲੇ ਪੁੱਤ ਨੂੰ ਨਸ਼ਿਆਂ ਤੋਂ ਕਿਵੇਂ ਰੋਕਿਆ ਜਾਵੇ...?
ਅਗਲੇ ਦਿਨ ਬੱਗਾ ਜੋਤੀ ਕੋਲ਼ ਕਾਲਜ ਦੀ ਕੈਂਨਟੀਨ ਵਾਲ਼ੀ ਪਾਰਕ ਵਿੱਚ ਬੈਠਾ ਸੀ। ਨਸ਼ਾ ਟੁੱਟਿਆ ਹੋਣ ਕਾਰਨ ਉਸ ਦਾ ਮੂੰਹ ਚੱਲੇ ਕਾਰਤੂਸ ਵਰਗਾ ਲੱਗਦਾ ਸੀ ਅਤੇ ਮੂੰਹ ਤੋਂ ਮੱਖੀ ਨਹੀਂ ਉਡਦੀ ਸੀ।




ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

## ਕਿਸ਼ਤ-67

## ਕਾਂਡ 27

ਬਾਪੂ ਨੇ ਬਲ਼ਦ ਮੂਤਣੀਆਂ ਪਾਉਂਦੇ ਆਉਂਦੇ ਬੱਗੇ ਵੱਲ ਦੇਖ ਕੇ ਕਿਹਾ, "ਮੂੰਹ ਦੇਖਲਾ ਕੰਜਰ ਨੇ ਨਸ਼ੇ ਖਾ-ਖਾ ਕਿਵੇਂ ਹੁੱਕੀ ਅਰਗਾ ਕੱਢਿਐ...!"

-"ਬਾਪੂ ਸਾਸਰੀਕਾਲ...!" ਅਲ਼ਕ ਵਹਿੜ੍ਹਕੇ ਵਾਂਗ ਝੂਲਦੇ ਬੱਗੇ ਨੇ ਸਲੂਟ ਮਾਰਨ ਵਾਲ਼ਿਆਂ ਵਾਂਗ ਮੱਥੇ ਦੀ ਨੋਕ ਨੂੰ ਹੱਥ ਲਾਇਆ।

-"ਜੇ ਪੁੱਤ ਨਸ਼ੇ ਨਾ ਕਰਿਆ ਕਰੇਂ, ਤੂੰ ਜਮਾਂ ਈ ਸੋਨੈਂ...!" ਕੌਰੇ ਨੂੰ ਪੁੱਤ ਦਾ ਅਥਾਹ ਮੋਹ ਆਇਆ। ਚਾਹੇ ਉਹ ਗੁੱਸੇ ਵਿੱਚ ਆ ਕੇ ਉਸ ਨੂੰ ਅਵਾ-ਤਵਾ ਬੋਲ ਦਿੰਦਾ ਸੀ। ਪਰ ਮੋਹ ਤਾਂ ਉਸ ਨੂੰ ਅੰਤਾਂ ਦਾ ਕਰਦਾ ਸੀ। ਉਸ ਕੋਲ਼ ਹੁਣ ਰਹਿ ਵੀ ਕੌਣ ਗਿਆ ਸੀ...? ਇਕੱਲਾ ਬੱਗਾ ਹੀ ਤਾਂ ਰਹਿ ਗਿਆ ਸੀ! ਹੀਰਾ ਤਾਂ "ਝਾਤ" ਆਖ ਅੱਖੋਂ ਓਹਲ੍ਹੇ ਹੋ ਗਿਆ ਸੀ।

-"ਨ੍ਹੋਅ ਚਿੰਤਾ ਬਾਪੂ...! ...ਨ੍ਹੋਅ ਟੈਣਸ਼ਣ ਐਂਡ ਨ੍ਹੋਅ ਫ਼ਿਕਰ ਐਟ ਆਲ...! ਗੁੱਡ ਮੈਣ ਦੀ ਲਾਲਟੈਣ ਐਂਡ ਗੁੜ 'ਚ ਰੰਬਾ...!" ਉਸ ਦੀਆਂ ਅੱਖਾਂ ਨਸ਼ੇ ਨਾਲ਼ ਤਾੜੇ ਲੱਗੀਆਂ ਹੋਈਆਂ ਸਨ।

-"ਛੋਲਿਆਂ ਦਾ ਬਹੁਤ ਕੁਛ ਬਣਦੈ, ਪੁੱਤ...! ਕੜ੍ਹੀ ਬਣਦੀ ਐ, ਲੱਡੂ ਬਣਦੇ ਐ, ਪਕੌੜੇ ਬਣਦੇ ਐ, ਪਰ ਗੋਲ਼ੀ ਓਦੋਂ ਪੈਂਦੀ ਐ, ਜਦੋਂ ਤਵੇ 'ਤੇ ਪਾਈਦੇ ਐ, ਓਦੋਂ ਬੁੜ੍ਹਕ-ਬੁੜ੍ਹਕ ਬਾਹਰ ਡਿੱਗਦੇ ਐ...!"

-"ਤੇਰੀ ਪਸ਼ਤੋਂ ਦੀ ਮੈਨੂੰ ਸਮਝ ਨੀ ਲੱਗਦੀ ਬਾਪੂ ਡਾਰਲਿੰਗ...!" ਬੱਗੇ ਦੀ ਜ਼ੁਬਾਨ "ਡੱਕ-ਡੱਕ" ਮੂੰਹ ਵਿੱਚ ਵੱਜ ਰਹੀ ਸੀ। ਭੂਸਰੇ ਸਾਹਣ ਵਾਂਗ ਅੱਖਾਂ ਪੁੱਠੀਆਂ ਸਨ, "ਬਾਪੂ ਸਿਆਂ..! ਲਵ ਯੂ ਟੂ...!"

-"ਪੁੱਤ ਨਸ਼ੇ ਨਾ ਕਰਿਆ ਕਰ ਸ਼ੇਰਾ, ਚਾਹੇ ਜਾਨ ਮੰਗ, ਜਾਨ ਵੀ ਹਾਜ਼ਰ ਕਰੂੰ, ਬੜੀਆਂ ਤੰਗੀਆਂ ਨਾਲ਼ ਪਾਲ਼ਿਐ ਤੈਨੂੰ, ਹੁਣ ਨਸ਼ੇ ਖਾ-ਖਾ ਕੇ ਆਬਦੀ ਸੋਨੇ ਅਰਗੀ ਦੇਹ ਮਿੱਟੀ 'ਚ ਨਾ ਰੋਲ਼...!" ਕੌਰੇ ਦੀ ਅਵਾਜ਼ ਵਿੱਚ ਹੰਝੂ ਬੋਲੇ।

-"ਤੇਰੀ ਤਾਂ ਅਜੇ ਵੀ ਕੋਈ ਸੁੱਖ ਰਹਿੰਦੀ ਹੋਣੀਂ ਐਂ...!" ਪਾਸਿਓਂ ਮਾਂ ਨੇ ਕਿਹਾ। ਉਹ ਵੀ ਪੁੱਤ ਦੀ ਖ਼ਸਤਾ ਹਾਲਤ ਦੇਖ ਕੇ ਘੁੱਟ ਵੱਟੀ ਬੈਠੀ ਸੀ।

-"ਨਾ ਤਪਾਇਆ ਕਰ ਸਾਨੂੰ ਬੱਗਿਆ, ਪੁੱਤ...! ਸਾਥੋਂ ਤਾਂ ਵੱਡੇ ਦਾ ਜ਼ਖ਼ਮ ਨੀ ਭੁੱਲਦਾ ਹੁਣ ਤੱਕ..! ਅੱਠੇ ਪਹਿਰ ਸਾਨੂੰ ਭੱਠ ਝੋਕੀ ਰੱਖਦੈਂ, ਨਾ ਬਦਲੇ ਲਿਆ ਕਰ ਸਾਡੇ...! ਜੇ ਤੂੰ ਕਹੇਂ ਤਾਂ ਮੈਂ ਕਰਜਾ ਚੱਕ ਕੇ ਤੇਰੇ ਨਸ਼ੇ ਛੁਡਾਉਣ ਨੂੰ ਵੀ ਤਿਆਰ ਐਂ..!"

ਬੱਗਾ ਬਦਮਗਜਾਂ ਵਾਂਗ ਉੱਚੀ-ਉੱਚੀ ਹੱਸ ਪਿਆ।

-"ਨਸ਼ੇ ਵਾਸਤੇ ਪੰਜੀ ਤਾਂ ਤੂੰ ਦਿੰਦਾ ਨੀ ਬਾਪੂ ਡਾਰਲਿੰਗ, ਤੇ ਨਸ਼ੇ ਛੁਡਾਉਣ ਆਸਤੇ ਪੈਸੇ ਲਾਵੇਂਗਾ...?"

-"ਜਾਨ ਐਂ ਤਾਂ ਜਹਾਨ ਐਂ ਪੁੱਤ...! ਮੈਂ ਤੇਰੀ ਸਿਹਤ ਬਚਾਉਣ ਵਾਸਤੇ ਖਰਚਾ ਕਰੂੰਗਾ...! ਹਸਪਤਾਲ਼ ਆਲ਼ੇ ਖਸਮਾਂ ਨੂੰ ਖਾਣੇ ਮੁਖ਼ਤੀ 'ਚ ਖੰਘਣ ਥੋੜ੍ਹੋ ਦਿੰਦੇ ਐ...? ਅੱਖ ਝਪਕਣ ਦੇ ਅਗਲੇ ਪੈਸੇ ਮੰਗ ਲੈਂਦੇ ਆ..!"

-"ਅੱਗੇ ਹੀਰੇ ਦੇ ਨਸ਼ੇ ਛੁਡਾਏ ਸੀ ਤੁਸੀਂ...! ਅਗਲਿਆਂ ਨੇ ਛੱਕੇ ਛੁਡਾਤੇ...! ਪਾਰ ਬੁਲਾਤਾ..!"

-"ਰੋਟੀ ਲਿਆਵਾਂ ਸ਼ੇਰਾ...?" ਮਾਂ ਨੇ ਗੱਲ ਬਦਲਣ ਲਈ ਪੁੱਛਿਆ। ਪਰ ਬੱਗਾ ਮੰਜੇ 'ਤੇ ਪੈ ਘੁਰਾੜ੍ਹੇ ਮਾਰਨ ਲੱਗ ਪਿਆ ਸੀ। ਉਸ ਦੇ ਨਸ਼ਈ ਘੁਰਾੜ੍ਹੇ ਬਨੇਰਿਆਂ ਨਾਲ਼ ਖਹਿ-ਖਹਿ ਮੁੜਦੇ ਸਨ।

-"ਜਮਾਂ ਨੀ ਕੁਛ ਖਾਂਦਾ ਕੋਹੜੀ...! ਲੋਕਾਂ ਦੇ ਜੁਆਕ ਦੁੱਧ ਘਿਉ ਪਸੂਆਂ ਮਾਂਗੂੰ ਚਰਦੇ ਐ, ਐਥੇ ਪਤਾ ਨੀ ਕਿਹੜੇ ਚੰਦਰੇ ਦੀ ਨਜਰ ਲੱਗ ਗੀ ਮੇਰੇ ਸਿਉਨੇ ਅਰਗੇ ਪੁੱਤ ਨੂੰ...! ਰੋਟੀ ਟੁੱਕ ਨੂੰ ਵੀ ਨੱਕ ਨੀ ਕਰਦਾ..!" ਮਾਂ ਨੇ ਬਲ਼ਦੀ ਮੜ੍ਹੀ ਵਾਂਗ ਹਾਉਕਾ ਲਿਆ। ਦੁਖੀ ਹੋਇਆ ਬਾਪੂ ਵੀ ਮੁਰਕੜੀ ਜਿਹੀ ਮਾਰ ਕੇ ਮੰਜੇ ਉਪਰ ਬੈਠ ਗਿਆ। ਉਸ ਨੂੰ ਸਮਝ ਨਹੀਂ ਪੈਂਦੀ ਸੀ ਕਿ 'ਕੱਲੇ-'ਕੱਲੇ ਪੁੱਤ ਨੂੰ ਨਸ਼ਿਆਂ ਤੋਂ ਕਿਵੇਂ ਰੋਕਿਆ ਜਾਵੇ...?

ਅਗਲੇ ਦਿਨ ਬੱਗਾ ਜੋਤੀ ਕੋਲ਼ ਕਾਲਜ ਦੀ ਕੈਂਨਟੀਨ ਵਾਲ਼ੀ ਪਾਰਕ ਵਿੱਚ ਬੈਠਾ ਸੀ। ਨਸ਼ਾ ਟੁੱਟਿਆ ਹੋਣ ਕਾਰਨ ਉਸ ਦਾ ਮੂੰਹ ਚੱਲੇ ਕਾਰਤੂਸ ਵਰਗਾ ਲੱਗਦਾ ਸੀ ਅਤੇ ਮੂੰਹ ਤੋਂ ਮੱਖੀ ਨਹੀਂ ਉਡਦੀ ਸੀ।

-"ਜੋਤੀ...!"

-"ਜੀ....?" ਜੋਤੀ ਉਸ ਦੀ ਖੁੱਸੀ ਹਾਲਤ ਨੂੰ ਦੇਖ ਰਹੀ ਸੀ।

-"ਸੌ ਕੁ ਰੁਪਈਆ ਦੇਹ...!"

-"ਰੁਪਈਆ ਚਾਹੇ ਹਜ਼ਾਰ ਲੈ ਲਾ, ਪਰ ਨਸ਼ੇ ਬੰਦ ਕਰ ਦੇ ਬੱਗੇ..! ਕੱਲ੍ਹ ਫ਼ੇਸਬੁੱਕ 'ਤੇ "ਲਾਈਵ" ਹੋ ਕੇ ਤੂੰ ਕੀ ਕਮਲ਼ ਕੁੱਟੀ ਜਾ ਰਿਹਾ ਸੀ, ਪਤੈ ਕਿਸੇ ਗੱਲ ਦਾ, ਬੁੱਗੀ...?"

-"ਕੌਣ...? ਮੈਂ...??" ਬੱਗਾ ਰੇਲ ਦੇ ਕੰਨ ਵਾਂਗ ਉਠਿਆ।

-"ਤੇ ਹੋਰ ਮੈਂ...? ਕਿੰਨਾਂ ਕਮਲ਼ ਕੁੱਟੀ ਜਾਂਦਾ ਸੀ...! ਜਦੋਂ ਨਸ਼ੇ ਕਰ ਕੇ ਤੈਨੂੰ ਸੁਰਤ ਈ ਨੀ ਰਹਿੰਦੀ, ਫ਼ੇਰ ਨਸ਼ੇ ਨਾ ਕਰਿਆ ਕਰ...! ਲੋਕਾਂ 'ਚ ਆਬਦਾ ਜਲੂਸ ਕੱਢਦਾ ਫ਼ਿਰਦੈਂ...!" ਜੋਤੀ ਭਰੀ ਪੀਤੀ ਬੋਲ ਰਹੀ ਸੀ। ਜੋਤੀ ਅਤੇ ਬੱਗੇ ਦੇ ਪਿੰਡ ਨਾਲ਼ੋ ਨਾਲ਼ ਸਨ, ਪਰ ਪੜ੍ਹਦੇ ਇੱਕ ਕਾਲਜ ਵਿੱਚ ਹੀ ਸਨ। ਉਹਨਾਂ ਕਾਲਜ ਇਕੱਠਿਆਂ ਜੋਆਇਨ ਕੀਤਾ ਸੀ। ਜੋਤੀ ਡਬਲ ਐੱਮ. ਏ. ਵੀ ਕਰ ਗਈ ਸੀ, ਪਰ ਬੱਗਾ ਅਜੇ ਬਾਰ੍ਹਵੀਂ ਵਿੱਚ ਹੀ ਲੁੜਕਿਆ ਹੋਇਆ ਸੀ।

-"ਹੁਣ ਛੱਡੂੰਗਾ...! ਰਾਤ ਬਾਪੂ ਵੀ "ਹਾਲ-ਹਾਲ" ਕਰਦਾ ਸੀ...!" ਬੱਗੇ ਨੂੰ ਕੋਈ ਟਿਕਾਣੇ ਦੀ ਗੱਲ ਨਾ ਔੜੀ, "ਜਦੋਂ ਦਾ ਵੱਡਾ ਭਰਾ ਹੀਰਾ ਪੂਰਾ ਹੋਇਐ, ਮੈਂ ਅੱਪਸੈੱਟ ਜਿਆ ਰਹਿੰਨੈ...!" ਉਸ ਨੇ ਇੱਕ ਹੋਰ ਟਰੱਪਲ਼ ਸੁੱਟਿਆ।

-"ਵੇ ਰਹਿਣ ਦੇ...! ਕਾਹਤੋਂ ਝੂਠ 'ਤੇ ਝੂਠ ਬੋਲੀ ਜਾਨੈਂ...? ਓਹਦੇ ਜਿਉਂਦੇ ਜੀਅ ਕਿਹੜਾ ਤੂੰ ਘੱਟ ਗੁਜ਼ਾਰਦਾ ਸੀ...? ਸਭ ਤੋਂ ਜ਼ਿਆਦਾ ਤੰਗ ਤੇਰੇ ਮਾਂ ਬਾਪ ਹੁੰਦੇ ਹੋਣਗੇ...!"

-"ਚੱਲ ਹੁਣ ਬੱਸ ਵੀ ਕਰ...! ਮੈਂ ਅੱਗੇ ਤੰਗ ਐਂ, ਉਤੋਂ ਤੂੰ ਧਨ੍ਹੇਸੜੀ ਦੇਣ ਲੱਗਪੀ...!" ਉਹ ਅਤੀ-ਅੰਤ ਖਿਝਿਆਂ ਵਾਂਗ ਬੋਲਿਆ।

-"ਆਹ ਫ਼ੜ ਪੰਜ ਸੌ ਰੁਪਈਆ, ਤੇ ਅੱਜ ਤੋਂ ਬਾਅਦ ਜੇ ਤੂੰ ਨਾ ਸੁਧਰਿਆ, ਮੈਂ ਤੈਨੂੰ ਪੰਜੀ ਨੀ ਦੇਣੀ...!" ਉਸ ਨੇ ਪੰਜ ਸੌ ਦਾ ਨੋਟ ਅੱਗੇ ਕੀਤਾ ਤਾਂ ਬੱਗੇ ਨੇ ਭੁੱਖਿਆਂ ਵਾਂਗ ਬੁੱਚ੍ਹਿਆ ਅਤੇ ਠੇਕੇ ਨੂੰ ਦੌੜ ਪਿਆ।

ਘੰਟੇ ਕੁ ਘੰਟੇ ਬਾਅਦ ਜਦ ਬੱਗਾ ਪਾਰਕ ਵਿੱਚ ਆਇਆ ਤਾਂ ਨਸ਼ੇ ਨਾਲ਼ ਉਸ ਦੇ ਚੱਕਰ ਬਣੇ ਹੋਏ ਸਨ। ਉਹ ਉਤਲੇ ਜੋੜਾਂ ਦੀਆਂ ਗੱਲਾਂ ਕਰ ਰਿਹਾ ਸੀ। ਨਿਚੋੜ ਕੇ ਸੁੱਕਣੀ ਪਾਈ ਸੁੱਥਣ ਵਾਂਗ ਲਮਕਦਾ ਮੂੰਹ ਹੁਣ ਨਸ਼ੇ ਦੀ ਲੋਰ ਕਾਰਨ ਝੰਡੇ ਵਾਂਗ ਲਹਿਰਾਉਣ ਲੱਗ ਪਿਆ ਸੀ।

-"ਲੈ ਹੁਣ ਆਪਾਂ ਬੜੀ ਧੂੰਮ-ਧਾਮ ਨਾਲ਼ ਕਰਵਾਵਾਂਗੇ ਵਿਆਹ...! ਪੰਜ ਸੱਤ ਹੋਣਗੇ ਜੁਆਕ...! ਕਿਸੇ ਨੂੰ ਪੁਲ਼ਸ ਅਫ਼ਸਰ, ਕਿਸੇ ਨੂੰ ਵਕੀਲ, ਕਿਸੇ ਨੂੰ ਪਟਵਾਰੀ ਤੇ ਰੱਬ ਤੇਰਾ ਭਲਾ ਕਰੇ... ਕਿਸੇ ਨੂੰ ਪਾਇਲਟ, ਕਿਸੇ ਨੂੰ ਡਾਕਟਰ, ਤੇ ਕਿਸੇ ਨੂੰ ਬਣਾਊਂਗਾ ਮੈਂ ਓਵਰਸੀਰ...!" ਦਾਰੂ ਦੇ ਚਾਰ ਪੈੱਗ ਚਾੜ੍ਹ ਕੇ ਬੱਗਾ ਹੁਣ ਜੋਤੀ ਸਾਹਮਣੇ "ਲਾਣੇਦਾਰ" ਬਣਿਆਂ ਬੈਠਾ ਸੀ।

-"ਤੂੰ ਧਰਤੀ 'ਤੇ ਰਿਹਾ ਕਰ ਬੱਗੇ...! ਨਸ਼ੇ ਬਿਨਾ ਤੇਰੇ ਮੂੰਹ ਤੋਂ ਮੱਖੀ ਨੀ ਉਡਦੀ, ਤੇ ਨਸ਼ਾ ਕਰ ਕੇ ਤੂੰ ਬਣ ਜਾਨੈਂ ਰਾਠ...!"

-"ਸੁਪਨੇ ਵੀ ਓਸੇ ਦੇ ਪੂਰੇ ਹੁੰਦੇ ਐ, ਜਿੰਨ੍ਹਾਂ ਕੋਲ਼ ਸੁਪਨੇ ਬੁਣੇ ਹੁੰਦੇ ਐ...!"

-"ਪੀ ਕੇ ਘੁੱਟ ਦਾਰੂ ਦੀ, ਦੇਖ ਕਿਵੇਂ ਡਾਇਲਾਗ ਆਉਣ ਲੱਗਪੇ...! ਜਦੋਂ ਉੱਤਰਗੀ, ਸੁੱਥੂ ਪਾਇਆ ਨੀ ਯਾਦ ਰਹਿਣਾ..!"

-"ਚੱਲ ਸੁੱਥੂ ਦੀ ਗੱਲ ਛੱਡ, ਮੇਰੇ ਨਾਲ਼ ਵਿਆਹ ਕਦੋਂ ਕਰਵਾਉਣੈ...?"

-"ਅਜੇ ਵਿਆਹ ਆਲ਼ੇ ਚਾਲੇ ਐ ਕੋਈ ਤੇਰੇ...?"

-"ਮੇਰੇ ਨਾਲ਼ ਛੱਬੀ ਸੌ ਪਝੱਤਰ ਫ਼ੇਸਬੁੱਕ ਮਿੱਤਰ ਐ, ਮਾੜਾ ਮੋਟਾ ਬੰਦਾ ਥੋੜ੍ਹੋ ਆਂ ਮੈਂ...?"

ਉਸ ਦੀ ਮੂਖਤਾਈ 'ਤੇ ਜੋਤੀ ਉਚੀ-ਉਚੀ ਹੱਸ ਪਈ।

-"ਵੇ ਮੂਰਖਾ, ਫ਼ੇਸਬੁੱਕੀ ਮਿੱਤਰ ਤੇਰੇ ਕੀ ਕੰਮ ਆਉਣਗੇ..? ਅੱਧੇ ਤਾਂ ਜਾਹਲ੍ਹੀ ਆਈ ਡੀਆਂ ਆਲ਼ੇ ਹੋਣਗੇ...!"

-"ਮੇਰੇ ਫ਼ੇਸਬੁੱਕੀ ਯਾਰ ਮੇਰੇ 'ਤੇ ਲਹੂ ਡੋਲ੍ਹਦੇ ਐ, ਅੱਧੀ ਰਾਤੋਂ 'ਵਾਜ ਮਾਰਾਂ, ਨੰਗੇ ਪੈਰੀਂ, ਤੇ ਨੰਗੀ ਹਿੱਕ ਭੱਜੇ ਆਉਣਗੇ...! ਜੇ ਤੇਰੇ ਘਰਦਿਆਂ ਨੇ ਆਪਣੇ ਵਿਆਹ 'ਚ ਕੋਈ ਅੜੰਗਾ ਅੜਾਇਆ, ਮੈਂ ਆਬਦੇ ਫ਼ੇਸਬੁੱਕੀ ਯਾਰ ਸੱਦ ਲੈਣੇ ਆਂ, ਘੋਚਰੇ ਕੱਢ ਦੇਣਗੇ...! ਤੋਪਾਂ ਵਰਗੇ ਐ ਮੇਰੇ ਯਾਰ...!"

-"ਅਖੇ ਮਾਮੇ ਦੇ ਕੰਨਾਂ 'ਚ ਨੱਤੀਆਂ, ਤੇ ਭਾਣਜਾ ਆਕੜਿਆ ਫ਼ਿਰੇ...! ਹੋ ਸਕਦੈ ਸੌ 'ਚੋਂ ਇੱਕ ਅੱਧਾ ਤੇਰਾ ਕੋਈ ਸਹਿਯੋਗੀ ਵੀ ਹੋਵੇ...? ਪਰ ਮੇਰੀ ਨਜ਼ਰ 'ਚ ਕਿਸੇ ਨੇ ਤੇਰਾ ਕੋਈ ਸਾਥ ਨੀ ਦੇਣਾ...! ਐਵੇਂ ਫ਼ੇਸਬੁੱਕੀ ਮਿੱਤਰਾਂ ਦੇ ਸਿਰ 'ਤੇ ਆਫ਼ਰਿਆ ਨਾ ਫ਼ਿਰੀਂ...! ਹਾਥੀ ਦੇ ਦੰਦ ਖਾਣ ਦੇ ਹੋਰ, ਤੇ ਦਿਖਾਉਣ ਦੇ ਹੋਰ ਹੁੰਦੇ ਐ...! ਬਿਗਾਨੀ ਸ਼ਾਹ 'ਤੇ ਮੁੱਛਾਂ ਨੀ ਮੁਨਾਈਦੀਆਂ, ਬੁੱਗੀ...!" ਜੋਤੀ ਨੇ ਆਪਣੇ ਵੱਲੋਂ ਬੱਗੇ ਨੂੰ ਸਲਾਹ ਦਿੱਤੀ।

-"ਮੈਂ ਤਾਂ ਟਾਹਲੀਆਂ ਵਿਹੁ ਕਰ-ਦੂੰ...!" ਦਾਰੂ ਦੇ ਨਸ਼ੇ ਵਿੱਚ ਉਸ ਨੇ ਬੜ੍ਹਕ ਮਾਰੀ।

-"ਸਿਆਣੇ ਐਵੇਂ ਨੀ ਆਖਦੇ, ਬਈ ਮੁਫ਼ਤ ਦੀ ਚੜ੍ਹਦੀ ਬਹੁਤ ਛੇਤੀ ਐ...!"

ਚਲਦਾ...

ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲ਼ੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ਼ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

ਹਾਸ ਵਿਅੰਗ

ਨੇਤਰ ਸਿੰਘ ਮੁੱਤੋ

# ...ਜਦੋਂ ਧਰਮਰਾਜ ਬੇਹੋਸ਼ ਹੋ ਕੇ ਡਿੱਗਾ



ਇਕ ਰਾਤ ਮੈਨੂੰ ਡਰਾਉਣਾ ਸੁਫ਼ਨਾ ਆਇਆ, ਜਦ ਮੈਂ ਇਕ ਸਿਰ੍ਹਾਣੇ ਵੱਲ ਤੇ ਇਕ ਪੈਂਦ ਵੱਲ ਖੜ੍ਹੇ ਡਰਾਉਣੀ ਸ਼ਕਲ ਦੇ ਦੋ ਅਣਪਛਾਤੇ ਚਿਹਰੇ ਦੇਖੇ। ਪਹਿਲਾਂ ਤਾਂ ਮੈਂ ਧੁਰ ਅੰਦਰ ਤੱਕ ਡਰ ਗਿਆ। ਫੇਰ ਸਾਰੀ ਤਾਕਤ ਇਕੱਠੀ ਕਰਕੇ ਉਨ੍ਹਾਂ ਨੂੰ ਗਿੱਦੜ-ਭਬਕੀ ਦਿੰਦੇ ਹੋਏ, ਇਕੋ ਸਾਹੇ ਕਈ ਸਵਾਲ ਕਰ ਦਿੱਤੇ, "ਕੌਣ ਹੋ ਤੁਸੀਂ? ਬਿਨਾਂ ਡੋਰ ਬੈੱਲ ਵਜਾਏ ਕਮਰੇ ਅੰਦਰ ਘੁਸ ਆਏ, ਨਾ ਤੁਸੀਂ ਮਾਸਕ ਪਾਏ ਨੇ, ਲਗਦੈ ਹੱਥਾਂ 'ਤੇ ਸੈਨੇਟਾਈਜ਼ਰ ਵੀ ਨਹੀਂ ਲਾਇਆ ਹੋਣਾ, ਨਾ ਤੁਸੀਂ ਬਾਹਰਲੀ ਟੂਟੀ ਤੇ ਸਾਬਣ ਨਾਲ ਵੀਹ ਸੈਕਿੰਡ ਹੱਥ ਧੋਤੇ ਹੋਣੇ ਨੇ, ਗੇਟ 'ਤੇ ਲਿਖ ਕੇ ਲਾਇਆ ਕਿ ਸਾਬਣ ਨਾਲ ਹੱਥ ਧੋ ਕੇ ਅੰਦਰ ਆਉ। ਹੁਣ ਤੁਸੀਂ ਇਕ ਮੀਟਰ ਦੀ ਦੂਰੀ 'ਤੇ ਖਲੋ ਕੇ ਦੱਸੋ ਕਿ ਇਹ ਗੁਸਤਾਖ਼ੀ ਤੁਸੀਂ ਕਿਉਂ ਕੀਤੀ ਤੇ ਬਿਨਾਂ ਆਗਿਆ ਲਏ ਸਿੱਧਾ ਕਮਰੇ 'ਚ ਆ ਗਏ। ਰਸਤੇ 'ਚ ਆਉਂਦਿਆ ਪੁਲਿਸ ਵਾਲਿਆਂ ਨੇ ਤੁਹਾਡਾ ਚਲਾਨ ਨਹੀਂ ਕੱਟਿਆ ਜਾਂ ਫੇਰ....।"

ਇਕ ਵਾਰ ਤਾਂ ਉਹ ਮੇਰੀ ਘੁਰਕੀ ਨਾਲ ਪੂਰੀ ਤਰਾਂ ਡਰ ਗਏ, ਫੇਰ ਸੰਭਲਦੇ ਹੋਏ ਕਹਿਣ ਲੱਗੇ, "ਜੀ ਅਸੀਂ ਤਾਂ ਹੁਕਮ ਦੇ ਬੱਧੇ ਆਏ ਹਾਂ, ਅਸੀਂ ਧਰਮਰਾਜ ਦੇ ਯਮਦੂਤ ਹਾਂ, ਸਾਨੂੰ ਤਾਂ ਉਨ੍ਹਾਂ ਨੇ ਹੀ ਭੇਜਿਆ ਹੈ ਕਿ ਮਾਤ-ਲੋਕ ਜਾ ਕੇ ਇਸ ਨਾਂਅ ਦੇ ਬੰਦੇ ਨੂੰ ਲੈ ਕੇ ਆਓ।" ਉਨ੍ਹਾਂ ਨੇ ਮੈਨੂੰ ਇਕ ਲਿਸਟ ਜਿਹੀ ਵਿਖਾਉਂਦਿਆਂ ਕਿਹਾ। ਮੈਂ ਲੰਮੀ ਲਿਸਟ ਵਿਚ ਆਪਣਾ ਪੰਜਵਾਂ ਨੰਬਰ ਵੇਖ ਕੇ ਧੁਰ ਅੰਦਰ ਤੱਕ ਕੰਬ ਗਿਆ।

ਫੇਰ ਵੀ ਮੈਂ ਬਚੀ-ਖੁਚੀ ਤਾਕਤ ਇਕੱਠੀ ਕਰਦਿਆਂ ਕਿਹਾ, 'ਤੁਹਾਨੂੰ ਕਿਹੜੇ ਧਰਮਰਾਜ ਨੇ ਭੇਜਿਆ ਹੈ, ਉੱਪਰ ਵਾਲੇ ਨੇ ਜਾਂ ਧਰਤੀ ਵਾਲੇ ਨੇ? ਉਹ ਧੁੜਧੜੀ ਜਿਹੀ ਲੈਂਦੇ ਹੈਰਾਨ ਹੋਏ ਬੋਲੇ, 'ਜੀ ਅਸੀਂ ਤੁਹਾਡੀ ਗੱਲ ਦਾ ਮਤਲਬ ਨਹੀਂ ਸਮਝੇ, ਧਰਮਰਾਜ ਤਾਂ ਇਕੋ ਹੈ ਉਪਰ ਵਾਲਾ, ਧਰਤੀ 'ਤੇ ਤਾਂ ਕੋਈ ਧਰਮਰਾਜ ਨਹੀਂ, ਇਹ ਤਾਂ ਅਸੀਂ ਪਹਿਲੀ ਵਾਰ ਤੁਹਾਡੇ ਕੋਲੋਂ ਸੁਣ ਰਹੇ ਹਾਂ।'

"ਓਏ ਤੁਹਾਨੂੰ ਧਰਤੀ ਵਾਲੇ ਧਰਮਰਾਜ ਬਾਰੇ ਭੋਰਾ ਵੀ ਇਲਮ ਨਹੀਂ? 'ਜੀ ਨਹੀਂ' ਉਹ ਦੋਵੇਂ ਬੋਲੇ। 'ਫੇਰ ਤਾਂ ਪੰਤਦਰੋ ਤੁਹਾਡੇ ਧਰਮਰਾਜ ਨੂੰ ਵੀ ਪਤਾ ਨੀ ਹੋਣਾ ਕਿ ਧਰਤੀ 'ਤੇ ਵੀ ਧਰਮਰਾਜ ਹੈਗਾ ਤੇ ਏਥੇ ਉਸਦੀਆਂ ਕਿੰਨੀਆਂ ਹੀ ਬਰਾਂਚਾਂ ਨੇ ਤੇ ਕਿੰਨੇ ਹੀ ਯਮਦੂਤ ਤੇ ਹੋਰ ਕਰਮਚਾਰੀ ਨੇ, ਉਹ ਲੋਕਾਂ ਨੂੰ ਕਿੰਨਾ ਪ੍ਰੇਸ਼ਾਨ ਕਰਦੇ ਨੇ ਤੇ ਧੱਕਾ ਵੀ। ਲੱਗਦਾ ਫੇਰ ਤੁਹਾਡਾ ਧਰਤੀ ਵਾਲੇ ਯਮਦੂਤਾਂ ਨਾਲ ਮਿਲਾਪ ਨਹੀਂ ਹੋਇਆ ਹੋਣਾ।' ਉਹ ਹੈਰਾਨ ਹੁੰਦੇ ਪੁੱਛਣ ਲੱਗੇ, 'ਜੀ ਸੱਚੀਂ ਧਰਤੀ 'ਤੇ ਵੀ ਧਰਮਰਾਜ ਹੈ ਤੇ ਉਸਦੇ ਯਮਦੂਤ ਵੀ ਨੇ।' 'ਹਾਂ ਹੈਗੇ ਨੇ, ਮੈਂ ਝੂਠ ਥੋੜ੍ਹੀ ਬੋਲਦਾ' ਮੈਂ ਕਿਹਾ। 'ਫੇਰ ਉਹਦਾ ਪਤਾ ਟਿਕਾਣਾ ਕਿੱਥੇ ਹੈ? ਅਸੀਂ ਜਾ ਕੇ ਇਹ ਸੂਚਨਾ ਆਪਣੇ ਧਰਮਰਾਜਨੂੰ ਦਿਆਂਗੇ, ਜੇ ਤੁਸੀਂ ਕਹਿੰਦੇ ਹੋ ਤਾਂ ਮੰਨ ਲੈਂਦੇ ਹਾਂ, ਪਰ ਗੱਲ ਸੱਚ ਹੋਵੇ, ਹੋਰ ਨਾ ਸਾਨੂੰ ਧਰਮਰਾਜ ਤੋਂ ਝਿੜਕਾਂ ਖਾਣੀਆਂ ਪੈ ਜਾਣ ਕਿਉਂਕਿ ਇੰਝ ਹੋਣਾ ਸਾਡੇ ਧਰਮਰਾਜ ਦੀ ਪਾਵਰ ਨੂੰ ਸਿੱਧੀ ਚੁਣੌਤੀ ਹੈ।'

'ਤੁਸੀਂ ਦੂਰੋਂ ਆਏ ਹੋ, ਪਹਿਲਾਂ ਏਹ ਦੱਸੋ, ਕੁਝ ਠੰਢਾ-ਤੱਤਾ, ਚਾਹ-ਪਾਣੀ, ਸ਼ਕੰਜਵੀ ਜਾਂ ਫੇਰ ਖਾਣਾ ਵਗ਼ੈਰਾ ਖਾਵੋਂਗੇ, ਕਿਉਂਕਿ ਏਹ ਪੁੱਛਣਾ ਸਾਡਾ ਪੰਜਾਬੀਆਂ ਦਾ ਮੁਢਲਾ ਫ਼ਰਜ਼ ਹੈ, ਅਸੀਂ ਤਾਂ ਕਿਸੇ ਮੰਗਤੇ ਨੂੰ ਦੂਰੋਂ ਖ਼ਾਲੀ ਨੀ ਮੋੜਦੇ, ਉਂਝ ਭਾਵੇਂ ਚਿੱਟੇ ਦਿਨ ਅਸੀਂ ਜਿੰਨੇ ਮਰਜ਼ੀ ਲੋਕਾਂ ਨੂੰ ਲੁੱਟੀ ਜਾਈਏ, ਠੱਗੀਆਂ ਠੋਰੀਆਂ ਮਾਰੀ ਜਾਈਏ ਕਿਉਂਕਿ ਸਾਡੇ ਬਾਬੇ ਨਾਨਕ ਦੀ ਬਾਣੀ ਕਹਿੰਦੀ ਹੈ, 'ਘਾਲਿ ਖਾਇ ਕਿਛੁ ਹਥਹੁ ਦੇਇ॥' ਮੈਂ ਉਨ੍ਹਾਂ ਨੂੰ ਗੱਲਾਂ 'ਚ ਪਾ ਕੇ ਟਾਲਣਾ ਚਾਹੁੰਦਾ ਸੀ। ਸ਼ਾਇਦ ਮੇਰਾ ਸੇਵਾ ਭਾਵ ਵਾਲਾ ਸੁਭਾਅ ਵੇਖ ਕੇ ਛੱਡ ਜਾਣ, ਫੇਰ ਮੈਂ ਦਿਲ ਨੂੰ ਤਸੱਲੀ ਜਿਹੀ ਦਿੰਦੇ ਨੇ ਖੁਸ਼ੀ ਮਹਿਸੂਸ ਕੀਤੀ ਕਿ ਜੇ ਮੈਨੂੰ ਨਾ ਵੀ ਛੱਡ ਕੇ ਗਏ, ਲੈ ਵੀ ਗਏ ਤਾਂ ਘੱਟੋ ਘੱਟ ਧਰਤੀ ਵਾਲੇ ਯਮਦੂਤਾਂ ਵਾਂਗੂ ਮਾਰ ਕੇ ਮੇਰਾ ਦਿਲ, ਗੁਰਦਾ, ਦਿਮਾਗ, ਅੱਖਾਂ ਵਗੈਰਾ ਅੰਗ ਤਾਂ ਨਹੀਂ ਕੱਢਣਗੇ, ਸਬੂਤਾ ਧਰਮਰਾਜ ਕੋਲ ਲੈ ਕੇ ਜਾਣਗੇ, ਜਿਹੋ ਜਿਹਾ ਉਹਨੇ ਮੈਨੂੰ ਭੇਜਿਆ ਸੀ। ਨਹੀਂ ਤਾਂ ਉਹਨੇ ਸੋਚਣੈ ਕਿ ਇਹ ਨੰਗਾ, ਮੇਰੇ ਦਿੱਤੇ ਹੋਏ ਅੰਗ ਵੀ ਵੇਚ ਕੇ ਆ ਗਿਆ, ਨੀਵੀਂ ਤਾਂ ਨੀ ਪਾਉਣੀ ਪਊ ਉਹਦੇ ਮੂਹਰੇ, ਧੌਣ ਉੱਚੀ ਕਰ ਕੇ ਖੜ੍ਹਾਂਗਾ।'

ਉਹ ਦੋਵੇਂ ਹੱਥ ਜੋੜ ਕੇ ਬੇਨਤੀ ਕਰਨ ਲੱਗੇ , 'ਅਸੀਂ ਕੁਝ ਵੀ ਖਾਣਾ ਪੀਣਾ ਨਹੀਂ।' ਫੇਰ ਉਹ ਖੱਚਰੀ ਜਿਹਾ ਹਾਸਾ ਹੱਸਦੇ ਕਹਿਣ ਲੱਗੇ, 'ਫੇਰ ਤੂੰ ਕਹਿਣਾ ਮੈਨੂੰ ਛੱਡ ਜਾਓ, ਮੇਰਾ ਲੂਣ ਖਾ ਕੇ ਹਰਾਮ ਨਾ ਕਰੋ। ਪਰ ਅਸੀਂ ਤੁਹਾਡੀ ਮਨੁੱਖ ਜਾਤੀ ਵਾਂਗੂ ਨਹੀਂ, ਜਿਹੜੇ ਰਿਸ਼ਵਤ ਲੈ ਕੇ ਵੱਡੇ-ਵੱਡੇ ਮੁਲਜ਼ਮਾਂ ਨੂੰ ਛੱਡ ਦਿੰਦੇ ਨੇ ਜਾਂ ਲੂਣ ਖਾ ਕੇ ਹਰਾਮ ਕਰਦੇ ਹਨ। ਸਾਨੂੰ ਤਾਂ ਸਖਤ ਹਦਾਇਤ ਹੈ ਕਿ ਬੇਸ਼ੱਕ ਅਗਲਾ ਤੁਹਾਡੇ ਮੂਹਰੇ ਛੱਤੀ ਪ੍ਰਕਾਰ ਦੇ ਭੋਜਨ ਕਿਉਂ ਨਾ ਪਰੋਸੇ, ਤੁਸੀਂ ਕੁਝ ਨਹੀਂ ਖਾਣਾ, ਨਾ ਕਿਸੇ ਨਾਲ ਬਹੁਤੀ ਗੱਲ ਕਰਨੀ ਹੈ। ਤੇਰੇ ਨਾਲ ਪਤਾ ਨਹੀਂ ਕਿਵੇਂ ਗੱਲੀਂ ਲੱਗ ਗਏ।' ਫੇਰ ਉਹ ਮੇਰੇ ਕੋਲ ਬੈੱਡ 'ਤੇ ਬਹਿੰਦੇ ਹਲੀਮੀ ਨਾਲ ਕਹਿਣ ਲੱਗੇ, 'ਆਪਾਂ ਲੇਟ ਨਾ ਹੋ ਜਾਈਏ, ਕਿਰਪਾ ਕਰਕੇ ਥੋੜ੍ਹੇ ਜਿਹੇ ਸ਼ਬਦਾਂ ਵਿਚ ਧਰਤੀ ਦੇ ਧਰਮਰਾਜ ਬਾਰੇ ਵੇਰਵਾ ਦੇ ਦਿਓ ਨਾਲੇ ਉਨ੍ਹਾਂ ਦੇ ਕੰਮ ਕਰਨ ਦਾ ਢੰਗ ਤਰੀਕਾ? ਗੱਲ ਲੰਬੀ ਨਾ ਕਰਿਓ।

ਮੈਂ ਅਜੇ ਚੀਨ ਤੋਂ ਗੱਲ ਸ਼ੁਰੂ ਕਰਨ ਲੱਗਾ ਹੀ ਸੀ। ਹੋਰ ਦੇਸ਼ਾਂ ਬਾਰੇ ਵੀ ਦੱਸਣਾ ਸੀ। ਅਖੀਰ ਪੰਜਾਬ ਵਾਲੀ ਬ੍ਰਾਂਚ ਬਾਰੇ ਵੀ, ਤਾਂ ਉਨ੍ਹਾਂ 'ਚੋਂ ਇਕ ਕਾਹਲਾ ਪੈਂਦਾ ਕਹਿਣ ਲੱਗਾ, ਛੱਡੋ ਜੀ ਤੁਸੀਂ ਉਨੋ ਅਸੀਂ ਧਰਮਰਾਜ ਤੋਂ ਝਿੜਕਾਂ ਨਹੀਂ ਖਾਣੀਆਂ। ਤੁਸੀਂ ਤਾਂ ਇੱਥੇ ਹੀ ਅੱਧੀ ਰਾਤ ਟਪਾ ਦਿੱਤੀ। ਅਜੇ ਅਸੀਂ ਤੜਕੇ ਤੱਕ ਪੰਦਰਾਂ ਬੰਦੇ ਹੋਰ ਲਿਜਾਣੇ ਨੇ, ਅਸੀਂ ਉੱਥੇ ਹੀ ਸੁਣ ਲਵਾਂਗੇ। ਉਨ੍ਹਾਂ ਨੇ ਮੈਨੂੰ ਵਿਚਾਲੇ ਬਿਠਾ ਲਿਆ। ਅਸੀਂ ਝੋਟੇ 'ਤੇ ਬਹਿ ਕੇ ਧਰਮਰਾਜ ਦੀ ਕਚਹਿਰੀ ਪਹੁੰਚੇ ਤਾਂ ਕੁਰਸੀ 'ਤੇ ਬੈਠਾ ਧਰਮਰਾਜ ਗੁੱਸੇ 'ਚ ਆ ਕੇ ਪੁੱਛਣ ਲੱਗਿਆ, 'ਹਾਂ ਕੀ ਗੱਲ ਉਏ? ਐਨਾ ਲੇਟ ਕਿਵੇਂ ਹੋਗੇ। ਏਹ ਕੁਤਾਹੀ ਕਿਉਂ ਕੀਤੀ।' ਉਹ ਦੋਵੇਂ ਜਣੇ ਹੱਥ ਜੋੜ ਕੇ, ਸਿਰ ਨੀਵਾਂ ਕਰਕੇ ਕਹਿਣ ਲੱਗੇ, 'ਹਜ਼ੂਰ, ਜਦ ਅਸੀਂ ਜਾ ਕੇ ਇਸ ਨੂੰ ਕਿਹਾ ਅਸੀਂ ਧਰਮਰਾਜ ਦੇ ਯਮਦੂਤ ਹਾਂ, ਤੈਨੂੰ ਲੈਣ ਆਏ ਹਾਂ ਤਾਂ ਇਨ੍ਹਾਂ ਦਾ ਸਵਾਲ ਸੁਣਕੇ ਅਸੀਂ ਹੈਰਾਨ ਰਹਿ ਗਏ, ਇਹ ਕਹਿੰਦਾ ਤੁਹਾਨੂੰ ਕਿਹੜੇ ਧਰਮਰਾਜ ਨੇ ਭੇਜਿਆ ਹੈ, ਧਰਤੀ ਵਾਲੇ ਨੇ ਜਾਂ ਉੱਪਰ ਵਾਲੇ ਨੇ? ਹੁਣ ਤੁਸੀਂ ਹੀ ਏਸ ਕੋਲੋਂ ਸੁਣ ਲਵੋ ਸਾਰੀ ਗੱਲ, ਹੈ ਤਾਂ ਸੱਚਾ ਸੁੱਚਾ ਲੇਖਕ ਬੰਦਾ, ਇਹਦੇ ਕਮਰੇ 'ਚ ਕਿਤਾਬਾਂ ਵੀ ਬਹੁਤ ਪਈਆਂ ਸਨ।'

ਧਰਮਰਾਜ ਨੇ ਮੇਰੇ ਚਿਹਰੇ 'ਤੇ ਮੋਟੀਆਂ-ਮੋਟੀਆਂ ਡਰਾਉਣੀਆਂ ਅੱਖਾਂ ਗੱਡਦੇ ਹੋਏ ਪੁੱਛਿਆ, 'ਕੀ ਕਹਿਣਾ ਚਾਹੁਨੈਂ ਉਏ ਤੂੰ! ਸੱਚ ਦੱਸੀਂ ਨਹੀਂ ਤਾਂ ਅੱਗ ਵਰਗੇ ਲਾਲ ਹੋਏ ਥੰਮ੍ਹਲਿਆਂ ਨਾਲ ਨੂੜਿਆ ਜਾਏਂਗਾ।' ਫੇਰ ਮੈਂ ਹੱਥ ਜੋੜਦੇ ਨੇ ਕਿਹਾ, 'ਜੀ ਧਰਤੀ ਵਾਲਾ ਵੀ ਸੂਚੀ ਬਣਾਈ ਬੈਠਾ, ਕਹਿੰਦਾ ਸਤੰਬਰ, ਅਕਤੂਬਰ 'ਚ ਐਨੇ ਬੰਦੇ ਮਰਨੇ ਨੇ ਕੋਰੋਨਾ ਨਾਲ।' ਮੈਂ ਤਾਂ ਪੁੱਛਿਆ ਸੀ ਕਿ ਮੈਨੂੰ ਕਿਹੜਾ ਕੋਰੋਨਾ ਹੋਇਆ, ਹੋਇਆ ਕਿਤੇ ਧੱਕੇ ਨਾਲ ਨਾ ਚੱਕ ਕੇ ਲੈ ਜਾਣ ਕਿਉਂਕਿ ਧਰਤੀ 'ਤੇ ਲੋਕਾਂ ਨਾਲ ਧੱਕਾ ਵੀ ਹੋ ਰਿਹਾ।

'ਕੋਰੋਨਾ ਦਾ ਕੀ ਮਤਲਬ ਉਏ ਇਹ ਕੀ ਸ਼ੈਅ ਆ?' 'ਜੀ ਤੁਹਾਨੂੰ ਨਹੀਂ ਪਤਾ ਕੋਰੋਨਾ ਬਾਰੇ? ਧਰਤੀ 'ਤੇ ਇਕ ਦੇਸ਼ ਹੈ ਚੀਨ ਉਨ੍ਹਾਂ ਨੇ ਇਕ ਵਾਇਰਸ ਤਿਆਰ ਕੀਤਾ ਸੀ। ਪਤਾ ਨਹੀਂ ਉਨ੍ਹਾਂ ਨੂੰ ਝਕਾਨੀ ਦੇ ਕੇ ਬਾਹਰ ਨਿਕਲ ਗਿਆ, ਪਤਾ ਨੀ ਉਨ੍ਹਾਂ ਜਾਣਬੁਝ ਕੇ ਛੱਡਿਆ, ਉਹ ਬੰਦੇ ਦੇ ਗਲੇ 'ਚ ਉਤਰ ਕੇ ਗਲਾ ਘੁੱਟ ਲੈਂਦਾ, ਬੰਦੇ ਦੀਆਂ ਨਾੜਾਂ 'ਚੋਂ ਆਕਸੀਜਨ ਖਤਮ ਕਰ ਦਿੰਦੈ। ਉਹਨੇ ਤਾਂ ਧਰਤੀ 'ਤੇ ਕਰੋੜਾਂ ਬੰਦੇ ਮਾਰਤੇ, ਖੁਦ ਚੀਨ ਦਾ ਪਹਿਲਾਂ ਨੁਕਸਾਨ ਕੀਤਾ ਫੇਰ ਬਾਕੀ ਦੇਸ਼ਾਂ ਦਾ। ਦੁਨੀਆਂ ਡਰੀ ਪਈ ਆ। ਹੁਣ ਸੁਣ-ਸੁਣ ਲੋਕਾਂ ਨੂੰ ਪਤਾ ਲੱਗਦਾ ਕਿ ਇਹ ਤਾਂ ਬਹੁਤ ਵੱਡਾ ਘਪਲਾ ਹੈ, ਪਹਿਲਾਂ ਤਾਂ ਹੀ ਸਾਡੇ ਦੇਸ਼ 'ਚ ਇਹ ਵਾਇਰਸ ਨਹੀਂ ਸੀ। ਲਾਕਡਾਊਨ ਵੀ ਲਾਇਆ ਕਈ ਮਹੀਨੇ ਡਰਦਿਆਂ ਨੇ, ਉਦੋਂ ਉਂਗਲਾਂ 'ਤੇ ਗਿਣੇ ਜਾਣ ਵਾਲੇ ਮਰੀਜ਼ ਸਨ।' 'ਲਾਕਡਾਊਨ ਦਾ ਕੀ ਮਤਲਬ?' ਧਰਮਰਾਜ ਨੇ ਉਤਸੁਕਤਾ ਨਾਲ ਪੁੱਛਿਆ। 'ਜੀ ਇਹਦਾ ਮਤਲਬ ਇਹ ਸੀ ਲੋਕਾਂ ਨੂੰ ਘਰਾਂ 'ਚ ਤਾੜ ਦਿੱਤਾ ਸੀ। ਕੋਈ ਬਾਹਰ ਨਹੀਂ ਸੀ ਨਿਕਲ ਸਕਦਾ, ਬੰਦਾ ਘਰ ਦੇ ਬੰਦਿਆਂ ਤੋਂ ਵੀ ਡਰਨ ਲੱਗ ਗਿਆ ਸੀ। ਰਿਸ਼ਤੇਦਾਰਾਂ ਕੋਲ ਜਾਣਾ ਤਾਂ ਦੂਰ ਦੀ ਗੱਲ।'

'ਇਹ ਗੁਸਤਾਖੀ ਕੌਣ ਕਰਦਾ ਸੀ? ਧਰਮਰਾਜ ਮੇਰੀ ਗੱਲ ਨੂੰ ਟੋਕਦਾ ਬੋਲਿਆ। 'ਜੀ ਜਿਨ੍ਹਾਂ ਨੂੰ ਲੋਕ ਚੁਣ ਕੇ ਕੁਰਸੀਆਂ 'ਤੇ ਬਿਠਾਉਂਦੇ ਨੇ।' 'ਅੱਛਾ ਐਨੇ ਪਾਪੀ ਹੋ ਗਏ ਧਰਤੀ ਦੇ ਲੋਕ।' 'ਜੀ ਪੁੱਛੋ ਨਾ, ਮੈਨੂੰ ਤਾਂ ਤੁਹਾਡੇ ਯਮਦੂਤਾਂ ਨੇ ਸਮਝਾਇਆ ਕਿ ਬਹੁਤ ਵਿਸਥਾਰ 'ਚ ਨਾ ਲੈ ਕੇ ਜਾਈਂ, ਮੈਂ ਤਾਂ ਆਪ ਡਰ ਕੇ ਘਰੇ ਬੈਠਾ ਰਹਿੰਦਾ ਸੀ। ਜੋ ਲੋਕਾਂ ਤੋਂ ਸੁਣਿਆ ਜਾਂ ਮੋਬਾਈਲ 'ਚ ਮੂਵੀ ਵੇਖਦਾ ਰਿਹਾ ਉਹ ਦੱਸ ਦਿੰਦਾ ਹਾਂ ਜੀ। ਇਕ ਪਰਿਵਾਰ ਤਾਂ ਡਰਦਾ ਮਾਰਾ ਆਪਣੀ ਮਾਂ ਦੇ ਸਸਕਾਰ ਸਮੇਂ ਵੀ ਕੋਲ ਨੀ ਆਇਆ, ਹੁਣ ਤਾਂ ਲੋਕੀਂ ਡਰਦੇ ਮਾਰੇ ਹਸਪਤਾਲਾਂ 'ਚ ਖੰਘ, ਜ਼ੁਕਾਮ, ਗਲੇ, ਬੁਖਾਰ ਦੀ ਦੁਆਈ ਵੀ ਲੈਣ ਨਹੀਂ ਜਾਂਦੇ, ਕਹਿੰਦੇ ਹੋਰ ਨਾ ਕੋਰੋਨਾ ਕਹਿ ਕੇ ਪੰਦਰਾਂ ਦਿਨ ਕੁਆਰੰਟਾਈਨ ਕਰ ਦੇਣ ਜਾਂ..., ਮਰੀਜ਼ ਹਸਪਤਾਲਾਂ ਤੋਂ ਚੋਰੀ ਭੱਜਣ ਲੱਗੇ ਨੇ, ਵੱਡੇ-ਵੱਡੇ ਵੀ.ਆਈ.ਪੀ. ਬੰਦਿਆਂ ਨੂੰ ਪਾਜ਼ੀਟਿਵ ਦਿਖਾ ਕੇ ਬਾਅਦ 'ਚ ਨੈਗੇਟਿਵ ਕਹਿ ਦਿੰਦੇ ਆ। ਕਈ ਵਿਚਾਰੇ ਤਾਂ ਜੀ ਬੱਸ ਐਵੇਂ ਹੀ ਤੁਹਾਡੇ ਕੋਲ ਬਿਨਾਂ ਬੁਲਾਵੇ ਭੇਜ ਦਿੱਤੇ। ਹੋਰ ਤਾਂ ਹੋਰ ਜੀ ਮੂਵੀਆਂ ਵੇਖ ਕੇ ਲੋਕੀਂ ਸਹਿਮੇ ਪਏ ਨੇ, ਪਤਾ ਨਹੀਂ ਅਫ਼ਵਾਹਾਂ ਨੇ, ਪਤਾ ਨਹੀਂ ਸੱਚ, ਕਹਿੰਦੇ ਏਸ ਬੀਮਾਰੀ ਦੀ ਆੜ 'ਚ ਬੰਦੇ ਦੇ ਗੁਰਦੇ ਜਾਂ ਹੋਰ ਅੰਗ ਕੱਢ ਕੇ ਵੇਚੀ ਜਾਂਦੇ ਨੇ, ਜੇ ਕਿਸੇ ਗਰੀਬ ਔਰਤ ਦੇ ਬੱਚਾ ਹੋਣਾ ਹੁੰਦਾ ਉਹਨੂੰ ਜਵਾਬ ਦੇ ਦਿੰਦੇ ਨੇ, ਕਈਆਂ ਨੇ ਤਾਂ ਗ਼ਰੀਬੀ ਹਾਲਤ 'ਚ ਸੜਕਾਂ 'ਤੇ ਬੱਚਿਆਂ ਨੂੰ ਜਨਮ ਦਿੱਤਾ। ਬੱਸ ਜੀ ਮੇਰੇ ਕੋਲੋਂ ਹੋਰ ਬਹੁਤ ਨਹੀਂ ਦੱਸਿਆ ਜਾਂਦਾ।'

ਮੇਰੇ ਅਜੇ ਬੋਲ ਮੂੰਹ 'ਚ ਹੀ ਸਨ ਤਾਂ ਧਰਮਰਾਜ ਦਿਲ 'ਤੇ ਹੁੰਦੇ ਦਰਦ ਨੂੰ ਨਾ ਸਹਾਰਦਾ ਹੱਥਾਂ 'ਚ ਘੁੱਟਦਾ, ਯਮਦੂਤ ਨੂੰ ਪਾਣੀ ਲਿਆਉਣ ਲਈ ਇਸ਼ਾਰਾ ਕਰਨ ਲੱਗਿਆ। ਜਦ ਯਮਦੂਤ ਪਾਣੀ ਲੈ ਕੇ ਆਇਆ ਧਰਮਰਾਜ ਬੇਹੋਸ਼ ਹੋ ਕੇ ਕੁਰਸੀ ਤੋਂ ਡਿਗ ਗਿਆ। ਮੇਰੀ ਡਰਦੇ ਦੀ ਚੀਕ ਨਿਕਲ ਗਈ ਤੇ ਨਾਲ ਹੀ ਮੇਰੀ ਅੱਖ ਖੁੱਲ੍ਹ ਗਈ।

# ਐਲਨਾਜ਼ ਨੋਰੋਜ਼ੀ ਛੇਤੀ ਹੀ ਆਪਣੀ ਗਾਇਕੀ ਦਾ ਸਫਰ ਸ਼ੁਰੂ ਕਰੇਗੀ

## ✪ ਪੰਜਾਬੀ ਫ਼ਿਲਮ 'ਖਿੱਦੋ ਖੂੰਡੀ' ਵਿਚ ਹੀਰੋਇਨ ਸੀ

ਐਲਨਾਜ਼ ਅਭਿਨੇਤਰੀ ਤੇ ਮਾਡਲ ਐਲਨਾਜ਼ ਨੋਰੋਜ਼ੀ ਭਾਰਤੀ ਹੈ, ਪਰ ਜਨਮ ਉਸ ਦਾ ਈਰਾਨ ਦੀ ਰਾਜਧਾਨੀ ਤਹਿਰਾਨ ਵਿਚ ਹੋਇਆ ਹੈ। 16ਵੇਂ ਸਾਲ ਤੋਂ ਵੀ ਪਹਿਲਾਂ ਉਸ ਨੇ ਇਸ ਚਮਕ-ਦਮਕ ਦੀ ਦੁਨੀਆ ਵਿਚ ਮਾਡਲ ਬਣ ਕੇ ਅਜਿਹਾ ਪ੍ਰਵੇਸ਼ ਕੀਤਾ ਕਿ ਅੱਜ ਉਹ 'ਹਿਜਾਬ' ਦੇ ਖਿਲਾਫ਼ ਕਿਤੇ ਵੀ ਰੋਸ ਵਿਖਾਵਾ ਕਰੇ, ਖ਼ਬਰਾਂ ਨੂੰ ਪ੍ਰਮੁੱਖਤਾ ਨਾਲ ਜਾਂ ਤਾਂ ਭਾਰਤ ਦਿਖਾਉਂਦਾ ਹੈ ਤੇ ਜਾਂ ਫਿਰ ਈਰਾਨ। ਇਧਰ ਗੱਲ ਐਲਨਾਜ਼ ਦੇ 'ਬੈਲੇ ਡਾਂਸ' ਦੀ ਕਰੀਏ ਤਾਂ ਇਸ ਦੇ ਦੀਵਾਨੇ ਸਲਮਾਨ ਖ਼ਾਨ ਜ਼ਿਆਦਾ ਹਨ। ਜਿਥੇ ਸਲਮਾਨ ਹੋਣ ਜੇਕਰ ਪਾਰਟੀ ਵਿਚ ਐਲਨਾਜ਼ ਪਹੁੰਚੀ ਹੈ ਤਾਂ ਉਹ 'ਬੈਲੇ ਡਾਂਸ' ਜ਼ਰੂਰ ਕਰਦੀ ਹੈ। ਨੈਟਫਲਿਕਸ ਦੇ ਵੈੱਬ ਸ਼ੋਅ ਨਾਲ ਜ਼ਿਆਦਾ ਹੀ ਚਰਚਿਤ ਹੋਈ ਐਲਨਾਜ਼ ਗੁਰੂ ਰੰਧਾਵਾ ਦੇ ਵੀਡੀਓਜ਼ 'ਮੇਡ ਇਨ ਇੰਡੀਆ' ਵਿਚ ਵੀ ਨਜ਼ਰ ਆ ਚੁੱਕੀ ਹੈ।

'ਸੈਕਰਡ ਗੇਮਜ਼' ਵਾਲੀ ਇਹ ਅਭਿਨੇਤਰੀ ਜਦ ਵੀ ਤਸਵੀਰਾਂ ਨਾਲ ਸਮਾਜਿਕ ਮੀਡੀਆ 'ਤੇ ਆਉਂਦੀ ਹੈ ਤਾਂ ਪ੍ਰਸੰਸਕ ਉਸ ਲਈ 'ਜਲਪਰੀ' ਦੇ ਕੁਮੈਂਟਸ ਕਰਦੇ ਹਨ। ਇਹ ਉਹੀ ਐਲਨਾਜ਼ ਹੈ ਜਿਸ ਨੇ ਡਾਇਰੈਕਟਰ ਵਿਪੁਲ ਸ਼ਾਹ 'ਤੇ ਗ਼ਲਤ ਤੇ ਗੰਦੀਆਂ ਗੱਲਾਂ ਕਰਨ ਦਾ ਦੋਸ਼ ਲਾ ਕੇ ਬਾਲੀਵੁੱਡ 'ਚ ਹੰਗਾਮਾ ਖੜ੍ਹਾ ਕੀਤਾ ਸੀ, ਜਦਕਿ ਐਨਲਾਜ਼ ਦਾ ਕਹਿਣਾ ਹੈ ਕਿ ਉਹ ਅੱਜ ਵੀ ਆਪਣੇ ਬਿਆਨਾਂ 'ਤੇ ਕਾਇਮ ਹੈ। ਯਾਦ ਕਰੋ ਪੰਜਾਬੀ ਫ਼ਿਲਮ 'ਖਿੱਦੋ ਖੂੰਡੀ' ਤਾਂ ਉਸ 'ਚ ਇਹੀ ਐਲਨਾਜ਼ ਹੀਰੋਇਨ ਸੀ। ਦੱਖਣ ਦੀਆਂ ਕੁਝ ਕੁ ਫ਼ਿਲਮਾਂ ਵੀ ਉਸ ਨੇ ਕੀਤੀਆਂ ਹਨ। ਤਹਿਰਾਨ ਟੀ.ਵੀ. ਲਈ ਦੋ ਸਾਲ ਪਹਿਲਾਂ ਉਸ ਨੇ ਇਕ ਸ਼ੋਅ ਕੀਤਾ ਸੀ। ਪਿਛਲੇ ਸਾਲ 'ਮੇਡ ਇਨ ਹੈਵਨ' ਫ਼ਿਲਮ ਕਰ ਚੁੱਕੀ ਐਲਨਾਜ਼ ਨੇ ਕਿਹਾ ਹੈ ਕਿ ਫ਼ਿਲਮ ਦੇ ਨਾਂਅ ਦੀ ਤਰ੍ਹਾਂ ਸ਼ਾਇਦ ਉਹ ਵੀ ਸਵਰਗ 'ਚ ਪੈਦਾ ਹੋਈ ਹੈ, ਕਿਉਂਕਿ ਉਸ ਨੇ ਜੋ ਵੀ ਚਾਹਿਆ ਉਸ ਨੂੰ ਮਿਲਿਆ ਹੈ। ਉਸ ਨੇ 'ਰਣਨੀਤੀ ਬਾਲਾਕੋਟ' ਫ਼ਿਲਮ 'ਚ ਫਾਤਿਮਾ ਨਕਈ ਦੀ ਭੂਮਿਕਾ ਨਿਭਾਅ ਕੇ ਆਪਣੇ-ਆਪ ਨੂੰ ਸਥਾਪਿਤ ਕਰੀ ਰੱਖਿਆ ਹੈ। ਤਾਜ਼ਾ ਖ਼ਬਰਾਂ ਅਨੁਸਾਰ ਉਹ ਹਾਲੀਵੁੱਡ ਗਾਇਕਾ ਰਿਹਾਨਾ ਨੂੰ ਮਿਲ ਰਹੀ ਹੈ ਤੇ ਨਾਲ ਹੀ ਉਹ ਕਈ ਸੰਗੀਤਕਾਰਾਂ ਨਾਲ ਲਾਸ ਏਂਜਲਸ ਅਮਰੀਕਾ ਵਿਖੇ ਮੀਟਿੰਗਾਂ ਕਰ ਰਹੀ ਹੈ। ਖ਼ਬਰਾਂ ਅਨੁਸਾਰ ਐਲਨਾਜ਼ ਛੇਤੀ ਹੀ ਆਪਣਾ ਗਾਇਕੀ ਸਫਰ ਵੀ ਸ਼ੁਰੂ ਕਰ ਰਹੀ ਹੈ। ਬੇਸ਼ੱਕ ਮੈਂ ਤਹਿਰਾਨ ਦੀ ਹਾਂ, ਫਿਰ ਵੀ ਦਿਲ ਹੈ ਹਿੰਦੁਸਤਾਨੀ, ਉਹ ਅਕਸਰ ਆਖਦੀ ਹੈ। ਕ੍ਰਿਸਮਿਸ 'ਤੇ ਅਮਰੀਕਾ, ਦੀਵਾਲੀ 'ਤੇ ਭਾਰਤ ਤੇ 'ਤਹਿਰਾਨ-2' ਦੇ ਅਗਲੇ ਹਿੱਸੇ ਲਈ ਤਹਿਰਾਨ ਜਾਣ ਵਾਲੀ ਐਲਨਾਜ਼ ਨੋਰੋਜ਼ੀ ਸੱਚੀਂ ਇਸ ਹਿਸਾਬ ਨਾਲ ਸਵਰਗ 'ਚ ਪੈਦਾ ਹੋਈ ਅਭਿਨੇਤਰੀ ਹੈ। ਸਵਰਗ ਲਈ ਬਣੀ ਹੈ ਤੇ ਈਰਾਨ ਤੋਂ ਅਮਰੀਕਾ ਤੇ ਅਮਰੀਕਾ ਤੋਂ ਦੁਬਈ ਤੱਕ ਲਗਾਤਾਰ ਸਫਰ ਕਰਦੀ ਰਹਿਣ ਵਾਲੀ ਇਹ ਨਾਇਕਾ ਸਥਾਪਤੀ ਲਈ ਪੂਰੇ ਯਤਨ ਕਰ ਰਹੀ ਹੈ।



ਨੈਟਫਲਿਕਸ ਦੇ ਵੈੱਬ ਸ਼ੋਅ ਨਾਲ ਜ਼ਿਆਦਾ ਹੀ ਚਰਚਿਤ ਹੋਈ ਐਲਨਾਜ਼ ਗੁਰੂ ਰੰਧਾਵਾ ਦੇ ਵੀਡੀਓਜ਼ 'ਮੇਡ ਇਨ ਇੰਡੀਆ' ਵਿਚ ਵੀ ਨਜ਼ਰ ਆ ਚੁੱਕੀ ਹੈ।

# ਮਲਾਇਕਾ ਨੂੰ ਪਸੰਦ ਹੈ ਗਰਮ ਕੌਫੀ ਅਤੇ ਹੱਸਣਾ



ਮੁੰਬਈ-ਬੌਲੀਵੁੱਡ ਅਦਾਕਾਰਾ ਮਲਾਇਕਾ ਅਰੋੜਾ ਨੂੰ ਛੁੱਟੀ ਵਾਲੇ ਦਿਨ ਐਤਵਾਰ ਨੂੰ 'ਗਰਮ ਕੌਫੀ ਪੀਣਾ' ਅਤੇ ਹਾਸਾ-ਠੱਠਾ ਕਰਨਾ ਬਹੁਤ ਪਸੰਦ ਹੈ। ਮਲਾਇਕਾ ਨੇ ਇੰਸਟਾਗ੍ਰਾਮ 'ਤੇ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ ਹਨ। ਇੱਕ ਤਸਵੀਰ ਵਿੱਚ ਅਦਾਕਾਰਾ ਨੇ ਆਪਣੇ ਹੱਥ ਵਿੱਚ ਕੌਫੀ ਦਾ ਕੱਪ ਫੜਿਆ ਹੋਇਆ ਹੈ ਤੇ ਦੂਜੀ ਤਸਵੀਰ ਵਿੱਚ ਉਸ ਦਾ ਚਿਹਰਾ ਵਾਲਾਂ ਨਾਲ ਢਕਿਆ ਨਜ਼ਰ ਆ ਰਿਹਾ ਹੈ। ਕੁਝ ਤਸਵੀਰਾਂ ਵਿੱਚ ਉਹ ਹੱਸਦੀ ਨਜ਼ਰ ਆ ਰਹੀ ਹੈ। ਇੱਕ ਤਸਵੀਰ ਦੀ ਕੈਪਸ਼ਨ ਉਸ ਨੇ ਲਿਖਿਆ, 'ਇੱਕ ਗਰਮ ਕੱਪ ਕੌਫੀ... ਹਾਸਾ-ਠੱਠਾ... ਮੇਰੇ ਵਰਗਾ ਐਤਵਾਰ।' ਦੱਸਣਾ ਬਣਦਾ ਹੈ ਕਿ ਮਲਾਇਕਾ ਸਮੇਂ-ਸਮੇਂ 'ਤੇ ਆਪਣੀਆਂ ਤਸਵੀਰਾਂ ਸੋਸ਼ਲ ਮੀਡੀਆ 'ਤੇ ਸਾਂਝੀਆਂ ਕਰਦੀ ਰਹਿੰਦੀ ਹੈ। ਮਲਾਇਕਾ ਦੀਆਂ ਮਾਲਦੀਵ ਵਿਚਲੀਆਂ ਤਸਵੀਰਾਂ ਵੀ ਖਾਸੀਆਂ ਵਾਇਰਲ ਹੋ ਰਹੀਆਂ ਹਨ ਜਿਸ ਵਿੱਚ ਉਹ ਸਮੁੰਦਰੀ ਜਹਾਜ਼ 'ਤੇ ਬਿਕਨੀ ਪਾਈ ਆਰਾਮ ਫਰਮਾਉਂਦੀ ਨਜ਼ਰ ਆ ਰਹੀ ਹੈ। ਇਸ ਮਹੀਨੇ ਦੇ ਸ਼ੁਰੂ ਵਿੱਚ ਮਲਾਇਕਾ ਨੇ ਫਰਾਂਸ ਦੀ ਯਾਤਰਾ ਦੀਆਂ ਤਸਵੀਰਾਂ ਸ਼ੇਅਰ ਕੀਤੀਆਂ ਸਨ। ਉਸ ਨੇ ਪੈਰਿਸ ਓਲੰਪਿਕ ਵਿੱਚ ਵੀ ਸ਼ਿਰਕਤ ਕੀਤੀ ਸੀ ਅਤੇ ਨੀਰਜ ਚੋਪੜਾ ਦੀ ਹੌਸਲਾ ਅਫਜ਼ਾਈ ਕੀਤੀ ਸੀ। ਜ਼ਿਕਰਯੋਗ ਹੈ ਕਿ ਮਲਾਇਕਾ ਹਾਲ ਹੀ ਵਿਚ ਬੌਲੀਵੁੱਡ ਅਦਾਕਾਰ ਅਰਜੁਨ ਕਪੂਰ ਤੋਂ ਵੱਖ ਹੋ ਗਈ ਸੀ।

# ਕੈਨੇਡਾ ਵਲੋਂ ਇੰਮੀਗ੍ਰੇਸ਼ਨ ਨਿਯਮ ਕੀਤੇ ਸਖਤ

## ✪ ਹੁਣ ਵਿਜ਼ਟਰ ਜਾਂ ਟੂਰਿਸਟ ਵੀਜ਼ੇ 'ਤੇ ਆਉਣ ਵਾਲੇ ਲੋਕਾਂ ਨੂੰ ਵਰਕ ਪਰਮਿਟ ਨਹੀਂ ਮਿਲੇਗਾ

ਬਿਊਰੋ ਰਿਪੋਰਟ-ਕੈਨੇਡਾ ਸਰਕਾਰ ਵੱਲੋਂ ਪ੍ਰਵਾਸੀਆਂ ਨੂੰ ਇੱਕ ਤੋਂ ਬਾਅਦ ਇੱਕ ਝਟਕਾ ਦਿੱਤਾ ਜਾ ਰਿਹਾ ਹੈ। ਜਸਟਿਨ ਟਰੂਡੋ ਸਰਕਾਰ ਨੇ ਹੁਣ ਫੈਸਲਾ ਲਿਆ ਹੈ ਕਿ ਵਿਜ਼ਟਰ ਜਾਂ ਟੂਰਿਸਟ ਵੀਜੇ 'ਤੇ ਆਉਣ ਵਾਲੇ ਲੋਕਾਂ ਨੂੰ ਵਰਕ ਪਰਮਿਟ ਨਹੀਂ ਮਿਲੇਗਾ। ਪਹਿਲਾਂ ਲੋਕ ਕੈਨੇਡਾ ਵਿੱਚ ਰਹਿੰਦੇ ਹੀ ਵਰਕ ਪਰਮਿਟ ਲੈ ਲੈਂਦੇ ਸਨ। ਇਹ ਖਾਸ ਸਹੂਲਤ ਦੇਸ਼ ਵਿੱਚ ਵਰਕਰ ਦੀ ਕਮੀ ਨੂੰ ਪੂਰਾ ਕਰਨ ਦੇ ਲਈ ਕੋਵਿਡ-19 ਦੇ ਦੌਰਾਨ ਸ਼ੁਰੂ ਕੀਤੀ ਗਈ ਸੀ। ਉਸ ਸਮੇਂ ਕੈਨੇਡੀਅਨ ਸਰਕਾਰ ਨੇ ਵਿਜ਼ਟਰ ਵੀਜ਼ੇ 'ਤੇ ਆਏ ਲੋਕਾਂ ਨੂੰ ਵਰਕ ਪਰਮਿਟ ਦੇਣ ਦੀ ਇਜਾਜ਼ਤ ਦਿੱਤੀ ਸੀ। ਪਰ ਜਿਹੜੇ ਲੋਕ ਕੈਨੇਡਾ ਵਿੱਚ ਵਿਜ਼ਟਰ ਵੀਜ਼ੇ 'ਤੇ ਕੰਮ ਕਰਦੇ ਹਨ, ਉਨ੍ਹਾਂ ਨੂੰ ਆਪਣੇ ਦੇਸ਼ ਵਾਪਸ ਜਾਣਾ ਪਵੇਗਾ। ਉੱਥੋਂ ਵਰਕ ਪਰਮਿਟ ਲਈ ਅਪਲਾਈ ਕਰਨਾ ਹੋਵੇਗਾ। ਕੈਨੇਡਾ ਵਿੱਚ ਬੇਰੁਜ਼ਗਾਰੀ ਦੇ ਵੱਧ ਰਹੇ ਦਬਾਅ ਦੀ ਵਜ੍ਹਾ ਕਰਕੇ ਇਹ ਫੈਸਲਾ ਲਿਆ ਗਿਆ ਹੈ।

ਇਸ ਤੋਂ 2 ਦਿਨ ਪਹਿਲਾਂ ਟਰੂਡੋ ਸਰਕਾਰ ਨੇ ਜਿਹੜਾ ਨਵੇਂ ਵੀਜ਼ਾ ਨਿਯਮਾਂ ਨੂੰ ਲਾਗੂ ਕਰਨ ਦਾ ਫੈਸਲਾ ਲਿਆ ਸੀ ਉਸ ਨਾਲ 70 ਹਜ਼ਾਰ ਵਿਦਿਆਰਥੀਆਂ 'ਤੇ ਡਿਪੋਰਟ ਕੀਤੇ



ਜਾਣ ਦਾ ਡਰ ਹੈ। ਇਸੇ ਲਈ ਬੀਤੇ ਦਿਨ ਓਨਟਾਰੀਓ, ਮੈਨੀਟੋਬਾ, ਬ੍ਰਿਟਿਸ਼ ਕੋਲੰਬੀਆ 'ਚ ਵਿਦਿਆਰਥੀ ਨੇ ਜ਼ਬਰਦਸਤ ਪ੍ਰਦਰਸ਼ਨ ਕੀਤਾ ਸੀ। ਉਨ੍ਹਾਂ ਦੀ ਮੰਗ ਹੈ ਕਿ ਵਰਕ ਪਰਮਿਟ ਵਧਾਇਆ ਜਾਵੇ, ਐਜੂਕੇਸ਼ਨ ਪਰਮਿਟ ਨੂੰ ਸੀਮਤ ਕਰਨ ਦਾ ਫੈਸਲਾ ਵੀ ਵਾਪਸ ਲਿਆ ਜਾਵੇ, ਇਸ ਤੋਂ ਇਲਾਵਾ ਕੈਨੇਡਾ ਦੀ ਪੀਆਰ ਵਿੱਚ 25 ਫੀਸਦੀ ਕਮੀ ਕਰਨ ਦੇ ਫੈਸਲੇ ਨੂੰ ਵੀ ਰੱਦ ਕੀਤਾ ਜਾਵੇ।

ਦਰਅਸਲ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਨੇ ਬੀਤੇ ਦਿਨੀਂ ਕੈਨੇਡਾ ਵਿੱਚ ਅਸਥਾਈ ਨੌਕਰੀ ਕਰਨ ਵਾਲੇ ਵਿਦੇਸ਼ੀਆਂ ਦੀ ਗਿਣਤੀ ਘਟਾਉਣ ਦਾ ਐਲਾਨ ਕੀਤਾ ਸੀ। ਇਸ ਦਾ ਮਕਸਦ ਵਿਦੇਸ਼ੀਆਂ ਦੀ ਗਿਣਤੀ ਵਿੱਚ ਭਾਰੀ ਵਾਧੇ ਨੂੰ ਕੰਟਰੋਲ ਕਰਨਾ ਹੈ। ਸਰਕਾਰ ਦੇ ਇਸ ਫੈਸਲੇ ਦਾ ਸਿੱਧਾ ਅਸਰ ਘੱਟ ਤਨਖਾਹ 'ਤੇ ਕੰਮ ਕਰਨ ਵਾਲਿਆਂ ਅਤੇ ਅਸਥਾਈ ਨੌਕਰੀ ਕਰਨ ਵਾਲੇ ਵਿਦੇਸ਼ੀਆਂ 'ਤੇ ਪਵੇਗਾ, ਜਿਨ੍ਹਾਂ ਵਿੱਚ ਸਭ ਤੋਂ ਵੱਡੀ ਗਿਣਤੀ ਭਾਰਤੀ ਵਿਦਿਆਰਥੀਆਂ ਦੀ ਸੀ।

# ਸੂਖ਼ਮ ਰੰਗਾਂ ਦਾ ਸ਼ਾਇਰ-ਕਮਲ ਬੰਗਾ ਸੈਕਰਾਮੈਂਟੋ

## ਪੁਸਤਕ ਸਮੀਖਿਆ

ਗੁਰਮੀਤ ਸਿੰਘ ਪਲਾਹੀ
9815802070



| | |
|---|---|
| ਪੁਸਤਕ ਦਾ ਨਾਮ | : ਕਾਵਿ-ਕ੍ਰਿਸ਼ਮਾ |
| ਲੇਖਕ ਦਾ ਨਾਮ | : ਕਮਲ ਬੰਗਾ ਸੈਕਰਾਮੈਂਟੋ |
| ਸਾਲ | : 2024 |
| ਪ੍ਰਕਾਸ਼ਕ ਦਾ ਨਾਮ | : ਪੰਜਾਬੀ ਵਿਰਸਾ ਟਰੱਸਟ (ਰਜਿ:) ਫਗਵਾੜਾ |
| ਕੀਮਤ | : 300/- ਰੁਪਏ |
| ਪੰਨੇ | : 248 |




ਦਮਨ, ਪੀੜ, ਪੀੜ ਦਾ ਅਹਿਸਾਸ, ਪੀੜ ਦੀ ਅਵਚੇਤਨੀ ਸੂਝ ਅਤੇ ਪੀੜ ਦਾ ਸੰਦਰਭ ਪ੍ਰਸਿੱਧ ਕਵੀ ਕਮਲ ਬੰਗਾ ਦੀ ਪੁਸਤਕ ਨਵੀਂ-ਬੁਲਬੁਲ ਦਾ ਅਧਾਰ ਹੈ।

ਕਿਸੇ ਵੀ ਅਧਾਰ ਤੇ ਕੀਤਾ ਪੱਖਪਾਤ, ਅਨਿਆਂ ਅਤੇ ਦਮਨ ਮਨੁੱਖ ਨੂੰ ਪੀੜਾ ਦਿੰਦਾ ਹੈ। ਇਸ ਪੱਖਪਾਤ, ਦਮਨ ਅਤੇ ਅਨਿਆਂ ਦੇ ਬੀਜਾਂ ਨੂੰ ਚਿੰਤਕ ਅਤੇ ਅਦੀਬ ਲੋਕ ਪਹਿਚਾਣਦੇ ਹਨ ਅਤੇ ਇਸ ਉੱਪਰ ਚਿੰਤਨੀ ਸੰਵਾਦ ਰਚਾਉਂਦੇ ਹਨ। ਕਮਲ ਬੰਗਾ ਉਹਨਾਂ ਚਿੰਤਕਾਂ 'ਚੋਂ ਇਕ ਹੈ, ਜੋ ਪੌੜੀ-ਦਰ-ਪੌੜੀ 2008 ਤੋਂ 2023 ਤੱਕ 17 ਪੁਸਤਕਾਂ ਪਾਠਕਾਂ ਦੀ ਝੋਲੀ ਪਾ ਕੇ ਇਹ ਸੰਵਾਦ ਰਚਾਉਂਦਾ ਰਿਹਾ ਹੈ।

"ਜਿਵੇਂ ਦੀਵੇ ਨਾਲ ਦੀਵਾ ਲਾ ਕੇ ਰੌਸ਼ਨ ਕਰੀਦਾ ਬਨੇਰਾ,
ਉਵੇਂ ਦਿਲ ਤੋਂ ਦਿਲ ਤੀਕ, ਮੇਰਾ ਪਹੁੰਚ ਜਾਂਦਾ ਸੁਨੇਹਾ।"

ਪੁਰਤਗਾਲ ਦੇ ਨੋਬਲ ਪੁਰਸਕਾਰ ਜੇਤੂ ਜੋਸੇ ਸਰਾਮਾਗੋ ਨੇ ਨੋਬਲ ਪੁਰਸਕਾਰ ਪ੍ਰਾਪਤ ਕਰਨ ਵੇਲੇ ਲਿਖਿਆ ਸੀ "ਅਸੀਂ ਤਰਕ ਦਾ ਵਿਨਾਸ਼ ਕਰਦੇ ਹਾਂ। ਜੇ ਤੁਸੀਂ ਵੇਖ ਸਕਦੇ ਹੋ ਤਾਂ ਘੋਖੋ, ਜੇ ਤੁਸੀਂ ਘੋਖ ਸਕਦੇ ਹੋ ਤਾਂ ਨਿਰਖੋ" ਅਸਲ ਵਿਚ ਇਹ ਨਿਰਖਣਾ ਹੀ ਸਾਹਿੱਤਕ ਰਚਨਾ ਨੂੰ ਜਨਮ ਦਿੰਦਾ ਹੈ। ਸਾਹਿਤਕਾਰ ਦੀ ਇਹੀ ਦੂਰਦ੍ਰਿਸ਼ਟੀ ਹੁੰਦੀ ਹੈ।

ਦੂਰਦ੍ਰਿਸ਼ਟੀ ਵਾਲਾ ਕਮਲ ਬੰਗਾ ਆਪਣੀ ਕਵਿਤਾ ਵਿਚ ਮਨੁੱਖੀ ਮਾਨਸਿਕਤਾ, ਰਿਸ਼ਤਿਆਂ, ਘਰ-ਪਰਿਵਾਰ, ਪਿਆਰ/ਮੁਹੱਬਤ ਆਦਿ ਦੀ ਗੱਲ ਕਰਦਾ ਹੈ। ਜੀਵਨ 'ਚ ਦਰਪੇਸ਼ ਸਮਾਜਿਕ, ਮਾਨਸਿਕ, ਆਰਥਿਕ ਮੁਸ਼ਕਲਾਂ ਉੱਤੇ ਉਸ ਦੀ ਕਵਿਤਾ ਦਾ ਫੋਕਸ ਹੈ। ਉਹਦੀ ਕਵਿਤਾ ਝਰਨੇ ਵਾਂਗਰ ਵਹਿੰਦੀ ਹੈ, ਲਗਾਤਾਰ ਤੁਰਦੀ ਹੈ, ਅਡੋਲ।

"ਖ਼ਿਆਲਾਂ 'ਚ ਪਾਣੀ
ਵਾਂਗ ਵਹਿ ਰਿਹਾ ਹਾਂ।
ਬਸ ਉੱਚੇ ਤੋਂ ਨੀਵੇਂ ਵੱਲ
ਪੈ ਰਿਹਾ ਹਾਂ।"

"ਮੈਥੋਂ ਖੁਸ਼ਕ ਜ਼ਮੀਨ ਵਾਂਗ,
ਤਿੜ ਨਹੀਂ ਹੁੰਦਾ।
ਨਾਲੇ ਗੁਲਾਮੀ 'ਚ ਮੈਥੋਂ,
ਖਿੜ ਨਹੀਂ ਹੁੰਦਾ।"

ਕਮਲ ਬੰਗਾ ਦੀ ਕਵਿਤਾ ਸੁਹਜ ਰੂਪ ਵਿਚ ਪਾਠਕਾਂ ਸਾਹਮਣੇ ਆਉਂਦੀ ਹੈ। ਉਸਦੀ ਕਵਿਤਾ ਵਿਚ ਸਮਾਜਕ ਊਣਤਾਈਆਂ ਦਾ ਖਾਸ ਤੌਰ 'ਤੇ ਜ਼ਿਕਰ ਹੈ। ਕਵਿਤਾ ਦੀ ਵੰਨਗੀ ਗ਼ਜ਼ਲ ਵਿਚ ਕਮਲ ਬੰਗਾ ਨੇ ਅਲੱਗ ਥਾਂ ਹਾਸਲ ਕੀਤੀ ਹੈ। ਉਸ ਦੀ ਰਚਨਾ ਸਮਰੱਥ ਹੈ। ਉਹ ਵੱਡੀਆਂ-ਵੱਡੀਆਂ ਪੁਲਾਘਾਂ ਪੁੱਟਦੀ ਹੈ, ਤੇਜ਼ੀ ਨਾਲ ਆਪਣੇ ਨਿਸ਼ਾਨੇ ਵੱਲ ਝਪਟਦੀ ਹੈ, ਅਤੇ ਫਿਰ ਮਨੁੱਖੀ ਭਾਵਨਾਵਾਂ ਉੱਤੇ ਚੋਟ ਕਰਦੀ ਹੈ। ਇਹੀ ਉਹਦੀ ਵਿਲੱਖਣਤਾ ਹੈ।

ਭਾਈਚਾਰੇ 'ਚ ਪਈਆਂ ਤ੍ਰੇੜਾਂ, ਨਫ਼ਰਤੀ ਵਰਤਾਰਾ, ਅਵਿਸ਼ਵਾਸ਼ ਨੂੰ ਜਦੋਂ ਉਹ ਮਨੁੱਖੀ ਕਾਲੀਨ ਉੱਤੇ ਵਿਛਿਆ ਵੇਖਦਾ ਹੈ ਤਾਂ ਤੜਪ ਉੱਠਦਾ ਹੈ। ਉਹ ਕਹਿੰਦਾ ਹੈ, ਆਖਿਰ ਮਨੁੱਖ ਇਸ ਵਰਤਾਰੇ ਵਿਚੋਂ ਕਦੋਂ ਬਾਹਰ ਆਏਗਾ, ਕਦੋਂ ਇਕ ਧਰਮ ਦੂਜੇ ਧਰਮ ਨੂੰ ਪਿਆਰ ਕਰੇਗਾ, ਕਦੋਂ ਮਨੁੱਖ ਜ਼ਿੰਦਗੀ ਦੀ ਖ਼ੂਬਸੂਰਤੀ ਨੂੰ ਪਛਾਣ ਸਕੇਗਾ?

ਜਦੋਂ ਉਹ ਧਰਮ ਦੇ ਨਾਮ ਉੱਤੇ ਪਾੜੇ, ਕਤਲ ਵੇਖਦਾ ਹੈ, ਦੰਗੇ ਵੇਖਦਾ ਹੈ ਤਾਂ ਉਹ ਤ੍ਰਾਹ ਉੱਠਦਾ ਹੈ, ਉਹ ਨੋਬਲ ਪੁਰਸਕਾਰ ਜੇਤੂ ਵਿਸਲਾਵਾ ਸ਼ਿੰਬੋਰਸਕਾ ਦੇ ਉਹਨਾਂ ਸ਼ਬਦਾਂ ਦਾ ਚਿੰਤਨ ਕਰਦਾ ਹੈ, "ਕੀ ਉਹ 'ਬੰਦੇ' ਕਹਾਉਣ ਦੇ ਲਾਇਕ ਵੀ ਹਨ ਜਾਂ ਨਹੀਂ? ਉਨਾਂ ਨੂੰ 'ਜਾਨਵਰ' ਕਹਿਣਾ ਤਾਂ ਵਿਚਾਰੇ ਜਾਨਵਰਾਂ ਦੀ ਬੇਅਦਬੀ ਹੈ। ਜਾਨਵਰ ਕਦੇ ਇੰਜ ਨਹੀਂ ਕਰਦੇ" ਉਸਦੀ ਇਸੇ ਚੇਤਨਾ ਕਾਰਨ ਉਹ ਉੱਚ ਪਾਏ ਦੇ ਸ਼ਿਅਰ ਲਿਖਦਾ ਹੈ, ਸੰਕੇਤਾਂ 'ਚ ਗੱਲ ਕਰਦਾ ਹੈ।

"ਖ਼ਾਲੀ ਸੜਕ-ਖ਼ਾਲੀ ਰਾਹ 'ਤੇ,
ਕੋਈ ਕੋਈ ਦੌੜਦੈ,
ਕਾਰਾਂ ਵਿਚ ਤਾਂ ਦੌੜਦੇ,
ਸਾਰੇ ਜਣੇ-ਨੇ।"

"ਗਰੀਬ ਦੇਸ਼ਾਂ ਨੂੰ ਮਾਰਿਆ,
ਰੋਟੀ-ਕਪੜੇ-ਮਕਾਨ ਨੇ,
ਨਾਲ ਨਾਲ ਝੰਬਿਆ ਹੈ,
ਮੰਗਿਆਈ ਦੇ ਤੂਫ਼ਾਨਾਂ।"

ਕਮਲ ਬੰਗਾ ਦੀ ਕਵਿਤਾ ਉੱਚ ਪਾਏ ਦੀ ਹੈ। ਲੋਕਾਂ ਦੀ ਗੱਲ ਕਰਦੀ ਹੈ। ਮਨੁੱਖੀ ਭਾਵਨਾਵਾਂ ਦੀ ਗੱਲ ਕਰਦੀ ਹੈ। ਉਸ ਦੀ ਕਵਿਤਾ/ਗ਼ਜ਼ਲ, ਉਸਦੇ ਜੀਵਨ ਦਾ ਅਨੁਭਵ ਹੈ, ਜੋ ਉਸਦੇ ਅੰਗ-ਸੰਗ ਰਹਿੰਦੀ ਹੈ, ਵਿਚਰਦੀ ਹੈ।

ਉਸਦੀ 17ਵੀਂ ਨਵੀਂ ਪੁਸਤਕ ਨੂੰ ਪੰਜਾਬੀ ਸੰਸਾਰ 'ਚ 'ਜੀ ਆਇਆਂ'।

"ਨਵੀਂ-ਬੁਲਬੁਲ" ਬਨਾਮ ਨਵੀਂ ਉੱਡਾਰੀ ਤੇ ਫ਼ਖ਼ਰ ਹੈ।

ਕਮਲ ਬੰਗਾ ਸ਼ਬਦਾਂ 'ਤੇ ਸੋਚਾਂ ਦਾ ਜਾਦੂਗਰ ਹੈ।"

# ਲੋਕ ਮੰਚ ਪੰਜਾਬ ਵੱਲੋਂ ਪੁਰਸਕਾਰਾਂ ਦਾ ਐਲਾਨ

**✪ "ਸੁਰਜੀਤ ਪਾਤਰ ਕਾਵਿਲੋਕ ਪੁਰਸਕਾਰ" ਉੱਘੇ ਕਵੀ ਵਿਜੇ ਵਿਵੇਕ ਨੂੰ ਮਿਲੇਗਾ ✪ "ਆਪਣੀ ਆਵਾਜ਼ ਪੁਰਸਕਾਰ" ਬਲਦੇਵ ਸਿੰਘ ਧਾਲੀਵਾਲ ਅਤੇ ਬੂਟਾ ਸਿੰਘ ਚੌਹਾਨ ਨੂੰ ✪ "ਲੋਕ ਮੰਚ ਪੰਜਾਬ ਵਿਸ਼ੇਸ਼ ਪੁਰਸਕਾਰ" ਨਿੰਦਰ ਘੁਗਿਆਣਵੀ ਨੂੰ**



ਲੇਖਕ ਵਿਜੈ ਵਿਵੇਕ, ਬਲਦੇਵ ਸਿੰਘ ਧਾਲੀਵਾਲ, ਬੂਟਾ ਸਿੰਘ ਚੌਹਾਨ ਅਤੇ ਨਿੰਦਰ ਘੁਗਿਆਣਵੀ।

ਜਲੰਧਰ-ਲੋਕ ਮੰਚ ਪੰਜਾਬ ਵੱਲੋਂ ਸਾਲ 2024 ਲਈ ਦਿੱਤੇ ਜਾਣ ਵਾਲੇ ਸਾਹਿਤਕ ਪੁਰਸਕਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਸਾਲ 2024 ਦਾ "ਸੁਰਜੀਤ ਪਾਤਰ ਕਾਵਿਲੋਕ ਪੁਰਸਕਾਰ" ਉੱਘੇ ਪੰਜਾਬੀ ਕਵੀ ਵਿਜੇ ਵਿਵੇਕ ਨੂੰ, ਉਹਨਾਂ ਦੀ ਕਾਵਿ ਕਿਤਾਬ "ਛਿਣਭੰਗਰ ਵੀ ਕਾਲਾਤੀਤ ਵੀ" ਨੂੰ ਦਿੱਤਾ ਜਾਵੇਗਾ। ਇਸ ਪੁਰਸਕਾਰ ਵਿੱਚ 51 ਹਜ਼ਾਰ ਰੁਪਏ ਨਕਦ ਅਤੇ ਸਨਮਾਨ ਚਿੰਨ ਹੋਵੇਗਾ।

ਸਾਲ 2024 ਦਾ "ਆਪਣੀ ਆਵਾਜ਼ ਪੁਰਸਕਾਰ" ਡਾਕਟਰ ਬਲਦੇਵ ਸਿੰਘ ਧਾਲੀਵਾਲ ਨੂੰ ਉਨ੍ਹਾਂ ਦੇ ਸਫ਼ਰਨਾਮੇ "ਕੰਜ-ਕੁਆਰੀ ਧਰਤੀ" ਅਤੇ ਪ੍ਰਸਿੱਧ ਗ਼ਜ਼ਲਗੋ ਬੂਟਾ ਸਿੰਘ ਚੌਹਾਨ ਨੂੰ ਉਨ੍ਹਾਂ ਦੇ ਗ਼ਜ਼ਲ ਸੰਗ੍ਰਹਿ "ਖ਼ੁਸ਼ਬੋ ਦਾ ਕੁਨਬਾ" ਨੂੰ ਸਾਂਝੇ ਤੌਰ ਤੇ ਦਿੱਤਾ ਜਾਵੇਗਾ। ਇਕ ਲੱਖ ਰੁਪਏ ਦੇ ਇਸ ਪੁਰਸਕਾਰ ਦੀ ਰਾਸ਼ੀ ਦੋਹਾਂ ਲੇਖਕਾਂ ਨੂੰ ਵੰਡ ਕੇ ਪੰਜਾਹ-ਪੰਜਾਹ ਹਜ਼ਾਰ ਰੁਪਏ ਦਿੱਤੀ ਜਾਵੇਗੀ ਅਤੇ ਸਨਮਾਨ ਚਿੰਨ ਭੇਟ ਕੀਤੇ ਜਾਣਗੇ।

"ਲੋਕ ਮੰਚ ਪੰਜਾਬ ਵਿਸ਼ੇਸ਼ ਪੁਰਸਕਾਰ" ਇਸ ਵਾਰ ਉੱਘੇ ਪੰਜਾਬੀ ਲੇਖਕ ਨਿੰਦਰ ਘੁਗਿਆਣਵੀ ਦੀ ਸਮੁੱਚੀ ਸਾਹਿਤ-ਘਾਲਣਾ ਨੂੰ ਸਮਰਪਿਤ ਹੋਵੇਗਾ। ਇਸ ਪੁਰਸਕਾਰ ਵਿੱਚ 50 ਹਜ਼ਾਰ ਰੁਪਏ ਨਗਦ ਅਤੇ ਸਨਮਾਨ ਚਿੰਨ ਭੇਟ ਕੀਤਾ ਜਾਵੇਗਾ। ਇਹਨਾਂ ਪੁਰਸਕਾਰਾਂ ਦਾ ਐਲਾਨ ਇੱਕ ਮੀਟਿੰਗ ਉਪਰੰਤ ਲੋਕ ਮੰਚ ਪੰਜਾਬ ਦੇ ਚੇਅਰਮੈਨ ਡਾ. ਲਖਵਿੰਦਰ ਸਿੰਘ ਜੌਹਲ, ਪ੍ਰਧਾਨ ਸੁਰਿੰਦਰ ਸਿੰਘ ਸੁੰਨੜ, ਮੀਤ ਪ੍ਰਧਾਨ ਡਾਕਟਰ ਹਰਜਿੰਦਰ ਸਿੰਘ ਅਟਵਾਲ, ਜਨਰਲ ਸਕੱਤਰ ਦੀਪਕ ਸ਼ਰਮਾ ਚਨਾਰਥਲ ਅਤੇ ਡਾਕਟਰ ਉਮਿੰਦਰ ਸਿੰਘ ਜੌਹਲ ਵਲੋਂ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਇਨ੍ਹਾਂ ਪੁਰਸਕਾਰਾਂ ਦਾ ਫੈਸਲਾ ਵਿਆਪਕ ਪੱਧਰ ਉੱਤੇ ਕੀਤੇ ਗਏ ਗੁਪਤ ਸਰਵੇਖਣ ਰਾਹੀਂ ਅਤੇ ਮਾਹਿਰਾਂ ਵਲੋਂ ਕੀਤੇ ਗਏ ਮੁਲੰਕਣ ਉਪਰੰਤ ਕੀਤਾ ਗਿਆ ਹੈ। ਇਹ ਪੁਰਸਕਾਰ ਜਲਦੀ ਹੀ ਇਕ ਸਮਾਗਮ ਕਰਕੇ ਭੇਟ ਕੀਤੇ ਜਾਣਗੇ।

# ਸੈਨਹੋਜ਼ੇ 'ਚ ਸੁਹਾਂਜਣੇ ਨੇ ਕੀਤਾ ਸ਼ਰਮਿੰਦਾ !


ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268
tsdupalpuri@yahoo.com




ਕਈ ਦਫਾ ਅੱਖਾਂ ਸਾਹਮਣੇ ਅਚਾਨਕ ਕੋਈ ਚੀਜ ਵਸਤ ਆ ਜਾਣ 'ਤੇ ਤੁਹਾਡੀਆਂ ਯਾਦਾਂ ਦੀ ਪਟਾਰੀ ਵਿੱਚ ਇਕ ਦਮ ਹਲਚਲ ਸ਼ੁਰੂ ਹੋ ਜਾਂਦੀ ਐ। ਇਕ ਦਿਨ ਮੇਰੇ ਨਾਲ ਕੁੱਝ ਅਜਿਹਾ ਹੀ ਹੋਇਆ ! ਆਪਣੀ ਘਰ ਵਾਲ਼ੀ ਨਾਲ਼ ਮੈਂ ਸੈਨਹੋਜ਼ੇ (ਕੈਲੇਫੋਰਨੀਆਂ) ਸ਼ਹਿਰ ਵਿਚ ਸਾਡੇ ਗੁਆਂਢ ਲਗਦੀ ਹਫਤਾਵਾਰੀ ਸਬਜ਼ੀ ਮੰਡੀ ਗਿਆ। ਉੱਥੇ ਅਨੇਕਾਂ ਤਰਾਂ ਦੀਆਂ ਸਬਜ਼ੀਆਂ ਅਤੇ ਭਾਂਤ-ਸੁਭਾਂਤੇ ਫਲ਼ ਫਰੂਟ ਵਿਚਕਾਰ ਟਾਹਣੀਆਂ ਦੀਆਂ ਬੰਨ੍ਹ ਬੰਨ੍ਹ ਕੇ ਰੱਖੀਆਂ ਗੁੱਛੀਆਂ ਉੱਤੇ ਮੇਰੀ ਨਜ਼ਰ ਪਈ ਤਾਂ ਉਨ੍ਹਾਂ ਦੇ ਪੱਤੇ ਦੇਖ ਕੇ ਮੈਨੂੰ ਲੱਗਿਆ ਕਿ ਇਹ ਤਾਂ ਸੁਹਾਂਜਣੇ ਦੀਆਂ ਟਾਹਣੀਆਂ ਹਨ ! ਨੇੜੇ ਨੂੰ ਹੋ ਕੇ ਗਹੁ ਨਾਲ਼ ਦੇਖਿਆ ਤਾਂ ਇਨਾਂ ਗੁੱਛੀਆਂ ਉੱਤੇ ਅੰਗਰੇਜ਼ੀ ਵਿਚ Moringa ਲਿਖਿਆ ਹੋਇਆ ਸੀ ਤੇ ਨਾਲ਼ ਲਿਖੀ ਹੋਈ ਸੀ ਇਕ ਗੁੱਛੀ ਦੀ ਕੀਮਤ ਤਿੰਨ ਡਾਲਰ !

ਤਸੱਲੀ ਕਰਨ ਲਈ ਮੈਂ ਉਸੇ ਵੇਲੇ ਆਪਣੇ ਮੋਬਾਈਲ ਫੋਨ 'ਤੇ 'ਮਹਾਨ ਕੋਸ਼' ਦੇਖਿਆ ਤਾਂ ਉੱਥੇ ਸੁਹਾਂਜਣੇ ਨੂੰ ਅੰਗਰੇਜ਼ੀ ਅੱਖਰਾਂ ਵਿਚ 'ਮੋਰਿੰਗਾ' ਲਿਖਿਆ ਦੇਖ ਕੇ ਮੈਂ ਹੈਰਾਨ ਰਹਿ ਗਿਆ ਕਿ ਜਿਸ ਸੁਹਾਂਜਣੇ ਨੂੰ ਕਦੇ ਪਿੰਡ ਰਹਿੰਦਿਆਂ ਅਸੀਂ 'ਕੌਡੀਓਂ ਖੋਟਾ ਦਰਖਤ' ਸਮਝਦੇ ਰਹੇ, ਉਸਦੇ ਮੁੱਠ ਕੁ ਭਰ ਪੱਤੇ ਅਮਰੀਕਾ ਵਿਚ 3-3 ਡਾਲਰ ਨੂੰ ਵਿਕ ਰਹੇ ਐ ? ਜਿਹੜੇ ਫਲ਼ ਫਰੂਟ ਦਾ ਰੰਗ ਰੂਪ ਦੇਖਦਿਆਂ ਹੀ ਮੂੰਹ 'ਚ ਪਾਣੀ ਭਰ ਭਰ ਆ ਜਾਵੇ ਉਨ੍ਹਾਂ ਦੇ ਬਰਾਬਰ ਹੀ ਇੱਥੇ,ਸਾਡੇ ਵਲੋਂ ਇਕ ਵੇਲੇ ਨਖਿੱਧ ਤੇ ਨਿਕੰਮਾਂ ਸਮਝਿਆ ਜਾਣ ਵਾਲ਼ਾ ਸੁਹਾਂਜਣਾ ਵੀ ਸ਼ਾਨ ਨਾਲ ਰੱਖਿਆ ਹੋਇਆ ਸੀ ? ਤੇ ਕਈ ਮੈਕਸੀਕੇ,ਗੋਰੇ ਅਤੇ ਚੀਨੇ ਗਾਹਕ ਇਹਦੀਆਂ ਦੋ-ਦੋ, ਤਿੰਨ-ਤਿੰਨ ਗੁੱਛੀਆਂ ਖ਼੍ਰੀਦ ਰਹੇ ਸਨ !

ਦੋਸਤੋ ਅਸਲ ਵਿਚ ਪਿੰਡ ਸਾਡੇ ਘਰ ਦੇ ਬਾਹਰਵਾਰ ਖੁੱਲ੍ਹੇ ਬਾੜੇ ਦੀ ਵਾੜ ਵਿਚ ਹੋਰ ਆਮ ਰਵਾਇਤੀ ਦਰਖਤਾਂ ਤੋਂ ਇਲਾਵਾ ਚਾਰ ਪੰਜ ਸੁਹਾਂਜਣੇ ਦੇ ਦਰਖਤ ਵੀ ਹੁੰਦੇ ਸਨ(ਦੋ ਦਰਖਤ ਹਾਲੇ ਵੀ ਹੈਗੇ) ਜਿਨ੍ਹਾਂ ਬਾਰੇ ਸਾਡੇ ਬਾਪ ਦੇ ਦੱਸਣ ਮੁਤਾਬਕ ਇਹ ਸਾਡੇ ਦਾਦੇ-ਪੜਦਾਦੇ ਦੇ ਵੇਲਿਆਂ ਤੋਂ ਹੀ ਲਾਏ ਹੋਏ ਸਨ ! ਬਰਸਾਤ ਤੋਂ ਮਗਰੋਂ ਆਵਾਗੌਣ ਫੈਲਣ ਕਾਰਨ ਜਦ ਅਸੀਂ ਵਾੜ ਦੀ ਕਾਂਟ-ਛਾਂਟ ਕਰਨ ਵੇਲੇ ਸੁਹਾਂਜਣਿਆਂ ਦੀ ਵੱਢ-ਵਢਾਈ ਕਰਦੇ ਤਾਂ ਏਨਾ ਭੈੜਾ ਜਿਹਾ ਮੁਸ਼ਕ ਚੜ੍ਹਨਾ ਕਿ ਪੁੱਛੋ ਨਾ ! ਇਨ੍ਹਾਂ ਨੂੰ ਕਿੰਨਾਂ ਕਿੰਨਾਂ ਲਗਦਾ ਲਾਲ ਰੰਗ ਦਾ ਗੂੰਦ ਵੀ ਬੇਕਾਰ ਹੀ ਹੁੰਦਾ ਸੀ ਕਿਉਂਕਿ ਉਹ ਸਾਡੀਆਂ ਕਾਪੀਆਂ ਕਿਤਾਬਾਂ ਜੋੜਨ ਦੇ ਕੰਮ ਨਹੀਂ ਸੀ ਆਉਂਦਾ। ਚੁੱਲ੍ਹ ਵਾਸਤੇ ਇਹਦਾ ਬਾਲਣ ਤਾਂ ਬਣਦਾ ਹੀ ਨਹੀਂ ਸੀ, ਬਸ ਇਹਦੇ 'ਗਾਹਕ' ਸਾਡੇ ਘਰੇ





ਅਕਸਰ ਆਉਂਦੇ ਰਹਿੰਦੇ ਸਨ ! ਕੋਈ ਇਸਦੇ ਪੱਤੇ ਲੈਣ ਆਉਂਦਾ, ਕੋਈ ਦਰਖਤ ਦੀ ਛਿੱਲ ਲਾਹ ਕੇ ਲੈ ਜਾਂਦਾ, ਕੋਈ ਜੜ੍ਹਾਂ ਤੇ ਕੋਈ ਇਹਦੀਆਂ ਫਲ਼ੀਆਂ ! ਆਪਣੇ ਬਾਪ ਨੂੰ ਹਰ ਸਾਲ ਬੜੀ ਰੀਝ ਨਾਲ਼ ਸੁਹਾਂਜਣੇ ਦੀਆਂ ਫਲ਼ੀਆਂ ਦਾ ਅਚਾਰ ਪਾਉਂਦਿਆਂ ਦੇਖ ਕੇ ਅਸੀਂ ਭੈਣ ਭਰਾਵਾਂ ਨੇ ਉਨ੍ਹਾਂ ਨੂੰ ਮਖੌਲ ਕਰਨੇ ਕਿ ਬੁਰਾ ਜਿਹਾ ਮੁਸ਼ਕ ਮਾਰਦਾ ਅਚਾਰ ਪਤਾ ਨੀ ਇਹ ਕਿੱਦਾਂ ਖਾ ਲੈਂਦੇ ਆ ! ਪਰ ਉਹ ਅਚਾਰ ਦਾ ਇੱਕ ਡੱਬਾ ਆਪਣੇ ਲਈ ਰੱਖਦੇ ਤੇ ਇੱਕ ਡੱਬਾ ਆਪਣੇ ਮਿੱਤਰ ਬੈਰਸੀਆਂ ਪਿੰਡ ਵਾਲ਼ੇ ਬਜ਼ੁਰਗ ਸ਼ੇਰ ਸਿੰਘ ਬਾਗਾਂ ਵਾਲ਼ੇ ਨੂੰ ਦੇ ਕੇ ਆਉਂਦੇ !

ਸੁਹਾਂਜਣੇ ਦੀਆਂ ਫਲ਼ੀਆਂ ਦਾ ਇਹ ਅਚਾਰ 'ਮਚਾਕੇ ਲਾ ਲਾ' ਖਾਣ ਵੇਲੇ ਕਦੇ ਕਦੇ ਭਾਈਆ ਜੀ ਨੇ ਸਾਡੇ ਕੋਲ਼ ਬੈਠੇ ਰੋਟੀ ਖਾਂਦਿਆਂ ਦੀਆਂ ਥਾਲ਼ੀਆਂ ਵਿਚ ਵੀ ਬਦੋ ਬਦੀ ਰੱਖਣਾ ਕਿ 'ਉਏ ਇਹ ਬਹੁਤ ਗੁਣਕਾਰੀ ਹੁੰਦਾ ਐ' ਪਰ ਅਸੀਂ ਭੈਣਾ ਭਰਾਵਾਂ ਨੇ ਨੱਕ-ਬੁੱਲ੍ਹ ਵੱਟਦਿਆਂ ਨਾਂਹ ਕਰ ਦੇਣੀ ! ਮੈਨੂੰ ਇਹ ਵੀ ਯਾਦ ਹੈ ਕਿ ਬਚਪਨੇ 'ਚ ਅਸੀਂ ਭੈਣ ਭਰਾ ਇਸ ਅਚਾਰ ਦੀਆਂ ਇਕ-ਦੋ ਫਲ਼ੀਆਂ ਕਦੇ ਕਦੇ ਮਜ਼ਾਕ ਵਜੋਂ ਖਾਣ ਦਾ 'ਨਾਟਕ' ਵੀ ਕਰ ਲੈਂਦੇ ਹੁੰਦੇ ਸਾਂ ! ਆਪਸ ਵਿੱਚੀਂ ਅਸੀਂ ਹੱਸਣਾ ਕਿ ਜੇ ਘਰ ਆਉਂਦੇ ਪ੍ਰਾਹੁਣੇ ਬੰਦ ਕਰਨੇ ਹੋਣ ਤਾਂ ਉਨ੍ਹਾਂ ਨੂੰ ਆਇਆਂ ਨੂੰ ਰੋਟੀ ਨਾਲ਼ ਇਹ ਅਚਾਰ 'ਪ੍ਰੋਸਣਾ' ਚਾਹੀਦਾ ਐ, ਉਹ ਮੁੜ ਕਦੇ ਨਾ ਆਉਣ !! ਭਾਈਆ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਅਸੀਂ ਬੇਲੋੜੇ ਸਮਝ ਕੇ ਸੁਹਾਂਜਣੇ ਦੇ ਕਈ ਦਰਖਤ ਵੱਢ ਸੁੱਟੇ ਸਨ !

ਸੋ ਕੈਲੇਫੋਰਨੀਆਂ (ਅਮਰੀਕਾ) ਦੇ ਸੈਨਹੋਜ਼ੇ ਸ਼ਹਿਰ ਦੀ ਸਬਜੀ ਮੰਡੀ ਵਿਚ ਹੁਣ ਸੁਹਾਂਜਣਾ ਮਹਿੰਗਾ ਵਿਕਦਾ ਦੇਖ ਕੇ ਮੈਂ ਆਪਣੇ ਬਚਪਨੇ / ਜਵਾਨੀ ਵਿਚ ਕੀਤੀ ਮਹਾਂ ਬੇਵਕੂਫੀ ਚੇਤੇ ਕਰਕੇ ਸ਼ਰਮਿੰਦਾ ਵੀ ਬਹੁਤ ਹੋਇਆ !

# ਸੈਂਕੜਿਆਂ ਦੇ ਕਰੀਬ ਵੀਡਿਓ ਗੀਤ ਨਿਰਦੇਸ਼ਤ ਕਰਕਿ ਫ਼ਿਲਮਾਂ ਕਰਨ ਦਾ ਵੀ ਰਿਕਾਰਡ-ਬਾਬਾ ਕਮਲ

ਬਾਬਾ ਕਮਲ ਓਸ ਵੇਲੇ ਫ਼ਿਲਮ ਨਿਰਦੇਸ਼ਕ ਬਣੇ ਜਦ ਪੰਜਾਬੀ ਵਿੱਚ ਟੈਲੀ ਫ਼ਿਲਮਾਂ ਦਾ ਦੌਰ ਸਿਖ਼ਰ ਤੇ ਸੀ ਤੇ ਓਹਨਾਂ ਨੇ ਤਦ "ਸੱਧਰਾਂ ਪਿਆਰ ਦੀਆਂ" ਤੋਂ ਲੈ ਕਿ ਕਈ ਫ਼ਿਲਮਾਂ ਬਣਾ ਕਿ ਆਪਣਾ ਨਾਮ ਬਣਾਇਆ ਸੀ।ਕਹਿੰਦੇ ਨੇ ਸਮਾਂ ਬਦਲਣ ਦੇ ਨਾਲ ਬਹੁਤ ਕੁੱਝ ਬਦਲ ਜਾਂਦਾ ਹੈ ਪਰ ਬਾਬਾ ਕਮਲ ਨੇ ਸਮੇਂ ਨਾਲ ਆਪਣੇ ਆਪ ਨੂੰ ਅਜਿਹਾ ਢਾਲਿਆ ਕਿ ਕਿਸੇ ਵੀ ਨਵੇਂ ਨਿਰਦੇਸ਼ਕ ਨਾਲੋਂ ਜੱਸ ਤੇ ਜਿਆਦਾ ਕੰਮ ਓਹਨਾਂ ਦੇ ਹਿੱਸੇ ਆਇਆ ਹੈ। ਅਮਰੀਕਾ ਵਿਖੇ ਖ਼ੂਬ ਚਲੀ ਤੇ ਭਾਰਤ ਵਿੱਚ ਪਾਬੰਦੀ ਤੋਂ ਬਾਅਦ ਹੁਣ ਚਲਣ ਲਈ ਤਿਆਰ ਬਾਲੀਵੁੱਡ ਫ਼ਿਲਮ "ਸ਼ੂਦਰ ਸੇ ਖਾਲਸਾ" ਵੀ ਓਹਨਾਂ ਹੀ ਡਾਇਰੈਕਟ ਕੀਤੀ ਹੈ। ਅਹਿਮ ਗੱਲ ਇਹ ਕਿ ਬਾਬਾ ਕਮਲ ਨੇ ਪੰਜਾਬੀ ਵੀਡਿਓ ਨਿਰਦੇਸ਼ਨ ਵਿੱਚ ਸਭ ਤੋਂ ਅਧਿਕ ਵੀਡਿਓ ਕਰ ਕਿ ਇੱਕ ਰਿਕਾਰਡ ਕਾਇਮ ਕੀਤਾ ਹੈ। ਬਾਬਾ ਕਮਲ ਓਹ ਨਿਰਦੇਸ਼ਕ ਹਨ ਜਿਹਨਾਂ ਨੇ ਪੰਜਾਬੀ ਦੇ ਨਾਲ ਹਿੰਦੀ ਤੇ ਹਿਮਾਚਲੀ ਸੰਗੀਤ ਵਿੱਚ ਸਫ਼ਲ ਵੀਡਿਓ ਦੇ ਕਿ ਰਿਕਾਰਡ ਬਣਾਏ ਹਨ। ਰਾਜਸਥਾਨੀ ਸੰਗੀਤ ਵਿੱਚ ਵੀ ਵੀਡਿਓ ਸ਼ੁਰੂ ਕਰ ਕਿ ਬਾਬਾ ਕਮਲ ਨੇ ਇਹ ਸਾਬਿਤ ਕੀਤਾ ਹੈ ਕਿ ਇਹ ਸਮਾਂ ਆਲ ਰਾਊਂਡਰ ਬਣ ਅੱਗੇ ਆਉਣ ਦਾ ਹੈ। ਇੱਕ ਪਾਸੇ ਇਸ ਨੇ ਇੰਦੂ ਨੂੰ



ਲੈ ਕਿ ਅਤੇ ਦੂਜੇ ਪਾਸੇ ਵਨੀਤ ਅਟਵਾਲ ਆਦਿ ਨਾਲ ਕੰਮ ਕੀਤਾ ਹੈ। ਦੇਸ਼ ਦੀ ਮਹਾਨ ਭਜਨ ਗਾਇਕਾ ਅਨੁਰਾਧਾ ਪੌਡਵਾਲ ਤੇ ਦੂਜੇ ਪਾਸੇ ਭਜਨ ਸਮਰਾਟ ਅਨੂਪ ਜਲੋਟਾ ਦੇ ਵੀਡਿਓ ਕੀਤੇ ਹਨ। ਬਾਬਾ ਕਮਲ ਕਿੰਨੇ ਸਰਗਰਮ ਹੋਣਗੇ ਅੰਦਾਜਾ ਇਸ ਤੋਂ ਲਾਇਆ ਜਾ ਸਕਦਾ ਹੈ ਕਿ ਹਰ ਹਫ਼ਤੇ 2 ਦੇ ਕਰੀਬ ਆ ਰਹੇ ਵੀਡਿਓ ਦੇ ਨਿਰਦੇਸ਼ਕ ਓਹ ਹਨ। ਬਾਬਾ ਕਮਲ ਇੱਕ ਤਰਾਂ ਨਾਲ ਆਰ ਜੇ ਬੀਟਸ ਦੇ ਪੱਕੇ ਵੀਡਿਓ ਐਲਬਮ ਨਿਰਦੇਸ਼ਕ ਹਨ। ਪੰਮਾ ਮੱਲ੍ਹੀ ਦਾ ਵੀਡਿਓ ਵੀ ਓਹ ਕਰਦੇ ਹਨ ਤੇ



ਬਾਲੀਵੁੱਡ ਗਾਇਕਾਂ ਸਾਧਨਾ ਸਰਗਮ ਦਾ ਵੀ ਤੇ ਤ੍ਰਿਪਤੀ ਸਕਿਆ, ਅਨੁਜਾ ਸਮੇਤ ਯੂ ਪੀ ਬਿਹਾਰ ਦੇ ਕਲਾਕਾਰਾਂ ਵਿੱਚ ਵੀ ਬਾਬਾ ਕਮਲ ਵੀਡਿਓ ਨਿਰਦੇਸ਼ਕ ਤੌਰ ਤੇ ਲੋਕ ਪ੍ਰਿਅ ਹਨ। ਸੈਂਕੜਿਆਂ ਦੇ ਕਰੀਬ ਓਹਨਾਂ ਵੀਡਿਓ ਨਿਰਦੇਸ਼ਤ ਕੀਤੇ ਹਨ। ਉਹ ਆਖਦੇ ਨੇ ਇਹ ਸਭ ਈਸ਼ਵਰ ਦੀ ਕਿਰਪਾ ਤੇ ਚੰਗੀ ਟੀਮ ਤੇ ਨਿਰਭਰ ਹੈ ਓਹਨਾਂ ਨਾਲ ਸ਼ੰਕਰ ਦੇਵਾ ਜਿਹੇ ਡੀ ਓ ਪੀ ਹਨ, ਜਯੋਤੀ ਜਿਹੇ ਮੇਕ ਅੱਪ ਨਿਰਦੇਸ਼ਕ ਤੇ ਰਾਮ ਭੋਗਪੁਰ ਜਿਹੇ ਸੰਗੀਤ ਪੇਸ਼ਕਾਰ ਆਖਦੇ ਨੇ ਓਹਨਾਂ ਲਈ ਸੁਭਾਸ਼ ਘਈ ਤੇ ਕਰਨ ਜੌਹਰ ਬਾਬਾ ਕਮਲ ਹੀ ਹਨ। ਹੁਣ ਵੇਲਾ ਸੱਭਿਆਚਾਰਕ ਤੌਰ ਤਰੀਕੇ ਦੀ ਫ਼ਿਲਮ ਨਿਰਦੇਸ਼ਤ ਕਰਨ ਦਾ ਹੈ।ਧਾਰਮਿਕ ਵੀਡਿਓ ਨਿਰਦੇਸ਼ਨ ਵਿੱਚ ਬਾਬਾ ਕਮਲ ਖਾਸ ਤੌਰ ਤੇ ਪ੍ਰਸਿੱਧ ਹਨ। ਬਾਬਾ ਕਮਲ ਬਾਲੀਵੁੱਡ ਦੀ ਫ਼ਿਲਮ ਡਾਇਰੈਕਟਰ ਸੰਸਥਾ ਤੇ ਟੀਵੀ ਸੰਸਥਾ ਦੇ ਡਾਇਰੈਕਟਰ ਬਣ ਵੀ ਸੇਵਾ ਦੇ ਚੁੱਕੇ ਹਨ। ਬਾਬਾ ਕਮਲ ਨੇ ਇੱਕ ਗੱਲ ਕਹੀ ਕਿ ਓਹ ਆਪਣੇ ਹਿਸਾਬ ਨਾਲ ਘੱਟ ਲਾਗਤ ਵਿੱਚ ਜਿਆਦਾ ਵਧੀਆ ਵੀਡਿਓ, ਐਲਬਮ ਤੇ ਫ਼ਿਲਮ ਬਣਾਉਂਦੇ ਹਨ ਤੇ ਬਣਾਉਂਦੇ ਰਹਿਣਗੇ। ਬਾਬਾ ਕਮਲ ਦੀ ਤਮੰਨਾ ਕਿਸੇ ਵੀਡਿਓ ਲਈ ਰਾਸ਼ਟਰੀ ਐਵਾਰਡ ਤੇ ਫ਼ਿਲਮ ਲਈ ਦਰਸ਼ਕ ਵਰਗ ਵੱਲੋਂ ਕਾਮਯਾਬੀ ਦਾ ਐਵਾਰਡ ਹਾਸਿਲ ਕਰਨਾ ਚਾਹੁੰਦੇ ਹਨ। ਫਿਰੋਜ਼ ਖਾਨ, ਰੋਹਿਤ ਕੁਮਾਰ ਬੌਬੀ, ਕਵਿਤਾ ਪੌਡਵਾਲ ਤੇ ਸੁਰੇਸ਼ ਵਾਦੇਕਰ ਦੇ ਵੀਡਿਓ ਬਣਾਉਣ ਦਾ ਮਾਣ ਵੀ ਬਾਬਾ ਕਮਲ ਨੂੰ ਹਾਸਿਲ ਹੈ ਤੇ ਖਾਸ ਗੱਲ ਇਹ ਕਿ ਬਾਬਾ ਕਮਲ ਦੇ ਹਰ ਵੀਡਿਓ ਦੀ ਕਹਾਣੀ ਦਿਲਚਸਪ ਤੇ ਅਲੱਗ ਹੁੰਦੀ ਹੈ ਤੇ ਓਹਨਾਂ ਦੇ ਮਾਡਲ ਮੁੰਡੇ ਕੁੜੀਆਂ ਫ਼ਿਲਮਜ਼ ਵਿੱਚ ਵੀ ਪਹੁੰਚੇ ਹਨ ਤੇ ਆਖਦੇ ਨੇ ਕਿ ਬਾਬਾ ਕਮਲ ਦੇ ਦਿੱਤੇ ਮੌਕੇ ਓਹਨਾਂ ਦੇ ਵਰ ਆਏ ਹਨ।

-ਅੰਮ੍ਰਿਤ ਪਵਾਰ


# ਵਿਵਾਦਤ ਫਿਲਮ 'ਐਮਰਜੈਂਸੀ' - ਅਜਿਹੇ ਮਸਲਿਆਂ ਦੇ ਸਦੀਵੀ ਹੱਲ ਲਈ ਸਿਖ ਪੰਥ ਕੀ ਕਰੇ ?

**ਰਾਜਵਿੰਦਰ ਸਿੰਘ**

ਆਉਣ ਵਾਲੀ 6 ਸਤੰਬਰ ਨੂੰ 'ਐਮਰਜੈਂਸੀ' ਨਾਮੀ ਵਿਵਾਦਤ ਫਿਲਮ ਜਾਰੀ ਹੋਣ ਜਾ ਰਹੀ ਹੈ, ਜਿਸ ਦਾ ਵਿਰੋਧ ਹੋਣਾ ਸ਼ੁਰੂ ਹੋ ਗਿਆ ਹੈ। ਵਿਰੋਧ ਕਰਨ ਵਾਲੇ ਇੱਕ ਹਿੱਸੇ ਦਾ ਕਹਿਣਾ ਹੈ ਕਿ ਸਟੇਟ ਵੱਲੋਂ ਆਪਣਾ ਬਿਰਤਾਂਤ ਮਜ਼ਬੂਤ ਕਰਨ ਦੇ ਲਈ ਫਿਲਮ ਵਿੱਚ ਸਿੱਖ ਸ਼ਹੀਦਾਂ ਅਤੇ ਖਾੜਕੂ ਸਿੰਘਾਂ ਦੀ ਗਲਤ ਪੇਸ਼ਕਾਰੀ ਕੀਤੀ ਗਈ ਹੈ, ਜੋ ਕਿ ਸੱਚ ਵੀ ਹੈ। ਇਸ ਸਬੰਧੀ ਫਿਲਮ ਨੂੰ ਬੰਦ ਕਰਵਾਉਣ ਲਈ ਲਗਾਤਾਰ ਬਿਆਨ ਵੀ ਆ ਰਹੇ ਹਨ।

ਇਹ ਗੱਲ ਠੀਕ ਹੈ ਕਿ ਫਿਲਮ ਬੰਦ ਹੋਣੀ ਚਾਹੀਦੀ ਹੈ ਪਰ ਇਹ ਮਸਲੇ ਦਾ ਹੱਲ ਨਹੀਂ ਹੈ। ਅੱਜ ਇਹ ਫਿਲਮ ਹੈ, ਕੱਲ੍ਹ ਕੋਈ ਹੋਰ ਬਣ ਜਾਣੀ ਹੈ ਅਤੇ ਪਰਸੋਂ ਹੋਰ, ਇਹ ਸਿਲਸਿਲਾ ਇਸੇ ਤਰ੍ਹਾਂ ਚੱਲਦਾ ਰਹਿਣਾ ਹੈ। ਸਾਡੀ ਊਰਜਾ ਕੁਝ ਉਸਾਰੂ ਕਰਨ ਦੀ ਥਾਂ ਨਿੱਤ ਦਿਨ ਅਜਿਹੇ ਪਾਸੇ ਲਗਦੀ ਰਹੇਗੀ।

ਸਾਨੂੰ ਇਸ ਮਸਲੇ ਦੀ ਜੜ੍ਹ ਸਮਝਣ ਦੀ ਲੋੜ ਹੈ। ਫਿਲਮ ਜਾਂ ਤਾਂ ਨਕਲ ਹੁੰਦੀ ਹੈ ਜਾਂ ਝੂਠ, ਇਸ ਤੋਂ ਬਿਨਾਂ ਕੁਝ ਨਹੀਂ। ਇਤਿਹਾਸ ਦੀ ਨਕਲ ਕਰਦਿਆਂ, ਤੱਥਾਂ ਨੂੰ ਸਹੀ ਪੇਸ਼ ਕੀਤਾ ਜਾਂ ਗਲਤ, ਇਸ ਗੱਲ ਤੋਂ ਵੀ ਪਹਿਲਾਂ ਸਾਨੂੰ ਸਿੱਖ ਵਜੋਂ ਪਿਛਲੀ ਗੱਲ ਸਮਝਣੀ ਚਾਹੀਦੀ ਹੈ ਕਿ ਇਤਿਹਾਸ ਦੀ ਨਕਲ ਦਾ ਰਾਹ ਕਿੱਥੋਂ ਖੁੱਲ੍ਹਿਆ ਹੈ ਅਤੇ ਕੀ ਇਹ ਰਾਹ ਖੁੱਲ੍ਹਣਾ ਸਹੀ




ਹੈ ?

ਗੁਰ ਇਤਿਹਾਸ ਦੀ ਨਕਲ ਪੇਸ਼ ਕਰਦੀਆਂ ਪਹਿਲਾਂ ਟੋਟਰੂ (ਕਾਰਟੂਨ) ਅਤੇ ਐਨੀਮੇਸ਼ਨ ਵਾਲੀਆਂ ਫਿਲਮਾਂ ਆਈਆਂ, ਜਿਸ ਵਿੱਚ 'ਸਾਹਿਬਜ਼ਾਦੇ', 'ਬਾਬਾ ਮੂਲਾ ਖੱਤਰੀ', 'ਭਾਈ ਤਾਰੂ ਸਿੰਘ' ਆਦਿ ਫ਼ਿਲਮਾਂ ਸ਼ਾਮਲ ਹਨ। ਇਹ ਰਾਹ ਫਿਰ ਹੋਰ ਵਧੇਰੇ ਖੋਲ੍ਹਿਆ ਗਿਆ, ਜਿਸ ਵਿੱਚ ਨਵੀਂ ਤਕਨੀਕ ਦੇ ਪਰਦੇ ਪਿੱਛੇ ਵੱਡੀ ਪੱਧਰ 'ਤੇ ਐਨੀਮੇਸ਼ਨ ਅਤੇ ਐਨੀਮੇਸ਼ਨ+ਲਾਈਵ ਫ਼ਿਲਮਾਂ ਆਈਆਂ, ਜਿਵੇਂ 'ਚਾਰ ਸਾਹਿਬਜ਼ਾਦੇ', 'ਚਾਰ ਸਾਹਿਬਜ਼ਾਦੇ 2', 'ਨਾਨਕ ਸ਼ਾਹ ਫਕੀਰ', 'ਮਦਰਹੁੱਡ', 'ਦਾਸਤਾਨ-ਏ-ਮੀਰੀ ਪੀਰੀ', 'ਦਾਸਤਾਨ-ਏ-ਸਰਹਿੰਦ'।

ਇਸਦੇ ਨਾਲ ਹੀ ਨੇੜਲੇ ਅਤੇ ਪੁਰਾਤਨ ਸਿੱਖ ਇਤਿਹਾਸ ਦੀ ਹੂ-ਬ-ਹੂ ਨਕਲ ਦਾ ਸਿਲਸਿਲਾ ਵੀ ਚਲਾਇਆ ਗਿਆ, ਜਿਸ ਤਹਿਤ 'ਸਾਡਾ ਹੱਕ', 'ਜਿੰਦਾ ਸੁੱਖਾ', 'ਧਰਮ ਯੁੱਧ ਮੋਰਚਾ', 'ਤੂਫਾਨ ਸਿੰਘ', ਜਸਵੰਤ ਸਿੰਘ ਖਾਲੜਾ ਬਾਰੇ 'ਪੰਜਾਬ 95' (ਜਾਰੀ ਨਹੀਂ ਹੋਈ), 'ਮਸਤਾਨੇ', 'ਬੀਬੀ ਰਜਨੀ' (ਅਜੇ ਜਾਰੀ ਹੋਣੀ ਹੈ), ਆਦਿ ਫ਼ਿਲਮਾਂ ਬਣਾਈਆਂ ਗਈਆਂ।

ਜਦੋਂ ਸਾਡੇ ਇਕ ਹਿੱਸੇ ਵੱਲੋਂ ਸਿੱਖ ਇਤਿਹਾਸ ਦੀ ਨਕਲ ਨੂੰ ਫਿਲਮਾਂ ਦੇ ਰੂਪ ਵਿਚ ਪ੍ਰਵਾਨ ਕਰ ਲਿਆ ਗਿਆ ਅਤੇ ਇਹ ਮੈਦਾਨ ਚੁਣ ਲਿਆ ਗਿਆ ਤਾਂ ਫਿਰ ਇਸ ਮੈਦਾਨ ਵਿਚ ਤਾਂ ਹਰ ਇੱਕ ਧਿਰ ਹੈ ਤੇ ਹਰ ਧਿਰ ਦੀ ਇਤਿਹਾਸ ਬਾਰੇ ਆਪਣੀ ਸਮਝ ਹੈ, ਆਪਣਾ ਸਤਿਕਾਰ ਅਤੇ ਨਜ਼ਰੀਆ ਹੈ ਜੋ ਬਿਰਤਾਂਤ ਉਨ੍ਹਾਂ ਨੇ ਇਸ ਰਾਹੀਂ ਮਜ਼ਬੂਤ ਕਰਨਾ ਹੈ। ਸਿੱਖਾਂ ਵਲੋਂ ਨਕਲ ਦੀ ਇਸੇ ਪ੍ਰਵਾਨਗੀ ਨੇ ਇਤਿਹਾਸਕ ਘਟਨਾਵਾਂ ਨੂੰ ਦੂਜੇ ਦੇ ਪੱਖ ਤੋਂ ਪੇਸ਼ ਕਰਨ ਦੇ ਰਾਹ ਖੋਲ੍ਹ ਦਿੱਤੇ ਹਨ, ਜਿਸ ਕਰਕੇ ਸਮੇਂ ਸਮੇਂ 'ਤੇ ਇਤਿਹਾਸ ਦੀ ਗਲਤ ਪੇਸ਼ਕਾਰੀ ਅਤੇ ਗੁਰੂ ਸਾਹਿਬਾਨ, ਸਾਹਿਬਜ਼ਾਦੇ ਅਤੇ ਸਿੱਖ ਸ਼ਹੀਦਾਂ ਦੀਆਂ ਨਕਲਾਂ ਵਾਲੀਆਂ ਫ਼ਿਲਮਾਂ, ਨਾਟਕ ਆਦਿ ਲਗਾਤਾਰ ਬਣ ਰਹੇ ਹਨ। ਇਸੇ ਰਾਹ ਨੇ ਪਹਿਲਾਂ 'ਚਮਕੀਲਾ' ਤੇ ਹੋਰ ਅਨੇਕਾਂ ਫਿਲਮਾਂ ਅਤੇ ਹੁਣ 'ਐਮਰਜੈਂਸੀ' ਵਰਗੀ ਫਿਲਮ ਵਿੱਚ ਇਤਿਹਾਸ ਦੀ ਗਲਤ ਪੇਸ਼ਕਾਰੀ ਅਤੇ ਸਿੱਖ ਸ਼ਹੀਦਾਂ ਦੀ ਨਕਲ ਦੀ ਖੁੱਲ੍ਹ ਦਿੱਤੀ ਹੈ।

ਇਹ ਗੱਲ ਇਥੇ ਹੀ ਨਹੀਂ ਮੁੱਕਣੀ, ਇਹ ਸਿਲਸਿਲਾ ਤਾਂ ਸਦਾ ਜਾਰੀ ਰਹਿਣਾ ਹੈ। ਇਸ ਲਈ ਸਾਨੂੰ ਹਰ ਵਾਰ ਕਿਸੇ ਖਾਸ ਫਿਲਮ ਦਾ ਵਿਰੋਧ ਕਰਨ ਦੀ ਥਾਂ ਇਸ ਰਾਹ ਨੂੰ ਪੱਕਾ ਬੰਦ ਕਰਨ ਵਾਲੇ ਪਾਸੇ ਪੈਣਾ ਚਾਹੀਦਾ ਹੈ। ਸਾਡੀ ਪਰੰਪਰਾ ਝਾਕੀ ਦੀ ਨਹੀਂ ਹੈ ਸਾਖੀ ਦੀ ਹੈ, ਇਸ ਸਬੰਧੀ ਭਾਈ ਰਣਧੀਰ ਸਿੰਘ, ਭਾਈ ਵੀਰ ਸਿੰਘ, ਪ੍ਰੋ: ਪੂਰਨ ਸਿੰਘ, ਸੰਤ ਕਰਤਾਰ ਸਿੰਘ ਭਿੰਡਰਾਂਵਾਲਿਆਂ ਅਤੇ ਪ੍ਰੋ: ਹਰਿੰਦਰ ਸਿੰਘ ਮਹਿਬੂਬ ਜਿਹੇ ਵਿਦਵਾਨਾਂ ਅਤੇ ਗੁਰਮੁਖਾਂ ਦੇ ਬੋਲਾਂ ਤੋਂ ਸੇਧ ਲੈਣ ਦੀ ਲੋੜ ਹੈ। ਗੁਰੂ ਖਾਲਸਾ ਪੰਥ ਨੂੰ ਬੇਨਤੀ ਹੈ ਕਿ ਇਸ ਰਾਹ ਬਾਰੇ ਗੰਭੀਰ ਤੌਰ ਤੇ ਚਿੰਤਨ ਕਰਕੇ ਗੁਰਮਤਾ ਪਕਾਉਣਾ ਚਾਹੀਦਾ ਹੈ ਅਤੇ ਸਿੱਖ ਇਤਿਹਾਸ ਦੀ ਨਕਲ ਹਰ ਰੂਪ ਵਿੱਚ ਮੁਕੰਮਲ ਬੰਦ ਕਰਨੀ ਚਾਹੀਦੀ ਹੈ।

# ★ ਮਿੰਨੀ ਕਹਾਣੀਆਂ ★

## ਜ਼ਿੰਦਗੀ ਦੇ ਅਰਥ

ਜੂਨ ਦੇ ਮਹੀਨੇ ਦੀ ਤਿੱਖੜ ਦੁਪਹਿਰ ਸੀ। ਹਵਾ ਬੰਦ ਸੀ। ਅਸਮਾਨ 'ਚ ਬੱਦਲਾਂ ਦੇ ਲੰਗਾਰ ਸੂਰਜ ਤੋਂ ਪਾਸੇ ਖੜੇ ਸਨ। ਦੋ ਘੰਟਿਆਂ, ਤੋਂ ਦੋਵੇ ਮਾਂ-ਪੁੱਤ ਮੱਝ ਲਈ ਨਰਮੇ ਦੇ ਖੇਤ 'ਚੋਂ ਇੱਸਿਟ-ਘਾਹ ਖੋਤ ਰਹੇ ਸਨ। ਇਕ ਅੱਖੜ ਮੱਝ ਦੋਵੇਂ ਜਾਂ ਪੁੱਤਾਂ ਦੀ ਰੋਟੀ ਦਾ ਸਾਧਨ ਸੀ। ਜਿਸਦਾ ਦੋ ਕਿਲੋ ਦੁੱਧ ਵੇਚਕੇ ਉਹ ਹਰ ਰੋਜ਼ ਦੀ ਰੋਟੀ ਦਾ ਆਹਰ ਕਰਦੇ ਸਨ। ਬੁੱਢੀ ਮਾਂ ਥੱਕਕੇ ਵੱਟ ਦੇ ਕਿਨਾਰੇ ਇਕ ਛੋਟੀ ਜਿਹੀ ਬੇਰੀ ਥੱਲੇ ਬੈਠ ਗਈ ਪਰ ਅਠਾਰਾਂ ਵਰਿਆਂ ਦਾ ਪੁੱਤਰ ਘਾਹ ਖੋਤ ਰਿਹਾ ਸੀ। ਪਸੀਨਾ ਚੋਅ-ਚੋਅ ਕੇ ਉਸਦੇ ਕਣਕ ਵੰਨੇ ਰੰਗ 'ਚ ਘੁੱਲਦਾ ਜਾ ਰਿਹਾ ਸੀ। ਗਲ ਪਾਟਿਆ ਜਾਮਾ ਭਿੱਜ ਕੇ ਜਿਸਮ ਨਾਲ ਚਿਪਕ ਗਿਆ ਸੀ ਤੇ ਇਕ ਖੱਟੀ-ਖੱਟੀ ਹਵਾੜ ਆ ਰਹੀ ਸੀ।

ਪਰੇ ਸੜਕ ਤੋਂ ਦੂਰ ਹਵੇਲੀ ਵਾਲੇ ਸਰਦਾਰ ਦੇ ਦੋਵੇਂ ਮੁੰਡੇ ਸਕੂਟਰ ਤੇ ਸ਼ਹਿਰੋਂ ਪੜਕੇ ਮੁੜ ਰਹੇ ਸਨ। ਕਾਲੀਆਂ ਐਨਕਾ ਫਿੱਟ ਕੱਪੜਿਆਂ 'ਚ ਉਨ੍ਹਾਂ ਦਾ ਗੋਰਾ-ਗੋਰਾ ਸਰੀਰ ਝਲਕ ਰਿਹਾ ਸੀ। ਦੋਵੇਂ ਭਰਾ ਆਪਸ 'ਚ ਗੱਲਾਂ ਕਰਦੇ ਖਿੜ-ਖਿੜ ਹੱਸਦੇ ਕੋਲੋਂ ਦੀ ਗੁਜ਼ਰ ਗਏ। ਘਾਹ ਖੋਤ ਰਿਹਾ ਮੁੰਡਾ ਨੀਝ ਲਾਕੇ ਕਿੰਨਾ ਚਿਰ ਉਨ੍ਹਾਂ ਜਾਂਦਿਆਂ ਨੂੰ ਦੇਖਦਾ ਰਿਹਾ। ਪਸੀਨਾ ਉਸਦੇ ਸਿਰ ਤੋਂ ਲੈ ਕੇ ਪੈਰਾ ਤਾਂਈ ਚੋਅ ਰਿਹਾ ਸੀ। ਭੂਹੀ ਵਿਚ ਥਕਾਵਟ ਦੀਆਂ ਪੀੜਾਂ ਪੈ ਰਹੀਆਂ ਸਨ ਅਤੇ ਢਿੱਡ 'ਚ ਭੁੱਖ ਤਰੀੜਾਂ ਪਾ ਰਹੀ ਸੀ। ਹੁਣ ਤੱਕ ਸਵੇਰ ਦੀ ਚਾਹ ਨਾਲ ਇਕ ਰੋਟੀ ਰਾਤ ਦੀ ਬਚੀ ਹੋਈ ਬੇਹੀ ਰੁੱਖੀ ਨਸੀਬ ਹੋਈ ਸੀ। ਇਕ ਚੱਕਰ ਜਿਹਾ ਆਇਆ ਅਤੇ ਉਸਨੂੰ ਲੱਗਾ ਕਿ ਉਹ ਹੁਣ ਡਿੱਗ ਪਵੇਗਾ। ਉਹ ਉੱਠਿਆ ਤੇ ਕਾਹਲੀ-ਕਾਹਲੀ ਨਾਲ ਮਾਂ ਕੋਲ ਜਾ ਕੇ ਬੈਠ ਗਿਆ। ਫਿਰ ਟਾਕੀਆਂ ਲੱਗੇ ਝੱਗੇ ਨਾਲ ਮੂੰਹ ਨੂੰ ਹਵਾ ਦੇਣ ਲੱਗ ਪਿਆ। ਉਸਦਾ ਜੀ ਕੀਤਾ ਕਿ ਛਾਵੇਂ ਲੰਮਾ ਪੈ ਜਾਵੇ। ਮਾਂ "ਜਵਾਨੀ ਕੀ ਹੁੰਦੀ ਐ ਤੇ ਜ਼ਿੰਦਗੀ ਦੇ ਕੀ ਅਰਥ ਹੁੰਦੇ ਹਨ ?"

ਮਾਂ ਨੇ ਝੁਰੜੀਆਂ ਭਰੇ ਚਿਹਰੇ ਨਾਲ ਪੁੱਤਰ ਵੱਲ ਵੇਖਿਆ ਤੇ ਫਿਰ ਬੋਲੀ, "ਪੁੱਤ ! ਜਦੋਂ ਮੱਲੋ-ਮੱਲੀ ਹਾਸਾ ਆਵੇ ਤਾਂ ਉਹ ਜਵਾਨੀ ਹੁੰਦੀ ਹੈ ਤੇ ਜਦੋਂ ਸਰੀਰ ਦੇ ਸਾਰੇ ਅੰਗ ਠੀਕ ਠਾਕ ਕੰਮ ਕਰਨ ਤਾਂ ਉਹ ਵਧੀਆ ਜ਼ਿੰਦਗੀ ਹੁੰਦੀ ਐ।"

ਪੁੱਤਰ ਦੇ ਮੂੰਹ ਤੇ ਜਿਵੇਂ ਸਾਰੀ ਦੁਨੀਆਂ ਦਾ ਦਰਦ ਇਕੱਠਾ ਹੋ ਗਿਆ ਹੋਵੇ। ਉਸਨੇ ਅੱਖਾਂ ਭਰਕੇ ਕਿਹਾ, "ਮਾਂ ! ਹਾਸਾ ਤਾਂ ਮੈਨੂੰ ਵੀ ਪਿਛਲੇ ਸਾਲ ਨਹੀਂ ਸੀ ਆਇਆ।" ਉਸਨੇ ਕੂਹਣੀ ਤੱਕ ਕੱਟੀ ਬਾਹ ਨੂੰ ਦੂਜੇ ਹੱਥ ਨਾਲ ਪਲੋਸਦੇ ਹੋਏ ਕਿਹਾ। ਉਸਨੂੰ ਇੰਝ ਲੱਗਾ ਜਿਵੇਂ ਉਸਤੋਂ ਜ਼ਿੰਦਗੀ ਦੀ ਝਲਕ ਗੁਆਚ ਗਈ ਹੋਵੇ। ਆਪਣੇ ਗਮਾਂ ਦੇ ਅਰਥਾਂ ਦੀ ਕੁਝ-ਕੁਝ ਸਮਝ ਆਉਣ ਲੱਗ ਪਈ ਹੋਵੇ। ਉਹ ਉੱਠਿਆ ਤੇ ਘਾਹ ਖੋਤਣ ਲਈ ਰੰਬਾ ਚੁੱਕਿਆ ਪਰ ਅਚਾਨਕ ਹੀ ਰੰਗਾ ਉਸਦੇ ਹੱਥ 'ਚੋਂ ਛੁੱਟ ਗਿਆ ਤੇ ਪੈਰ ਦੇ ਅੰਗੂਠੇ ਤੇ ਵੱਜਿਆ ਤੇ ਲਹੂ ਦੀ ਤਿੱਖੀ ਤਤੀਰ ਫੁਹਾਰੇ ਵਾਂਗ ਵਹਿ ਤੁਰੀ। ਮੁੰਡੇ ਨੇ ਦੰਦਾ ਵਿਚ ਜੀਭ ਘੁੱਟ ਲਈ ਤੇ ਕੋਈ ਪੀੜ ਉਸਦੇ ਧੁਰ ਦਿਲ ਤੱਕ ਚੀਕਦੀ ਜਾ ਰਹੀ। ਧੁੱਪ ਅਜੇ ਵੀ ਧਰਤੀ ਦਾ ਪਿੰਡਾ ਲੂਹ ਰਹੀ ਸੀ ਤੇ ਸਰਦਾਰਾਂ ਦੀ ਹਵੇਲੀ ਤੇ ਲੱਗਾ ਐਟੀਨਾ ਤਾਰੇ ਵਾਂਗ ਧੁੱਪ ਵਿਚ ਲਿਸ਼ਕ ਰਿਹਾ ਸੀ।

-ਗੁਰਮੇਲ ਬੋਡੇ

## ਡਾਂਸਰ

ਸਰਬ ਆਪਣੀ ਰਿਸ਼ਤੇਦਾਰੀ ਵਿੱਚ ਵਿਆਹ ਵੇਖਣ ਗਿਆ ਸੀ। ਪੈਲਸ ਵਿੱਚ ਬਰਾਤ ਗਈ। ਸਾਰੇ ਰਿਸ਼ਤੇਦਾਰ ਤੇ ਹੋਰ ਯਾਰ ਦੋਸਤ ਇਕੱਠੇ ਹੋਏ ਸਨ। ਕਾਫੀ ਰੌਣਕ ਸੀ। ਸ਼ਰਾਬ ਵੀ ਚੱਲ ਰਹੀ ਸੀ। ਸਰਬ ਆਪਣੇ ਦੋਸਤਾ ਨਾਲ ਬੈਠ ਕੇ ਸ਼ਰਾਬ ਪੀ ਰਿਹਾ ਸੀ। ਸਟੇਜ ਤੇ ਸਾਹਮਣੇ ਡਾਸਰਾਂ ਨੱਚ ਰਹੀਆਂ ਸਨ। ਤਿੰਨ ਚਾਰ ਪੈੱਗ ਲਾਉਣ ਤੋਂ ਬਾਅਦ ਸਰਬ ਦੋਸਤਾਂ ਨਾਲ ਜਾ ਕੇ ਡਾਸਰਾਂ ਨਾਲ ਨੱਚਣ ਲੱਗ ਪਿਆ। ਸ਼ਰਾਬ ਦੇ ਨਸ਼ੇ ਵਿੱਚ ਕਦੇ ਡਾਸਰ ਦੀ ਬਾਹ ਫੜ ਕੇ ਨੱਚਦਾ ਨੱਚਦਾ ਸੈਲਫੀਆਂ ਲੈ ਰਿਹਾ ਸੀ ਤੇ ਕਦੇ ਗਲਤ ਹਰਕਤਾਂ ਕਰ ਰਿਹਾ ਸੀ।

ਸ਼ਾਮ ਨੂੰ ਬਰਾਤ ਘਰ ਆ ਗਈ। ਸ਼ਰਾਬ ਦਾ ਨਸ਼ਾ ਪਹਿਲਾਂ ਹੀ ਬਹੁਤ ਸੀ। ਘਰ ਆ ਕੇ ਹੋਰ ਪੀ ਲਈ। ਰੋਟੀ ਖਾ ਕੇ ਸਾਰੇ ਜਾਣੇ ਲੱਗ ਪਏ ਇੱਕ ਦੂਜੇ ਨਾਲ ਗੱਲਾਂ ਬਾਤਾਂ ਕਰਨ।. ਨਿੱਕੇ ਨਿੱਕੇ ਬੱਚੇ ਵੀ ਬੈਠੇ ਸਨ। ਸਰਬ ਨੇ ਬੱਚਿਆਂ ਨੂੰ ਪੁੱਛਿਆ ਕਿ ਸਾਰੇ ਦੱਸੋ ਵੱਡੇ ਹੋ ਕੇ ਬਣੋਂਗੇ। ਕਿਸੇ ਨੇ ਕਿਹਾ ਪੁਲਿਸ ਕਿਸੇ ਨੇ ਕਿਹਾ ਟੀਚਰ, ਡਾਕਟਰ, ਛੋਟਾ ਭੀਮ, ਸਾਰੇ ਬੱਚਿਆਂ ਨੇ ਜਵਾਬ ਦਿੱਤਾ।

ਹੁਣ ਸਰਬ ਨੇ ਆਪਣੀ 4 ਕੁ ਸਾਲ ਦੀ ਬੇਟੀ ਪਰੀਤ ਨੂੰ ਪੁੱਛਿਆ ਮੇਰੀ ਪਿਆਰੀ ਬੇਟੀ ਪਰੀਤ ਵੱਡੀ ਹੋ ਕੇ ਕੀ ਬਣੇਗੀ। ਪਰੀਤ ਨੇ ਕਿਹਾ ਪਾਪਾ ਮੈਂ ਵੱਡੀ ਹੋ ਕੇ ਡਾਂਸਰ ਬਣਾਗੀ। ਏਨਾ ਸੁਣਦੇ ਹੀ ਸਰਬ ਦੀ ਸਾਰੀ ਪੀਤੀ ਲੱਥ ਗਈ। ਸਾਰੇ ਪਰੀਤ ਨੂੰ ਝਿੜਕਨ ਲੱਗ ਪਏ। ਸਰਬ ਨੀਵੀਂ ਪਾ ਕੇ ਉੱਠ ਕੇ ਹੌਲੀ ਹੌਲੀ ਕੋਠੇ ਤੇ ਚੜ ਗਿਆ ਤੇ ਜੇਬ ਚੋਂ ਮੋਬਾਇਲ ਕੱਢ ਕੇ ਡਾਂਸਰ ਨਾਲ ਖਿੱਚੀਆਂ ਸੈਲਫੀਆਂ ਡਿਲੀਟ ਕਰਨ ਲੱਗ ਪਿਆ।

-ਪ੍ਰਤਾਪ ਸਿੰਘ ਕੁੜੀਵਲਾਹ

## ਸਵਾਲ

ਅਮਿਤ ਦਾ ਨੰਬਰ ਆਉਂਦਿਆਂ ਹੀ ਉਹ ਇੰਟਰਵਿਊ ਵਾਲੇ ਕਮਰੇ ਵਿੱਚ ਚਲਾ ਗਿਆ। ਚੋਣ ਕਮੇਟੀ ਦੇ ਚੇਅਰਮੈਨ ਨੇ ਵਾਰੀ-ਵਾਰੀ ਕਈ ਸਵਾਲ ਅਮਿਤ ਤੋਂ ਪੁੱਛੇ। "ਬਈ ਤੂੰ ਤਾਂ ਸਾਰੇ ਸਵਾਲਾਂ ਦੇ ਜਵਾਬ ਸਹੀ ਦਿੱਤੇ ਹਨ। ਬੱਸ ਇੱਕ ਹੀ ਸਵਾਲ ਹੈ ਜੇ ਤੂੰ ਉਸ ਦਾ ਵੀ ਠੀਕ ਜਵਾਬ ਦੇ ਦਿੱਤਾ ਤਾਂ ਤੇਰੀ ਨੌਕਰੀ ਪੱਕੀ।" ਚੇਅਰਮੈਨ ਨੇ ਖੁਸ਼ੀ ਨਾਲ ਕਿਹਾ।


ਅਮਿਤ ਨੇ ਮੁਸਕਰਾਉਂਦਿਆਂ ਪੁੱਛਿਆ, "ਜੀ ਉਹ ਕਿਹੜਾ ਸਵਾਲ ਹੈ ?" ਚੋਣ ਕਮੇਟੀ ਦੇ ਚੇਅਰਮੈਨ ਨੇ ਅੰਗੂਠੇ ਨੂੰ ਚਾਰ ਉਂਗਲਾਂ ਤੇ ਘੁਮਾਣਾ ਸ਼ੁਰੂ ਕਰ ਦਿੱਤਾ। ਅਮਿਤ ਨੇ ਹੈਰਾਨੀ ਨਾਲ ਕਿਹਾ, "ਜੀ ਮੈਂ ਸਮਝਿਆ ਨਹੀਂ।" ਉਹਨਾਂ ਨੇ ਫਿਰ ਤੋਂ ਆਪਣੇ ਹੱਥ ਦੀਆਂ ਚਾਰ ਉਂਗਲਾਂ 'ਤੇ ਅੰਗੂਠੇ ਨੂੰ ਤੇਜ਼ੀ ਨਾਲ ਘੁਮਾਉਣਾ ਸ਼ੁਰੂ ਕਰ ਦਿੱਤਾ।

"ਪਲੀਜ਼, ਜੀ ਜ਼ਰਾ ਵਿਸਥਾਰ ਨਾਲ ਦੱਸੋ, ਮੈਂ ਅਜੇ ਵੀ ਨਹੀਂ ਸਮਝਿਆ।" ਚੇਅਰਮੈਨ ਨੇ ਛਿੱਥੇ ਪੈਂਦਿਆਂ ਕਿਹਾ, "ਓਏ, ਜੇ ਇੰਨੀ ਗੱਲ ਨਹੀਂ ਸਮਝ ਸਕਦਾ ਤਾਂ ਨੌਕਰੀ ਸੁਆਹ ਦੀ ਕਰੇਂਗਾ।" ਤੇ ਉਨ੍ਹਾਂ ਨੇ ਅਗਲਾ ਨੰਬਰ ਬੋਲ ਦਿੱਤਾ।

ਮਨਪ੍ਰੀਤ ਕੌਰ ਭਾਟੀਆ

# ਗੁਰਬਾਣੀ ਦੀ ਇਕ ਇਲਾਹੀ ਵਿਸ਼ੇਸ਼ਤਾ ਹੈ ਕਿ ਇਹ ਮਨੁੱਖ ਨੂੰ ਇਤਿਹਾਸ ਵੱਲ ਧੱਕਦੀ ਹੈ ਅਤੇ ਇਤਿਹਾਸ ਦੀ ਜਾਗ ਲਾਉਂਦੀ ਹੈ

**ਲੇਖਕ - ਜਥੇਦਾਰ**
**ਮਹਿੰਦਰ ਸਿੰਘ ਯੂ ਕੇ**
**ਮੋਬਾਈਲ ਫੋਨ:**
**07989 927477**



**(ਲੜੀ ਜੋੜਨ ਲਈ ਵੇਖੋ ਪਿਛਲੇ ਹਫ਼ਤੇ ਦਾ ਪੰਜਾਬ ਟਾਈਮਜ਼ ਅੰਕ 3045)**

**ਭੁੱਲ ਦੀ ਸੋਧ** – ਪਿਛਲੇ ਹਫ਼ਤੇ ਦਾਸ ਨੇ ਇਕ ਨੋਟ ਲਿਖਿਆ ਸੀ ਕਿ ਸ: ਗਜਿੰਦਰ ਸਿੰਘ ਨੇ ਇਹ ਲੇਖ 2003 ਵਿੱਚ ਲਿਖਿਆ ਜਦੋਂ ਅਕਾਲੀ-ਭਾਜਪਾ ਗੱਠਜੋੜ ਸੀ। (ਪਰ ਅਕਾਲੀ-ਭਾਜਪਾ ਗੱਠਜੋੜ 1997 ਤੋਂ 2002 ਤੱਕ ਤੇ ਫਿਰ 2007 ਤੋਂ 2017 ਤੱਕ ਰਿਹਾ। ਸ਼੍ਰੋਮਣੀ ਅਕਾਲੀ ਦਲ (ਅਕਾਲੀ ਦਲ ਬਾਦਲ) ਨੇ ਦਸ਼ਮੇਸ਼ ਪਿਤਾ ਦੇ ਖ਼ਾਲਸਾ ਪੰਥ ਦੇ ਬੁਨਿਆਦੀ ਅਸੂਲਾਂ, ਨਿਸ਼ਾਨਿਆਂ ਦੀ ਕੱਟੜ ਵਿਰੋਧੀ ਪਾਰਟੀ ਭਾਜਪਾ ਨਾਲ ਗੈਰ-ਸਿਧਾਂਤਕ ਗੱਠਜੋੜ ਰੱਖਿਆ। ਸੋਝੀਵਾਨ ਪੰਥਕ ਸੇਵਕਾਂ ਨੂੰ ਸਿੱਖ ਰਾਜਨੀਤੀ ਤੋਂ ਦੂਰ ਰੱਖਿਆ ਅਤੇ ਆਦਰਸ਼ਹੀਨ ਅਤੇ ਅਸਿੱਖ ਰੁਚੀਆਂ ਵਾਲੇ ਮੌਕਾ ਪ੍ਰਸਤਾਂ ਦੀ ਪੰਜਾਬੀ ਪਾਰਟੀ ਬਣਾ ਲਈ (1996 ਦੀ ਮੋਗਾ ਕਾਨਫਰੰਸ ਸਮੇਂ) ਅਤੇ ਸਿੱਖ ਖਾਸੇ ਨੂੰ ਤਿਲਾਂਜਲੀ ਦੇ ਦਿੱਤੀ, ਸਿੱਖਾਂ ਨੂੰ ਸਿਆਸੀ ਤੌਰ 'ਤੇ ਬੇ-ਜ਼ਬਾਨ ਕਰਨ ਦਾ ਇਹ ਨਿਰਣਾ ਪੰਥ ਨਾਲ ਵੱਡਾ ਵਿਸਾਹਘਾਤ ਸੀ, ਜਿਸ ਦਾ ਖਮਿਆਜ਼ਾ ਹੁਣ ਦੋਵੇਂ ਧਿਰਾਂ ਪੰਥ ਅਤੇ ਸ਼੍ਰੋਮਣੀ ਅਕਾਲੀ ਦਲ (ਪੰਜਾਬੀ ਪਾਰਟੀ) ਭੁਗਤ ਰਹੀਆਂ ਹਨ। ਲਕੀਰ ਲੇਖ ਸੰਗ੍ਰਹਿ ਦੇ ਮੁੱਖ ਬੰਦ ਦਾ ਸਾਰ ਅੰਸ਼ ਲਿਖਣ ਤੋਂ ਪਹਿਲਾਂ, ਸਿੱਖ ਧਰਮ ਦੇ ਵਿਰੋਧੀਆਂ ਵੱਲੋਂ ਗੁਰੂ ਨਾਨਕ ਸਾਹਿਬ ਦੀ ਗੁਰੂ ਪਦਵੀ ਨੂੰ ਕੀਤੇ ਜਾ ਰਹੇ ਚੈਲਿੰਜ ਦਾ ਸੰਖੇਪ ਜੁਆਬ ਪਾਠਕਾਂ ਨਾਲ ਸਾਂਝਾ ਕਰਾਂਗਾ। ਸਿੱਖ ਧਰਮ ਨੂੰ ਮੰਨਣ ਵਾਲਿਆਂ ਦਾ ਗੁਰੂ ਨਾਨਕ ਸਾਹਿਬ ਬਾਰੇ ਇਹ ਦ੍ਰਿੜ ਵਿਸ਼ਵਾਸ਼ ਹੈ ਕਿ:

ਆਪ ਨਰਾਇਣੁ ਕਲਾ ਧਾਰਿ
ਜਗ ਮਹਿ ਪਰਵਰਿਯਉ॥
ਨਿਰੰਕਾਰ ਅਕਾਰ ਜੋਤਿ
ਜਗ ਮੰਡਲਿ ਕਰਿਯਉ॥

(ਗੁ: ਗ੍ਰੰ: ਸਾ: ਪੰਨਾ 1395)

ਗੁਰੂ ਗ੍ਰੰਥ ਨਾਨਕ ਨਿਰਮਲ ਪੰਥ ਦਾ ਸਿਧਾਂਤ ਹੈ, ਅਤੇ ਗੁਰੂ ਪੰਥ ਇਸ ਸਿਧਾਂਤ ਦਾ ਪ੍ਰਤੱਖ ਅਮਲ ਉਪਰੀ ਨਜ਼ਰੇ ਦੇ ਪ੍ਰਤੀਤ ਹੁੰਦੇ ਹਨ। ਪਰ ਹੈਨ ਇਕ ਜਿਵੇਂ ਆਮ ਆਦਮੀ ਵਾਸਤੇ ਗੁਰੂਆਂ ਦੀ ਗਿਣਤੀ ਦੱਸ ਹੈ, ਪਰ ਗੁਰਮਤਿ ਸਿਧਾਂਤ ਦੇ ਜਾਣਕਾਰਾਂ ਵਾਸਤੇ ਗੁਰੂ ਕੇਵਲ ਇਕ ਹੀ ਹੈ ਤੇ ਉਹ ਹੈ ਗੁਰੂ ਨਾਨਕ ਜੋਤਿ, ਇਸ ਇਲਾਹੀ ਜੋਤਿ ਦੀ ਇਕਸਾਰਤਾ ਤੇ ਏਕਤਾ ਨੂੰ ਗੁਰਬਾਣੀ ਸਪੱਸ਼ਟ ਕਰਦੀ ਹੈ,

ਜੋਤਿ ਓਹਾ ਜੁਗਤਿ ਸਾਇ,
ਸਹਿ ਕਾਇਆ ਫੇਰਿ ਪਲਟੀਐ

(ਗੁ: ਗ੍ਰੰ: ਸਾ: ਪੰਨਾ 966)

ਅੱਜ ਜਦੋਂ ਗੁਰੂ ਨਾਨਕ ਸਾਹਿਬ ਨੂੰ ਕੇਵਲ ਸੁਧਾਰਕ ਅਤੇ ਗੁਰਬਾਣੀ ਨੂੰ ਉਨ੍ਹਾਂ ਦੀਆਂ ਧਾਰਮਿਕ ਸਿੱਖਿਆਵਾਂ ਹੀ ਪ੍ਰਚਾਰਿਆ ਜਾ ਰਿਹਾ ਹੈ ਤਾਂ ਇਹ ਵਿਚਾਰ ਕਰਨੀ ਵੀ ਬਣਦੀ ਹੈ ਕਿ ਗੁਰਬਾਣੀ ਕੋਈ ਦਿਮਾਗੀ ਚਿੰਤਨ ਰਾਹੀਂ ਹਾਸਲ ਹੋਇਆ ਗਿਆਨ ਨਹੀਂ ਹੈ। ਗੁਰਬਾਣੀ ਅਕਾਲ ਪੁਰਖ ਦੀ ਦਰਗਹ ਵਿੱਚੋਂ ਸ਼ਬਦ ਦੇ ਰੂਪ ਵਿੱਚ ਧਰਤੀ 'ਤੇ ਪ੍ਰਗਟ ਹੋਇਆ ਅਕਾਲੀ ਸੱਚ ਹੈ ਜਿਸ ਦਾ ਪ੍ਰਕਾਸ਼ ਗੁਰੂ ਨਾਨਕ ਸਾਹਿਬ ਦੇ ਜ਼ਰੀਏ ਇਸ ਧਰਤੀ 'ਤੇ ਪ੍ਰਗਟ ਹੋਇਆ। ਗੁਰਬਾਣੀ ਵਿੱਚੋਂ ਉਪਜੀ ਚੇਤਨਾ ਬ੍ਰਾਹਮਣਵਾਦ ਅਤੇ ਮਨੂੰ ਸਿਮਰਤੀ ਦੀ ਜਕੜ ਨੂੰ ਪਰਖਦੀ ਵੀ ਹੈ ਅਤੇ ਤੋੜਨ ਦਾ ਰਾਹ ਵੀ ਵਿਖਾਉਂਦੀ ਹੈ। ਸਿੱਖ ਧਰਮ ਦੇ ਪ੍ਰਚਾਰ, ਪ੍ਰਸਾਰ ਵਾਸਤੇ ਜੋ ਵੀ ਸੰਸਥਾਵਾਂ ਖੜੀਆਂ ਕੀਤੀਆਂ ਉਹ ਗੁਰੂ ਨਾਨਕ ਸਾਹਿਬ ਦੀ ਬਾਣੀ ਵਿੱਚੋਂ ਪ੍ਰਾਪਤ ਸ਼ਬਦ ਦੇ ਅਰਥਾਂ ਉੱਤੇ ਉਸਾਰੀਆਂ ਗਈਆਂ ਜਿਵੇਂ: ਲੰਗਰ, ਸੰਗਤ, ਪੰਗਤ, ਦਰਬਾਰ ਸਾਹਿਬ, ਆਦਿ ਗ੍ਰੰਥ ਸਾਹਿਬ, ਅਕਾਲ ਤਖ਼ਤ, ਮੀਰੀ ਪੀਰੀ ਤੇ ਪੰਜ ਪਿਆਰੇ ਖਾਲਸਾ ਪੰਥ। ਗੁਰੂ ਨਾਨਕ ਸਾਹਿਬ ਨੇ, 'ਧੁਰ ਕੀ ਬਾਣੀ' ਰਾਹੀਂ ਅਕਾਲ ਪੁਰਖ ਆਪ ਹੀ ਉਨ੍ਹਾਂ ਵਿੱਚ ਪ੍ਰਗਟ ਹੋਇਆ। ਅਕਾਲ ਪੁਰਖ ਨੇ ਆਪ ਹੀ ਗੁਰੂ ਰੂਪ (ਗੁਰੂ ਨਾਨਕ) ਹੋ ਕੇ ਸ੍ਰਿਸ਼ਟੀ ਨੂੰ ਸਹਾਰਾ ਦਿੱਤਾ ਹੈ:

'ਚਾਰੇ ਜਾਗੇ ਚਹੁ ਜੁਗੀ
ਪੰਚਾਇਣੁ ਆਪੇ ਹੋਆ॥
ਆਪਨੈ ਆਪੁ ਸਾਜਿਓਨੁ
ਆਪੇ ਹੀ ਥੰਮਿ ਖਲੋਆ॥
ਆਪੇ ਪਟੀ ਕਲਮ
ਆਪਿ ਆਪਿ ਲਿਖਣਹਾਰਾ ਹੋਆ॥

(ਗੁ: ਗ੍ਰੰ: ਸ: ਪੰਨਾ 966)

ਗੁਰੂ ਨਾਨਕ ਸਾਹਿਬ ਨੇ ਸ਼ੁਰੂ ਤੋਂ ਹੀ ਆਪਣੇ ਸਮੇਂ ਲੋਕਾਈ ਵਿੱਚ, ਰਾਜਸੀ, ਧਾਰਮਿਕ ਤੇ ਸਭਿਆਚਾਰਕ ਅਧੋਗਤੀ ਨੂੰ ਅਨੁਭਵ ਕਰਕੇ ਇਸ ਨੂੰ ਦੂਰ ਕਰਨ ਲਈ ਸਿੱਖੀ ਦਾ ਸਰੂਪ ਅਤੇ ਉਦੇਸ਼ ਭਗਤੀ ਤੇ ਸ਼ਕਤੀ ਦਾ ਸੁਮੇਲ (ਮੀਰੀ-ਪੀਰੀ) ਦਾ ਸਮੂਹਕ ਤਤ ਮਿਥ ਲਿਆ ਸੀ। ਗੁਰੂ ਨਾਨਕ ਸਾਹਿਬ ਨੂੰ 'ਸੱਚੇ ਪਾਤਸ਼ਾਹ' ਸਦਣਾ ਇਸ ਤੱਥ ਦੀ ਪ੍ਰੋੜਤਾ ਕਰਦਾ ਹੈ। (ਹਵਾਲਾ ਪੁਸਤਕ ਰਾਜ ਦਾ ਸਿੱਖ ਸੰਕਲਪ)

ਉਕਤ ਹਵਾਲੇ ਇਸ ਗੱਲ ਤੇ ਮੋਹਰ ਲਾਉਂਦੇ ਹਨ ਕਿ ਗੁਰੂ ਨਾਨਕ ਸਾਹਿਬ ਕੋਈ ਦੁਨਿਆਵੀ ਸੁਧਾਰਕ ਮਹਾਂ ਪੁਰਖ ਨਹੀਂ ਸਨ, ਉਹ ਦੀਨ ਦੁਨੀ ਦੇ ਮਾਲਕ ਸੱਚੇ ਪਾਤਸ਼ਾਹ ਹਨ, ਇਸ ਕਰਕੇ ਉਨ੍ਹਾਂ ਦੀ 'ਧੁਰ ਕੀ ਬਾਣੀ' ਨੂੰ ਦੁਨਿਆਵੀ ਸਿਖਿਆਵਾਂ ਤੇ ਪਰੰਪਰਾਵਾਂ ਨਾਲ ਜੋੜ ਕੇ ਨਹੀਂ ਵੇਖਿਆ ਜਾ ਸਕਦਾ, ਜੈਸਾ ਕਿ ਅਕਾਦਮਿਕ ਪੱਧਰ ਤੇ ਵੇਖਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅੱਜ ਗੁਰੂ ਨਾਨਕ ਦੀ ਪਰਮ ਜੋਤਿ 'ਸ਼ਬਦ' ਦੇ ਰੂਪ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸੁਭਾਇਮਾਨ ਹੈ। ਭਾਵ 'ਆਤਮਾ ਗ੍ਰੰਥ ਵਿੱਚ ਸਰੀਰ ਪੰਥ ਵਿੱਚ।' ਸਤਿਗੁਰੂ ਨਾਨਕ ਤਾਂ ਹਮੇਸ਼ਾਂ ਹੀ ਹਾਜ਼ਰ ਨਾਜ਼ਰ ਹੈ:

ਸਤਿਗੁਰੁ ਮੇਰਾ ਸਦਾ ਸਦਾ
ਨ ਆਵੈ ਨਾ ਜਾਇ॥
ਉਹੁ ਅਬਿਨਾਸੀ ਪੁਰਖੁ ਹੈ
ਸਭ ਮਹਿ ਰਹਿਆ ਸਮਾਇ॥

ਗੁ: ਗ੍ਰੰ: ਸ: ਪੰਨਾ 758

"ਗੁਰ ਸੰਗਤਿ ਬਾਣੀ ਬਿਨਾ ਦੂਜੀ ਓਟ ਨਹੀਂ ਹਹਿ ਰਾਈ" ਦੇ ਸ਼ਬਦ ਰਾਹੀਂ, ਗੁਰੂ ਗ੍ਰੰਥ, ਗੁਰੂ ਪੰਥ ਦੇ ਬੀਜ ਵੀ ਬੀਜ ਦਿੱਤੇ। ਗੁਰੂ ਨਾਨਕ ਸਾਹਿਬ ਨੇ ਸਿੱਖ ਪੰਥ ਨੂੰ ਐਸੇ ਫਿਰਕੇ ਦੇ ਤੌਰ 'ਤੇ ਜਥੇਬੰਦ ਨਹੀਂ ਕੀਤਾ ਜੋ ਸਿਰਫ ਪੂਜਾ ਪਾਠ ਵਾਲੇ ਧਰਮ ਦੇ ਪਰੰਪਰਾਈ ਤੌਰ ਤਰੀਕੇ ਅਨੁਸਾਰ ਚੱਲਦੇ ਰਹੇ ਬਲਕਿ ਸਿੱਖ ਪੰਥ ਨੂੰ ਜਾਤਪਾਤੀ ਸਮਾਜ ਨੂੰ ਬਦਲਣ, ਧਾਰਮਿਕ ਅਤੇ ਸਿਆਸੀ ਜਬਰ ਦਾ ਮੁਕਾਬਲਾ ਕਰਨ ਅਤੇ ਆਮ ਜਨਤਾ ਦੇ ਹੱਥ ਸਿਆਸੀ ਤਾਕਤ ਹਾਸਲ ਕਰਨ ਦਾ ਵਸੀਲਾ ਬਣਾਇਆ ਗਿਆ। ਪੰਥ ਦੀ ਜਥੇਬੰਦੀ ਅਤੇ ਇਸ ਦੇ ਸਮਾਜੀ ਤੇ ਸਿਆਸੀ ਨਿਸ਼ਾਨੇ ਇਕੋ ਸਿਧਾਂਤ ਦੇ ਅੰਗ ਹਨ।

ਹੁਣ ਅਸੀਂ ਸ: ਕਰਮਜੀਤ ਸਿੰਘ ਪੱਤਰਕਾਰ ਚੰਡੀਗੜ੍ਹ ਦੇ ਲਕੀਰ ਲੇਖ ਸੰਗ੍ਰਹਿ ਦੇ ਲਿਖੇ ਮੁੱਖ ਬੰਦ ਵਿੱਚੋਂ ਕੁਝ ਅੰਸ਼ ਪਾਠਕਾਂ ਨਾਲ ਸਾਂਝੇ ਕਰਾਂਗੇ। ਸ: ਕਰਮਜੀਤ ਸਿੰਘ ਜੀ ਲਿਖਦੇ ਹਨ: ਗੁਰਬਾਣੀ ਅਤੇ ਸਿੱਖ ਇਤਿਹਾਸ ਗਜਿੰਦਰ ਸਿੰਘ ਦੇ ਸੁੱਚੇ ਦਰਦ ਦਾ ਸਰਸਬਜ਼ ਚਸ਼ਮਾ ਹੈ। ਸਿੱਖ ਇਤਿਹਾਸ ਦਾ ਉਹ ਅਨਮੋਲ ਹਿੱਸਾ ਜਿਹੜਾ ਵਿਸ਼ੇਸ਼ ਤੌਰ 'ਤੇ ਗੁਰਬਾਣੀ ਨਾਲ ਰੰਗਿਆ ਗਿਆ ਹੋਵੇ, ਉਹ ਉਸ ਨੂੰ ਜਾਨ ਨਾਲੋਂ ਵੀ ਵੱਧ ਪਿਆਰਾ ਹੈ। ਉਸ 'ਤੇ ਉਹ ਮਾਣ ਵੀ ਕਰਦਾ ਹੈ ਅਤੇ ਉਸ ਨੂੰ ਕਾਲੀਆਂ ਬੋਲੀਆਂ ਰਾਤਾਂ ਵਿੱਚ ਜਗਾ ਕੇ ਵੀ ਰੱਖਦਾ ਰਿਹਾ ਹੈ। ਗੁਰਬਾਣੀ ਦੀ ਇਕ ਇਲਾਹੀ ਵਿਸ਼ੇਸ਼ਤਾ ਇਹ ਹੈ ਕਿ ਇਹ ਮਨੁੱਖ ਨੂੰ ਇਤਿਹਾਸ ਵੱਲ ਧੱਕਦੀ ਹੈ। ਇਤਿਹਾਸ ਦੀ ਜਾਗ ਲਾਉਂਦੀ ਹੈ। ਇਤਿਹਾਸ ਵਿੱਚ ਵਿਚਰਣ, ਇਸ ਵਿੱਚ ਆਪਣੀ ਪਹਿਚਾਣ ਅਤੇ ਆਪਣਾ ਸਥਾਨ ਬਣਾਉਣ ਲਈ ਪ੍ਰੇਰਦੀ ਹੈ। ਪ੍ਰੇਰਦੀ ਹੀ ਨਹੀਂ ਸਗੋਂ ਹੁਕਮਨਾਮਾ ਵੀ ਜਾਰੀ ਕਰਦੀ ਹੈ। ਜੇ ਵਕਤ ਦੇ ਰਾਜੇ ਸ਼ੀਹ ਤੇ ਮੁਕੱਦਮ ਕੁੱਤੇ ਹਨ ਤਾਂ ਫਿਰ ਉਨ੍ਹਾਂ ਵਿਰੁੱਧ ਜੰਗ ਇਤਿਹਾਸ ਵਿੱਚ ਉੱਤਰ ਕੇ ਲੜੀ ਜਾ ਸਕਦੀ ਹੈ। ਇਹ ਜੰਗ ਖ਼ਾਲਸਾ ਲੜਦਾ ਰਿਹਾ ਹੈ ਅਤੇ ਲੜਦਾ ਰਹੇਗਾ ਵੀ। ਪਰ ਇਸ ਜੰਗ ਦੇ ਕਿਹੜੇ ਰੂਪ ਅਖਤਿਆਰ ਕਰਨੇ ਹਨ, ਉਹ ਸਮੇਂ ਤੇ ਸਥਾਨ ਮੁਤਾਬਕ ਵੱਖ ਹੋ ਸਕਦੇ ਹਨ। ਜਦੋਂ ਕੋਈ ਜਗਿਆਸੂ ਗੁਰਬਾਣੀ ਉੱਤੇ ਧਿਆਨ ਧਰਦਾ ਹੈ ਜਾਂ ਇਸ ਦੀ ਗੂੜ੍ਹ ਗਾਥਾ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਦੇ ਅੰਦਰ ਇਤਿਹਾਸ ਵਿੱਚ ਉਤਰਨ ਦਾ ਚਾਅ ਆਪ ਮੁਹਾਰੇ ਪੈਦਾ ਹੋ ਜਾਂਦਾ ਹੈ। ਇਤਿਹਾਸ ਵਿੱਚ ਉਤਰਨ ਦਾ ਮਤਲਬ ਹੈ ਇਤਿਹਾਸ ਨੂੰ ਸਮਝਣਾ ਤੇ ਇਸ ਨੂੰ ਬਦਲਣਾ ਵੀ। ਸਾਡੇ ਗੁਰੂ ਇਸ ਦੁਨੀਆਂ ਦੇ ਵੀ ਪਾਤਸ਼ਾਹ ਹਨ ਅਤੇ ਉਸ ਦੁਨੀਆਂ ਦੇ ਵੀ। ਇਸ ਦੁਨੀਆਂ ਦੀ ਪਾਤਸ਼ਾਹੀ ਦਸਮ ਪਿਤਾ ਨੇ ਖ਼ਾਲਸਾ ਜੀ ਨੂੰ ਬਖ਼ਸ਼ੀ ਹੈ। ਖ਼ਾਲਸਾ ਜੀ ਨੇ ਇਸ ਬਖ਼ਸ਼ਸ਼ ਦੀ ਕਿੰਨੀ ਕੁ ਕਦਰ ਪਾਈ ਹੈ ਇਹ ਇਕ ਵੱਖਰਾ ਪਰ ਗੰਭੀਰ ਸੁਆਲ ਹੈ, ਜੋ ਇਕ ਵੱਖਰੇ ਲੇਖ ਦੀ ਮੰਗ ਕਰਦਾ ਹੈ। ਪਰ ਜਿਥੇ-ਜਿਥੇ ਵੀ ਅਤੇ ਜਦੋਂ-ਜਦੋਂ ਵੀ ਖ਼ਾਲਸੇ ਨੇ ਕਦਰ ਪਾਈ ਹੈ ਉਹ ਸਾਡੇ ਇਤਿਹਾਸ ਦਾ ਇਕ ਸੁਨਹਿਰੀ ਕਾਂਡ ਹੈ। ਸਿੱਖ ਇਤਿਹਾਸ ਦੇ ਇਹ ਸੁਨਹਿਰੀ ਪੰਨੇ ਭਾਈ ਗਜਿੰਦਰ ਸਿੰਘ ਦੇ ਮਨ-ਮਸਤਕ ਵਿੱਚ ਵਸੇ ਹੋਏ ਹਨ। ਇਹੋ ਜਿਹੇ ਪੰਨਿਆਂ ਨੇ ਹੀ ਉਸਦੀ ਚੇਤਨਾ ਨੂੰ ਜੋਸ਼, ਹੋਸ਼ ਅਤੇ ਰੋਸ ਦੇ ਵੰਨ-ਸਵੰਨੇ ਰੰਗਾਂ ਨਾਲ ਸ਼ਰਸ਼ਾਰ ਕੀਤਾ ਹੈ। ਚੜ੍ਹਦੀ ਜੁਆਨੀ ਵਿੱਚ ਉਹ ਬਹੁਤ ਕਾਹਲਾ ਸੀ ਕਿ ਇਹ ਚੇਤਨਾ ਇਕ ਤੂਫਾਨ ਬਣਕੇ ਸਾਰੇ ਖ਼ਾਲਸੇ ਨੂੰ ਆਪਣੀ ਲਪੇਟ ਵਿੱਚ ਲੈ ਲਏ ਪਰ ਉਸ ਨੂੰ ਖ਼ਾਲਸੇ ਦੀ ਸਮੂਹਿਕ ਚੇਤਨਾ ਉੱਤੇ ਚੜ੍ਹੇ ਮਾਇਆ ਦੇ ਲੇਪ ਅਤੇ ਖ਼ਾਲਸੇ ਦੀ ਲੀਡਰਸ਼ਿਪ ਦੀਆਂ ਬਿਪਰਨ ਕੀ ਰੀਤ ਵੱਲ ਮੁੜੀਆਂ ਮੁਹਾਰਾਂ ਦੀ ਡੂੰਘੀ ਖ਼ਬਰਸਾਰ ਨਹੀਂ ਸੀ ਜਾਂ ਇਉਂ ਕਹਿ ਲਵੋ ਕਿ ਉਸ ਨੂੰ ਇਸ ਗੁੰਝਲਦਾਰ ਮਾਜਰੇ ਦਾ ਧੁੰਦਲਾ ਜਿਹਾ ਅਨੁਭਵ ਸੀ। ਪਰ ਉਸ ਉਦਾਸ ਦੌਰ ਵਿੱਚ ਵੀ ਉਹ ਇਤਿਹਾਸ ਦੇ ਬੀਤ ਚੁੱਕੇ ਸੁਨਹਿਰੀ ਪਲਾਂ ਨੂੰ ਭੁੱਲਿਆ ਨਹੀਂ ਸੀ। ਇਕ ਹੋਰ ਗੱਲ ਮੈਂ ਭਾਈ ਗਜਿੰਦਰ ਸਿੰਘ ਦੀਆਂ ਲਿਖਤਾਂ ਅਤੇ ਉਸ ਦੀ ਸ਼ਖ਼ਸ਼ੀਅਤ ਵਿੱਚੋਂ ਦੇਖੀ ਹੈ। ਉਹ ਇਹ ਕਿ ਉਹ ਇਤਿਹਾਸ ਵਿੱਚੋਂ ਵਿੱਚਰ ਕੇ ਵੀ ਇਤਿਹਾਸ ਦੇ ਅਮਰ ਸੋਮੇ ਨੂੰ ਭੁੱਲਦਾ ਨਹੀਂ, ਵਿਚਾਰਦਾ ਵੀ ਹੈ। ਭਲਾ ਕਿਹੜਾ ਹੈ ਇਹ ਸੋਮਾ? ਇਹ ਸੋਮਾ ਹੈ ਗੁਰਬਾਣੀ।

ਸ: ਕਰਮਜੀਤ ਸਿੰਘ ਜੀ ਹੋਰ ਲਿਖਦੇ ਹਨ ਕਿ ਜੇ ਸੰਸਾਰ ਸਭਿਆਤਾਵਾਂ ਦਾ ਉਘਾ ਵਿਸ਼ਲੇਸ਼ਕ ਆਰਨਲ ਟਾਇਨਬੀ ਇਹ ਭਵਿੱਖ ਬਾਣੀ ਕਰਦਾ ਹੈ ਕਿ ਆਉਣ ਵਾਲੇ ਸਾਲਾਂ ਵਿੱਚ ਗੁਰੂ ਗ੍ਰੰਥ ਸਾਹਿਬ ਨੇ ਕੋਈ ਰੋਲ ਅਦਾ ਕਰਨਾ ਹੈ ਤਾਂ ਫਿਰ ਕੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਣ ਵਾਲੀ ਸਿੱਖ ਕੌਮ ਇਹ ਰੋਲ ਨਿਭਾਉਣ ਲਈ ਤਿਆਰੀ ਕਰ ਰਹੀ ਹੈ? ਇਨ੍ਹਾਂ ਸੁਆਲਾਂ ਦੇ ਜੁਆਬ ਲੱਭਣ ਲਈ ਅਸੀਂ ਸਾਇਦ ਹੀ ਕਦੇ ਨਿੱਠ ਕੇ ਬੈਠੇ ਹੋਈਏ। ਸਾਡੇ ਕੋਲ ਕੋਈ ਅਜਿਹੀ ਸੰਸਥਾ ਵੀ ਨਹੀਂ ਜੋ ਇਨ੍ਹਾਂ ਸੁਆਲਾਂ ਉੱਤੇ ਵਿਵੇਕ ਵਿਚਾਰਾਂ ਦਾ ਮਾਹੌਲ ਸਿਰਜੇ। ਸਿੱਖ ਵਿਦਵਾਨਾਂ ਦਾ ਵੱਡਾ ਹਿੱਸਾ ਹੋਰਨਾਂ ਹੋਰਨਾਂ ਕੰਮਾਂ ਵਿੱਚ ਗਲ-ਗਲ ਡੁੱਬਿਆ ਪਿਆ ਹੈ। ਉਂਜ ਸਸਤੀ ਰਾਜਨੀਤੀ ਦੇ ਵੱਖ-ਵੱਖ ਰੰਗ ਸਿੱਖ ਲੀਡਰਸ਼ਿਪ ਦੇ ਏਜੰਡੇ ਉੱਤੇ ਜ਼ਰੂਰ ਹਨ। ਤੇ ਫਿਰ ਲਕੀਰ ਲੇਖ ਸੰਗ੍ਰਹਿ ਬਾਰੇ ਸ: ਕਰਮਜੀਤ ਸਿੰਘ ਜੀ ਲਿਖਦੇ ਹਨ:

**ਬਾਕੀ ਹਿਸਾ ਸਫਾ 40 ਤੇ ਪੜ੍ਹੋ**

**14 ਸਤੰਬਰ ਨੂੰ ਜਨਮ ਦਿਨ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

# ਗ਼ਦਰੀ ਬਾਬਾ ਬਲਵੰਤ ਸਿੰਘ ਕੈਨੇਡੀਅਨ

ਦੂਜੇ ਲਾਹੌਰ ਸਾਜਿਸ਼ ਕੇਸ ਵਿੱਚ ਲਾਹੌਰ ਜੇਲ੍ਹ ਵਿੱਚ ਫਾਂਸੀ ਦਾ ਰੱਸਾ ਚੁੰਮਣ ਵਾਲਾ ਮਹਾਨ ਸ਼ਹੀਦ ਗ਼ਦਰੀ ਬਾਬਾ ਬਲਵੰਤ ਸਿੰਘ ਕੈਨੇਡੀਅਨ ਅਜਿਹਾ ਸੂਰਬੀਰ ਯੋਧਾ ਸੀ, ਜਿਸ ਨੇ ਭਰ ਜਵਾਨੀ ਵਿੱਚ ਸ਼ਹਾਦਤ ਦਾ ਜਾਮ ਪੀਤਾ। ਭਾਈ ਬਲਵੰਤ ਸਿੰਘ ਦਾ ਜਨਮ ਜਲੰਧਰ ਜ਼ਿਲ੍ਹੇ ਦੇ ਉਘੇ ਪਿੰਡ ਖੁਰਦਪੁਰ (ਨੇੜੇ ਆਦਮਪੁਰ) ਵਿਖੇ ਸ. ਬੁੱਧ ਸਿੰਘ ਦੇ ਗ੍ਰਹਿ ਵਿਖੇ 14 ਸਤੰਬਰ, 1882 ਈ: ਨੂੰ ਹੋਇਆ। ਭਾਈ ਬਲਵੰਤ ਸਿੰਘ ਨੇ ਆਦਮਪੁਰ ਦੇ ਮਿਡਲ ਸਕੂਲ ਤੋਂ ਪੜ੍ਹਾਈ ਸ਼ੁਰੂ ਕੀਤੀ। ਪਰ ਉਸ ਸਮੇਂ ਬਾਲ ਵਿਆਹ ਦੀ ਰਸਮ ਪ੍ਰਚੱਲਤ ਸੀ, ਵਿਆਹ ਤੋਂ ਉਪਰੰਤ ਪੜ੍ਹਾਈ ਵਿੱਚ-ਵਿਚਾਲੇ ਹੀ ਛੱਡ ਦਿੱਤੀ। ਭਰ ਜਵਾਨੀ ਵਿੱਚ ਪੈਰ ਧਰਦਿਆਂ ਫੌਜ ਵਿੱਚ ਭਰਤੀ ਹੋ ਗਿਆ। ਜਦੋਂ ਭਾਈ ਬਲਵੰਤ ਸਿੰਘ ਦੀ ਪਲਟਨ ਗਰਦਾਨ (ਪਾਕਿਸਤਾਨ) ਵਿੱਚ ਸੀ ਤਾਂ ਇਨ੍ਹਾਂ ਦੀ ਸ਼ਖ਼ਸੀਅਤ ਉੱਤੇ ਪੰਜਾਬ ਦੀ ਪ੍ਰਸਿੱਧ ਧਾਰਮਿਕ ਹਸਤੀ ਬਾਬਾ ਕਰਮ ਸਿੰਘ ਹੋਤੀ ਮਰਦਾਨ ਦੀ ਸੰਗਤ ਦਾ ਅਜਿਹਾ ਅਸਰ ਹੋਇਆ, ਜਿਸ ਸਦਕਾ ਆਪ ਜੀ ਦਾ ਨਿਸ਼ਚਾ ਤੇ ਵਿਸ਼ਵਾਸ ਸਿੱਖ ਧਰਮ ਵਿੱਚ ਪਰਪੱਕ ਹੋ ਗਿਆ। 23 ਸਾਲ ਦੀ ਉਮਰ ਵਿੱਚ ਫੌਜ ਦੀ ਨੌਕਰੀ ਛੱਡ ਕੇ ਛੇਤੀ ਹੀ 1906 ਈ: ਵਿੱਚ ਕੈਨੇਡਾ ਚਲਾ ਗਿਆ। ਉਥੇ ਜਾ ਕੇ ਵੈਨਕੂਵਰ ਵਿੱਚ ਪਹਿਲਾ ਗੁਰੂ ਘਰ ਬਨਾਉਣ ਵਿੱਚ ਭਰਪੂਰ ਯੋਗਦਾਨ ਪਾਇਆ। ਸਿੱਖ ਸੰਗਤ ਨੇ ਇਨ੍ਹਾਂ ਨੂੰ ਸਿੱਖੀ ਵਿੱਚ ਪਰਪੱਕ ਵੇਖਦਿਆਂ ਗੁਰਦੁਆਰਾ ਸਾਹਿਬ ਦਾ ਗ੍ਰੰਥੀ ਨਿਯੁਕਤ ਕਰ ਦਿੱਤਾ। ਇਸੇ ਕਰਕੇ ਭਾਈ ਸ਼ਬਦ ਆਪ ਜੀ ਦੇ ਨਾਂਅ ਨਾਲ ਪੱਕੇ ਤੌਰ 'ਤੇ ਜੁੜ ਗਿਆ। ਕੈਨੇਡਾ ਸਰਕਾਰ ਨੇ 1908 ਈ: ਵਿੱਚ ਫੈਸਲਾ ਕੀਤਾ ਕਿ ਬ੍ਰਿਟਿਸ਼ ਕੋਲੰਬੀਆ (ਬੀ.ਸੀ.) ਵਿੱਚ ਰਹਿਣ ਵਾਲੇ ਹਿੰਦੁਸਤਾਨੀਆਂ ਨੂੰ ਅਮਰੀਕਾ ਦੀ ਹੌਂਡਰਸ ਕਾਲੋਨੀ ਵਿੱਚ ਅਬਾਦ ਕੀਤਾ ਜਾਵੇ। ਪਰ ਭਾਈ ਬਲਵੰਤ ਸਿੰਘ ਨੇ ਆਪਣੇ ਸਾਥੀਆਂ ਸਮੇਤ ਇਸ ਸਰਕਾਰੀ ਨੀਤੀ ਦੀ ਵਿਰੋਧਤਾ ਕੀਤੀ। 1909 ਈ: ਵਿੱਚ ਹਿੰਦੁਸਤਾਨ ਐਸੋਸੀਏਸ਼ਨ ਦੀ ਸਥਾਪਨਾ ਕੀਤੀ ਗਈ। ਇਸ ਸੰਸਥਾ ਦੇ ਖਜਾਨਚੀ ਭਾਈ ਬਲਵੰਤ ਸਿੰਘ ਨੂੰ ਨਿਯੁਕਤ ਕੀਤਾ ਗਿਆ।

ਇਸ ਐਸੋਸੀਏਸ਼ਨ ਦੇ ਸਾਰੇ ਹਿੰਦੁਸਤਾਨੀ ਪ੍ਰਵਾਸੀ ਮੈਂਬਰਾਂ ਨੇ ਕੈਨੇਡਾ ਸਰਕਾਰ ਵੱਲੋਂ ਭਾਰਤੀਆਂ ਦੇ ਪਰਿਵਾਰਾਂ ਨੂੰ ਕੈਨੇਡਾ ਨਾ ਆਉਣ ਦੇਣ ਦੇ ਯਤਨਾਂ ਵਿਰੁੱਧ ਅਵਾਜ਼ ਉਠਾਈ। 1911 ਈ: ਵਿੱਚ ਭਾਈ ਭਾਗ ਸਿੰਘ ਭਿੱਖੀਵਿੰਡ ਨਾਲ ਵਾਪਸ ਹਿੰਦੁਸਤਾਨ ਆ ਕੇ ਅਨੇਕਾਂ ਔਕੜਾਂ ਅਤੇ ਕਠਿਨਾਈਆਂ ਦੇ ਬਾਵਜੂਦ ਆਪਣੇ ਪਰਿ-ਵਾਰ ਸਮੇਤ ਜਨਵਰੀ, 1912 ਈ: ਵਿੱਚ ਵੈਨਕੂਵਰ ਪਹੁੰਚੇ। 22 ਫਰਵਰੀ, 1913 ਈ: ਨੂੰ ਖ਼ਾਲਸਾ ਦੀਵਾਨ ਸੁਸਾਇਟੀ ਅਤੇ ਯੂਨਾਈਟਿਡ ਇੰਡੀਆ ਲੀਗ ਦੀ ਸਾਂਝੀ ਇਕੱਤਰਤਾ ਵਿੱਚ ਇਹ ਫੈਸਲਾ ਸਰਬਸੰਮਤੀ ਨਾਲ ਕੀਤਾ ਗਿਆ ਕਿ ਇੰਗਲੈਂਡ ਅਤੇ ਹਿੰਦੁਸਤਾਨ ਦੋਨਾਂ ਦੇਸ਼ਾਂ ਵਿੱਚ ਜਾ ਕੇ ਬ੍ਰਿਟਿਸ਼ ਸਰਕਾਰ ਨੂੰ ਆਪਣੀਆਂ ਮੁਸ਼ਕਿਲਾਂ ਦੂਰ ਕਰਨ ਲਈ ਮੰਗ ਪੱਤਰ ਦਿੱਤਾ ਜਾਵੇ। ਇਸ ਕਾਰਜ ਲਈ ਭਾਈ ਬਲਵੰਤ ਸਿੰਘ, ਭਾਈ ਨੰਦ ਸਿੰਘ, ਭਾਈ ਨਾਰਾਇਣ ਸਿੰਘ 'ਤੇ ਆਧਾਰਿਤ ਇਕ ਪ੍ਰਤੀਨਿੱਧੀ ਮੰਡਲ ਦੋਨਾਂ ਦੇਸ਼ਾਂ ਵਿੱਚ ਭੇਜਣ ਲਈ ਸਮਾਂ ਨਿਸ਼ਚਿਤ ਕੀਤਾ ਗਿਆ। ਪਰ ਦੋਵਾਂ ਦੇਸ਼ਾਂ ਵਿੱਚ ਅੰਗ੍ਰੇਜ਼ ਸਰਕਾਰ ਨੇ ਕੋਈ ਸਹਿਯੋਗ ਨਾ ਦਿੱਤਾ। ਕੈਨੇਡਾ ਪਰਤਣ ਸਮੇਂ ਭਾਈ ਬਲਵੰਤ ਸਿੰਘ ਦਾ ਮਿਲਾਪ ਕਾਮਾਗਾਟਾਮਾਰੂ ਜਹਾਜ ਵਾਲੇ ਬਾਬਾ ਗੁਰਦਿੱਤ ਸਿੰਘ ਨਾਲ ਹੋਇਆ। ਬਾਬਾ ਗੁਰਦਿੱਤ ਸਿੰਘ ਨੂੰ ਹਰ ਔਕੜ ਸਮੇਂ ਪੂਰਾ ਸਹਿਯੋਗ ਦੇਣ ਦਾ ਵਾਅਦਾ ਕੀਤਾ। ਕਾਮਾਗਾਟਾਮਾਰੂ ਜਹਾਜ ਦੇ ਮੁਸਾਫਰਾਂ ਨੂੰ ਕੈਨੇਡਾ ਵਿੱਚ ਦਾਖਲ ਨਾ ਹੋਣ ਦੇਣ ਦੇ ਵਿਰੋਧ ਵਿੱਚ ਸਾਰੇ ਪ੍ਰਵਾਸੀ ਹਿੰਦੁਸਤਾਨੀਆਂ ਵਿੱਚ ਅੰਤ ਦਾ ਗੁੱਸਾ ਸੀ। ਇਨ੍ਹਾਂ ਸਾਰੇ ਪ੍ਰਵਾਸੀਆਂ ਨੇ ਗ਼ਦਰ ਪਾਰਟੀ ਨਾਲ ਸੰਪਰਕ ਬਣਾਇਆ। ਪਰ ਅੰਗ੍ਰੇਜ਼ ਸਰਕਾਰ ਦਾ ਵਤੀਰਾ ਹੋਰ ਵੀ ਸਖ਼ਤ ਹੋ ਗਿਆ।

ਸਰਕਾਰ ਦੇ ਇੰਮੀਗ੍ਰੇਸ਼ਨ ਇੰਸਪੈਕਟਰ ਵਿਲੀਅਮ ਹਾਪਨਿਕਸ ਨੇ 5 ਸਤੰਬਰ, 1914 ਈ: ਨੂੰ ਵੈਨਕੂਵਰ ਦੇ ਗੁਰਦੁਆਰਾ ਕੰਪਲੈਕਸ ਵਿੱਚ ਦੋ ਬੰਦੇ ਗੋਲੀਆਂ ਮਾਰ ਕੇ ਮਾਰ ਦਿੱਤੇ। ਇਨ੍ਹਾਂ ਸ਼ਹਾਦਤਾਂ ਦੇ ਰੋਸ ਵਜੋਂ 21 ਅਕਤੂਬਰ 1914 ਈ: ਨੂੰ ਪ੍ਰਵਾਸੀ ਭਾਰਤੀ ਭਾਈ ਸੇਵਾ ਸਿੰਘ ਨੇ ਸ਼ਹਿਰ ਦੀ ਕਚਹਿਰੀ ਵਿੱਚ ਹੀ ਵਿਲੀਅਮ ਹਾਪਨਿਕਸ ਨੂੰ ਗੋਲੀਆਂ ਨਾਲ ਉਡਾ ਦਿੱਤਾ। ਇਸ ਕਤਲ ਦੀ ਸਾਜਿਸ਼ ਅਤੇ ਸ਼ੱਕ ਵਿੱਚ ਭਾਈ ਬਲਵੰਤ ਸਿੰਘ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਇਸ ਪਿੱਛੋਂ ਭਾਈ ਬਲਵੰਤ ਸਿੰਘ ਨੂੰ ਕੈਨੇਡਾ ਵਿੱਚੋਂ ਕੱਢ ਦਿੱਤਾ ਗਿਆ। ਇਥੋਂ ਆਪ ਸਿੰਘਾਈ ਪੁੱਜੇ ਅਤੇ ਪੂਰੇ ਹਿੰਦੁਸਤਾਨ ਦੇ ਲੋਕਾਂ ਦੀਆਂ ਔਕੜਾਂ ਨੂੰ ਦੇਖਦਿਆਂ ਗ਼ਦਰ ਲਹਿਰ ਦੇ ਹੱਕ ਵਿੱਚ ਪ੍ਰਚਾਰ ਸ਼ੁਰੂ ਕਰ ਦਿੱਤਾ। ਭਾਈ ਬਲਵੰਤ ਸਿੰਘ 1915 ਈ: ਵਿੱਚ ਥਾਈਲੈਂਡ ਗਏ ਅਤੇ ਅਮਰੀਕਾ ਤੋਂ ਆ ਕੇ ਸਾਰੇ ਗ਼ਦਰੀ ਬਾਬਿਆਂ ਨੂੰ ਮਿਲੇ, ਜੋ ਬਰਮਾ ਵਿੱਚ ਅੰਗ੍ਰੇਜ਼ ਦੇ ਵਿਰੋਧ ਵਿੱਚ ਬਗ਼ਾਵਤ ਖੜ੍ਹੀ ਕਰਨਾ ਚਾਹੁੰਦੇ ਸਨ। ਭਾਈ ਬਲਵੰਤ ਸਿੰਘ ਇਥੇ ਆ ਕੇ ਸਖ਼ਤ ਬਿਮਾਰ ਹੋ ਗਏ, ਜਦੋਂ ਹਸਪਤਾਲ ਪੁੱਜੇ ਤਾਂ ਇਥੋਂ ਉਨ੍ਹਾਂ ਨੂੰ ਬਿਮਾਰੀ ਦੀ ਹਾਲਤ ਵਿੱਚ ਗ੍ਰਿਫ਼ਤਾਰ ਕਰਕੇ ਹਿੰਦੁਸਤਾਨ ਲਿਆਂਦਾ ਗਿਆ। ਇਥੇ ਆਕੇ ਭਾਈ ਬਲਵੰਤ ਸਿੰਘ ਵਰਗੇ ਅਣਖੀ ਯੋਧੇ ਨੂੰ ਲਾਹੌਰ ਸਾਜਿਸ਼ ਕੇਸ ਅਧੀਨ ਮੁਕੱਦਮਾ ਚਲਾਇਆ ਗਿਆ। ਅੰਤ 30 ਮਾਰਚ, 1917 ਈ: ਵਿੱਚ ਸੂਰਬੀਰ ਨੂੰ ਲਾਹੌਰ ਜੇਲ੍ਹ ਵਿੱਚ ਫਾਂਸੀ ਦੇ ਫੰਦੇ 'ਤੇ ਲਟਕਾਇਆ ਗਿਆ। ਇਸ ਤਰ੍ਹਾਂ ਇਹ ਬਹਾਦਰ ਸੂਰਬੀਰ 35 ਕੁ ਸਾਲ ਦੀ ਜਵਾਨੀ ਦੀ ਉਮਰ ਵਿੱਚ ਹਿੰਦੁਸਤਾਨ ਦੇ ਗਲੋਂ ਗੁਲਾਮੀ ਦੇ ਤੌਕ ਲਾਹੁਣ ਲਈ ਸ਼ਹਾਦਤ ਦਾ ਜਾਮ ਪੀ ਗਿਆ। ਅੱਜ ਕੇਵਲ ਉਨ੍ਹਾਂ ਦੀ ਯਾਦ ਹੀ ਬਾਕੀ ਹੈ।



**ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ**

**ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ।**

**ਫ਼ੋਨ ਨੰਬਰ: 01332 372851**

# ਹਾਸੇ ਦੀ ਪਟਾਰੀ

**ਔਰਤ,** ਭਈਆ, ਦੁੱਧ ਵਿੱਚ ਇੰਨੀ ਮਿਲਾਵਟ ਕਰਦਾ ਏਂ, ਕੁਝ ਤਾਂ ਰੱਬ ਤੋਂ ਡਰ।

ਦੁੱਧ ਵਾਲਾ, ਮਿਲਾਵਟ ਦੀ ਗੱਲ ਤਾਂ ਤੁਸੀਂ ਕਰੋ ਹੀ ਨਾ ਭੈਣ ਜੀ, ਆਪਣੀ ਫੇਸਬੁੱਕ ਵਾਲੀ ਡੀ. ਪੀ. ਦੇਖੋ ਅਤੇ ਹੁਣ ਆਪਣੀ ਸ਼ਕਲ ਸ਼ੀਸ਼ੇ ਵਿੱਚ ਦੇਖੋ, ਸ਼ੁਕਰ ਮਨਾਉ ਅਸੀਂ ਕੁਮੈਂਟ ਨਹੀਂ ਕੀਤੇ ਉਸ 'ਤੇ।

ਔਰਤ, ਤੂੰ ਤਾਂ ਬੁਰਾ ਮਨ ਗਿਆ, ਚੱਲ ਦੁੱਧ ਪਾ ਦੇ।

*---*---*

**ਇਕ** ਕਿਸਾਨ ਦੇ ਚਾਰ ਪੁੱਤਰ ਸਨ। ਉਨ੍ਹਾਂ ਦੇ ਰਿਸ਼ਤੇ ਲਈ ਕੁੜੀ ਵਾਲੇ ਆ ਗਏ।

ਕੁੜੀ ਵਾਲੇ, ਚੌਧਰੀ ਸਾਹਿਬ, ਛੋਰੇ ਕੇ ਕਰੇ ਸੋ ?

ਚੌਧਰੀ ਸਾਹਿਬ, ਚਾਰੋਂ ਡਾਕਟਰ ਹੈਂ ਜੀ।

ਕੁੜੀ ਵਾਲੇ, ਚੌਧਰੀ ਸਾਹਿਬ, ਬਾਤ ਜਚੀ ਨਹੀਂ।

ਚੌਧਰੀ ਸਾਹਿਬ, ਜਚਤੀ ਤੋ ਮੇਰੇ ਬੀ ਕੋਣੀ ਪਰ ਜਬ ਭੀ ਇਨ ਕੋ ਕੁਛ ਪੂਛਤਾ ਹੂੰ, ਬੋਲਤੇ ਹੈਂ ਤੇਰੇ ਕੋ ਬਿਮਾਰੀ ਹੈ।

*---*---*

**39 ਸਫ਼ੇ ਦੀ ਬਾਕੀ**

150 ਸਫ਼ਿਆਂ ਦੀ ਇਹ ਪੁਸਤਕ ਅਸਲ ਵਿੱਚ 20-25 ਰਚਨਾਵਾਂ ਦਾ ਮੇਲਾ ਹੈ ਜਿਸ ਵਿੱਚ ਉਹ (ਗਜਿੰਦਰ ਸਿੰਘ) 1984 ਤੋਂ ਹੁਣ ਤੱਕ ਦੀਆਂ ਘਟਨਾਵਾਂ ਉੱਤੇ ਟਿੱਪਣੀਆਂ ਕਰਦਾ ਹੈ। ਇਹ ਖ਼ਾਲਸੇ ਲਈ ਅਤਿ ਪੀੜਾ ਦਾ ਦੌਰ ਸੀ ਜਿਸ ਵਿੱਚ ਖ਼ਾਲਸਾ ਪੰਥ ਦੇ ਹਰਿਆਵਲ ਦਸਤੇ ਆਪਣੀ ਪਹਿਚਾਣ ਨੂੰ ਰਾਜ ਭਾਗ ਦੀ ਪੱਧਰ ਉੱਤੇ ਮੁੜ ਸਥਾਪਤ ਕਰਨ ਲਈ ਜੂਝੇ ਅਤੇ ਕੁਰਬਾਨ ਹੋਏ। ਭਾਈ ਗਜਿੰਦਰ ਸਿੰਘ ਦੇ ਲੇਖ ਪੜ੍ਹਨ ਨਾਲ ਅਸੀਂ ਇਹ ਦੌਰ ਦੀਆਂ ਘਟਨਾਵਾਂ ਨਾਲ ਇਕਸੁਰ ਹੁੰਦੇ ਹਾਂ, ਇਸ ਦੌਰ ਦੀਆਂ ਖਾਮੀਆਂ ਅਤੇ ਪ੍ਰਾਪਤੀਆਂ ਨਾਲ ਜੁੜਦੇ ਵੀ ਹਾਂ ਅਤੇ ਬੀਤੇ ਤੋਂ ਸਬਕ ਲੈ ਕੇ ਭਵਿੱਖ ਦੀ ਕੋਈ ਨਵੀਂ ਨੁਹਾਰ ਸਿਰਜਣ ਲਈ ਆਪਣੀ ਕਲਪਨਾ ਨੂੰ ਹਲੂਣਾ ਵੀ ਦਿੰਦੇ ਹਾਂ।

ਤੇ ਅੰਤ ਵਿੱਚ ਸ: ਕਰਮਜੀਤ ਸਿੰਘ ਜੀ ਸਿੱਖ ਕੌਮ ਦੇ ਭਵਿੱਖ ਦੀ ਚਿੰਤਾ ਪ੍ਰਗਟਾਉਂਦੇ ਹੋਏ ਲਿਖਦੇ ਹਨ: ਅੱਜ ਕਈ ਅਹਿਮ ਸੁਆਲ ਸਿੱਖ ਪੰਥ ਦੀ ਲੀਡਰਸ਼ਿਪ ਦੇ ਸਾਹਮਣੇ ਖੜ੍ਹੇ ਹਨ। ਕੀ ਸਿੱਖ ਲੀਡਰਸ਼ਿਪ ਸੰਸਾਰ ਦੇ ਮੰਚ ਉੱਤੇ ਤੇਜ਼ੀ ਨਾਲ ਵਾਪਰ ਰਹੀਆਂ ਘਟਨਾਵਾਂ ਅਤੇ ਵਰਤਾਰਿਆਂ ਨੂੰ ਸਮਝਣ ਵਿੱਚ ਦਿਲਚ-ਸਪੀ ਰੱਖਦੀਆਂ ਹਨ (ਜਾਂ ਕੌਮੀ ਘਰ ਦੀ ਮੰਜ਼ਿਲ 'ਤੇ ਪਹੁੰਚਣ ਲਈ ਵੱਖ-ਵੱਖ ਰਸਤਿਆਂ ਵਿੱਚ ਭਟਕਦੀਆਂ ਰਹਿਣਗੀਆਂ) ਕੀ ਨਿੱਕੀਆਂ ਕੌਮਾਂ ਵੱਲੋਂ ਆਪਣੀ ਅਜ਼ਾਦੀ ਲਈ ਚੱਲ ਰਹੇ ਸੰਘਰਸ਼ ਲੀਡਰਸ਼ਿਪ ਦੀਆਂ ਨੀਂਦਰਾਂ ਉੱਤੇ ਬੋਝ ਪਾਉਂਦੇ ਹਨ ? ਹੋਰ ਸਵਾਲ ਵੀ ਹਨ ਜਿਵੇਂ ਸੰਸਾਰ ਵਿੱਚ ਹੋ ਰਹੀ ਉਥਲ-ਪੁਥਲ ਦੀਆਂ ਹੋ ਰਹੀਆਂ ਭਿੰਨ-ਭਿੰਨ ਵਿਆਖਿਆਵਾਂ ਨਾਲ ਕੀ ਅਸੀਂ ਜੁੜੇ ਹੋਏ ਹਾਂ ? ਸਿੱਖ ਨੁਕਤਾਨਿਗਾਹ ਤੋਂ ਮੌਜੂਦਾ ਹਾਲਾਤਾਂ ਦੀਆਂ ਬਰੀਕ ਪਰਤਾਂ ਦੀ ਕੀ ਵਿਆਖਿਆ ਕੀਤੀ ਜਾਵੇ ? (ਸਮਾਪਤ)

ਦਰਅਸਲ ਸਿੱਖ ਕੌਮ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਾਹਬਰੀ ਦੀ ਲੋੜ ਨਹੀਂ ਸਮਝਦੀ, ਸਿੱਖ ਸੰਘਰਸ਼ ਵਿੱਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਦੈਵੀ ਸਿਧਾਂਤ ਨੂੰ ਮਨਫੀ ਕਰਕੇ ਸਿੱਖ ਕੌਮ ਆਪਣੀ ਮੰਜ਼ਿਲ 'ਤੇ ਨਹੀਂ ਪਹੁੰਚ ਸਕੇਗੀ। ਦੇਸ਼ਾਂ ਵਿਦੇਸ਼ਾਂ ਵਿੱਚ ਫੈਲੇ ਹੋਏ ਖ਼ਾਲਸਾ ਪੰਥ ਲਈ ਸਭ ਤੋਂ ਜ਼ਰੂਰੀ ਅਤੇ ਚਿੰਤਾ ਦਾ ਵਿਚਾਰਨ ਯੋਗ ਵਿਸ਼ਾ ਹੈ ਕਿ ਕੀ ਛੋਟੀ ਜਿਹੀ ਸਿੱਖ ਕੌਮ, ਵੋਟ ਰਾਜਨੀਤੀ ਤਹਿਤ ਵੱਖ-ਵੱਖ ਰਾਜਨੀਤਕ ਪਾਰਟੀਆਂ ਵਿੱਚ ਵੰਡੀ ਹੋਈ ਅਤੇ ਧਾਰਮਿਕ ਪੱਖੋਂ ਵੱਖ-ਵੱਖ ਸੰਪਰਦਾਵਾਂ, ਦਲਾਂ, ਡੇਰਿਆਂ, ਧੜਿਆਂ, ਧਿਰਾਂ ਦੀਆਂ ਵੱਖ-ਵੱਖ ਮਰਿਯਾਦਾਵਾਂ ਨੂੰ ਪ੍ਰਣਾਈ ਹੋਈ ਆਪਣੀ ਨਿਆਰੀ, ਅੱਡਰੀ ਤੇ ਸੁਤੰਤਰ ਹੋਂਦ ਹਸਤੀ ਵਾਲੇ ਵਜੂਦ ਨੂੰ ਕਾਇਮ ਕਰਕੇ ਕੌਮੀ ਘਰ ਦੀ ਪ੍ਰਾਪਤੀ ਕਰ ਸਕੇਗੀ ?

**ਅਗਲੇ ਹਫ਼ਤੇ ਪੜ੍ਹੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਇਤਿਹਾਸਕ ਪੱਖ**

ਭੁੱਲਾਂ ਚੁੱਕਾਂ ਦੀ ਖ਼ਿਮਾਂ
ਗੁਰੂ ਪੰਥ ਦਾ ਦਾਸ
ਜਥੇਦਾਰ ਮਹਿੰਦਰ ਸਿੰਘ ਯੂ.ਕੇ.

* * * * *

# THE PANJAB TIMES' NEW FEATURE: Tweets of the Week

## X Twitter:@SanghaDr. Principal Dr. Sujinder Singh Sangha OBE FRSA

– ਲੇਖਕ –
ਸੁਜਿੰਦਰ ਸਿੰਘ ਸੰਘਾ



# ਪੰਜਾਬ ਟਾਈਮਜ਼ ਦਾ ਨਵਾਂ ਫੀਚਰ – ਟਵੀਟਸ ਆਫ ਦਾ ਵੀਕ

ਸਰਬਉੱਚ ਸਿੱਖ-ਪੰਥਕ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਦੀ ਫਸੀਲ ਤੌਂ, ਪੰਜ ਸਿੰਘ ਸਾਹਿਬਾਨਾਂ ਨੇ ਜਥੇਦਾਰ ਗਿ. ਰਘਵੀਰ ਸਿੰਘ ਤੇ ਗਿ. ਹਰਪ੍ਰੀਤ ਸਿੰਘ ਹੁਣਾਂ ਦੀ ਰਹਿਨੁਮਾਈ 'ਚ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ-ਮੰਤਰੀ ਸ. ਸੁਖਬੀਰ ਸਿੰਘ ਬਾਦਲ ਨੂੰ ਤਨਖਾਹੀਆ ਐਲਾਨ ਦਿਤਾ ਗਿਆ ਹੈ। ਮਰਿਆਦਾ ਤਹਿਤ ਉਹ ਧਾਰਮਿਕ ਸਜਾ ਦੇ ਭਾਗੀ ਹਨ।

30 ਅਗਸਤ 2024 ਦੇ ਐਲਾਨ ਉਪਰੰਤ, 31 ਤਾਰੀਖ ਨੂੰ ਬਾਦਲ ਸਾਹਿਬ ਨੇ ਡਾ. ਦਲਜੀਤ ਸਿੰਘ ਚੀਮਾ ਅਤੇ ਆਪਣੇਂ ਸਹਿਯੋਗੀਆਂ ਸਮੇਤ, ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਅਤੇ 'ਤਨਖਾਹੀ-ਸਜਾ' ਲਗਵਾਉਂਣ ਲਈ ਸਮਰਪਿਤ ਹੋ ਕੇ, ਆਪਣਾਂ ਪਤਰ ਸਕੱਤਰੇਤ ਵਿੱਚ ਪੇਸ਼ ਕਰ ਦਿਤਾ। ਸੌਦਾ ਸਾਧ ਤੇ ਡੇਰੇਦਾਰਾਂ ਵਲੋਂ ਕੀਤੀਆਂ ਬੇਅਦਬੀਆਂ, ਪਰ ਵੋਟਾਂ ਖਾਤਿਰ ਸਮੇਂ ਦੀ ਸਰਕਾਰ ਦੇ ਅਕਾਲੀ ਆਗੂਆਂ ਦੇ ਅਸਫਲ ਮੁਆਫੀਨਾਮੇਂ ਲਈ ਕੀਤੇ ਕੁਕਰਮ ਅਤੇ ਬਾਅਦਲੀਆਂ ਸਮੂਹਕ ਕੁਤਾਹੀਆਂ ਨਾਲ ਜੁੜਿਓ 2007-2017 ਦੇ ਘਟਨਾਕ੍ਰਮਾਂ ਲਈ, ਸਭ ਨੂੰ ਤਲਬ ਕਰਕੇ 'ਤਨਖ਼ਾਹਾਂ-ਸਜਾਵਾਂ' ਦਾ ਦੌਰ ਇਕ ਇਤਿਹਾਸਕ ਪ੍ਰਤੀਕਿਰਿਆ ਹੋ ਨਿਭੜੇਗੀ।

ਵਰਤਮਾਨ ਸੰਦਰਭ ਵਿੱਚ, ਇਸ ਸੰਕਟ ਭਰੇ ਤੋੜ-ਵਿਛੋੜਿਆਂ ਤੇ ਵਿਵਾਦ-ਸੰਵਾਦ ਵਿੱਚੋਂ ਭਲੀਭਾਂਤ ਸੁਰਖਰੂ ਹੋ ਕੇ ਸਿੱਖ ਕੌਮ, ਪੰਜਾਬ ਅਤੇ ਪੰਜਾਬੀਆਂ ਨੂੰ ਅਗਾਂਹ ਤੋਰਕੇ ਚੰਗਾ ਭਵਿੱਖ ਉਸਾਰਨ ਵਿੱਚ ਜੁਟਣਾਂ ਵੱਡੀ ਲੋੜ ਹੈ। ਵਰਨਾਂ ਸਿੱਖ-ਪੰਥ ਅਤੇ ਪੰਜਾਬ ਨੂੰ ਹਮੇਸ਼ਾ ਸਿਆਸੀ ਘਸਮਾਣਾਂ ਵਿਚ ਰੁੱਝਿਆਕੇ, ਬਹੁਤੇ ਵਿਰੋਧ ਕਰਨ ਵਾਲੇ ਅਤੇ ਸੰਚਾਰ ਮੀਡੀਆ, ਹੋਰ ਚਕਰ ਪਾਈ-ਵਧਾਈ ਰੱਖਣਗੇ, ਇਸ ਕਰਕੇ:

1. ਮਰਿਆਦਾ ਅਨੁਸਾਰ, ਸਮੂਹ ਧਾਰਮਿਕ ਤਨਖ਼ਾਹਾਂ-ਸਜਾਵਾਂ-ਸੇਵਾਵਾਂ ਨਿਪਟਾਉਣ ਦੀ ਕਾਰਵਾਈ, ਘੱਟੋ-ਘੱਟ ਸਮੇਂ ਵਿੱਚ ਨਿਪਟਾ ਲਈ ਜਾਵੇ।

2. ਬਾਦਲ ਸਾਹਿਬ ਅਤੇ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨਾਲ ਜੁੜਿਓ 'ਸਬੰਧਿਤ ਅਕਾਲੀ ਆਗੂ', ਸਮੂਹਕ ਤੌਰ ਤੇ ਆਪਣੇ-ਆਪ ਹੀ ਅਸਤੀਫੇ, ਸ੍ਰੀ ਅਕਾਲ ਤਖਤ ਸਾਹਿਬ ਤੇ ਜਮਾਂ ਕਰਾ ਦੇਣ – ਕਾਰਜਕਾਰੀ ਤੌਰ ਤੇ ਸੇਵਾਵਾਂ ਨਿਭਾਉਂਦੇ ਰਹਿਣ।

3. 'ਨਿਪਟਾਰੇ' ਉਪਰੰਤ ਮਿਥੇ ਸਮੇਂ ਲਈ ਸ਼੍ਰੋਮਣੀ ਅਕਾਲੀ ਦਲ ਦੀ ਨਵੀਂ ਮੈਂਬਰਸ਼ਿਪ ਖੋਲ ਦਿਤੀ ਜਾਵੇ। ਫਿਰ ਸੰਵਿਧਾਨ ਅਨੁਸਾਰ ਡੈਲੀਗੇਟਾਂ, ਕਮੇਟੀਆਂ, ਅਹੁਦੇਦਾਰਾਂ ਅਤੇ ਆਗੂਆਂ ਦੀ ਚੋਂਣ ਮੁਕੰਮਲ ਹੋ ਜਾਵੇ।

4. ਸਮਕਾਲੀਨ ਸੰਦਰਭ ਵਿੱਚ ਏਕਤਾ ਅਧਾਰਤ ਨਵਿਆਇਆ ਅਤੇ ਪੁੰਨਰਗਠਤ ਸ਼੍ਰੋਮਣੀ ਅਕਾਲੀ ਦਲ ਹੀ ਪ੍ਰਮੁੱਖਤਾ ਨਾਲ ਜਮਹੂਰੀ, ਵਿਕੇਂਦਰਤ, ਪੰਥ, ਪੰਜਾਬ ਅਤੇ ਪੰਜਾਬੀਆਂ ਦੇ ਭਲੇ ਵਿੱਚ ਸਮੂਹਕ ਅਗਵਾਈ ਦੇ ਸਕਦੈ।

5. ਮੌਜੂਦਾ ਹਾਲਾਤ ਅਤੇ ਵਿਭਿੰਨ ਪੰਥਕ ਸੰਤੁਸ਼ਟੀਆਂ ਲਈ, ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ, ਪੰਜ ਮੈਂਬਰੀ (ਇਕ ਸਾਬਕਾ ਜਜ, ਇਤਿਹਾਸਕਾਰ, ਅਕਾਦਮਿਕ, ਸਾਬਕਾ ਪ੍ਰਬੰਧਕੀ ਅਫਸਰ, ਵੱਡੇ ਪਤਰਕਾਰ ਆਦਿ ਅਧਾਰਿਤ) ਕਮਿਸ਼ਨ ਸਥਾਪਤ ਕਰਨ ਲਈ ਅੰਦੇਸ਼ਤ ਕਰੋ। ਜੋ ਸਮੂਹ ਸਮੱਗਰੀ/ਬਿਆਨਾਂ/ਗਵਾਹੀਆਂ ਆਦਿ ਸੰਗ੍ਰਹਿਤ ਕਰਕੇ, ਸਿਟੇ ਅਤੇ ਸਬਕ, ਇਕ ਵਰੇ ਅੰਦਰ ਪ੍ਰਕਾਸ਼ਿਤ ਕਰਨ ਲਈ ਵਿਵਸਥਾ ਅਮਲ ਵਿਚ ਲਿਆਂਦੀ ਜਾਵੇ।

.................................

ਵਿਸ਼ਵਾਸ ਹੈ ਕਿ ਸਿੱਖ-ਪੰਥ ਦੀ ਪ੍ਰਮੁੱਖ ਤੇ ਇਤਿਹਾਸਕ ਸਥਾਪਤੀ; ਸ੍ਰੀ ਅਕਾਲ ਤਖਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨਾਂ ਨੇ, ਸਰਬਪੱਖੀ ਪੇਸ਼ਗੀਆਂ ਨੂੰ ਮਰਿਆਦਾ 'ਚ ਵਿਚਾਰਾਕੇ, ਆਪਣਾਂ ਗੁਰ-ਮਤਾ ਐਲਾਨਿਆ ਹੈ, ਅਤੇ ਅਐਲਾਨਣਗੇ। ਜਿਹਨਾਂ ਨੂੰ ਸਮੂਹਿਕ ਤੌਰ ਤੇ ਸਿੱਖ-ਪੰਥਕ ਜਥੇਬੰਦੀਆਂ, ਸੰਸਥਾਵਾਂ, ਟਕਸਾਲਾਂ, ਸੰਗਤਾਂ, ਹਸਤੀਆਂ...ਮਾਣ-ਸਤਿਕ-ਾਰ ਨਾਲ ਸਿਰ-ਮਥੇ ਪ੍ਰਵਾਂਨ ਕਰਨਗੀਆਂ।

2007...2015...2027 ਨਾਲ ਸਬੰਧਿਤ ਘਟਨਾਂਕ੍ਰਮ, ਵਿਸ਼ਵ-ਵਿਆਪਕ ਸਿੱਖ ਕੌਮ ਦਾ ਅਤੇ ਪੰਜਾਬ ਦਾ ਵੀ ਵੱਡਾ ਨੁਕਸਾਨ ਕਰ ਚੁੱਕੇ ਹਨ। ਇਸਨੂੰ ਥਮਿਆਂ ਜਾਂਣਾ ਸਮੇਂ ਦੀ ਲੋੜ ਹੈ। ਗੈਰ-ਸਿਧਾਂਤਕ, ਗੈਰ-ਉਸਾਰੂ ਅਤੇ ਦਿਸ਼ਾ-ਨਿਰਦੇਸ਼ ਵਿਹੂੰਣੇਂ ਵਿਰੋਧ/ਵਖਰੇਵੇਂ/ਜਲੀਲਵਾਦੀ ਪਰਾਪੇਗੰਡੇ ਸਿਖ-ਪੰਥ ਅਤੇ ਪੰਜਾਬ ਦਾ ਰਾਜਨੀਤਕ, ਆਰਥਕ, ਸਭਿਆਚਾਰਕ ... ਨੁਕਸਾਨ ਕਰ ਰਹੇ ਹਨ। ਇਸ ਸੰਦਰਭ ਵਿਚ, ਇਸ ਖਿਲਾਅ ਤੋਂ ਲਾਭਪਾਤਰੀ ਬਣੀਆਂ ਸਿਆਸੀ ਅਤੇ ਮੀਡੀਆ ਤਾਕਤਾਂ, ਪੰਜਾਬ ਅਤੇ ਸਿੱਖ-ਪੰਥ ਦੀ ਸੰਸਥਾਤਮਕ ਸ਼ਕਤੀ ਨੂੰ ਕਮਜ਼ੋਰ ਕਰਨ ਵਿੱਚ ਜੁਟੀਆਂ ਹੋਈਆਂ ਹਨ।

.....................................

2027 ਵੰਡ-ਬਟਵਾਰੇ ਅਤੇ ਅਜ਼ਾਦੀ ਦੀ 80ਵੀਂ ਵਰੇਗੰਢ ਹੋਵੇਗੀ। ਇਹ ਕਦੇ ਵੀ ਨਾਂ ਭੁੱਲਣ ਵਾਲਾ ਦੁਖਾਂਤ ਹੈ, 1947 ਵਿੱਚ ਪੰਜਾਬ ਦਾ ਬਟਵਾਰਾ ਹੋਇਆ ਤਾਂ ਘਰ ਛੱਡਣੇ ਬੜੇ ਮੁਸ਼ਕਲ ਸਨ। ਇਹ ਸਭ ਕੁੱਝ ਬਿਨਾਂ ਕਿਸੇ ਵਜ੍ਹਾ ਅਤੇ ਬਿਨਾਂ ਪੁਛਿਉਂ ਹੋਇਆ ਸੀ। ਬਹੁਤ ਔਖਾ ਸਮਾਂ ਸੀ ਓਹ, ਅੱਜ ਸੋਚ ਕੇ ਵੀ ਲੂੰ ਕੰਡੇ ਖੜੇ ਹੋ ਜਾਂਦੇ ਨੇ। ਵਡੇਰੇ ਅਕਸਰ ਦੱਸਦੇ ਹੁੰਦੇ ਸੀ ਕਿ ਉਹ ਭਿਆਨਕ ਸਮਾਂ ਅੱਜ ਵੀ ਅੱਖਾਂ ਅੱਗਿਓਂ ਓਹਲੇ ਨਹੀਂ ਹੁੰਦਾ। ਦੁੱਖ ਸੰਤਾਪ ਭੁਲਾ ਨਹੀਂ ਸਕੇ। ਹੁਣ ਤਾਂ ਥਹੁਤੇ ਬਜ਼ੁਰਗ ਵੀ ਅਕਾਲ ਵਾਸੀ ਹੋ ਗਏ ਹਨ। ਪਰ ਉਹਨਾਂ ਦੀਆਂ ਗੱਲਾਂ ਨਹੀ ਭੁੱਲਦੀਆਂ, ਉਸ ਸੰਤਾਪ ਚੋਂ ਲੰਘਿਆਂ ਹੋਇਆ ਸ਼ਖਸ਼, ਕਿਹੜੀ ਅਜਾਦੀ ਦਾ ਜਸ਼ਨ ਮਨਾਵੇਗਾ? ਭਲਾ ਆਪਣਿਆਂ ਤੋਂ ਵਿੱਛੜ ਕੇ, ਆਪਣਿਆਂ ਦਾ ਕਤਲੇਆਮ ਹੁੰਦਾ ਦੇਖ ਕੇ, ਵੰਡ ਦੇ ਦਰਦ ਨੂੰ ਦਿਲਾਂ ਵਿਚ ਸੰਭਾਲ ਕੇ ,ਆਪਣੇ ਜੱਦੀ ਘਰਾਂ ਨੂੰ ਉਜੜੇ ਦੇਖ, ਭੈਣ-ਭਰਾਵਾ, ਮਾਵਾਂ-ਪੁੱਤਾਂ ਦੇ ਵਿਛੋੜਿਆਂ ਨੂੰ ਅੱਖਾਂ ਉਹਲੇ ਦੇਖ ਕੇ ਕਿਵੇਂ ਕੋਈ ਆਜਾਦੀ ਮਹਿਸੂਸ ਕਰ ਸਕਦੈ? ਮੇਹਨਤ ਨਾਲ ਫਿਰ ਘਰ-ਬਾਹਰ ਬਣ ਗਏ, ਜੋ ਵਿੱਛੜ ਗਏ; ਉਹ ਅੱਲੇ ਜ਼ਖ਼ਮ ਕਦੇ ਨਹੀ ਭਰਨਗੇ । ਸਤਾਹ-ਧਾਰੀਆਂ ਲਈ ਭਾਵੇਂ ਇਹ ਆਜ਼ਾਦੀ ਹੋਵੇਗੀ ਪਰ ਵੱਡਿਆ ਲਈ ਅੱਜ ਵੀ ਇਹ 1947 ਦਾ ਦੁਖਾਂਤ ਇੱਕ ਭਿਆਨਕ ਕਾਲ ਸੀ। ਖਾਸ ਕਰਕੇ ਜਿੰਨਾਂ ਨੇ ਆਪਣਿਆਂ ਦਾ ਲਹੂ ਵਹਿੰਦਾ ਦੇਖਿਆ।

ਅੱਜ ਵੀ ਉਹਨਾਂ ਵੇਲਿਆਂ ਦਾ ਦੁਖਾਂਤ ਸੁਣ ਮਨ ਸੁੰਨ ਹੋ ਜਾਂਦੇ ਹਨ। ਇਹ ਆਜ਼ਾਦੀ ਨਾਲੋਂ ਵਧ, ਸਾਡੇ ਵਿਰਸੇ ਤੇ ਆਪਣਿਆਂ ਦੇ ਵਿਛੜਨ ਦਾ ਦੁੱਖ-ਦਰਦ ਹੈ, ਜੋ ਸਦੀਆਂ ਤੱਕ ਨਹੀ ਭੁੱਲੇਗਾ। “ਵੰਡ ਦੇ ਭਿਆਨਕ ਯਾਦਗਾਰੀ ਦਿਵਸ" ਤੇ ਆਪਣੀਆਂ ਜਾਨਾਂ ਗੁਆਉਣ ਵਾਲੇ ਲੋਕਾਂ ਨੂੰ ਨਿਮਨ ਸ਼ਰਧਾਂਜਲੀ ਹੀ ਦਿਤੀ ਜਾ ਸਕਦੀ ਹੈ। ਉਨ੍ਹਾਂ ਸਾਰੇ ਨਾਗਰਿਕਾਂ ਲਈ ਡੂੰਘੀ ਹਮਦਰਦੀ ਹੈ ਜਿੰਨਾਂ ਦੇ ਵਡੇਰਿਆਂ ਨੇ ਇਹ ਬੇਰਹਿਮ ਅਤੇ ਭਿਆਨਕ ਤਸੀਹੇ ਝੱਲੇ, ਉਹ ਵੀ ਬਿਨਾ ਕਿਸੇ ਵਜ੍ਹਾ ਅਤੇ ਕਸੂਰ ਦੇ ।

From the Supreme Sikh-Panthik institution Sri Akal Takht Sahib, PanjSingh Sahiban facilitated by Jathedar Giani Raghvir Singh and Jathedar Giani Harpreet Singh, have declared the Shiromani Akali Dal President and former Deputy Chief Minister S. Sukhbir Singh Badal as 'Tankhaia'- responsible for some 2007 -2017 Sikh-Panthic issues and concerns -he is now awaiting religious punishment. After the announcement of 30 August 2024, on the 31st Badal Sahib, Dr. Daljit Singh Cheema along with their associates appeared at Sri Harimandar Sahib and submitted their letter to the Secretariat, accepting 'the declaration' and submitting themselves to theim position of 'Tankhahi-Sajja'. The desecrations committed by the Sauda Sadh and Deredars were not fully investigated and wrongfully overlooked for the sake of votes (but, so have done the successivenon-Akali



Punjab governments to date). The misdemeanors committed inthe process of 'failed apology' by the leaders of then Punjab government were condemned by Sikhs worldwide.In the current context, there is a great need to get out of this crises, political break-ups and conflicts. To take the Sikh Panth, Punjab and Punjabis forward, a new era need to be enshrined for building a better future. Some no doubt will continue to oppose any resolution of conflict. However, for a closure and to minimise tussle, prevent rivals and opponents from exploiting the issues for political purposes, the following actions should be beneficial:

1. In accordance with the 'Rahyat Marayda Sikh-Panthic norms', the process of settling all declarations of 'Tankhaia-religious punishments/ services should be concluded as soon as possible for aspeedy closure; to minimise further controversies.

.2. Badal Sahib's and Jathedar Gurpratap Singh Wadala's implicatedassociates 'the concerned Akali leaders', should collectively resignautomatically and deposit their resignations with Sri Akal Takht Sahib- but should continue to deliver their services.

3. A new membership campaign for the Shiromani Akali Dal should be opened for a defined period. After the 'settlement' the election of delegates, committees, office bearers and leaders should be completedin accordance with the SAD constitution.

4 In the contemporary context, only a renewed and reformed Shiromani Akali Dal based on unity, collective and enlightened leadership forthe good of Sikh quom, Punjab and Punjabis - driven by democratic, federal and inclusive Panthic ethos can provide a way forward.

5. In view of the current situation and diversities of views and attitudes, for a wider contentment, the Shiromani Gurdwara Management Committee should be mandated to set up a five-member (based onex-judge, historian, academic, ex-IAS officers, senior journalistsetc.) Commission. The Commission should collect materials/statements/ testimonies ... to compile a documentary reportfor lessons with recommendations for improvement and safe guarding Sikh-Panth and its institutions

............................................

... Continue on page 42

# ਸਿੱਖੀ ਸੁਰਤ ਨੂੰ ਭੰਗ ਕਰਨ ਵਾਲਾ ਰਾਹ ਗੁਰਮਤਿ ਦੇ ਤ੍ਰੈਕਾਲੀ ਕੌਤਕਾਂ ਦੀ ਫਿਲਮਕਾਰੀ

**ਤਲਵਿੰਦਰ ਸਿੰਘ ਬੁੱਟਰ**

• • •



ਫ਼ਿਲਮਾਂ ਰਾਹੀਂ ਗੁਰੂ-ਇਤਿਹਾਸ ਜਾਂ ਸਿੱਖ-ਇਤਿਹਾਸ ਦੇ ਪ੍ਰਚਾਰ-ਪ੍ਰਸਾਰ ਦੇ ਹੱਕ ਵਿਚ ਇਕ ਇਹ ਦਲੀਲ ਵੀ ਦਿੱਤੀ ਜਾਂਦੀ ਹੈ ਕਿ ਜੇਕਰ ਪੁਰਾਤਨ ਸਮਿਆਂ ਤੋਂ ਸਾਡੇ ਇਤਿਹਾਸਕ ਗ੍ਰੰਥਾਂ ਅੰਦਰ ਸ਼ਬਦਾਂ ਰਾਹੀਂ ਸਿੱਖ ਇਤਿਹਾਸ ਦਾ ਚਿਤਰਣ ਕੀਤਾ ਗਿਆ ਹੈ ਤਾਂ ਫ਼ਿਲਮਾਂ ਰਾਹੀਂ ਇਸ ਦੇ ਚਿਤਰਨ 'ਤੇ ਇਤਰਾਜ਼ ਕਿਉਂ? ਦਰਅਸਲ ਸ਼ਬਦ ਅਤੇ ਫ਼ਿਲਮੀ ਦ੍ਰਿਸ਼ ਵਿਚ ਬੁਨਿਆਦੀ ਫ਼ਰਕ ਇਹ ਹੈ ਕਿ ਫ਼ਿਲਮ ਵਿਚ ਕੈਦ ਹੋਇਆ ਦ੍ਰਿਸ਼ ਇਕ ਬੱਝਵਾਂ ਬਿੰਬ ਸਿਰਜ ਦਿੰਦਾ ਹੈ ਅਤੇ ਉਹ ਅਹਿਸਾਸ ਨੂੰ ਹੋਰ ਮੌਲਣ ਵਿਗਸਣ ਦੀ ਖੁੱਲ੍ਹ ਨਹੀਂ ਦਿੰਦਾ। ਆਪਣੇ ਅਹਿਸਾਸ ਅਤੇ ਅਨੁਭਵ ਵਿਚੋਂ ਸਮਝ ਕੇ ਮੌਲਣ, ਵਿਗਸਣ ਅਤੇ ਰਹੱਸ ਨੂੰ ਮਾਣਨ ਦੀ ਖੁੱਲ੍ਹ ਸਿਰਫ਼ ਸ਼ਬਦ ਹੀ ਦਿੰਦਾ ਹੈ, ਕਿਉਂਕਿ ਸ਼ਬਦ ਦੀ ਅਸੀਮ ਡੂੰਘਾਈ ਹੈ ਅਤੇ ਇਸ ਅਥਾਹ ਸਾਗਰ ਵਿਚ ਮਨੁੱਖ ਆਪਣੇ ਅਨੁਭਵ ਮੁਤਾਬਕ ਚੁੱਭੀ ਲਾਉਂਦਾ ਤੇ ਆਨੰਦ ਮਾਣਦਾ ਹੈ। ਮਿਸਾਲ ਵਜੋਂ ਅਸੀਂ ਗੁਰਬਾਣੀ ਦੀਆਂ ਹੁਣ ਤੱਕ ਹੋਈਆਂ ਵੱਖ-ਵੱਖ ਵਿਆਖਿਆ ਪ੍ਰਣਾਲੀਆਂ ਤੋਂ ਵੀ ਇਹ ਗੱਲ ਸਮਝ ਸਕਦੇ ਹਾਂ ਕਿ ਬੇਅੰਤ ਵਿਆਖਿਆਕਾਰਾਂ ਵਲੋਂ ਗੁਰਬਾਣੀ ਦੇ ਅਰਥ ਬੋਧ ਕਰਨ ਦੇ ਬਾਵਜੂਦ ਕਿਸੇ ਵਿਆਖਿਆ ਦੇ ਅੰਤਮ ਹੋਣ ਦਾ ਦਾਅਵਾ ਨਹੀਂ ਕੀਤਾ ਜਾ ਸਕਦਾ ਅਤੇ ਇਸ ਰੱਬੀ ਸਾਗਰ ਦੀ ਅਸੀਮਤਾ ਬਰਕਰਾਰ ਹੈ।

ਗੁਰਬਾਣੀ ਨੂੰ ਪੜ੍ਹਨ ਵਾਲਾ ਹਰ ਮਨੁੱਖ ਆਪੋ ਆਪਣੇ ਅਨੁਭਵ ਅਨੁਸਾਰ ਇਸ ਅਥਾਹ ਸਾਗਰ ਵਿਚ ਚੁੱਭੀ ਮਾਰ ਕੇ ਅਨੰਦ ਮਾਣਦਾ ਹੈ। ਇਸ ਤਰ੍ਹਾਂ ਸ਼ਬਦ-ਗੁਰੂ ਦੇ ਰੂਪ 'ਚ ਗੁਰਬਾਣੀ ਤੇ 'ਬਾਬਾਣੀਆਂ ਕਹਾਣੀਆਂ' ਦੇ ਰੂਪ 'ਚ ਜਦੋਂ ਕੋਈ ਸਿੱਖ ਬਾਲ-ਅਵਸਥਾ 'ਚ ਮਾਵਾਂ, ਦਾਦੀਆਂ ਤੋਂ ਸਾਖ਼ੀਆਂ ਅਤੇ ਵੱਡਾ ਹੋ ਕੇ ਗੁਰੂ-ਇਤਿਹਾਸ ਸੁਣਦਾ/ ਪੜ੍ਹਦਾ ਹੈ ਤਾਂ ਆਪਣੀ ਅਵਸਥਾ ਦੇ ਮੁਤਾਬਕ ਉਸ ਦੇ ਮਨ ਅੰਦਰ ਗੁਰੂ ਬਿੰਬ ਦੀ ਸਿਰਜਣਾ ਹੁੰਦੀ ਹੈ ਅਤੇ ਉਹ ਗੁਰੂ ਦੀ ਅਨੂਠੀ ਯਾਦ 'ਚ ਆਤਮਕ ਅਹਿਸਾਸ ਦਾ ਅਨੰਦ ਮਾਣਦਾ ਹੈ। ਗੁਰ-ਇਤਿਹਾਸ ਜਾਂ ਸਿੱਖ-ਇਤਿਹਾਸ ਪੜ੍ਹਨ/ਸੁਣਨ ਨਾਲ ਜੋ ਰੂਹਾਨੀ ਅਹਿਸਾਸ ਅਤੇ ਵਿਗਾਸ ਹੁੰਦਾ ਹੈ, ਉਹ ਕਿਸੇ ਫ਼ਿਲਮੀ ਦ੍ਰਿਸ਼ ਵਿਚ ਬੰਨ੍ਹੇ ਕਿਸੇ ਇਤਿਹਾਸਕ ਪਲ ਨੂੰ ਵੇਖ ਕੇ ਨਹੀਂ ਹੋ ਸਕਦਾ।

ਫ਼ਿਲਮਾਂ ਭਾਵੇਂ ਮਨੁੱਖੀ ਪਾਤਰਾਂ ਵਾਲੀਆਂ ਹੋਣ ਜਾਂ ਐਨੀਮੇਸ਼ਨ, ਇਨ੍ਹਾਂ ਦਾ ਇਕ ਮਾੜਾ ਪ੍ਰਭਾਵ ਇਹ ਹੈ ਕਿ ਫ਼ਿਲਮ ਮਨੁੱਖ ਅੰਦਰ ਬੁਰਾਈ ਨੂੰ ਵੇਖ ਕੇ ਨਜ਼ਰਅੰਦਾਜ਼ ਕਰਨ ਜਾਂ ਉਸ ਨੂੰ ਵੇਖਣ ਦਾ ਆਦੀ ਬਣਾ ਦਿੰਦੀ ਹੈ। ਇਕ ਹੋਰ ਮਨੋਵਿਗਿਆਨਕ ਤੱਥ ਹੈ ਕਿ ਕਿਸੇ ਮਹਾਨ ਸ਼ਖ਼ਸੀਅਤ ਜਾਂ ਕਿਸੇ ਬੁਲੰਦ ਖ਼ਿਆਲ ਬਾਰੇ ਜੋ ਅਨੰਦ ਅਤੇ ਵਿਗਾਸ ਆਪਣੇ ਅਨੁਭਵ 'ਚੋਂ ਪ੍ਰਾਪਤ ਹੁੰਦਾ ਹੈ, ਉਹ ਹੋਰਾਂ ਦੇ ਅਨੁਭਵ ਵਿਚੋਂ ਨਹੀਂ ਹੋ ਸਕਦਾ। ਇਸ ਤਰ੍ਹਾਂ ਗੁਰ-ਇਤਿਹਾਸ ਜਾਂ ਸਿੱਖ-ਇਤਿਹਾਸ 'ਤੇ ਆਧਾਰਤ ਐਨੀਮੇਸ਼ਨ ਫ਼ਿਲਮਾਂ ਵੇਖਣ ਵਾਲੇ ਬੱਚਿਆਂ ਦੀ ਮਾਨਸਿਕਤਾ 'ਚ ਆਪਣੇ ਗੁਰੂ ਸਾਹਿਬਾਨ ਅਤੇ ਇਤਿਹਾਸ ਨੂੰ ਲੈ ਕੇ ਜੋ ਮਿਜਾਜ਼ੀ ਅਕਸ ਉਕਰਿਆ ਜਾਵੇਗਾ, ਉਹੀ ਉਨ੍ਹਾਂ ਨੂੰ ਸੱਚਾਈ ਪ੍ਰਤੀਤ ਹੋਵੇਗਾ ਅਤੇ ਸਾਡੇ ਮਾਣਮੱਤੇ ਇਤਿਹਾਸ ਦੇ ਸਾਡੀ ਮਾਨਸਿਕਤਾ ਅੰਦਰ ਸੀਨਾ-ਬ-ਸੀਨਾ ਜਿਹੜੇ ਪਵਿੱਤਰ ਅਹਿਸਾਸ, ਬਿੰਬ ਅਤੇ ਮਨੋ-ਭਾਵਨਾਵਾਂ ਦਾ ਪ੍ਰਵਾਹ ਚੱਲਿਆ ਆ ਰਿਹਾ ਹੈ, ਉਹ ਖ਼ਤਮ ਹੋ ਜਾਵੇਗਾ। ਕਿਉਂਕਿ ਕਲਪਨਾ, ਸੁਪਨੇ ਅਤੇ ਸੱਚਾਈ ਵਿਚ ਅੰਤਰ ਸਮਝਣ ਤੋਂ ਆਹਰੀ ਹੋਣ ਕਾਰਨ ਸਮਾਂ ਪਾ ਕੇ ਇਨ੍ਹਾਂ ਬੱਚਿਆਂ ਨੂੰ ਹਕੀਕਤ ਕਲਪਨਾ ਅਤੇ ਕਲਪਨਾ ਹਕੀਕਤ ਜਾਪਣ ਲੱਗੇਗੀ। ਇਸ ਤਰ੍ਹਾਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸਾਡਾ ਮਾਣਮੱਤਾ ਅਤੇ ਅਮੀਰ ਇਤਿਹਾਸ ਹੀ ਕਲਪਨਾ ਜਾਪਣ ਲੱਗੇਗਾ।

ਜਿਨ੍ਹਾਂ ਫ਼ਿਲਮਾਂ ਤੇ ਸਿਨੇਮਾ ਵਿਧੀਆਂ ਰਾਹੀਂ ਅਸੀਂ ਆਪਣੇ ਗੁਰ-ਇਤਿਹਾਸ ਜਾਂ ਸਿੱਖ-ਇਤਿਹਾਸ ਨੂੰ ਪੇਸ਼ ਕਰਕੇ ਨਵੀਂ ਪੀੜ੍ਹੀ ਨੂੰ ਸਿੱਖੀ ਨਾਲ ਜੋੜਨ ਦਾ ਭਰਮ ਪਾਲੀ ਬੈਠੇ ਹਾਂ, ਉਨ੍ਹਾਂ ਦੇ ਮਨੁੱਖੀ ਮਨ ਦੀ ਪਵਿੱਤਰਤਾ, ਸੁਹਜ ਅਤੇ ਜੀਵਨ ਲੈਅ 'ਤੇ ਬੁਰੇ ਪ੍ਰਭਾਵ ਬਾਰੇ ਪ੍ਰੋ. ਪੂਰਨ ਸਿੰਘ ਦੇ ਇਹ ਸ਼ਬਦ ਡੂੰਘੇ ਅਰਥ ਰੱਖਦੇ ਹਨ ਕਿ, 'ਥੀਏਟਰ, ਨਾਟਕ ਅਤੇ ਸਿਨੇਮਾ ਉਹ ਕਲਾਵਾਂ ਨਹੀਂ, ਜੋ ਜੀਵਨ ਦਿੰਦੀਆਂ ਹਨ। ਉਹ ਇਸ ਨੂੰ ਖ਼ਤਮ ਕਰਦੀਆਂ ਹਨ। ਉਹ ਮਨੁੱਖੀ ਸ਼ਖ਼ਸੀਅਤ ਨੂੰ ਆਤਿਸ਼ਬਾਜੀ ਦਾ ਰੂਪ ਦੇ ਦਿੰਦੀਆਂ ਹਨ।' ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 'ਪੰਥ ਦੀ ਸੋਨ ਚਿੜ੍ਹੀ' ਵਜੋਂ ਨਿਵਾਜੇ ਮਹਾਨ ਅਨੁਭਵੀ ਸਿੱਖ ਫ਼ਿਲਾਸਫ਼ਰ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਨੇ ਮੁੱਦਤਾਂ ਪਹਿਲਾਂ ਸਾਨੂੰ ਫ਼ਿਲਮੀ ਤਕਨੀਕਾਂ ਜ਼ਰੀਏ ਦੈਵੀ ਅਤੇ ਉੱਚੀ ਸੁਰਤ ਵਾਲੇ ਆਪਣੇ ਮਹਾਨ ਪੂਰਵਜ਼ਾਂ ਨੂੰ ਸਿਨੇਮਿਆਂ, ਟੈਲੀਵਿਜ਼ਨਾਂ 'ਚ ਵਿਖਾਉਣ ਦੇ ਕੁਰਾਹੇ ਪੈਣ ਤੋਂ ਸੁਚੇਤ ਕਰ ਦਿੱਤਾ ਸੀ ਕਿ, 'ਬਹੁਤ ਸਾਰੇ ਅਖੌਤੀ ਸਿੱਖ-ਆਗੂ ਨਿਧੜਕ ਹੋ ਕੇ ਸਿਨਮਾਵੀ ਫ਼ਿਲਮਾਵਾਂ ਨੂੰ ਗੁਰਮਤਿ ਦੇ ਗੂੜ੍ਹ-ਰੰਗੇ ਹਕੀਕੀ ਘਟਨਾਵਾਂ ਵਾਲੇ ਜੀਵਨਾਂ ਪ੍ਰਥਾਇ ਵਰਤਣੋਂ ਭੀ ਨਹੀਂ ਸ਼ਰਮਾਂਦੇ ਤੇ ਖੁੱਲ-ਮ-ਖੁੱਲ੍ਹਾ ਗੁਰਮਤਿ ਜੀਵਨਾਂ ਵਾਲੇ ਸ੍ਰੇਸ਼ਟ ਗੁਰਮੁਖ ਜਨਾਂ ਦੀਆਂ ਫ਼ਿਲਮਾਂ ਉਤਾਰਨ ਤੋਂ ਭੀ ਨਹੀਂ ਸੰਕੋਚਦੇ। ਇਹ ਨਿਰੀ ਮਨਮਤਿ ਹੈ, ਜਿਸ ਨੂੰ ਕਿ ਬੜੇ ਫ਼ਖ਼ਰ ਨਾਲ ਪ੍ਰਚਾਰਦੇ ਹਨ।'

ਇਸ ਤਰ੍ਹਾਂ ਗੁਰੂ ਸਾਹਿਬਾਨ ਜਾਂ ਸਿੱਖ ਇਤਿਹਾਸ ਦੇ ਮਹਾਨ ਸ਼ਹੀਦਾਂ-ਮੁਰੀਦਾਂ ਨੂੰ ਅਦਾਕਾਰਾਂ ਦੀ ਐਕਟਿੰਗ ਜਾਂ ਐਨੀਮੇਸ਼ਨ ਜ਼ਰੀਏ ਮਨੁੱਖੀ ਰੂਪ ਵਿਚ ਫ਼ਿਲਮਾਂ ਅੰਦਰ ਵਿਖਾਉਣਾ ਸਿੱਖ ਦੇ ਗੁਰੂ ਪ੍ਰਤੀ ਖ਼ਿਆਲ, ਉਸ ਦੀ ਚਿਤਰਣ ਸ਼ਕਤੀ, ਉਸ ਦੇ ਖ਼ਿਆਲਾਂ ਅਤੇ ਰੂਹ ਦੀ ਅਜ਼ਾਦੀ ਦਾ ਕਤਲ ਹੈ।

* * * * * * *

... Continue from page 41

Sikhs would appreciate that it should be in the best interest of Sikh-Panth and Punjab to conclude the current issues speedily. As manyin politics and media, would like them to be dragged to keep people distracted from the real matters. So, for a closureafter the religious convictions, sanctions, redemption ... the 5Singh Sahibans including Jathedar Giani Raghbir Singh and Jathedar Giani Harpreet Singh may consider asking the SGPC Amritsar and SGPC President to constitute the proposed commission for hearing and analysing all available evidence 2007-2017, to produce a public document with recommendations and the lessons that should be learnt. This should take care of undue burdens on the institution of Sri Akal Takht Sahib Amritsar. In the meantime individuals, groups, organisations... rivals, competitors, and opponents of Shiromani Akali Dal and its leadership should refrain from exploiting and complicating the current issues and processes being undertaken. The institution of Sri Akal Takht Sahib should be enabled as supreme authority of theglobal Sikhs, in 'cleaning-up' the Religio-Political mess of SAD and BJP led Punjab Government India (2007-2017) relating to desecrationsby Sauda Sadh and the deredars. The attention then should turn to thepost 2017 - 2024 Punjab governments, for their failing in completingthe process of investigations, convictions to bring the Sauda Sadhculprits of the desecrations to justice.

.................................

The former Deputy Chief Minister and SAD president Sukhbir Singh Badal has 'stepped aside' and has submitted himself to the religious conviction impending religious sanctions. The rest of the then participating Akali and responsible non-Akali Sikh leaders should alsobe going through the same process. To protect Sikh Panth and Punjab from any further harm, a speedy conclusion of the whole process isdesirable. The rival and competing internal and external politicalinterests should refrain from exploiting and complicating thesituation. The journey for Punjab, Punjabis, Punjabiyat, Sikhs... should continue towards recovering the Punjabi Areas, River Waters Rights, the Rightful Status for Punjabi Language, the Capital City of Chandigarh, settlement of agricultural issues,industrialisation...protectio n of people and environment...

ਪਿੰ.ਡਾ. ਸੁਜਿੰਦਰ ਸਿੰਘ ਸੰਘਾ
ਓ.ਬੀ.ਈ, ਐਫ ਆਰ ਐਸ ਏ

* * * * *

## ਯੂ.ਕੇ. ਵਿਚ 24 ਮਸਜਿਦਾਂ ਵਿਰੁੱਧ ਪੜਤਾਲ ਸ਼ੁਰੂ

ਲੰਡਨ : ਬਰਤਾਨੀਆ ਸਰਕਾਰ ਨੇ ਹੇਡ਼ ਸਪੀਚ ਵਿਰੁੱਧ ਵੱਡੀ ਕਾਰਵਾਈ ਕਰਦਿਆਂ ਲੰਡਨ, ਬਰਮਿੰਘਮ, ਲਿਵਰਪੂਲ ਅਤੇ ਮੈਨਚੈਸਟਰ ਵਰਗੇ ਸ਼ਹਿਰਾਂਦੀਆਂ 24 ਮਸਜਿਦਾਂ ਵਿਰੁੱਧ ਪੜਤਾਲ ਆਰੰਭ ਦਿਤੀ ਹੈ। ਬਰਤਾਨਵੀ ਮੀਡੀਆ ਮੁਤਾਬਕ ਜ਼ਿਆਦਾਤਰ ਮਸਜਿਦਾਂ ਦਾ ਪ੍ਰਬੰਧ ਪਾਕਿਸਤਾਨੀ ਮੂਲ ਦੇ ਲੋਕਾਂ ਕੋਲ ਹੈ ਅਤੇ ਦੋਸ਼ ਸਾਬਤ ਹੋਣ ਤੇ 14-14 ਸਾਲ ਕੈਦ ਦੀ ਸਜ਼ਾ ਹੋ ਸਕਦੀ ਹੈ। ਮੀਡੀਆ ਰਿਪੋਰਟਾਂ ਮੁਤਾਬਕ ਮਸਜਿਦਾਂ ਤੋਂ ਗੈਰ-ਮੁਸਲਮਾਨਾਂ ਵਿਰੁੱਧ ਫਤਵੇ ਜਾਰੀ ਕੀਤੇ ਗਏ ਅਤੇ ਇਥੋਂ ਅਤਿਵਾਦੀ ਜਥੇਬੰਦੀ ਹਮਾਸ ਦੀ ਹਮਾਇਤ ਵਿਚ ਭਾਸ਼ਣ ਦਿਤੇ ਜਾਣ ਦੇ ਦੋਸ਼ ਵੀ ਸ਼ਾਮਲ ਹਨ। ਪਿਛਲੇ ਸਾਲ 7 ਅਕਤੂਬਰ ਮਗਰੋਂ ਯਹੂਦੀਆਂ ਵਿਰੁੱਧ ਨਫਰਤ ਪੈਦਾ ਕਰਨ ਲਈ ਕਥਿਤ ਤੌਰ ਤੇ ਇਨ੍ਹਾਂ ਮਸੀਤਾਂ ਦੀ ਵਰਤੋਂ ਕੀਤੀ ਗਈ।

ਧਾਰਮਿਕ ਥਾਵਾਂ ਅੰਦਰ ਨਫ਼ਰਤੀ ਭਾਸ਼ਣ ਹੋਣ ਦੇ ਲੱਗ ਚੁੱਕੇ ਨੇ ਦੋਸ਼ ਮਸਜਿਦਾਂ ਦੇ ਪ੍ਰਬੰਧਕਾਂ ਵਿਰੁੱਧ ਅਜਿਹੇ ਮੌਲਵੀਆਂ ਜਾਂ ਧਰਮ ਪ੍ਰਚਾਰਕਾਂ ਨੂੰ ਸੱਦਣ ਦੇ ਦੋਸ਼ ਹਨ ਜੋ ਇਜ਼ਰਾਈਲ ਅਤੇ ਯਹੂਦੀਆਂ ਵਿਰੁੱਧ ਬੋਲਦੇ ਸਨ। ਜੁਲਾਈ ਵਿਚ ਲੇਬਰ ਸਰਕਾਰ ਦੇ ਸੱਤਾ ਵਿਚ ਆਉਣ ਮਗਰੋਂ ਇਸ ਮੁੱਦੇ ਤੇ ਜ਼ਿਆਦਾ ਸਖਤੀ ਵਰਤੀ ਜਾ ਰਹੀ ਹੈ। ਬਰਤਾਨੀਆ ਸਰਕਾਰ ਇਨ੍ਹਾਂ 24 ਮਸਜਿਦਾਂ ਨੂੰ ਮਿਲੇ ਫੰਡਾਂ ਦੀ ਪੜਤਾਲ ਵੀ ਕਰ ਰਹੀ ਹੈ। ਰਿਪੋਰਟ ਮੁਤਾਬਕ ਮਾਮਲੇ ਦੀ ਪੜਤਾਲ ਰਹੇ ਚੈਰਿਟੀ ਕਮਿਸ਼ਨ ਦੀ ਮੁਖੀ ਹੈਲਨ ਸਟੀਫਨਸਨ ਦਾ ਕਹਿਣਾ ਹੈ ਕਿ ਨਿਯਮਾਂ ਦੀ ਉਲੰਘਣਾ ਕਰਨ ਵਾਲੀਆਂ ਮਸਜਿਦਾਂ ਤੋਂ ਧਾਰਮਿਕ ਸਥਾਨ ਦਾ ਦਰਜਾ ਵੀ ਖੋਹਿਆ ਜਾ ਸਕਦਾ ਹੈ। ਦੱਸਿਆ ਜਾ ਰਿਹਾ ਹੈ ਕਿ ਬਰਮਿੰਘਮ ਵਿਖੇ ਮੁਹੰਮਦੀ ਮਸਜਿਦ ਦੇ ਮੌਲਵੀ ਅਬੂ ਇਬਰਾਹਿਮ ਹੁਸੈਨ ਨੇ ਨਮਾਜ਼ੀਆਂ ਨੂੰ ਸਬੰਧਨ ਕਰਦਿਆਂ ਕਿਹਾ, ਐ ਮੁਸਲਮਾਨ, ਮੇਰੇ ਪਿੱਛੇ ਇਕ ਯਹੂਦੀ ਹੈ, ਆ, ਉਸ ਦਾ ਕਤਲ ਕਰ ਦੇ। ਮੁਹੰਮਦੀ ਟਰੱਸਟ ਨੂੰ ਪਿਛਲੇ ਦੋ ਸਾਲ ਦੌਰਾਨ ਯੂ.ਕੇ. ਸਰਕਾਰ ਤੋਂ 12 ਲੱਖ ਰੁਪਏ ਦੇ ਫੰਡ ਮਿਲੇ ਹਨ।

ਇਸੇ ਤਰ੍ਹਾਂ ਪੂਰਬੀ ਲੰਡਨ ਵਿਚ ਤੌਹੀਦ ਮਸਜਿਦ ਵਿਚ ਮੌਲਵੀ ਸ਼ੇਖ ਹੁਸੈਨ ਵੱਲੋਂ ਇਜ਼ਰਾਈਲ ਉਤੇ ਹਮਾਸ ਦੇ ਹਮਲੇ ਨੂੰ ਜਾਇਜ਼ ਠਹਿਰਾਇਆ ਗਿਆ।

# ਗੁਰੂ ਨਾਨਕ ਸਿੱਖ ਅਕੈਡਮੀ ਹੇਜ਼ ਲੰਡਨ ਦੇ ਵਿਦਿਆਰਥੀਆਂ ਦੇ ਨਤੀਜੇ ਇਸ ਸਾਲ ਇੱਕ ਵਾਰੀ ਫੇਰ ਹਰ ਪੱਖੋਂ ਸ਼ਲਾਂਗਾਯੋਗ ਰਹੇ

ਲੰਡਨ (ਗੁਰਦੀਪ ਸਿੰਘ ਜਗਬੀਰ ਡਾ:) – ਗੁਰੂ ਨਾਨਕ ਸਿੱਖ ਅਕੈਡਮੀ ਹੇਜ਼ ਲੰਡਨ ਦੇ ਵਿਦਿਆਰਥੀਆਂ ਦੇ ਨਤੀਜੇ ਇਸ ਸਾਲ ਇੱਕ ਵਾਰੀ ਫੇਰ ਹਰ ਪੱਖੋਂ ਸ਼ਲਾਂਗਾਯੋਗ ਰਹੇ। ਅਕਾਦਮਿਕ ਸਾਲ 2023–24 ਦੇ ਗੁਰੂ ਨਾਨਕ ਸਿੱਖ ਮਲਟੀ ਅਕੈਡਮੀ ਟਰਸਟ ਦੇ ਵਿਦਿਆਰਥੀਆਂ ਦੀ ਮਿਹਨਤ ਇਸ ਵਰੇ ਇੱਕ ਵਾਰੀ ਫਿਰ ਰੰਗ ਲਿਆਈ ਅਤੇ ਇਸ ਵਰ੍ਹੇ ਦੇ ਨਤੀਜੇ ਇੱਕ ਵਾਰੀ ਫੇਰ ਹਰ ਪੱਖੋਂ ਸ਼ਾਨਦਾਰ ਅਤੇ ਸੱਲਾਂਗਾਯੋਗ ਰਹੇ। ਇਸ ਸਾਲ ਦੀਆਂ ਸ਼ਾਨਦਾਰ ਅਤੇ ਸਿਲਾਂਗਾਯੋਗ ਪ੍ਰਾਪਤੀਆਂ, ਗੁਰੂ ਨਾਨਕ ਸਿੱਖ ਮਲਟੀ ਅਕੈਡਮੀ ਦੇ ਸਟਾਫ ਦੇ ਅਟੁੱਟ ਸਮਰਪਣ ਉਹਨਾਂ ਦੀ ਅਣਥਕ ਮਿਹਨਤ ਅਤੇ ਵਿਦਿਆਰਥੀਆਂ ਦੀ ਤਨਦੇਹੀ ਦੇ ਨਾਲ ਕੀਤੀ ਮਿਹਨਤ ਅਤੇ ਵਿਦਿਆਰਥੀਆਂ ਦੇ ਮਾਪਿਆਂ ਦੇ ਮਜਬੂਤ ਸਹਿਯੋਗ ਦਾ ਹੀ ਨਤੀਜਾ ਹੈ।

ਇਸ ਅਕੈਡਮੀ ਦਾ ਸ਼ਾਨਦਾਰ ਦ੍ਰਿਸ਼ਟੀਕੋਣ ਇਸ ਅਕੈਡਮੀ ਦੇ ਬਾਨੀ ਸੰਸਥਾਪਕ, ਮਹਾਂਪੁਰਖ ਸੰਤ ਬਾਬਾ ਅਮਰ ਸਿੰਘ ਜੀ ਦੀ ਪ੍ਰੇਰਨਾ ਸਦਕਾ ਹੈ। ਇਸ ਪਿੱਛੇ ਮਹਾਂਪੁਰਖ ਸੰਤ ਬਾਬਾ ਅਮਰ ਸਿੰਘ ਦੀ ਉਹ ਸੋਚ ਕੰਮ ਕਰ ਰਹੀ ਹੈ ਜਿਸਦੇ ਵਿੱਚ ਉਹਨਾਂ ਨੇ ਇਸ ਅਕੈਡਮੀ ਦੀ ਸਥਾਪਨਾ ਵਕਤ ਇਸ ਗੱਲ ਦਾ ਸੁਪਨਾ ਸੰਜੋਇਆ ਸੀ ਕਿ ਆਉਣ ਵਾਲੇ ਭਵਿੱਖ ਦੇ ਸਮੇਂ ਦੇ ਵਿੱਚ ਇਸ ਅਕੈਡਮੀ ਤੋਂ ਸਿੱਖਿਆ ਹਾਸਿਲ ਕਰਕੇ ਨਿਕਲਿਆ ਵਿਦਿਆਰਥੀ ਆਉਣ ਵਾਲੇ ਸਮੇਂ ਦੇ ਵਿੱਚ ਇੱਕ ਅਜਿਹਾ ਰੋਲ ਮਾਡਲ ਹੋਏਗਾ ਜੋ ਕਿ ਮਨੁੱਖਤਾ ਦੀ ਸੇਵਾ ਪੱਖੋਂ ਇੱਕ ਸਿੱਖੀ ਦੇ ਸਿਧਾਂਤ ਦੀ ਨੁਹਾਰ ਨੂੰ ਵੀ ਪੇਸ਼ ਕਰੇਗਾ।

ਅਰੁਣ ਠਾਕੁਰ, ਚੇਅਰ ਆਫ਼ ਡਾਇਰੈਕਟਰਜ਼ ਨੇ ਗੁਰੂ ਨਾਨਕ ਸਿੱਖ ਮਲਟੀ ਅਕੈਡਮੀ ਟਰੱਸਟ ਦੇ ਨਾਲ ਸੰਬੰਧਿਤ ਸਮੁੱਚੇ ਭਾਈਚਾਰੇ ਨੂੰ ਦਿਲੋਂ ਵਧਾਈ ਦੇਦਿਆਂ ਹੋਇਆਂ ਕਿਹਾ ਕਿ ਇਸ ਸਾਲ ਦੀ ਸ਼ਾਨਦਾਰ ਸਫਲਤਾ ਸਾਡੇ ਸਟਾਫ ਅਕੈਡਮੀ ਪ੍ਰਤੀ ਸਮਰਪਣਾਂ ਅਤੇ ਵਿਦਿਆਰਥੀਆਂ ਦੀ ਵਚਨਬੱਧਤਾ ਦਾ ਪ੍ਰਮਾਣ ਹੈ। ਅਕੈਡਮੀ ਦੇ ਵਿਦਿਆਰਥੀਆਂ ਦੇ ਦ੍ਰਿੜ ਇਰਾਦੇ ਦੇ ਨਾਲ ਅਤੇ ਉਨ੍ਹਾਂ ਦੇ ਅਣਥੱਕ ਯਤਨਾਂ ਦੇ ਕਾਰਨ ਹੀ ਸ਼ਾਨਦਾਰ ਨਤੀਜੇ ਆਏ ਹਨ।

"ਸਾਡੇ ਵਿਦਿਆਰਥੀਆਂ ਵਲੋਂ ਦ੍ਰਿੜ ਇਰਾਦੇ ਦੇ ਨਾਲ ਕੀਤੀ ਗਈ ਉਨ੍ਹਾਂ ਦੀ ਮਿਹਨਤ ਅਤੇ ਉਨ੍ਹਾਂ ਦੇ ਅਣਥੱਕ ਯਤਨਾਂ ਨੇ ਸ਼ਾਨਦਾਰ ਨਤੀਜੇ ਪੇਸ਼ ਕੀਤੇ ਹਨ।"

ਗੁਰੂ ਨਾਨਕ ਸਿੱਖ ਮਲਟੀ ਅਕੈਡਮੀ ਟਰੱਸਟ ਦੇ ਸੀਈਓ ਸਰਦਾਰ ਜਸਕਮਲ ਸਿੰਘ ਸਿੱਧੂ ਨੇ ਆਪਣੇ ਵਿਚਾਰ ਦੇਂਦਿਆਂ ਕਿਹਾ ਕਿ ਇਸ ਸਾਲ ਦੀਆਂ ਪ੍ਰਾਪਤੀਆਂ, ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਟੀਮ ਵਰਕ, ਅਣਥੱਕ ਮਿਹਨਤ ਅਤੇ ਦੂਰਅੰਦੇਸ਼ੀ ਦੀ ਨੁਹਾਰ ਨੂੰ ਦਰਸਾਉਂਦੀਆਂ ਹਨ।

ਉਨ੍ਹਾਂ ਕਿਹਾ ਕਿ ਸਾਡੇ ਵਿਦਿਆਰਥੀਆਂ ਨੇ ਨਾ ਸਿਰਫ਼ ਅਕਾਦਮਿਕ ਤੌਰ 'ਤੇ ਬਹੁਤ ਵਧੀਆ ਪ੍ਰਦਰਸ਼ਨ ਕੀਤਾ ਹੈ, ਸਗੋਂ ਉਨ੍ਹਾਂ ਨੇ ਆਪਣੀ ਸਮਰਪਣਾਂ ਅਤੇ ਸੇਵਾ ਦੀਆਂ ਕਦਰਾਂ ਕੀਮਤਾਂ ਨੂੰ ਵੀ ਅਪਣਾਇਆ ਹੈ।

ਗੁਰੂ ਨਾਨਕ ਸਿੱਖ ਅਕੈਡਮੀ ਦੇ ਸੀਈਓ ਸਰਦਾਰ ਜਸਕਮਲ ਸਿੰਘ ਸਿੱਧੂ ਨੇ ਆਪਣੇ ਵਿਚਾਰ ਦੇਂਦਿਆਂ ਅੱਗੇ ਕਿਹਾ ਅਸੀਂ ਇੰਜ ਮਿਲ ਕੇ, ਆਉਣ ਵਾਲੇ ਭਵਿੱਖ ਦੇ ਲਈ ਆਪਣੇ ਵਿਦਿਆਰਥੀਆਂ ਨੂੰ ਇੱਕ ਵਿਸ਼ੇਸ਼ ਆਕਾਰ (ਸ਼ੇਖ) ਦੇ ਰਹੇ ਹਾਂ, ਤਾਂ ਜੋ ਉਹ ਦੁਨੀਆ ਉਤੇ ਸਕਾਰਾਤਮਕ ਪ੍ਰਭਾਵ ਪਾਉਣ ਦੇ ਕਾਬਿਲ ਹੋ ਸਕਣ ਗੇ।

**ਕੀ ਸਟੇਜ ਦੋ ਨਤੀਜੇ:**

ਕੀ ਸਟੇਜ ਦੋ ਦੇ ਵਿੱਚ, 93% ਵਿਦਿਆਰਥੀਆਂ ਨੇ ਗਣਿਤ ਵਿੱਚ ਅਤੇ 90% ਨੇ ਰੀਡਿੰਗ ਵਿੱਚ, ਰਾਸ਼ਟਰੀ ਔਸਤ ਤੋਂ ਉੱਚੇ ਪੱਧਰ ਨੂੰ ਪ੍ਰਾਪਤ ਕੀਤਾ ਹੈ ਜੋ ਕਿ ਬਹੁਤ ਹੀ ਸ਼ੁਲਾਗਾ ਯੋਗ ਹੈ।

ਇਸ ਦੇ ਵਿੱਚ, ਵਿਦਿਆਰਥੀਆਂ ਦੀਆਂ ਉਮੀਦਾਂ ਤੋਂ ਵੱਧ ਉਨ੍ਹਾਂ ਨੂੰ ਸੁਸਿੱਖ਼ੀਅਤ ਕਰਨ ਦੇ ਲਈ ਅਤੇ ਇੱਕ ਅਨੁਕੂਲ ਮਦੱਦ ਪ੍ਰਦਾਨ ਕਰਨ ਦੇ ਲਈ ਅਧਿਆਪਕਾਂ ਦਾ ਸਮਰਪਣ ਵਿਸ਼ੇਸ਼ ਮਹੱਤਵਪੂਰਨ ਰਿਹਾ ਹੈ। ਖਾਸ ਤੌਰ 'ਤੇ ਅੰਗਰੇਜ਼ੀ ਅਤੇ ਗਣਿਤ ਵਿੱਚ, ਜਿੱਥੇ 78% ਵਿਦਿਆਰਥੀ, ਰੀਡਿੰਗ, ਰਾਈਟਿੰਗ ਅਤੇ ਗਣਿਤ ਦੇ ਸਾਂਝੇ ਰੂਪ ਵਿੱਚ ਸਾਂਝੇ ਮਿਆਰਾਂ ਨੂੰ ਪੂਰਾ ਕਰਦਿਆਂ ਹੋਇਆਂ, ਉਨ੍ਹਾਂ ਨੂੰ ਪਾਰ ਕਰ ਗਏ ਹਨ।

**ਜੀਸੀਐਸਸੀ ਦੇ ਨਤੀਜੇ:**

ਜੀਸੀਐਸਸੀ ਪੱਧਰ 'ਤੇ, ਗੁਰੂ ਨਾਨਕ ਸਿੱਖ ਅਕੈਡਮੀ ਦੇ 75% ਵਿਦਿਆਰਥੀਆਂ ਨੇ, ਲਗਾਤਾਰ ਰਾਸ਼ਟਰੀ ਔਸਤ ਨੂੰ ਪਛਾੜਦੇ ਹੋਏ ਗ੍ਰੇਡ 4 ਜਾਂ ਇਸ ਤੋਂ ਉੱਪਰ ਪ੍ਰਾਪਤ ਕੀਤਾ ਹੈ, ਅਤੇ 64% ਨੇ ਗ੍ਰੇਡ 5 ਜਾਂ ਇਸ ਤੋਂ ਉੱਪਰ ਪ੍ਰਾਪਤ ਕੀਤਾ ਹੈ ਜੋ ਆਪਣੇ ਆਪ ਦੇ ਵਿੱਚ ਇੱਕ ਮਿਸਾਲ ਹੈ।

ਇਹ ਨਤੀਜੇ ਸਾਰੇ ਵਿਦਿਆਰਥੀਆਂ ਦੇ ਲਈ ਇੱਕ ਕ੍ਰੈਡਿਟ ਹਨ, ਜਿਨ੍ਹਾਂ ਵਿੱਚ 79% ਵਿਦਿਆਰਥੀਆਂ ਨੇ ਅੰਗਰੇਜ਼ੀ ਅਤੇ ਗਣਿਤ ਦੋਵਾਂ ਵਿੱਚ ਗ੍ਰੇਡ 4 ਜਾਂ ਇਸ ਤੋਂ ਵੱਧ ਦੀ ਪ੍ਰਾਪਤੀ ਕੀਤੀ ਹੈ।

ਗਣਿਤ, ਜੀਵ ਵਿਗਿਆਨ, ਰਸਾਇਣ ਵਿਗਿਆਨ, ਭੌਤਿਕ ਵਿਗਿਆਨ, ਸੰਯੁਕਤ ਵਿਗਿਆਨ, ਅਤੇ ਅੰਗਰੇਜ਼ੀ ਵਿੱਚ ਸਾਰੇ ਵਿਦਿਆਰਥੀਆਂ ਨੇ ਜੀਸੀਐਸਸੀ ਅਤੇ ਏ–ਪੱਧਰ ਦੋਵਾਂ ਵਿੱਚ ਰਾਸ਼ਟਰੀ ਔਸਤ ਤੋਂ ਵੱਧ ਵਧੀਆ ਪ੍ਰਦਰਸ਼ਨ ਕੀਤਾ ਹੈ।

**ਏ–ਲੈਵਲ ਦੇ ਨਤੀਜੇ:**

ਅ–ਲੈਵਲ 'ਤੇ, 98% ਦਾਖਲੇ ਦੇ ਨਾਲ ਅ–ਲੈਵਲ ਦੇ ਨਤੀਜਿਆਂ ਵਿੱਚ 70% ਦੇ ਨਾਲ, ਵਿਦਿਆਰਥੀਆਂ ਵਲੋਂ ਗ੍ਰੇਡ ਅ* ਤੋਂ ਛ ਤੱਕ ਦਾ ਸ਼ਲਾਗਾ ਯੋਗ ਪ੍ਰਦਰਸ਼ਨ ਰਿਹਾ।

ਜਿਨਾਂ ਨਤੀਜਿਆਂ ਨੇ ਇਸ ਗੱਲ ਨੂੰ ਯਕੀਨੀ ਬਣਾ ਦਿੱਤਾ ਕਿ ਸਾਡੀ ਅਕੈਡਮੀ ਦੇ ਵਿਦਿਆਰਥੀਆਂ ਨੂੰ ਪੂਰੇ ਦੇਸ਼ ਭਰ ਦੀਆਂ ਚੋਟੀ ਦੀਆਂ ਵਿਦਿਅਕ ਸੰਸਥਾਵਾਂ ਸਮੇਤ ਆਪਣੀ ਪਹਿਲੀ ਪਸੰਦ ਦੀਆਂ ਯੂਨੀਵਰਸਿਟੀਆਂ ਦੇ ਵਿੱਚ ਦਾਖਲਾ ਮਿਲਿਆ ਹੈ।

ਅਸਲ ਦੇ ਵਿੱਚ ਇਹ ਨਤੀਜੇ ਇੰਨ੍ਹਾਂ ਵਿਦਿਆਰਥੀਆਂ ਦੀ ਜਿੱਥੇ ਸਖਤ ਮਿਹਨਤ ਦਾ ਨਤੀਜਾ ਹਨ ਉਥੇ ਉੱਚ ਗੁਣਵੰਤਾ ਦੀ ਸਿੱਖਿਆ ਪੱਖੋਂ ਅਕੈਡਮੀ ਦੇ ਅਧਿਆਪਕਾਂ ਦਾ ਮਾਰਗ ਦਰਸ਼ਨ ਵੀ ਸਹਾਈ ਹੋਇਆ ਹੈ।

**ਆਊਟਸਟੈਂਡਿੰਗ ਧਾਰਮਿਕ ਅਧਿਅਨ ਵਿਭਾਗ:**

ਸਾਲ 2023 ਦੇ ਵਿੱਚ ਆਫਸਟੇਡ ਨਿਰੀਖਣ ਦੇ ਵਿੱਚ ਗੁਰੂ ਨਾਨਕ ਸਿੱਖ ਅਕੈਡਮੀ ਦੇ ਧਾਰਮਿਕ ਅਧਿਅਨ ਵਿਭਾਗ ਨੂੰ ਆਊਟਸਟੈਂਡਿੰਗ ਦਾ ਦਰਜਾ ਪ੍ਰਾਪਤ ਹੋਇਆ ਹੈ।

ਆਫਸਟੇਡ ਨਿਰੀਖਣ ਵੱਲੋਂ ਆਏ ਇੰਸਪੈਕਟਰਾਂ ਨੇ ਗੁਰੂ ਨਾਨਕ ਸਿੱਖ ਅਕੈਡਮੀ ਦੇ ਵਿਦਿਆਰਥੀਆਂ ਨੂੰ ਧਾਰਮਿਕ, ਨੈਤਿਕ ਅਤੇ ਨੈਤਿਕ ਮੁੱਦਿਆਂ ਪੱਖੋਂ ਉਹਨਾਂ ਦੀ ਡੂੰਘੀ ਸੋਚ, ਉਹਨਾਂ ਦੇ ਨਾਲ ਕੀਤੀ ਗਈ ਪ੍ਰਤਿਬਿੰਬਤ ਚਰਚਾ ਵਿੱਚ ਸ਼ਾਮਿਲ ਹੋਣ ਤੋਂ ਬਾਅਦ ਗੁਰੂ ਨਾਨਕ ਸਿੱਖ ਅਕੈਡਮੀ ਦੇ ਧਾਰਮਿਕ ਡਿਪਾਰਟਮੈਂਟ ਦੀ ਖਾਸ ਪ੍ਰਸ਼ੰਸਾ ਕੀਤੀ ਹੈ।

ਇਹ ਸਫਲਤਾ ਜਿੱਥੇ ਅਕਾਦਮਿਕ ਪ੍ਰਾਪਤੀ ਨੂੰ ਦਰਸ਼ਾਉਂਦੀ ਹੈ ਉਥੇ ਸਮਾਜਿਕ ਕਦਰਾਂ ਕੀਮਤਾਂ ਨੂੰ ਉਤਸ਼ਾਹਿਤ ਕਰਦੀ ਹੈ, ਜੋ ਕਿ ਅਕੈਡਮੀ ਦੇ ਮੂਲ ਸਿਧਾਂਤ ਨਾਲ ਮੇਲ ਖਾਂਦੀ ਹੈ ਅਤੇ ਇਸ ਗੱਲ ਨੂੰ ਵੀ ਯਕੀਨੀ ਬਣਾਉਂਦੀ ਹੈ ਕਿ ਇਸ ਅਕੈਡਮੀ ਦੇ ਵਿਦਿਆਰਥੀ, ਧਾਰਮਿਕ ਸਮਾਜਿਕ ਅਤੇ ਸੰਸਾਰਕ ਸੋਚ ਪੱਖੋਂ ਵਿਕਾਸ ਕਰ ਰਹੇ ਹਨ।

ਗੁਰੂ ਨਾਨਕ ਸਿੱਖ ਮਲਟੀ ਅਕੈਡਮੀ ਟਰੱਸਟ ਦੇ ਸੀਈਓ ਸਰਦਾਰ ਜਸਕਮਲ ਸਿੰਘ ਸਿੱਧੂ ਨੇ ਸਭਨਾਂ ਦਾ ਧੰਨਵਾਦ ਕਰਦਿਆਂ ਹੋਇਆ ਕਿਹਾ ਹੈ ਕਿ ਜਿਵੇਂ ਅਕੈਡਮੀ ਨੇ ਇਸ ਸਾਲ ਵੀ ਆਪਣੀ ਉੱਤਮਤਾ ਦੀ ਪਰੰਪਰਾ ਨੂੰ ਬਕਾਇਦਾ ਕਾਇਮ ਰੱਖਿਆ ਹੈ, ਇਸੇ ਤਰ੍ਹਾਂ ਹੀ ਅਸੀਂ ਕਮਿਊਨਿਟੀ ਦੇ ਤੌਰ ਤੇ ਆਉਣ ਵਾਲੇ ਸਾਲਾਂ ਵਿੱਚ ਹੋਰ ਵੀ ਵੱਡੀਆਂ ਪ੍ਰਾਪਤੀਆਂ ਦੀ ਉਮੀਦ ਰੱਖਦੇ ਹਾਂ।


# ਸੰਤ ਨੰਦ ਸਿੰਘ ਜੀ ਕਲੇਰਾਂ ਅਤੇ ਸੰਤ ਈਸ਼ਰ ਸਿੰਘ ਜੀ ਰਾੜ੍ਹਾ ਸਾਹਿਬ ਦੀ ਸਲਾਨਾ ਯਾਦ ਵਿੱਚ ਲੈਸਟਰ ਵਿਖੇ ਮਹਾਨ ਗੁਰਮਤਿ ਸਮਾਗਮ ਹੋਏ





ਲੈਸਟਰ–(ਸੁਖਜਿੰਦਰ ਸਿੰਘ ਢੱਡੇ)–ਗੁਰਦੁਆਰਾ ਸ੍ਰੀ ਗੁਰੂ ਦਸਮੇਸ਼ ਸਾਹਿਬ ਅਤੇ ਗੁਰਦੁਆਰਾ ਗੁਰੂ ਰਵਿਦਾਸ ਜੀ ਸਿੱਖ ਟੈਂਪਲ ਲੈਸਟਰ ਵਿਖੇ ਮਹਾਨ ਤਪੱਸਵੀ ਸੰਤ ਨੰਦ ਸਿੰਘ ਜੀ ਕਲੇਰਾਂ ਵਾਲੇ ਅਤੇ ਨਾਮ ਬਾਣੀ ਦੇ ਰਸੀਏ ਸੰਤ ਈਸ਼ਰ ਸਿੰਘ ਜੀ ਰਾੜ੍ਹਾ ਸਾਹਿਬ ਵਾਲਿਆਂ ਦੀ ਪਾਵਨ ਮਿੱਠੀ ਯਾਦ ਨੂੰ ਸਮਰਪਿਤ ਗੁਰਦੁਆਰਾ ਗੁਰੂ ਰਵਿਦਾਸ ਜੀ ਹਰੀਮਨ ਰੋਡ ਵਿਖੇ ਸ੍ਰੀ ਅਖੰਡ ਪਾਠ ਜੀ ਦੇ ਭੋਗ ਉਪਰੰਤ ਸਜਾਏ ਗਏ ਦੀਵਾਨ ਵਿੱਚ ਹਜੂਰੀ ਕੀਰਤਨੀਏ ਗਿਆਨੀ ਸੰਸਾਰ ਸਿੰਘ ਜੀ, ਭਾਈ ਅਵਤਾਰ ਸਿੰਘ, ਭਾਈ ਕੁਲਤਾਰਨ ਸਿੰਘ, ਭਾਈ ਪਰਮਜੀਤ ਸਿੰਘ ਕੋਹਲੀ, ਭਾਈ ਰਣਧੀਰ ਸਿੰਘ ਸੰਭਲ ਅਤੇ ਭਾਈ ਅਵਤਾਰ ਸਿੰਘ ਜੱਸੋ ਮਜਾਰਾ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਸ ਮੌਕੇ ਇਸੇ ਸਬੰਧ ਵਿੱਚ ਗੁਰਦੁਆਰਾ ਸ੍ਰੀ ਗੁਰੂ ਦਸਮੇਸ਼ ਸਾਹਿਬ ਜਿਪਸੀ ਲੇਨ ਵਿਖੇ ਵੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਵਿਸ਼ੇਸ਼ ਦੀਵਾਨ ਸਜਾਏ ਗਏ। ਹਜੂਰੀ ਰਾਗੀ ਜਥਾ ਭਾਈ ਜਸਪਾਲ ਸਿੰਘ ਜੀ ਨੇ ਕੀਰਤਨ ਕੀਤਾ। ਇਸ ਮੌਕੇ ਗੁਰਦੁਆਰਾ ਸ੍ਰੀ ਗੁਰੂ ਦਸਮੇਸ਼ ਸਾਹਿਬ ਵਿਖੇ ਸਟੇਜ ਸੰਚਾਲਨ ਕਰਦਿਆਂ ਰਣਧੀਰ ਸਿੰਘ ਸੰਭਲ, ਗਿਆਨੀ ਸੁਖਚੈਨ ਸਿੰਘ ਜੀ ਹੈੱਡ ਗ੍ਰੰਥੀ ਅਤੇ ਬਾਬਾ ਜੀ ਦੇ ਪਰਉਪਕਾਰੀ ਜੀਵਨ 'ਤੇ ਜਥੇਦਾਰ ਬਾਬਾ ਗੁਰਦੇਵ ਸਿੰਘ ਜੀ ਮੁਖੀ ਪੰਥਕ ਜਥੇਬੰਦੀ ਸਾਹਿਬਾਜ਼ਾਦਾ ਬਾਬਾ ਫਤਹਿ ਸਿੰਘ ਜੀ ਮਿਸਲ ਸ਼ਹੀਦਾਂ ਤਰਨਾ ਦਲ ਛਾਉਣੀ ਨਿਹੰਗ ਸਿੰਘਾਂ ਬਜਵਾੜਾ ਕਲਾਂ ਨੇ ਖੋਜ ਭਰਪੂਰ ਰੋਸ਼ਨੀ ਪਾਈ। ਦੋਹਾਂ ਹੀ ਗੁਰੂ ਘਰਾਂ ਵੱਲੋਂ ਸਿੰਘ ਸਾਹਿਬ ਬਾਬਾ ਗੁਰੂ ਗੁਰਦੇਵ ਸਿੰਘ ਜੀ ਨੂੰ ਸ: ਜਰਨੈਲ ਸਿੰਘ ਰਾਣਾ ਪ੍ਰਧਾਨ, ਸੰਭਲ ਅਤੇ ਗਿਆਨੀ ਸੁਖਚੈਨ ਸਿੰਘ ਜੀ ਵੱਲੋਂ ਅਤੇ ਗੁ: ਗੁਰੂ ਰਵਿਦਾਸ ਜੀ ਸਿੱਖ ਟੈਂਪਲ ਵੱਲੋਂ ਸ੍ਰੀ ਮਾਨ ਲਾਲਚੰਦ ਲਹਿਲ ਨੇ ਸਿਰੋਪਾਉ ਬਖ਼ਸ਼ਿਸ਼ ਕਰਕੇ ਸਨਮਾਨਿਤ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਸੰਗਤਾਂ ਦੀ ਵੱਡੀ ਗਿਣਤੀ ਤੋਂ ਇਲਾਵਾ ਬਾਵਾ ਕੁਲਵਿੰਦਰ ਸਿੰਘ, ਨਿਰਮਲ ਸਿੰਘ, ਸ: ਚਰਨਜੀਤ ਸਿੰਘ, ਸੰਗੀਤਕਾਰ ਗਿਆਨੀ ਅਜੀਤ ਸਿੰਘ, ਬਾਬਾ ਗੁਰਦਿਆਲ ਸਿੰਘ, ਭਾਈ ਹਰਚਰਨ ਸਿੰਘ ਬੋਚਾ ਡਰਬੀ ਵਾਲੇ ਅਤੇ ਭਾਈ ਝਲਮਣ ਸਿੰਘ ਵੀ ਹਾਜ਼ਰ ਸਨ।

# ਸਿਹਤ ਤੇ ਸੁੰਦਰਤਾ



# ਹੈਲਦੀ ਲਾਈਫ ਲਈ ਲਵੋ: ਪੌਸ਼ਟਿਕ ਖ਼ੁਰਾਕ

ANIL DHEER



ਟਿਕਾਊ ਵਿਕਾਸ ਲਈ ਸੰਯੁਕਤ ਰਾਸ਼ਟਰ ਦੇ ਟੀਚਿਆਂ ਦਾ ਸਮਰਥਨ ਕਰਦੇ ਹੋਏ ਨਿਊਟ੍ਰੀਸ਼ਨ ਵੀਕ 2024 ਦਾ ਥੀਮ ਹੈ- "ਹਰੇਕ ਲਈ ਪੌਸ਼ਟਿਕ ਖੂਰਾਕ" ਵਰਕ-ਪਲੇਸ 'ਤੇ ਰੋਟੇਸ਼ਨ ਸ਼ਿਫਟਾਂ, ਬੇ-ਟਾਈਮ ਨੀਂਦ, ਖਾਣਾ ਅਤੇ ਜੰਕ-ਫੂਡ ਨੇ ਸਰੀਰਕ 'ਤੇ ਮਾਨਸਿਕ ਬਿਮਾਰੀਆਂ ਵਧਾ ਦਿੱਤੀਆਂ ਹਨ। ਪੋਸ਼ਟਿਕ ਭੋਜਨ ਦਾ ਵਿਗਿਆਨ ਅਤੇ ਸਿਹਤ ਨਾਲ ਖਾਸ ਸੰਬੰਧ ਹੈ ਕਿਉਂ ਕਿ ਭੋਜਨ, ਸਿਹਤ ਅਤੇ ਬਿਮਾਰੀ ਵਿਚ ਅਹਿਮ ਰੋਲ ਅਦਾ ਕਰਦਾ ਹੈ"-

ਹੈਲਥ ਮੀਡੀਆ ਕੈਨੇਡਾ : 1-7 ਸਤੰਬਰ, 2024 ਰਾਸ਼ਟਰੀ ਪੋਸ਼ਣ ਮਹੀਨੇ ਦੇ ਤੌਰ 'ਤੇ ਮਨਾਇਆ ਜਾ ਰਿਹਾ ਹੈ। ਸਾਲ 2024 ਦਾ ਥੀਮ ਹੈ ਗਲੋਬਲ ਸਭਿਆਚਾਰਾਂ ਦੇ ਹੈਲਦੀ ਫੂਡ ਦਾ ਸੁਆਦ ਲੈ ਕੇ ਸਿਹਤਮੰਦ ਜ਼ਿੰਦਗੀ ਜੀਓ। ਕਮਿਊਨਿਟੀ, ਸਰਕਾਰੀ, ਗੈਰ-ਸਰਕਾਰੀ ਪੱਧਰ 'ਤੇ ਅਵੇਅਰਨੈਸ ਪ੍ਰੋਗਰਾਮ ਦੁਆਰਾ ਪੋਸ਼ਟਿਕ ਖੁਰਾਕ ਲੈਣ, ਅਤੇ ਜੰਕ ਫੂਡ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਬਚਣ ਲਈ ਜਾਣਕਾਰੀ ਦਿੱਤੀ ਜਾ ਰਹੀ ਹੈ। ਹਰ ਉਮਰ ਵਿਚ ਖੁਰਾਕ, ਖਾਣ-ਪੀਣ ਦੀਆਂ ਆਦਤਾਂ ਸੁਧਾਰਣ 'ਤੇ ਜੋਰ ਦਿੱਤਾ ਜਾ ਰਿਹਾ ਹੈ। ਅੱਜ ਦੀ ਤੇਜ਼ ਰਫਤਾਰ ਜ਼ਿੰਦਗੀ ਨੇ ਇਨਸਾਨ ਦੇ ਖਾਣ-ਪੀਣ ਦਾ ਰੂਟੀਨ ਵਿਗਾੜ ਦਿੱਤਾ ਹੈ। ਪੌਸ਼ਟਿਕ ਭੋਜਨ ਸਰੀਰ'ਤੇ ਮਨ ਦੀ ਪ੍ਰਕਿਰਿਆਵਾਂ ਨੂੰ ਨਿਯਮਿਤ ਕਰਨ ਲਈ ਅਨਰਜੀ ਪੈਦਾ ਕਰਦਾ ਹੈ। ਪੋਸ਼ਣ ਬਿਹਤਰ ਬੱਚਿਆਂ, ਸੁਰੱਖਿਅਤ ਗਰਭ ਅਤੇ ਗਰਭਵਤੀ ਔਰਤਾਂ ਦੀ ਸਿਹਤ, ਗੈਰ-ਸੰਚਾਰੀ ਰੋਗਾਂ ਦੇ ਖਤਰੇ ਨੂੰ ਘੱਟ ਕਰਦਾ ਹੈ। ਚੰਗੀ ਖੁਰਾਕ ਸਰੀਰ ਅੰਦਰ ਰੋਗਾਂ ਨਾਲ ਲੜਨ ਦੀ ਤਾਕਤ ਦੇ ਨਾਲ ਜ਼ਿੰਦਗੀ ਵਧਾ ਦਿੰਦੀ ਹੈ। ਬੱਚੇ ਦੇ ਜਨਮ ਤੋਂ ਪਹਿਲੇ ਛੇ ਮਹੀਨੇ ਸਤਨਪਾਨ (ਮਾਂ ਦਾ ਦੁੱਧ) ਜਰੂਰੀ ਹੈ ਕਿਉਂ ਕਿ ਸਤਨਪਾਨ ਬੱਚੇ ਦੇ ਆਮ ਰੋਗ ਦਸਤ, ਸਾਹ-ਨਲੀ ਦੀ ਲਾਗ, ਐਲਰਜੀ, ਮੋਟਾਪਾ, ਡਾਇਬਟੀਜ਼, ਵਗੈਰਾ ਦੇ ਖਤਰੇ ਨੂੰ ਘੱਟ ਕਰਕੇ ਲੰਬੀ ਜ਼ਿੰਦਗੀ ਲਈ ਰੋਗਾਂ ਨਾਲ ਲੜਨ ਦੀ ਤਾਕਤ ਵਧਾਉਂਦਾ ਹੈ ਅਤੇ ਮਾਂ ਨੂੰ ਛਾਤੀ ਦੇ ਕੈਂਸਰ ਤੋਂ ਬਚਾਉਂਦਾ ਹੈ।

ਤੰਦਰੁਸਤ ਮਨ-ਸਰੀਰ ਲਈ ਸਰੀਰ ਨੂੰ ਪੌਸ਼ਟਿਕ ਤੱਤ ਪ੍ਰੋਟੀਨ, ਫੈਟ, ਕਾਰਬੋਹਾਈਡ੍ਰੇਟਸ, ਵਿਟਾਮਿਨ ਅਤੇ ਮਿਨਰਲਜ਼ ਦੀ ਲੋੜ ਹੁੰਦੀ ਹੈ। ਹੈਲਦੀ ਲਾਈਫ ਲਈ ਐਫ.ਡੀ.ਏ ਦੀ ਅੱਪਡੇਟਿਡ ਜਾਣਕਾਰੀ ਅਨੁਸਾਰ ਡੇਲੀ ਕੈਲਸੀਅਮ-1300 ਮਿਲੀਗ੍ਰਾਮ, ਖੁਰਾਕੀ ਫਾਈਬਰ-28 ਐਮ.ਜੀ, ਫੈਟ-78 ਐਮ.ਜੀ, ਮੈਗਨੀਸੀਅਮ-420 ਐਮ.ਜੀ, ਮੈਂਗਨੀਜ਼-2.3 ਐਮ.ਜੀ, ਫਾਸਫੋਰਸ-1250 ਐਮ.ਜੀ, ਪੋਟਾਸੀਅਮ-4700 ਐਮ.ਜੀ, ਵਿਟਾਮਿਨ ਸੀ-90 ਐਮ.ਜੀ, ਵਿਟਾਮਿਨ ਡੀ-20 ਐਮਸੀਜੀ, ਵਿਟਾਮਿਨ ਕੇ-120 ਐਮਸੀਜੀ, ਵਿਟਾਮਿਨ ਏ-900 ਐਮਸੀਜੀ, ਵਿਟਾਮਿਨ ਬੀ 6-1.7 ਐਮਜੀ, ਵਿਟਾਮਿਨ ਬੀ 12-2.4 ਐਮਸੀਜੀ, ਵਿਟਾਮਿਨ ਈ-15 ਐਮਜੀ ਐਲਫਾ-ਟੋਕੋਫੀਰੋਲ, ਜ਼ਿੰਕ-11 ਮਿਲੀਗ੍ਰਾਮ, ਸੋਡੀਅਮ-2300 ਐਮਜੀ, ਐਡਿਡ ਸੂਗਰ-50 ਗ੍ਰਾਮ ਦੱਸੀ ਗਈ ਹੈ।

ਤੰਦਰੁਸਤ ਜ਼ਿੰਦਗੀ ਲਈ ਪੋਸ਼ਟਿਕ ਭੋਜਨ ਜਰੂਰੀ :



- ਪ੍ਰੈਗਨੈਂਸੀ ਦੌਰਾਣ ਮਾਂ ਅਤੇ ਗਰਭ ਨੂੰ ਚੰਗੇ ਪੋਸ਼ਣ ਦੀ ਲੋੜ ਹੁੰਦੀ ਹੈ। ਗਰਭਵਤੀ ਔਰਤਾਂ ਨੂੰ ਆਪਣੀ ਰੂਟੀਨ ਵਿਚ ਦੁੱਧ, ਪਨੀਰ, ਦਾਲਾਂ, ਸੋਇਆਬੀਨ, ਸਲਾਦ, ਹਰੀਆਂ ਸਬਜ਼ੀਆਂ, ਤਾਜ਼ੇ ਫੱਲ, ਫੱਲਾਂ ਦਾ ਰੱਸ, ਮਿਕਸ ਵੇਜ਼ੀਟੇਬਲ ਅਤੇ ਕਾਲੇ ਚਨੇ ਦਾ ਸੂਪ, ਨਿੰਬੂ ਪਾਣੀ, ਮੀਟ, ਅੰਡਾ, ਮੱਛੀ, ਨੂੰ ਸ਼ਾਮਿਲ ਕਰਨਾ ਚਾਹੀਦਾ ਹੈ। ਪ੍ਰੈਗਨੈਂਸੀ ਦੌਰਾਣ ਆਸਾਣੀ ਨਾਲ ਹਜ਼ਮ ਹੋਣ ਵਾਲੀ ਖੂਰਾਕ ਲੈਣੀ ਚਾਹੀਦੀ ਹੈ।
- ਬੱਚੇ ਦੀ ਸਿਹਤ ਅਤੇ ਪੋਸ਼ਣ ਲਈ ਪਹਿਲੇ ਛੇ ਮਹੀਨੇ ਮਾਂ ਨੂੰ ਆਪਣਾ ਦੁੱਧ ਹੀ ਪਿਲਾਣਾ ਚਾਹੀਦਾ ਹੈ। ਮਾਂ ਦੇ ਦੁੱਧ ਵਿੱਚ ਮੌਜੂਦ ਕੋਲੋਸਟਰਮ, ਜੋ ਬੱਚੇ ਨੂੰ ਨੂੰ ਬਿਮਾਰੀਆਂ ਨਾਲ ਲੜਨ ਦੀ ਤਾਕਤ ਦਿੰਦਾ ਹੈ। ਬੱਚੇ ਦੀ ਵੱਧਦੀ ਉਮਰ ਦੇ ਨਾਲ-ਨਾਲ ਚਾਵਲ, ਉਬਲਿਆ ਆਲੂ, ਕੇਲਾ, ਅੰਡਾ, ਸੂਜ਼ੀ ਦੀ ਖੀਰ, ਸੀਰੀਅਲ ਅਤੇ ਹੈਲਦੀ ਸਨੈਕਸ ਸ਼ੁਰੂ ਕਰ ਦਿਓ।
- ਨਾਸ਼ਤੇ ਵਾਲੇ ਸੀਰੀਅਲ ਵਿਚ ਨਟਸ ਯਾਨਿ ਬਾਦਾਮ, ਪੰਪਕਿਨ ਅਤੇ ਸਨਫਲਾਵਰ ਸੀਡਜ਼, ਅੰਦਰ ਲੋਡਿਡ ਵਿਟਾਮਿਨ ਈ, ਫਾਈਬਰ, ਮੈਗਨੀਸੀਅਮ, ਅਤੇ ਦਹੀਂ ਵਿੱਚ ਪੱਕਿਆ ਕੇਲਾ 'ਤੇ ਬੇਰੀਜ਼ ਮਿਕਸ ਕਰਕੇ ਇਸਤੇਮਾਲ ਕਰੋ। ਘੱਟ ਕੈਲੋਰੀ ਵਾਲੀ ਖ਼ੂਰਾਕ ਸੈਟ ਕਰੋ।
- ਕੁਕਿੰਗ ਵਿਚ ਐਕਸਟਰਾ ਵਿਰਜ਼ਿਨ ਓਲਿਵ ਆਇਲ, ਹੋਲ-ਗ੍ਰੇਨ ਆਟਾ, ਬਰਾਉਨ ਚਾਵਲ, ਹੋਲ ਵੀਟ ਬ੍ਰੈਡ, ਧਨੀਆ, ਪੁਦੀਨਾ, ਲਸਣ, ਅਦਰਕ, ਕਾਲੀ ਮਿਰਚ, ਸੌਂਫ, ਛੋਟੀ-ਬੜੀ ਇਲਾਚੀ, ਐਪਲ ਸਾਈਡਰ ਵਿਨੇਗਰ, ਵਰਤੋ।
- ਤੰਦਰੁਸਤ ਮਨ ਅਤੇ ਸਰੀਰ ਲਈ ਚੰਗੀ ਖੂਰਾਕ-ਨੀਂਦ ਦੇ ਨਾਲ-ਨਾਲ ਰੋਜ਼ਾਨਾ ਵਰਕ-ਆਊਟ, ਤੇਜ਼ ਸੈਰ, ਯੋਗਾ ਅਤੇ ਮੇਡੀਟੇਸ਼ਨ ਦੀ ਆਦਤ ਪਾ ਲਵੋ।
- ਜੰਕ-ਫੂਡ ਜ਼ਿਆਦਾ ਸ਼ੂਗਰੀ ਡ੍ਰਿੰਕਸ, ਨਮਕ ਅਤੇ ਅਲਕੋਹਲ, ਅਤੇ ਡ੍ਰਗਜ਼ ਦੀ ਓਵਰਡੋਜ਼ ਤੋਂ ਹਮੇਸ਼ਾ ਬਚੋ। ਹਰਬਲ 'ਤੇ ਗ੍ਰੀਨ-ਟੀ, ਬਿਨਾ ਚੀਨੀ ਕਾੱਫੀ ਲੈ ਸਕਦੇ ਹੋ।

ਨੋਟ: ਬਿਮਾਰੀ ਦੀ ਹਾਲਤ ਵਿਚ, ਪ੍ਰੈਗਨੈਂਸੀ ਦੌਰਾਣ, ਲੰਬੀ ਉਮਰ,'ਤੇ ਬੱਚਿਆਂ ਲਈ ਕੋਈ ਵੀ ਸਪਲੀਮੈਂਟ ਸ਼ੁਰੂ ਕਰਨ ਤੋਂ ਪਹਿਲਾਂ ਡਾਈਟੀਸ਼ੀਅਨ ਅਤੇ ਫੈਮਿਲੀ ਡਾਕਟਰ ਦੀ ਸਲਾਹ ਜਰੂਰ ਲਵੋ।

## * ਚੂੰਢਾਂ–ਪੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ



*ਬੋਹੜ ਵਰਗੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਹੋਂਦ ਅੱਜ ਖ਼ਤਰੇ 'ਚ- ਇਕ ਖ਼ਬਰ

-ਬੋਹੜ 'ਤੇ ਜਦੋਂ ਉੱਲੂ ਬੈਠ ਜਾਣ ਫੇਰ ਪਤਾ ਹੀ ਹੈ ਕਿ ਕੀ ਹੁੰਦਾ ਹੈ।



*ਹਰਿਆਣਾ 'ਚ ਭਾਰੀ ਬਹੁਮਤ ਨਾਲ ਬਣੇਗੀ ਕਾਂਗਰਸ ਸਰਕਾਰ-ਬੀਬੀ ਭੱਠਲ

-ਕੀ ਗੱਲ ਬੀਬੀ ਜੀ, ਹਰਿਆਣੇ 'ਚੋਂ ਟਿਕਟ ਲੈਣ ਦਾ ਵਿਚਾਰ ਤਾਂ ਨਹੀਂ ਕਿਤੇ!



*ਜੇ ਕਰ ਭਾਜਪਾ ਕੰਗਣਾ ਦੇ ਬਿਆਨ ਨਾਲ ਸਹਿਮਤ ਨਹੀ ਤਾਂ ਪਾਰਟੀ 'ਚੋਂ ਕੱਢੇ- ਕਾਂਗਰਸ

-ਨਾ ਬਈ ਨਾ ! ਇਕ ਤਾਂ ਖੁੱਸ ਗਈ ਸਾਡੇ ਕੋਲੋਂ, ਇਹਨੂੰ ਤਾਂ ਰਹਿਣ ਦਿਉ ਸਾਡੇ ਕੋਲ।



*ਪੰਜਾਬ ਅਤੇ ਦਿੱਲੀ'ਚ ਬਿਜਲੀ ਮੁਫ਼ਤ ਹੋ ਸਕਦੀ ਹੈ, ਤਾਂ ਹਰਿਆਣੇ 'ਚ ਕਿਉਂ ਨਹੀਂ?- ਭਗਵੰਤ ਮਾਨ

-ਬਿਲਕੁਲ ਸਹੀ ਮਾਨ ਸਾਹਿਬ, ਕਰਜ਼ੇ ਦੀਆਂ ਪੰਡਾਂ ਚੁੱਕੋ ਤੇ ਵੰਡੋ।



*ਮੈਂ ਗੁਰੂ ਪੰਥ ਪਾਸੋਂ ਦੋਵੇਂ ਹੱਥ ਜੋੜ ਕੇ ਨਿਮਰਤਾ ਅਤੇ ਹਲੀਮੀ ਨਾਲ ਖਿਮਾ ਜਾਚਨਾ ਕਰਦਾ ਹਾਂ- ਸੁਖਬੀਰ ਬਾਦਲ

-ਅਪਰਾਧੀ ਦੂਣਾ ਨਿਵੈ, ਜਿਉ ਹੰਤਾ ਮਿਰਗਾਹਿ।



*ਮਹਿਬੂਬਾ ਮੁਫ਼ਤੀ ਨੂੰ ਝਟਕਾ, ਉਮਰ ਅਬਦੁੱਲਾ ਵਲੋਂ ਗੱਠਜੋੜ ਤੋਂ ਨਾਂਹ- ਇਕ ਖ਼ਬਰ

-ਨਾ ਬੀਬੀ ਨਾ ! ਤੂੰ ਆਪਣੇ ਘਰ ਰਾਜੀ, ਅਸੀਂ ਆਪਣੇ ਘਰ ਰਾਜੀ।



*ਪੰਥਕ ਜਥੇਬੰਦੀਆਂ ਵਲੋਂ ਜਥੇਦਾਰ ਅਕਾਲ ਤਖ਼ਤ ਨੂੰ ਗੁਰਮਤਾ ਸੌਂਪਿਆ ਗਿਆ- ਇਕ ਖ਼ਬਰ

-ਜਦੋਂ ਆ ਗਿਆ ਮਤਾ-ਏ-ਬਾਦਲ, ਗੁਰ-ਮਤੇ ਨੂੰ ਕੀਹਨੇ ਪੁੱਛਣਾ।



*ਯੂ.ਪੀ.ਏ. ਸਰਕਾਰ ਦੀ ਯੋਜਨਾ ਦਾ ਹੀ ਨਾਮ ਬਦਲ ਕੇ ਭਾਜਪਾ ਸਰਕਾਰ ਨੇ 'ਜਨ ਧਨ ਯੋਜਨਾ' ਰੱਖਿਆ- ਖੜਗੇ

-ਨੱਥਾ ਸਿੰਘ ਪ੍ਰੇਮ ਸਿੰਘ, ਵੰਨ ਐਂਡ ਦੀ ਸੇਮ ਥਿੰਗ।



*ਕੰਗਨਾ ਰਣੌਤ ਸਿਰਫ਼ ਆਪਣੇ ਭਾਜਪਾਈ ਮਾਲਕਾਂ ਦੀ ਬੋਲੀ ਬੋਲ ਰਹੀ ਹੈ- ਕਿਸਾਨ ਆਗੂ ਧਨੇਰ

-ਜਿਸ ਦੀ ਖਾਈਏ ਬਾਜਰੀ, ਭਰੀਏ ਉਹਦੀ ਹਾਜ਼ਰੀ।

*ਪੰਜਾਬ ਦੇ ਵਿਧਾਇਕਾਂ ਦੀ ਤਨਖਾਹ 84000 ਤੋਂ ਤਿੰਨ ਲੱਖ ਮਹੀਨਾ ਕਰਨ ਦੀ ਤਿਆਰੀ- ਇਕ ਖ਼ਬਰ

-ਭਰ ਲਉ ਝੋਲ਼ੀਆਂ ਵਿਧਾਇਕੋ, ਲੱਡੂਆਂ ਦਾ ਮੀਂਹ ਵਰ੍ਹਦਾ।

*ਭਾਰਤੀ ਨਾਗਰਿਕਤਾ ਛੱਡ ਕੇ ਵਿਦੇਸ਼ 'ਚ ਵਸਣ ਵਾਲਿਆਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ-ਇਕ ਖ਼ਬਰ

-ਚਲ ਉੜ ਜਾ ਰੇ ਪੰਛੀ ਕਿ ਅਬ ਯੇਹ ਦੇਸ਼ ਹੁਆ ਬੇਗਾਨਾ।



*ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਪੰਜਾਬ ਸਰਕਾਰ ਵਚਨਬੱਧ- ਮੰਤਰੀ ਡਾ. ਬਲਬੀਰ ਸਿੰਘ

-75 ਸਾਲ ਹੋ ਗਏ ਪਿੰਡਾਂ ਦੇ ਲੋਕ ਇਹੀ ਜੁਮਲੇ ਸੁਣਦੇ ਆ ਰਹੇ ਐ।



*ਸੁੰਦਰ ਸ਼ਾਮ ਅਰੋੜਾ ਨੇ ਭਾਜਪਾ ਛੱਡ ਕੇ ਕਾਂਗਰਸ 'ਚ ਕੀਤੀ ਮੁੜ ਵਾਪਸੀ- ਇਕ ਖ਼ਬਰ

-ਉਥੇ ਕਿਨੇ ਨਾ ਪੱਠੇ ਪਾਏ, ਲੌਟ ਕੇ ਬੁੱਧੂ ਘਰ ਕੋ ਆਏ।

*ਨਾਬਾਲਗ ਨਾਲ ਛੇੜ ਛਾੜ ਦੇ ਦੋਸ਼ 'ਚ ਭਾਜਪਾ ਨੇਤਾ ਗ੍ਰਿਫ਼ਤਾਰ- ਇਕ ਖ਼ਬਰ

-ਲੋਕ ਸਭਾ ਦੀ ਟਿਕਟ ਲੇਣ ਦਾ ਹੱਕਦਾਰ ਹੋ ਗਿਆ ਬਈ।

*ਅਮਰੀਕਾ ਪੰਗੇ ਨਾ ਲਵੇ, ਨਹੀਂ ਤਾਂ ਤੀਜਾ ਵਿਸ਼ਵ ਯੁੱਧ ਵੀ ਲਗ ਸਕਦੈ- ਰੂਸ

-ਪਰੇ ਹਟ ਜਾ ਬਲਦ ਸਿੰਙ ਮਾਰੂ, ਨੀ ਸੋਨੇ ਦੇ ਤਵੀਤ ਵਾਲ਼ੀਏ।

* * * * * *

ਲੇਖਿਕਾ
ਬਲਵਿੰਦਰ ਕੌਰ
ਚਾਹਲ (ਸਾਊਥਾਲ)



# ਦੁਨੀਆ ਵਿੱਚ ਕੀਤੇ ਕੰਮ ਹੀ ਦਰਗਾਹ ਵਿੱਚ ਕੰਮ ਆਉਂਦੇ ਨੇ..

ਗੰਭੀਰ ਹੋ ਕੇ ਬੈਠੀ ਸੋਚੀ ਪੈ ਗਈ ਕਿ ਦਰਗਹਿ ਕਿਹੜੀ ਤੇ ਕਿਵੇਂ ਕੰਮ ਅਉਣਗੇ, ਸੋਚ ਨੇ ਹਲੂਣਾ ਦਿੱਤਾ ਕਿ ਕੋਈ ਦਰਗਾਹ ਨਹੀਂ ਸਭ ਕੁਝ ਇਥੇ ਹੀ ਹੈ ਧਰਮ-ਰਾਏ ਭੀ ਇਥੇ ਹੀ ਹੈ ਸਭ ਨਿਬੇੜੇ ਹੋਈ ਜਾਂਦੇ ਹਨ ਅਸੀਂ ਆਪਣਾ ਅੱਜ ਭਲ੍ਹਕ ਤੇ ਦਰਗਹਿ ਵਿੱਚ ਪਹੁੰਚਣ ਲਈ ਨਸ਼ਟ ਕਰੀ ਜਾਂਦੇ ਹਾਂ, ਭਾਈ ਅੱਜ ਨੂੰ ਸੰਭਾਲੋ ਜੀਵਨ ਸੁਥਰਾ ਬਣਾਉ ਭਲ੍ਹਕ ਲਈ ਕੁਝ ਰੱਖ ਲਵੋ ਪਰ ਤਣਾਅ ਨਾ ਲਵੋ ਕਿ ਕੱਲ੍ਹ ਨੂੰ ਹੀ ਸੋਚੋ ਇਹਦੇ ਨਾਲ ਪ੍ਰੇਸ਼ਾਨੀ ਵਿੱਚ ਹੀ ਰਹੋ ਸੁਖਾਵੇਂ ਜੀਵਨ ਨੂੰ ਵਿਸਾਰੀ ਜਾਵੋ, ਸੁਣਿਆ ਬਹੁਤ ਕੁਝ ਜੁੜਦਾ ਹੈ ਪਰ ਪੜ੍ਹਿਆਂ ਬੜਾ ਕੁਝ ਲੱਭਧਾ ਹੈ, ਅੱਜ ਸਮਾਜ ਦਾ ਦੁਖਾਂਤ ਹੈ ਕਿ ਸੁਣ ਸੁਣ ਸੋਸ਼ਲ ਮੀਡੀਏ ਦੀਆਂ ਝੂਠ ਸੱਚ ਅੱਗੇ ਵਗਾਹੀ ਜਾਂਦੇ ਨੇ ਸਿੱਟੇ ਵਜੋਂ ਸੰਸਾਰ ਤਬਾਹੀ 'ਤੇ ਹੈ। ਕੋਈ ਸਮਾਜ, ਦੇਸ਼, ਕੌਮ ਜਾਂ ਤਬਕਾ ਨਾ ਤਾਂ ਖੁਸ਼ ਹੈ ਤੇ ਨਾ ਸੋਖਾ, ਹੈ ਤਾਂ ਸਭ ਕੁਝ ਪਰ ਸਬਰ ਸੰਤੋਖ ਨਹੀਂ ਤੇ ਦੂਜੇ ਨੂੰ ਵੱਧਦਾ ਦੇਖ ਕੇ ਰਾਜ਼ੀ ਨਹੀਂ, ਬੱਸ ਯੁੱਧ, ਲੜਾਈਆਂ, ਝਗੜੇ, ਕਤਲਾਂ ਦਾ ਆਹ ਹੀ ਕਾਰਨ ਹੈ, ਇਕ ਪਾਸੇ ਤਾਂ ਆਖੀ ਜਾਣਗੇ ਜੀ ਸਾਡੇ 'ਤੇ ਅਤਿਆਚਾਰ ਹੋ ਰਹੇ ਹਨ ਦੂਜੇ ਪਾਸੇ ਆਪ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਤੇ ਦੁਰਵਰਤੋਂ, ਲੜਾਈ ਹਟਣ ਨੀ ਦੇਣੀ ਕੋਈ ਸੰਸਥਾ ਇਸ ਪਾਸੇ ਧਿਆਨ ਨਹੀਂ ਦੇ ਰਹੀ, ਅਸੀਂ ਵਿਦੇਸ਼ੀ ਬੈਠੇ ਆਪਣੀਆਂ ਸਮੱਸਿਆਵਾਂ ਵੱਲ ਤਾਂ ਕੇਂਦਰਤ ਨਹੀਂ ਪੰਜਾਬ ਨੂੰ ਬਲ੍ਹਦੀ ਦੇ ਬੁੱਥੇ ਟੰਗਣ ਲਈ ਸਲਾਹਕਾਰ ਉਥੋਂ ਦੀਆਂ ਸੰਸਥਾਵਾਂ ਭੀ ਜੀ ਹਾਂ ਵਿਦੇਸ਼ੀ ਬੈਠੇ ਸਿੱਖ ਚਿੰਤਕ ਹਨ, ਭੁੱਲ ਹੀ ਜਾਂਦੇ ਹਨ ਕਿ ਭਾਵੀ ਦਾ ਪਤਾ ਨਹੀਂ, ਚੀਨ ਵਿੱਚੋਂ ਕੱਢੇ ਤੇ ਯੁਗੰਡਾ ਵਿੱਚੋਂ ਕੱਢੇ, ਬੱਸ ਆਹ ਜੱਗ ਮਿੱਠਾ ਅਗਲਾ ਕੀਹਨੇ ਡਿੱਠਾ ਦਾ ਮੰਤਵ ਹੈ, ਪੈਸੇ ਨੇ ਲੋਕਾਂ ਦੀ ਮੱਤ ਮਾਰ ਧਰੀ ਹੈ ਪੰਜਾਬ ਤੋਂ ਆਏ ਹੋਏ ਨੱਥੂ ਖੈਰੇ ਨੂੰ ਭੀ ਸਨਮਾਨੀ ਜਾਂਦੇ ਨੇ, ਅਗਲੇ ਧਨ ਹੂੰਝ ਕੇ ਤੁਰਦੇ ਬਣਦੇ ਨੇ ਤਾਂ ਵਿਦੇਸ਼ਾਂ ਨੂੰ ਦੌੜਾਂ ਤੇ ਅੰਤ ਹੁਣ ਮੌਤਾਂ, ਸਬਕ ਕੋਈ ਨਹੀਂ, ਸਾਡੇ ਦੇਸ਼ ਵਿੱਚ ਭੀ ਦੇਖ ਲਵੋ ਹੁਣ ਕੀ ਕੀ ਕਹਿਰ ਵਰਤ ਰਹੇ ਹਨ, ਪਰ ਸਾਨੂੰ ਕੋਈ ਗਮ ਨਹੀਂ, ਅਸੀਂ ਪੰਜਾਬ ਵਿੱਚ ਤੁਰੇ ਫਿਰੀ ਦਾ ਹੈ, ਭਾਵੇਂ ਹੁਣ ਬਹੁਤੀ ਵੱਸੋਂ ਇਸ ਸੋਚ ਦੀ ਨਹੀਂ ਹੈ, ਕੇਵਲ ਆਹ ਚੈਨਲ ਯੂ: ਟੀਊਬੀਏ ਆਪਣੇ ਪੌਂਡ ਕੱਠੇ ਕਰਨ ਨੂੰ ਜੀ ਸਾਨੂੰ ਖਾਲਿਸਤਾਨ ਚਾਹੀਦਾ ਹੈ, ਮੰਗ ਅਯੋਗ ਨਹੀਂ ਪਰ ਢੰਗ ਤੇ ਮੰਗਣ ਵਾਲੇ ਯੋਗ ਨਹੀਂ, ਹੈਰਾਨੀ ਹੈ ਕਿ ਸੂਬੇ ਵਿੱਚ ਤਾਂ ਖੇਤਰੀ ਪਾਰਟੀ ਨੂੰ ਨਸ਼ਟ ਕਰੋ, ਭਲਾ ਕਾਂਗਰਸ ਤੇ ਕੇਂਦਰ ਕਿਵੇਂ ਇਸ ਮੰਗ ਨੂੰ ਬੂਰ ਪੈਣ ਦਊ, ਨਾਲ ਚਤੁਰਾਈਆਂ ਦੇਖੋ ਜੀ ਸ਼੍ਰੋਮਣੀ ਅਕਾਲੀ ਸੁਰਜੀਤ ਹੋਵੇ, ਆਹ ਗੁਰਤੇਜ ਸਿੰਘ ਦਾ ਲੇਖ ਪੜ੍ਹਕੇ ਸੁਰਤ ਭੌਅ ਗਈ ਕਿ ਜੀ ਮੈਂ ਸ਼੍ਰੋਮਣੀ ਅਕਾਲੀ ਦਲ ਵਿੱਚ ਭਰਤੀ ਹੋ ਗਿਆ ਪਰ ਸਹਿਮਤ ਨਹੀਂ ਸੀ ਤੇ ਮਾਨ ਦਲ ਵਿੱਚ ਸ੍ਰੀ ਮਾਨ ਜੀ ਟਿਕਟ ਲੈ ਕੇ ਚੋਣ ਲੜੀ ਉਹ ਨਹੀਂ ਦੱਸਦੇ ਚੇਤੇ ਰੱਖੋ ਜੋ ਸਰਕਾਰੀ ਅਫ਼ਸਰ ਹੁੰਦੇ ਹਨ ਉਹ ਕਦੀ ਕੌਮੀ ਨਹੀਂ ਹੁੰਦੇ ਲੂਤੀ ਲਾ ਕੇ ਹੀ ਤਰੱਕੀਆਂ ਨੇ ਅਜੋਕੀ ਸਥਿਤੀ ਸ਼੍ਰੋਮਣੀ ਅਕਾਲੀ ਦਲ ਦੀ ਕਿਉਂ ਦੱਸ ਸਾਲ ਰਾਜ ਸੀ ਤੇ ਫੇਰ ਵਿਉਂਤ ਘੜੀ ਗਈ ਤੁਹਮਤ ਦੀ, ਬੇਅਦਬੀ ਕਰਵਾਉ ਤੇ ਭਜਾਉ, ਉਹ ਟੂਣਾ ਕੰਮ ਦੇ ਗਿਆ ਹਾਲੇ ਭੀ ਚੱਲੀ ਜਾਂਦਾ ਹੈ, ਰਹੀ ਗੱਲ ਕਿ ਨਿਘਾਰ ਕਿਉਂ ਜਦੋਂ ਗਰੀਬੀ ਪੈ ਜਾਵੇ, ਰਾਜ ਖੁਸ ਜਾਵੇ ਤਾਂ ਭੁੱਖੇ ਤਾਂ ਭਗਤੀ ਭੀ ਨਾ ਕੀਤੀ ਟੱਬਰ ਭੀ ਖੇਰੂੰ ਖੇਰੂੰ ਇਹ ਤਾਂ ਪਾਰਟੀ ਹੈ ਨਾਲੇ ਦਲ ਬਦਲੀਆਂ ਰਵਾਜ ਬਣ ਗਿਆ ਸਾਰੇ ਹੀ ਭੱਜ ਤੜਾਕੇ ਕਈ ਵਾਪਸੀਆਂ ਭੀ, ਪਰ ਅਕਾਲੀ ਦਲ ਵਿੱਚ ਤਾਂ ਦਰੋਗੇਬਾਜ਼ੀ ਨੇ ਜੋਰ ਫੜ ਲਿਆ, ਪਹਿਲ ਢੀਂਡਸੇ ਨੇ ਕਰਵਾਈ, ਬ੍ਰਹਮਪੁਰੇ ਨੂੰ ਚੱਕ ਕੇ ਮੁੜ ਤੋਖਲੇ ਹੀ ਚਲੋ ਕਾਂਗਰਸ ਵਿੱਚ ਭੀ ਸਾੜ੍ਹ ਸਤੀ ਸੀ, ਦੁਫੇੜਾਂ ਪਈਆਂ ਪਰ ਸਾਡਾ ਕੁਝ ਵੱਖਰਾ ਹੀ ਰਾਹ ਹੈ ਅਕਾਲ ਤਖਤ ਨੂੰ ਮੋਹਰਾ ਬਣਾ ਕੇ ਧਮੁਸਲ੍ਹੀ ਹਾਲਾਂਕਿ ਸਿਆਸੀ ਪਾਰਟੀ ਦਾ ਧੁਰਾ ਅੱਡ ਤੇ ਧਾਰਮਿਕ ਅਵੱਗਿਆ ਅੱਡ ਪਰ ਸਿੱਖ ਕਦੋਂ ਜਾਣਦੇ ਨੇ ਸੰਵਿਧਾਨ ਜਾਂ ਕਾਨੂੰਨ, ਹੁਣ ਭਗਵੰਤ ਮਾਨ ਦੀ ਸਰਕਾਰ ਨੂੰ ਕੋਸੀ ਜਾਂਦੇ ਨੇ ਜੀ ਕਾਨੂੰਨ ਅਵਸਥਾ ਖਰਾਬ ਪਰ ਆਪ ਕਾਨੂੰਨ ਮੰਨਣ ਨੂੰ ਤਿਆਰ ਨਹੀਂ ਆਪੇ ਹੀ ਧੱਜੀਆਂ ਉਡਾ ਰਹੇ ਨੇ ਆਹ ਅਕਾਲੀ ਦਲ ਦੇ ਨਾ ਤਾਂ ਮੈਂਬਰ ਹਨ ਨਾ ਸਮਰਥੱਕ ਜੀ ਅਸੀਂ ਚਿੰਤਕ ਹਾਂ, ਕਿੰਨੀਆਂ ਜਥੀਆਂ ਗਈਆਂ ਜਥੇਦਾਰ ਕੋਲ ਸੁਖਬੀਰ ਬਾਦਲ ਨੂੰ ਹਟਾਉ, ਹੁਣ ਆਹ ਜਥੇਦਾਰ ਕੋਲ ਗਿਆਨੀ ਕੇਵਲ ਸਿੰਘ ਕੱਢਿਆ ਹੋਇਆ ਤੇ ਨੂੰਹ ਦਾ ਕੇਸ ਭੁੱਲ ਹੀ ਗਿਆ, ਕਿਵੇਂ ਚਬੜ੍ਹ ਚਬੜ੍ਹ ਨਾਲ ਦੋ ਚਾਰ ਲੈ ਲਏ ਕਿੱਤਾਕਾਰੀ ਪੈਸੇ ਕਮਾਉਣੇ, ਅੰਮ੍ਰਿਤਪਾਲ ਦਾ ਬਾਪ ਪਹਿਲੇ ਆਪਣਾ ਹਿਸਾਬ ਤਾਂ ਨਿਬੇੜੇ । ਸੁਖਬੀਰ ਸਿੰਘ ਨੇ ਧ੍ਰੋਹ ਨੀ ਕਮਾਇਆ। ਰਹੀ ਗੱਲ ਸ਼੍ਰੋਮਣੀ ਕਮੇਟੀ ਦੇ ਕਤਰ ਵਿੱਚੋਂ ਬੀੜਾਂ (ਗੁਰੂ ਗ੍ਰੰਥ) ਭਲਾ ਹੋਇਆ ਪਰ ਇਕ ਗੱਲ ਦੁਬਧਾ ਕੀ ਕਰਾਂ ਤੁਸੀਂ ਸਰੂਪ ਆਖਦੇ ਹੋ ਭਾਈ ਸਰੂਪ ਹਿੰਦੂ ਮੱਤ ਹੈ ਇਹ ਜੋ ਹਨ ਉਨ੍ਹਾਂ ਨੂੰ ਜਾਂ ਜੋ ਜਿਮੇ ਕਿਸੇ ਸਮਾਗਮ 'ਤੇ ਕਾਪੀ ਕਰਨ ਜਿਮੇ ਕਿ ਦੁਸ਼ਿਹਰੇ ਨੂੰ ਐਫਜੀਆਂ ਤੇ ਰਾਮ ਸਰੂਪ ਮੂਰਤਾਂ ਦੀ ਥਾਂ ਬੱਚਿਆਂ ਨੂੰ ਨਿਉਂਦਾ ਖਾਣ ਲਈ ਬਣਾਉਂਦੇ ਹਨ, ਤੁਸੀਂ ਸਰੂਪ ਕਿਵੇਂ ਆਖਦੇ ਹੋ ? ਆਪੇ ਹੀ ਰੀਤਾਂ ਕਰਦੇ ਹੋ ਫੇਰ ਮੁੱਕਣ ਲਈ ਰਾਹ ਲੱਭਦੇ ਹੋ, ਇਹ ਧਾਰਮਿਕ ਖੇਤਰ ਵਿੱਚ ਹੀ ਨਹੀਂ, ਸਿੱਖ ਚਰਿੱਤਰ ਵਿੱਚ ਹੀ ਦੇਖ ਲਵੋ ਕਿਵੇਂ ਅਫਸਰ ਵਰਗਲਾ ਕੇ ਪਿੱਟ ਸਿਆਪੇ ਪਾਉਂਦੇ ਸੀ, ਸਿਰਦਾਰ ਕਪੂਰ ਸਿੰਘ ਜੀ ਪਟੇਲ ਨੇ ਜਰਾਇਮ ਪੇਸ਼ਾ ਲਿਖ ਕੇ ਨੋਟ ਪਾਇਆ ਤਾਂ ਮੈਨੂੰ ਰੋਹ ਚੜ੍ਹਿਆ ਨੌਕਰੀ ਛੱਡੀ, ਭਾਵੇਂ ਕੱਢਿਆ ਸੀ ਪਰ ਨੋਟ ਸੱਚੀ ਸਾਖੀ ਨਾ ਛਾਪਿਆ ਇਹੀ ਹਾਲ ਹੁਣ ਸ਼੍ਰੋਮਣੀ ਅਕਾਲੀ ਵਿਰੁੱਧ ਹੋ ਰਿਹਾ ਹੈ, ਝੂਠ ਤੂਫਾਨ ਆ ਅੰਮ੍ਰਿਤਸਰ ਜ਼ਿਲ੍ਹੇ ਦਾ ਕਿਸਾਨ ਕਹਿੰਦਾ ਸਾਨੂੰ ਆਹ ਜਮੀਨਾਂ ਬੰਦਾ ਸਿੰਘ ਬਹਾਦਰ ਨੇ ਦਿੱਤੀਆਂ ਸਨ, ਭਾਈ ਇਤਿਹਾਸ ਦੀ ਜਾਣਕਾਰੀ ਲਵੋ ਬੰਦਾ ਸਿੰਘ ਬਹਾਦਰ ਸੂਬਾ ਸਰਹਿੰਦ ਨਾਲ ਟੱਕਰ ਸੀ, ਸਰਹਿੰਦ ਬੜਾ ਘੇਰਾ ਸੀ, ਉਹ ਇਧਰ ਤਾਂ ਆਇਆ ਹੀ ਨਹੀਂ ਸੀ, ਇਮੇ ਹੀ ਸ਼ੇਰੇ ਪੰਜਾਬ ਦੇ ਰਾਜ ਨੂੰ ਮਾਲਵੇ ਵਾਲੇ ਹੀ ਪ੍ਰਚਾਰੀ ਜਾਂਦੇ ਨੇ ਆਹ ਖਾਰੇ ਪਿਉ ਪੁੱਤ ਭਾਵੇਂ ਵਕੀਲ ਤਾਂ ਬਣ ਗਏ ਪਰ ਇਤਿਹਾਸ ਦਾ ਊੜਾ ਨੀ ਪਤਾ ਨਾਲੇ ਪੱਲਾ ਖਰਚ ਕੇ ਪੜ੍ਹਿਆ ਹੋਵੇ ਜਾਂ ਸਰਕਾਰੀ ਭੱਤੇ ਦੀ ਮੱਤ ਹੋਰ ਹੀ ਹੁੰਦੀ ਹੈ। ਪੰਜਾਬ ਵਿੱਚ ਬਾਡਰ ਸਟੇਟ ਕਰਕੇ ਭੀ ਪਰ ਆਪ ਵਿਦੇਸ਼ੀ ਤੇ ਦੂਜਿਆਂ ਸੂਬਿਆਂ ਦੇ ਵਾਸੀ ਆਮਦ ਹੁਣ ਸੁਨੇਹ ਕੀਹਨੂੰ ਬਾਕੀ ਆਹ ਜਾਤ ਬਰਾਦਰੀ ਭਾਰੂ ਅਸਲੀ ਅਕਾਲੀ ਤਾਂ ਘੱਟ ਗਿਣਤੀ ਜੋ ਹਨ ਉਹ ਭੀ ਕੁਰਾਹੇ ਆਹ ਹੁਣ ਤਾਜ਼ਾ ਡਿੰਪੀ ਢਿੱਲੋਂ ਝੂਠ ਦਾ ਪਲੰਦਾ ਤੇਰੇ ਮਗਰ ਕਿਸੇ ਨੀ ਆਉਣਾ ਨਾਰ ਦਹਾਜੂ ਦੀ ਭਰ ਭਰ ਅੱਖੀਆਂ ਰੋਵੇ, ਮਨਪ੍ਰੀਤ ਬਾਦਲ ਦੀ ਵਾਪਸੀ ਦੀ ਅਫਵਾਹ ਨਾਲ ਤਾਂ ਡਿੰਪੀ ਨੂੰ ਛਲ੍ਹ ਪੈ ਗਿਆ ਹੁਣ ਜਦੋਂ ਆਪ ਅਗਲੇ ਕਾਲੀ ਦਲ ਦਾ ਰਹਿੰਦ ਖੂੰਦ੍ਹ ਆਖਣਗੇ ਤਾਂ ਚੱਪਣੀ ਨਾਲ ਲੈ ਲਇਆ ਕਰੋ। ਝੂਠ ਦੇ ਪੈਰ ਨਹੀਂ ਹੁੰਦੇ ਪੰਜ ਦਿਨਾਂ ਵਿੱਚ ਹੀ ਡਿੰਪੀ ਨੂੰ ਭਗਵੰਤ ਮਾਨ ਨੇ ਨਿਉਂਦਾ ਦਿੱਤਾ, ਛੱਡੋ, ਝੱਟ-ਮੰਗਣੀ ਪੱਟ ਵਿਆਹ ਨਿਭਣੀ: ਤੇਰੀ ਮੇਰੀ ਨਹੀਂ ਨਿਭਣੀ, ਤੇਲ ਦੀ ਧਾਰ ਦੇਖੋ ਸਿੱਖ ਮਾਨਸਿਕਤਾ ਦਾ ਤੱਟ ਟੁੱਟ ਚੁੱਕਾ ਹੈ, ਚਰਿੱਤਰ ਝੋਲ੍ਹਾ ਮੁਲਿਆ ਸਾਨੂੰ ਮਾਰ ਨਾ ਬੋਲੜੀਆਂ, ਕਿਹੜਾ ਅਕਾਲੀ ਦਲ ਹੀ ਜੋ ਉਲਝਿਆ ਪਿਆ ਹੈ, ਬਾਣੀਆਂ ਤੇ ਬਜਾਰ ਨਾਲ ਹੀ ਚੱਲਦੇ ਨੇ, ਭੀੜਾਂ ਪੈਂਦੀਆਂ ਹੀ ਹੁੰਦੀਆਂ ਹਨ ਹੱਲ ਭੀ, ਇਕ ਵਾਰਤਾ ਸੁਣਾਵਾਂ (ਸੱਚੀ) ਸਾਡੀ ਮਾਂ ਦੇ ਮਾਸੜ ਬਹੁਤ ਪ੍ਰਸਿੱਧ ਡਾਕਟਰ (ਉਸ ਸਮੇਂ) ਜਾਇਦਾਤੀ ਭੀ ਸਨ ਪੁੱਤਰ ਭੀ ਡਾਕਟਰ, ਹੁਣ ਪੋਤਾ ਭੀ ਡਾਕਟਰਾਂ ਦਾ ਟੱਬਰ, ਵੱਡਾ ਪੁੱਤ ਦੌਲਤ ਕਰਕੇ ਥੋੜ੍ਹਾ ਪੜ੍ਹਕੇ ਮੁੰਡਿਆਂ ਦੀ ਢਾਹਣੀ ਬਣਾ ਕੇ ਫੇਰੇ ਤੋਰੇ 'ਤੇ, ਘਰਦੇ ਕਹਿੰਦੇ ਕੰਮ ਨੀ ਕਾਰ ਨੀ ਖਰਚਾ ਵੱਧ, ਅੱਗੋਂ ਉਹ ਕਹਿੰਦਾ ਕਿ ਆਹ ਚੋਰ ਡਾਕਿਆਂ ਦੇ ਡਰ ਮੇਰੇ ਕਰਕੇ ਹੀ ਬਚੇ ਹੋਏ ਹੋ ਚਿੜੀਆਂ ਕਾਂ ਘੜੀਸਣ ਬੋਨੂੰ ਯਾਨੀ ਸ਼੍ਰੋਮਣੀ ਅਕਾਲੀ ਦਲ ਦਾ ਦਬਕਾ ਕੌਮ ਨੂੰ ਬੁਲੰਦੀ ਸੀ, ਹੁਣ ਭੰਗ ਭੁੱਜੂ ਜੇਕਰ ਇਹਨੂੰ ਲਤਾੜ ਤਾ, ਯਾਦ ਰੱਖਿਉ ਕੇਂਦਰ ਖਾ ਜਾਊਗਾ ਇਕ ਤੱਥ ਹਿਟਲਰ ਬਦਨਾਮ, ਅੰਤ ਦਫਨ ਅਸਲ ਵਾਰਤਾ ਤਾਂ ਇਹ ਸੀ ਕਿ ਉਹ ਆਪਣੀ ਲਹੂ ਦੀ ਵੰਸ਼ ਨਿਰੋਲ ਰੱਖਣੀ ਚਾਹੁੰਦਾ ਸੀ ਪਰ ਝੁਰਮਟ ਕਿਸੇ ਹੋਰ ਪਾਸੇ ਪੈ ਗਿਆ, ਤਬਾਹੀ ਇਹੀ ਹਾਲ ਹੁਣ ਪੰਜਾਬ ਦੀ ਅਕਾਲੀ ਇਕਾਈ ਦਾ ਹੈ ਪੰਜਾਬ ਦਾ ਤਾਂ ਹੁਣ ਕੋਈ ਮੁੱਦਾ ਹੀ ਨਹੀਂ ਚੁੱਕਦਾ ਕਿਸਾਨ ਕਾਂਗਰਸੀ, ਹਰਿਆਣੇ ਨੂੰ ਯੂਨੀਅਨਾਂ ਨਾਲ ਲੈਣ ਕਰਕੇ ਪਾਣੀ, ਰਾਜਧਾਨੀ ਦੀ ਪ੍ਰਤੀਕਿਰਿਆ ਹੀ ਨਹੀਂ ਹਾਲੇ ਅਕਾਲੀ ਮਾੜੇ ਆਹ ਫਾਗੋਟ ਭਲਾ ਸਿੱਖਾਂ ਦਾ ਕੀ ਮੁੱਦਾ, ਹੁਣ ਆਹ ਕੰਗਣਾ ਦਾ ਹੀ ਜਾਪ ਤੁਸੀਂ ਕਿਸਾਨੀ ਸੰਘਰਸ਼ ਵੇਲੇ ਦੇ ਨਿਬੇੜੇ ਨਿਬੇੜ ਲਏ ਥੱਪੜ ਭੀ ਜੜ ਤੇ, ਹੁਣ ਫਿਲਮ 'ਤੇ ਇਤਰਾਜ਼ ਯੋਗ ਸੀਨ (ਮੈਂ ਤਾਂ ਦੇਖੇ ਨੀ) 'ਤੇ ਬੋਲੋ ਨਾ ਕਿ ਸਿਮਰਨ-ਜੀਤ ਸਿੰਘ ਮਾਨ ਕੀ ਭੱਦੀ ਬੋਲੀ ਭਾਵੇਂ ਉਹ ਤਾਂ ਆਦੀ ਹਨ, ਹੁਣ ਉਮਰ ਕਰਕੇ ਭੀ ਸਧਾਰ ਨਹੀਂ, ਇਸਤਰੀ ਜਾਤੀ ਨੂੰ ਨੀਮਾਂ ਸਮਝਣਾ, ਇਨ੍ਹਾਂ ਨੇ ਤਾਂ ਭੈਣ ਮਾਇਆਵਤੀ ਨੂੰ ਅਸ਼ਲੀਲ ਗਾਲ੍ਹ ਭੀ ਕੱਢ ਧਰੀ ਸੀ ਫੇਰ ਕਹਿਣਗੇ ਜੀ ਸਿੱਖ ਤਾਂ ਹਰ ਧੀ ਭੈਣ ਦਾ ਸਤਿਕਾਰ ਕਰਦਾ ਹੈ (ਠੀਕ ਹੈ ਸਾਰੇ ਸਿੱਖ ਐਸੇ ਨਹੀਂ ਹਨ) ਪਰ ਮਾਨ ਸਾਹਬ ਨੂੰ ਸਭ ਨੂੰ ਫਿੱਟ ਥੁੱਕ ਕਰਨੀ ਬਣਦੀ ਹੈ, ਮੈਂ ਇਹ ਭੀ ਮੰਨਦੀ ਹਾਂ ਕਿ ਕੁਝ ਤੀਮੀਆਂ ਬਰਾਬਰਤਾ ਵਿੱਚ ਹੁੱਭੀਆਂ ਹਨ ਪਰ ਮਾਣ ਲਈ ਹਨ ਪਰ ਸਾਰੀਆਂ ਨਹੀਂ ਹਨ ਅਜ਼ਾਦੀ ਭੀ ਰਾਹ ਰਾਹ ਦੀ ਹੀ ਜਚਦੀ ਹੈ, ਮੈਂ ਇਕ ਗੱਲ ਲਿਖਾਂ ਮੈਨੂੰ ਗੁਰਦੀਪ ਸਿੰਘ ਸੰਧੂ (ਪੰਜਾਬ ਮੇਲ) ਟੈਲੀਫੂਨ ਕਰਕੇ ਕਹਿੰਦੇ ਸ: ਤਰਲੋਚਨ ਸਿੰਘ (ਘੱਟ ਗਿਣਤੀ) ਹੋਰਾਂ ਨੂੰ ਮਿਲਾਂ, ਪਰ ਮੇਰੇ ਵਿਚਾਰ ਨਹੀਂ ਮਿਲਦੇ ਮੈਨੂੰ ਫੋਟੋਆਂ ਖਿਚਾ ਕੇ ਕਿਤਾਬਾਂ ਛਪਵਾਉਣ ਦਾ ਸ਼ੋਕ ਨਹੀਂ ਸੋ ਅਸੂਲਾਂ 'ਤੇ ਚੱਲੋ। ਮੈਂ ਉਹ ਦੌਰ ਨਹੀਂ ਭੁੱਲ ਸਕਦੀ ਸੰਤ ਲੌਂਗੋਵਾਲ, ਬੀਬੀ ਰਜਿੰਦਰ ਕੌਰ, ਅਵਿ-ਨਾਸੀ ਸਿੰਘ ਕਤਲ ਕੀਤੇ, ਪਹਿਲਾਂ ਪ੍ਰਤਾਪ ਸਿੰਘ ਕੈਰੋਂ ਜੀਹਨੇ ਬੜੇ ਕੰਮ ਕੀਤੇ ਪੰਜਾਬ ਲਈ ਕਤਲ । ਖਾਲਿਸਤਾਨ ਦੀ ਲਹਿਰ ਮੇਰੇ ਪਤੀ ਸਮਰਥੱਕ ਸਨ ਉਨ੍ਹਾਂ ਨੂੰ ਕਹਿੰਦੇ ਹੁੰਦੇ ਸਨ ਖਾਲਿਸਤਾਨ ਦਾ ਝੰਡਾ ਚੁੱਕੋ ਪਹਿਲਾਂ ਇਕ ਬੋਲੀ ਅਕਲ ਤੋਂ ਜੋ ਖਾਲੀ ਸੋ ਭਾਈ ਅਕਾਲੀ ਮੈਂ ਸੋਚਦੀ ਹਾਂ ਗੱਲ ਤਾਂ ਸੱਚੀ ਸੀ ਵਿਚਾਰੇ ਨੰਗੇ ਪੈਰੀਂ, ਮੋਢੇ ਪਰਨਾ ਭੁੱਖੇ ਤਿਹਾਏ ਡਾਂਗਾਂ ਖਾਣੀਆਂ, ਹੁਣ ਬੱਸ ਇਹ ਮਕਾਰ, ਲੋਕ ਆਹੀ ਭਾਲਦੇ ਨੇ ਪਰ ਕਿਉਂ ਅਕਾਲੀ ਹੀ ਡਾਂਗਾਂ ਖਾਣ ਆਹ ਭਉਕੇ ਹੋਣ ਅੱਗੇ ਇਹ ਲੋਕ ਲੁੱਟ ਘਸੁੱਟ ਲਈ ਖਾਣ ਪੀਣ ਨੂੰ ਆਏ ਦਿਨ ਕੋਈ ਨਾ ਕੋਈ ਮੁਸ਼ਕਲ ਖੜੀ ਹੀ ਰੱਖਦੇ ਨੇ ਤਾਂ ਸੂਬੇ ਦੀ ਤਰੱਕੀ ਕਿਥੇ,

ਇਥੇ ਆਹ ਚੈਨਲ ਊਧਮ ਮਚਾਈ ਜਾਂਦੇ ਨੇ ਫੋਕੀਆਂ ਬੜ੍ਹਕਾਂ ਬੇਅਦਬੀ ਵਿੱਚ ਸੁਖਬੀਰ ਬਾਦਲ ਨੂੰ ਅੜਾਉ ਤੇ ਆਪ ਚੈਨਲਾਂ 'ਤੇ ਪਾਠ ਨਾਲੇ ਅਕਾਲ ਤਖਤ ਦੇ ਅਦੇਸ਼ ਸਨ ਕਿ ਬਾਹਰ (ਗੁਰੂ ਗ੍ਰੰਥ) ਲਿਜਾ ਨਹੀਂ ਸਕਦੇ ਕਿਥੇ ਹੈ ਅਦੇਸ਼ ? ਜਥੇਦਾਰ ਭੀ ਗਟਾਰਾਂ ਵਾਂਗੂੰ ਅੱਖਾਂ ਮੀਟਦੇ ਨੇ ਗਿਆਨੀ ਹਰਪ੍ਰੀਤ ਸਿੰਘ ਬੁੱਤ ਦਾ ਉਦਘਾਟਣ ਕਰਨ ਆਏ ਗੁਰਬਾਣੀ ਦੀ ਤੁੱਕ ਠੀਕ ਨਾ ਲਿਖਣ 'ਤੇ ਪਾਸਾ ਵੱਟ ਕੇ ਖੜੇ, ਮਾਂਹ ਵਾਦੀ ਤੇ ਸੁਆਦੀ ਪਰ ਕੋਈ ਭੀ ਅਦਾਰਾ ਇਸ ਪਾਸੇ ਚੇਤਕ ਨਹੀਂ ਕਤਾਰ ਵਿੱਚ ਚੋਲ ਹੀ ਹੈ, ਭਾਵੇਂ ਰਾਹ ਪੁੱਠਾ ਹੀ ਹੋਵੇ ਜਿਥੋਂ ਦੀ ਸੈਹਾ ਲੰਘ ਗਿਆ ਪੈਹਾ ਪੈ ਗਿਆ ਚਲੋ ਫਸਲ ਦੇ ਵਿੱਚੋਂ ਦੀ ਹੀ ਗਿਆ, ਪਰ ਰਾਹ ਤਾਂ ਪਾ ਗਿਆ।

ਬਾਕੀ ਹਿਸਾ ਸਫ਼ਾ 46 ਤੇ ਪੜ੍ਹੋ →

# ਹੀਰੇ ਵਾਲ਼ੇ ਪੈੱਨ ਦੀ ਕਰਾਮਾਤ !

"ਮੈਡਮ ਜੀ....ਮੈਡਮ ਜੀ ਆਹ ਏਨਾ ਸੋਹਣਾ ਪੈੱਨ ਕਿੱਥੋਂ ਲੈ ਕੇ ਆਏ ਹੋ???"

"ਮੈਡਮ ਜੀ ਇਸ ਪੈੱਨ 'ਤੇ ਤਾਂ ਹੀਰਾ ਲੱਗਿਆ ਹੋਇਆ ਹੈ......ਜੀ ਤੁਸੀਂ ਇਹ ਬਠਿੰਡੇ ਤੋਂ ਹੀ ਲੈ ਕੇ ਆਏ ਹੋਵੋਂਗੇ ?"

"ਜੀ ਇਹ ਪੈੱਨ ਕਿੰਨੇ ਕੁ ਦਾ ਆਇਆ ਹੈ? ਤੁਸੀਂ ਸਾਨੂੰ ਵੀ ਇਹਦੇ ਨਾਲ ਦਾ ਲਿਆ ਦਿਓ ਗੇ ?"

ਛੇਵੀਂ ਜਮਾਤ ਦੇ ਕਮਰੇ ਵਿਚ ਵੜਦਿਆਂ ਹੀ ਸਾਰੇ ਬੱਚੇ ਮੇਰੇ ਹੱਥ ਵਿਚ ਫੜੇ ਪੈੱਨ ਬਾਰੇ ਇਕੋ ਸਾਹੇ ਸੁਆਲ ਪੁੱਛਣ ਲੱਗੇ !ਉਸੇ ਵੇਲੇ ਉੱਤਰ ਦੇਣ ਦੀ ਬਜਾਏ ਮੇਰੇ ਮਨ ਵਿਚ ਇਕ ਜੁਗਤਿ ਸੁੱਝੀ!ਮੈਂ ਸੋਚਿਆ ਕਿ ਬੱਚਿਆਂ ਦੀ ਇਸ ਪੈੱਨ ਵਿਚ ਜਾਗੀ ਖਿੱਚ ਜਾਂ ਉਤਸੁਕਤਾ ਨੂੰ ਮੈਂ ਬੱਚਿਆਂ ਵਾਸਤੇ ਹੀ ਕਿਸੇ ਹੋਰ ਕੰਮ ਲਈ ਵਰਤਾਂ ਗੀ!

ਆਪਣੇ ਸਕੂਲ ਵਿਚ ਛੇਵੀਂ ਜਮਾਤ ਦੇ ਸੈਕਸ਼ਨ ਬੀ ਨੂੰ ਮੈਂ ਅੰਗਰੇਜੀ ਤੇ ਸਮਾਜਿਕ ਸਿੱਖਿਆ ਦੇ ਦੋ ਵਿਸ਼ੇ ਪੜ੍ਹਾਉਂਦੀ ਹਾਂ।ਇੰਜ ਇਸ ਕਲਾਸ ਵਿੱਚ ਕਦੇ ਕਦੇ ਮੇਰੇ ਦਿਨ ਵਿੱਚ ਤਿੰਨ ਪੀਰੀਅਡ ਵੀ ਹੁੰਦੇ ਹਨ। ਇਕ ਦਿਨ ਇਵੇਂ ਹੀ ਸੀ। ਚੌਥਾ, ਸੱਤਵਾਂ ਤੇ ਅੱਠਵਾਂ ਪੀਰੀਅਡ ਮੈਂ ਇਸੇ ਕਲਾਸ ਵਿੱਚ ਹੀ ਲਗਾਉਣੇ ਸਨ।ਚੌਥੇ ਵਿੱਚ ਅੰਗਰੇਜ਼ੀ ਦਾ ਕੰਮ ਕਰਵਾ ਦਿੱਤਾ। ਸੱਤਵੇਂ ਸਮਾਜਿਕ ਦੇ ਪੀਰੀਅਡ ਵਿਚ ਜਦ ਮੈਂ ਕਿਤਾਬ ਦਾ ਗਿਆਰਵਾਂ ਪਾਠ ਪੜਾਉਣਾ ਸ਼ੁਰੂ ਕੀਤਾ ਤਾਂ ਉਸ ਵਿੱਚ ਆਏ ਕਈ ਸਾਰੇ ਸ਼ਬਦ ਮੈਨੂੰ ਵੀ ਬਹੁਤ ਔਖੇ ਪ੍ਰਤੀਤ ਹੋਏ। ਪਾਠ ਸੁਣਨ ਵਿੱਚ ਬੱਚੇ ਦਿਲਚਸਪੀ ਬਿਲਕੁੱਲ ਵੀ ਨਹੀਂ ਸੀ ਲੈ ਰਹੇ।ਆਪਾਂ ਵੀ ਫੇਰ ਆਪਣਾ 'ਰਾਮਬਾਣ' ਚਲਾਉਣ ਦੀ ਸੋਚੀ! ਪਾਠ ਪੜ੍ਹਾਉਣਾ ਬੰਦ ਕਰਕੇ ਮੈਂ ਆਪਣਾ ਉਹੀ ਚਮਕਦੇ ਹੀਰੇ ਵਾਲ਼ਾ ਪੈੱਨ ਬੱਚਿਆਂ ਨੂੰ ਦਿਖਾਉਂਦਿਆਂ ਕਿਹਾ

"ਬੱਚਿਓ ਤੁਹਾਡਾ ਹੁਣੇ 'ਰੀਡਿੰਗ ਕੰਪੀਟੀਸ਼ਨ' ਹੋਣਾ ਹੈ। ਜਿਹੜਾ ਬੱਚਾ ਜਿੱਤਿਆ ਉਸਨੂੰ ਆਹ ਹੀਰੇ ਵਾਲਾ ਪੈੱਨ ਇਨਾਮ ਵਜੋਂ ਮਿਲ਼ੇ ਗਾ। ਸਾਰੇ ਬੱਚੇ ਦੋ ਦੋ ਲਾਈਨਾਂ ਪੜ੍ਹ ਕੇ ਜਾਣਗੇ। ਪੂਰੀ ਕਲਾਸ ਵਿੱਚੋਂ ਪੰਜ ਬੱਚੇ ਚੁਣੇ ਜਾਣਗੇ। ਉਨ੍ਹਾਂ ਨੂੰ ਫੇਰ ਇੱਕ ਵੱਡਾ ਪੈਰਾਗ੍ਰਾਫ ਪੜ੍ਹਨ ਲਈ ਦਿੱਤਾ ਜਾਵੇਗਾ। ਪੈਰਾਗ੍ਰਾਫ ਦੀ ਤਿਆਰੀ ਲਈ ਦਸ ਮਿੰਟ ਦਾ ਸਮਾਂ ਦਿੱਤਾ ਜਾਵੇਗਾ। ਜਿਹੜੇ ਸ਼ਬਦ ਤੁਹਾਨੂੰ ਨਹੀਂ ਪੜ੍ਹਨੇ ਆਉਂਦੇ ਉਹ ਮੇਰੇ ਤੋਂ ਇਸ ਸਮੇਂ ਦੌਰਾਨ ਪੁੱਛ ਸੱਕਦੇ ਹੋ।"

ਪੂਰੀ ਕਲਾਸ ਵਿੱਚ ਮੈਂ ਇਹ ਲੁਭਾਵਣੀ ਅਨਾਊਂਸਮੈਂਟ ਕਰ ਦਿੱਤੀ।

ਜਿਵੇਂ ਸ਼ਿਕਾਰੀ ਪੰਛੀਆਂ ਨੂੰ ਜਾਲ਼ ਵਿੱਚ ਫਸਾਉਣ ਲਈ ਚੋਗਾ ਪਾਉਂਦਾ ਹੈ, ਮੈਂ ਵੀ ਆਪਣੇ ਹੀਰੇ ਆਲੇ ਪੈੱਨ ਨੂੰ ਕਲਾਸ ਵਿੱਚ ਵਾਰ ਵਾਰ ਘੁਮਾ ਕੇ ਵਿਦਿਆਰਥੀ 'ਪੰਛੀ' ਆਪਣੀ ਕੈਦ ਵਿੱਚ ਕਰ ਲਏ !

ਪਾਠ ਸੱਚੀਂ ਬੜਾ ਔਖਾ ਸੀ। ਜਮਾਤ ਦੇ ਕਈ ਪੰਛੀ ਤਾਂ ਵਿਚਾਰੇ ਛੇਤੀ ਹੀ ਹਾਰ ਮੰਨ ਗਏ। ਇਸ ਕਰਕੇ ਪੰਜ ਬੱਚੇ ਚੁਣਨ ਵਿੱਚ ਜ਼ਿਆਦਾ ਸਮਾਂ ਨਹੀਂ ਲੱਗਿਆ।ਪਰ ਇਹ ਪੰਜ ਬੱਚਿਆਂ ਨੇ ਜਿੱਤਣ ਲਈ ਪੂਰਾ ਜ਼ੋਰ ਲਗਾ ਦਿੱਤਾ। ਦੋ ਪੀਰੀਅਡ ਲਗਾਤਾਰ ਹੋਣ ਕਾਰਨ ਸਾਨੂੰ ਸਮੇਂ ਦੀ ਕਾਹਲੀ ਵੀ ਕੋਈ ਨਹੀਂ ਸੀ।ਔਖੇ ਸ਼ਬਦਾਂ ਨੂੰ ਕਲਾਸ ਵਿੱਚ ਵਾਰੀ ਵਾਰੀ ਦੁਹਰਾਇਆ ਗਿਆ। ਅੰਤ ਵਿੱਚ ਕਲਾਸ ਦੀ ਹਰਜੋਤ ਕੌਰ ਨੇ ਪਹਿਲੇ



ਸਥਾਨ ਤੇ ਆ ਕੇ ਹੀਰੇ ਆਲਾ ਪੈੱਨ ਆਪਣੇ ਨਾਂ ਕਰ ਲਿਆ। ਗਗਨਦੀਪ ਕੌਰ ਜਿਹੜੀ ਦੂਜੇ ਸਥਾਨ ਤੇ ਰਹੀ ਉਸਨੂੰ ਵੀ ਵਧੀਆ ਪੈੱਨ ਇਨਾਮ ਵਿੱਚ ਦੇ ਕੇ ਮੈਂ ਖੁਸ਼ ਕਰ ਦਿੱਤਾ। ਇਹਨਾਂ ਦੋ ਪੀਰੀਅਡਾਂ ਦੌਰਾਨ ਬੱਚਿਆਂ ਦੀ ਹੌਲੀ ਹੌਲੀ ਵਧੀ ਹੋਈ ਉਤ-ਸੁਕਤਾ ਦੇਖ ਕੇ ਮੈਂ ਦੂਜੇ ਦਿਨ ਫੇਰ ਏਦਾਂ ਦਾ ਹੀ ਇੱਕ ਰੀਡਿੰਗ ਕੰਪੀਟੀਸ਼ਨ ਰੱਖ ਦਿੱਤਾ। ਦੂਜੇ ਦਿਨ ਲਈ ਮੈਂ ਇਕ ਹੋਰ 'ਹੀਰੇ ਆਲ਼ਾ ਪੈੱਨ' ਖ਼ੀਦ ਲਿਆਂਦਾ !ਇਹ ਪੈੱਨ ਵਾਲ਼ਾ ਜਾਲ਼ ਵਿਛਾ ਕੇ ਬੱਚਿਆਂ ਅੰਦਰ ਔਖੇ ਔਖੇ ਸਬਕ ਪੜ੍ਹਨ ਲਈ ਵੀ ਖਿੱਚ ਅਤੇ ਦਿਲਚਸਪੀ ਪੈਦਾ ਕਰਕੇ ਮੈਂ ਨਵਾਂ ਤਜ਼ਰਬਾ ਗ੍ਰਹਿਣ ਕਰਿਆ।ਆਖਿਰ ਕੁੱਝ ਦੇਰ ਤੱਕ ਤਾਂ ਚਮਕਦੇ ਹੀਰੇ ਵਾਲ਼ੇ ਪੈੱਨ ਬੱਚਿਆਂ ਨੂੰ ਖਿੱਚਣ ਗੇ ਹੀ।ਜਦੋਂ ਇਹਦੀ ਚਮਕ ਫਿੱਕੀ ਪਈ ਤਾਂ ਫਿਰ ਬੱਚਿਆਂ ਅੰਦਰ ਪੜ੍ਹਨ ਦੀ ਖਿੱਚ ਪਾਉਣ ਲਈ ਮੈਂ ਕੋਈ ਹੋਰ 'ਨਵਾਂ ਜਾਲ਼' ਵਿਛਾਉਣ ਬਾਰੇ ਸੋਚ ਲਵਾਂ ਗੀ।

ਮੀਨੂੰ ਬਾਲਾ
ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਜੰਡ ਵਾਲਾ (ਬਠਿੰਡਾ)
+9199882-84924

## ਅਮਰੀਕਾ ਵਿਚ ਪੁਲਿਸ ਤੇ ਸ਼ੱਕੀ ਵਿਚਾਲੇ ਗੋਲੀਬਾਰੀ ਦੌਰਾਨ ਇਕ ਪੁਲਿਸ ਅਫਸਰ ਦੀ ਮੌਤ 2 ਹੋਰ ਜ਼ਖਮੀ * ਮੁਕਾਬਲੇ ਵਿੱਚ ਸ਼ੱਕੀ ਵੀ ਮਾਰਿਆ ਗਿਆ



ਡਲਾਸ ਵਿਚ ਗੋਲੀਬਾਰੀ ਦੀ ਘਟਨਾ ਮੌਕੇ ਨਜਰ ਆ ਰਹੀਆਂ ਪੁਲਿਸ ਦੀਆਂ ਗੱਡੀਆਂ

**ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਟੈਕਸਾਸ ਰਾਜ ਦੇ ਸ਼ਹਿਰ ਡਲਾਸ ਵਿਚ ਸ਼ੱਕੀ ਵਿਅਕਤੀ ਨਾਲ ਹੋਏ ਮੁਕਾਬਲੇ ਦੌਰਾਨ ਇਕ ਪੁਲਿਸ ਅਫਸਰ ਦੀ ਮੌਤ ਹੋਣ ਜਦ ਕਿ 2 ਹੋਰਨਾਂ ਦੇ ਜ਼ਖਮੀ ਹੋ ਜਾਣ ਦੀ ਖਬਰ ਹੈ। ਜ਼ਖਮੀ ਪੁਲਿਸ ਅਫਸਰਾਂ ਵਿਚੋਂ ਇਕ ਦੀ ਹਾਲਤ ਗੰਭੀਰ ਹੈ। ਮੁਕਾਬਲੇ ਦੌਰਾਨ ਸ਼ੱਕੀ ਵੀ ਮਾਰਿਆ ਗਿਆ। ਇਹ ਜਾਣਕਾਰੀ ਡਲਾਸ ਪੁਲਿਸ ਵਿਭਾਗ ਦੁਆਰਾ ਜਾਰੀ ਇਕ ਪ੍ਰੈਸ ਬਿਆਨ ਵਿਚ ਦਿੱਤੀ ਗਈ ਹੈ।**

ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਇਕ ਪੁਲਿਸ ਅਫਸਰ ਦੇ ਸੰਕਟ ਵਿਚ ਹੋਣ ਦੀ ਸੂਚਨਾ ਮਿਲਣ 'ਤੇ ਪੁਲਿਸ ਰਾਤ 10 ਵਜੇ ਦੇ ਆਸ ਪਾਸ ਓਕ ਕਲਿਫ ਖੇਤਰ ਵਿਚ ਪੁੱਜੀ ਜਿਥੇ ਉਸ ਨੂੰ ਇਕ ਪੁਲਿਸ ਅਫਸਰ ਆਪਣੀ ਗਸ਼ਤੀ ਕਾਰ ਵਿਚ ਜ਼ਖਮੀ ਹਾਲਤ ਵਿਚ ਮਿਲਿਆ। ਮੌਕੇ 'ਤੇ ਪੁੱਜੇ ਪੁਲਿਸ ਅਫਸਰਾਂ ਤੇ ਸ਼ੱਕੀ ਵਿਚਾਲੇ ਹੋਏ ਗੋਲੀਆਂ ਦੇ ਵਟਾਂਦਰੇ ਦੌਰਾਨ 2 ਹੋਰ ਪੁਲਿਸ ਅਫਸਰ ਜ਼ਖਮੀ ਹੋ ਗਏ । ਜ਼ਖਮੀ ਪੁਲਿਸ ਅਫਸਰਾਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਜਿਨਾਂ ਵਿਚੋਂ ਇਕ ਦਮ ਤੋੜ ਗਿਆ ਜਦ ਕਿ ਦੂਸਰੇ ਦੀ ਹਾਲਤ ਸਥਿੱਰ ਹੈ। ਬਿਆਨ ਅਨੁਸਾਰ ਤੀਸਰੇ ਪੁਲਿਸ ਅਫਸਰ ਦੀ ਹਾਲਤ ਗੰਭੀਰ ਹੈ। ਪੁਲਿਸ ਨੇ ਮ੍ਰਿਤਕ ਤੇ ਜ਼ਖਮੀ ਪੁਲਿਸ ਅਫਸਰਾਂ ਦੇ ਨਾਂ ਜਨਤਿਕ ਨਹੀਂ ਕੀਤੇ ਹਨ ਤੇ ਨਾ ਹੀ ਸ਼ੱਕੀ ਦੀ ਸ਼ਨਾਖਤ ਬਾਰੇ ਕੁਝ ਕਿਹਾ ਹੈ।ਡਲਾਸ ਪੁਲਿਸ ਕਮਿਊਨੀਕੇਸ਼ਨਜ ਡਾਇਰੈਕਟਰ ਕ੍ਰਿਸਟਿਨ ਲੋਮੈਨ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ੁਰੂਆਤੀ ਜਾਂਚ ਵਿਚ ਪਤਾ ਲੱਗਾ ਹੈ ਕਿ ਗੋਲੀਬਾਰੀ ਕਰਕੇ ਭੱਜੇ ਸ਼ੱਕੀ ਦਾ ਪੁਲਿਸ ਨੇ ਡਲਾਸ ਤੋਂ ਤਕਰੀਬਨ 30 ਮੀਲ ਦੂਰ ਲੈਵਿਸਵਿਲੇ ਤੱਕ ਪਿੱਛਾ ਕੀਤਾ। ਜਦੋਂ ਸ਼ੱਕੀ ਆਪਣੀ ਕਾਰ ਵਿਚੋਂ ਨਿਕਲਿਆ ਤਾਂ ਉਸ ਕੋਲ ਇਕ ਲੰਬੀ ਗੰਨ ਸੀ।

ਲੋਮੈਨ ਅਨੁਸਾਰ ਪੁਲਿਸ ਅਫਸਰਾਂ ਨੇ ਤੁਰੰਤ ਕਾਰਵਾਈ ਕਰਦਿਆਂ ਸ਼ੱਕੀ ਉਪਰ ਗੋਲੀ ਚਲਾਈ ਜਿਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਨਾਂ ਕਿਹਾ ਕਿ ਮਾਮਲੇ ਦੀ ਡਲਾਸ ਤੇ ਲੈਵਿਸਵਿਲੇ ਦੋਨਾਂ ਥਾਵਾਂ 'ਤੇ ਜਾਂਚ ਕੀਤੀ ਜਾ ਰਹੀ ਹੈ। ਉਨਾਂ ਕਿਹਾ ਕਿ ਸਾਨੂੰ ਇਕ ਪੁਲਿਸ ਅਫਸਰ ਦੇ ਮਾਰੇ ਜਾਣ ਤੇ 3 ਹੋਰਨਾਂ ਦੇ ਜ਼ਖਮੀ ਹੋ ਜਾਣ 'ਤੇ ਬੇਹੱਦ ਦੁੱਖ ਪੁੱਜਾ ਹੈ। ਅਸੀਂ ਜ਼ਖਮੀ ਪੁਲਿਸ ਅਫਸਰਾਂ ਦੇ ਛੇਤੀ ਸਿਹਤਯਾਬ ਹੋਣ ਦੀ ਕਾਮਨਾ ਕਰਦੇ ਹਾਂ।

45 ਸਫੇ ਦਾ ਬਾਕੀ ਹਿਸਾ

## ਵਿਸ਼ੇਸ਼ ਪੰਨਾ

## ਪੜਚੋਲ ਨਿਚੋੜ

ਭੱਖਦਾ ਮੁੱਦਾ, ਪੰਜ ਸਿੰਘ (ਗੁੰਬੀ) ਅਕਾਲ ਤਖ਼ਤ ਜੀ ਸੁਖਬੀਰ ਸਿੰਘ ਬਾਦਲ ਨੂੰ ਕਿਸੇ ਤਰ੍ਹਾਂ ਭੀ ਕਰੋ ਲਾਂਭੇ ਕਰੋ, ਨੰਬਰ ਇਕ ਅਕਾਲ ਤਖ਼ਤ ਦਾ ਜਥੇਦਾਰ ਤੇ ਬਾਕੀ ਚਾਰੇ ਗੁੰਬੀ ਹਨ ਨਾ ਕਿ ਕਾਨੂੰਨੀ ਮਾਹਰ, ਇਹ ਪੁਰਾਣੇ ਸਮੇਂ ਦੀ ਰਵਾਇਤ ਸੀ ਹੁਣ ਸਰਕਾਰਾਂ ਨੇ ਸਰਕਾਰੂ ਕੰਮਾਂ ਦੀ ਜਾਂਚ ਗੁੰਬੀ? ਕੇਵਲ ਬੇਅਦਬੀ ਮੁੱਦੇ 'ਤੇ ਕਾਰਵਾਈ ਕਰ ਸਕਦੇ ਹਨ, ਹੁਣ ਦੱਸੋ ਕਿ ਕੀ ਜੋ ਬੇਅਦਬੀ ਅਕਾਲੀ ਸਰਕਾਰ ਵੇਲੇ ਹੋਈ, ਕਰਵਾਈ ਕੀਹਨੇ, ਅਕਾਲੀਆਂ ਨੇ? ਨੰਬਰ ਦੋ ਕੀ ਹੁਣ ਬਾਅਦ ਵਿੱਚ ਜੋ ਹੋਈਆਂ ਕੀ ਉਹ ਸਰਕਾਰ ਦਾ ਮੁਖੀ ਸਿੱਖ ਨਹੀਂ? ਹੁਣ ਹੱਟ ਗਈਆਂ ਵਿਰੋਧੀ ਦੱਸੋ ਕਿਹੜਾ ਅਕਾਲੀ ਹੈ? ਕੀ ਫੈਸਲਾ ਦਬਾਅ ਹੇਠ ਨਹੀਂ ਚਲੋ ਮੰਨ ਲਓ ਜੀ ਆਹ ਪੰਜ ਸਿੰਘਾਂ ਦਾ ਫੈਸਲਾ ਹੈ (ਅਕਾਲ ਤਖ਼ਤ ਦਾ) ਜੇਕਰ ਜੱਜ ਹਨ ਤਾਂ ਵਕੀਲ ਭੁਗਤਣੇ ਹੁੰਦੇ ਹਨ, ਦਰੁਸਤ ਕਿ ਅਪੀਲ ਦੇ ਲਈ ਸਮਾਂ ਦਿੱਤਾ ਹੈ, ਹਾਲੇ ਤਾਂ ਸਿੱਧ ਨਹੀਂ ਹੋਇਆ ਕਿ ਸੁਖਬੀਰ ਨੇ ਗਲਤੀ ਜਾਂ ਗੁਨਾਹ ਕੀਤਾ, ਗੁਨਾਹ ਕੀ ਹੁੰਦਾ ਹੈ ਸਪੱਸ਼ਟ ਕਰੋ ਸਰਕਾਰੀ ਗਤੀਵਿਧੀਆਂ ਗੁਨਾਹ ਹੁੰਦੇ ਹਨ? ਫੈਸਲਾ ਫੇਰ ਅਕਾਲ ਤਖ਼ਤ ਦਾ ਕਿਵੇਂ ਜਦੋਂ ਵਿਰੋਧੀ ਆਖੀ ਜਾਣ ਬੱਸ ਜੀ ਸੁਖਬੀਰ ਨੂੰ ਦੋਸ਼ੀ ਕਰਾਰ ਦਿਓ, ਹੁਣ ਸਭ ਵਜ਼ੀਰ ਸੱਦ ਲਏ, ਪਰ ਜੋ ਜੋ ਬਾਕੀ ਦੇ ਗੈਰ ਪੰਥਕ ਕਾਰਵਾਈਆਂ ਕਰਨ ਤੇ ਬੇਅਦਬੀਆਂ ਕਰਵਾਉਣ ਮੁਆਫਕ ਨੇ ਕੌਣ ਹੈ ਸੁਖਦੇਵ ਸਿੰਘ ਫਗਵਾੜਾ ਝਾਤੀ ਮਾਰੋ, ਬੇਅਦਬੀ ਹੋਈ ਇਹ ਪਹੁੰਚੇ ਫੇਰ ਅੰਮ੍ਰਿਤਪਾਲੀ ਹੁਣ ਸੁਖਬੀਰ ਸਿੰਘ ਬਾਦਲ ਵਿਰੋਧੀ ਇਹ ਲੋਕ ਕਦੀ ਭੀ ਅਕਾਲੀ ਸਮਰਥੱਕ ਨਹੀਂ ਸਨ ਬੱਸ ਸਾਜਸ਼ੀ ਲਹਿਰੀ ਤੇ ਪੰਥ ਵਿਰੋਧੀ ਨੇ ਆਪਣੇ ਕਿੱਤੇ ਚਲਾਉਂਦੇ ਨੇ ਹੱਕਦਾਰ ਹੀ ਨੀ ਇਸ ਵਿਸ਼ੇ 'ਤੇ ਸਲਾਹਾਂ ਦੇਣ ਦੇ, ਮਹੱਤਵਪੂਰਨ ਜਾਣਕਾਰੀ ਜੀਹਦੀ ਹਾਲੇ ਤਸਦੀਕ ਨਹੀਂ ਕਰ ਸਕਦੀ ਪਰ ਇਕ ਖਾਸ ਵਿਅਕਤੀ ਦੀ ਲਿਖਤ ਹੈ (ਫੈਸਲੇ) ਜੋ ਪੜ੍ਹੀ ਗਈ, ਚਲੋ ਜੇਕਰ ਤਨਖਾਹੀਆ ਕਰਾਰ ਕਰਤਾ ਕੀ ਗਜ਼ਬ ਆ ਗਿਆ, ਵਾਰੀ ਆ ਜਾਵੇ-ਗੀ ਸਭ ਦੀ, ਰੱਬ ਦੀ ਅਦਾਲਤ ਵੱਡੀ ਹੈ। ਅਕਾਲ ਤਖ਼ਤ ਕੇਵਲ ਅਕਾਲੀਆਂ ਨੂੰ ਸਜ਼ਾਵਾਂ ਲਈ ਹੈ? ਫੇਰ ਤਾਂ ਬਾਕੀ ਕਾਂਗਰਸੀ, ਆਪ, ਭਾਜਪਾ ਸਿੱਖ ਨਹੀਂ ਸ਼ੇਕ ਦੇਵੋ ਜੀ।

**-ਬਲਵਿੰਦਰ ਕੌਰ ਚਾਹਲ ਸਾਊਥਾਲ**

******

# ਕਾਵਿ-ਕਿਆਰੀ

## ਵਫ਼ਾ ਬਨਾਮ ਬੇਵਫ਼ਾਈ

ਵਫ਼ਾ ਤੇ ਬੇਵਫ਼ਾਈ ਦਾ ਵੀ,
ਆਪਣਾ ਆਪਣਾ ਵਿਧਾਨ ਹੈ,
ਪਹਿਲਾਂ ਹਕੂਮਤ ਇੱਕ ਦੀ,
ਫੇਰ ਦੂਜੀ ਹੱਥ ਕਮਾਨ ਹੈ।

ਇੱਕ ਸੁਰ ਅਤੇ ਇੱਕ ਤਾਲ 'ਤੇ,
ਵਫ਼ਾ ਦੀ ਸਰਗਮ ਗੂੰਜਦੀ,
ਹਰ ਪਲ 'ਤੇ ਹਰੇਕ ਸਾਹ ਦੀ,
ਅਨੋਖੀ ਨਿਕਲਦੀ ਤਾਨ ਹੈ।

ਦਿਨ ਹੋਵੇ ਜਾਂ ਹੋਵੇ ਰਾਤ,
ਦੋ ਦਿਲਾਂ ਵਿੱਚ ਇੱਕ ਜਾਨ ਹੈ,
ਮੂੰਹੋਂ ਨਿੱਕਲੀ ਕੋਈ ਵੀ ਗੱਲ,
ਇੱਕ ਦੂਜੇ ਨੂੰ ਪ੍ਰਵਾਨ ਹੈ।

ਵਫ਼ਾ ਨੂੰ ਨਿਭਾਵਣਾ ਵੀ,
ਹੈ ਪੁਰਸਲਾਤ ਦਾ ਸਫ਼ਰ ਜਾਣੋ,
ਜ਼ਰਾ ਵੀ ਥਿੜਕ 'ਤੇ ਝਿਜਕ ਨਾਲ,
ਹਿੱਲ ਜਾਂਦਾ ਆਪਣਾ ਜਹਾਨ ਹੈ।

ਜਦੋਂ 'ਬੇ' ਖੜ੍ਹ ਜਾਏ ਪੈਰ ਗੱਡ,
ਵਫ਼ਾ ਦੇ ਅੱਗੇ ਚਟਾਨ ਬਣ,
ਸੰਜੀਦਗੀ ਅਤੇ ਪਿਆਰ ਦਾ,
ਮਾਨ ਬਣ ਜਾਂਦਾ ਅਪਮਾਨ ਹੈ।

ਹਿੱਲ ਜਾਂਦੇ ਸਭੇ ਤਾਰ ਦਿਲ ਦੇ,
ਪੈਰ ਪੈਰ ਤੇ ਥਿੜਕਣਾਂ,
ਪਿਆਰ ਅਤੇ ਵਿਸ਼ਵਾਸ ਨੂੰ,
ਉਡਾ ਲੈ ਜਾਂਦਾ ਤੂਫਾਨ ਹੈ।

ਨਫਰਤਾਂ ਅਤੇ ਬਦ ਦੁਆਵਾਂ,
ਹਰ ਪਲ ਨਵੀਆਂ ਉੱਗਦੀਆਂ,
ਰੰਗਾਂ ਅਤੇ ਮਹਿਕਾਂ ਭਰਿਆ,
ਗੁਲਿਸਤਾਨ ਹੁੰਦਾ ਵੀਰਾਨ ਹੈ।



ਬੇਵਫ਼ਾਈ ਦੇ ਦੌਰ ਵਿੱਚ,
ਪਰਲੋਂ ਐਸੀ ਆਂਵਦੀ,
ਜਾਨ ਵਾਰਦਾ ਇਨਸਾਨ ਵੀ,
ਲੈਂਦਾ ਇੱਕ ਦੂਜੇ ਦੀ ਜਾਨ ਹੈ।
ਰਵਿੰਦਰ ਸਿੰਘ ਕੁੰਦਰਾ ਕੋਵੈਂਟਰੀ ਯੂ ਕੇ

## ਗ਼ਜ਼ਲ

ਡਾ. ਮੁਹਿੰਦਰ ਸਿੰਘ ਰਾਏ



ਰੂਪ ਦੇ ਸਾਗਰ ਦੀ ਮੈਂ ਤਾਂ ਤੱਕੀ ਸੀ ਲਹਿਰ ਹਾਲੇ।
ਦਿਲਾ ਵਗ ਨਾ ਨਦੀ ਹੋ ਕੇ ਤੂੰ ਜ਼ਰਾ ਠਹਿਰ ਹਾਲੇ।
ਲਹਿਰ ਬਣ ਕੇ ਮਿਲਾਂ ਇਸ ਰੂਪ ਦੇ ਸਾਗਰ ਨੂੰ,
ਪਰ ਕਿਤੇ ਸਮਝਣ ਨਾ ਮੈਨੂੰ, ਉਹ ਗ਼ੈਰ ਹਾਲੇ।
ਬਣ ਰਹੇ ਨੇ ਬੋਲ ਉਸਦੇ ਅਜੇ ਤਾਂ ਕੋਈ ਕਵਿਤਾ,
ਨਾਲੇ ਉਤਰ ਰਹੀ ਹੈ ਗ਼ਜ਼ਲ ਦੀ ਬਹਿਰ ਹਾਲੇ।
ਜੀ ਕਰਦਾ ਹੈ ਮੇਰਾ ਇਸ ਸਾਗਰ 'ਚ ਸਮਾਉਣ ਨੂੰ,
ਪਰ ਮੈਂ ਦੇਖਿਆ ਨਹੀਂ ਲਹਿਰਾਂ ਦਾ ਕਹਿਰ ਹਾਲੇ।
ਉਸਦੇ ਚਿਹਰੇ ਦਾ ਜਲੌ ਹੈ ਪਹੁ ਫੁੱਟੀ ਦੀ ਲੋਅ,
ਲੱਗਦਾ ਹੋਣੀ ਹੈ ਸਾਡੇ ਇਸ਼ਕ ਦੀ ਦੁਪਹਿਰ ਹਾਲੇ।
ਇਸ਼ਕ ਸੱਪ ਹੈ ਦੁਮੂੰਹਾ ਪਰ ਦਿਲ ਮੰਨਦਾ ਨਹੀ,
ਯਾਰੋ ਇਸ ਨਾਗ ਦਾ ਵੀ ਪੀਣਾ ਹੈ ਜ਼ਹਿਰ ਹਾਲੇ।
ਲੰਘ ਗਏ ਹਨ ਕਈ ਵਸਲ ਵਿਛੋੜੇ ਦੇ ਟੇਸ਼ਣ,
ਪਰ ਆਇਆ ਨਹੀਂ ਤੇਰਾ ਯਾਰਾ ਸ਼ਹਿਰ ਹਾਲੇ।
ਪਤਾ ਕਿ ਥਲਾਂ ਵਿੱਚ ਨਹੀਂ ਖਿੜੇਗਾ ਫੁੱਲ ਗੁਲਾਬ ਦਾ,
ਮਰੀ ਨਹੀਂ ਸੀ ਆਸ 'ਰਾਏ' ਰੁਕੇ ਨਹੀਂ ਸਨ ਪੈਰ ਹਾਲੇ।

## ਮਧਾਣੀਆਂ ਗੀਤ ਦਾ ਦੂਜਾ ਪਾਸਾ 63 ਸਾਲ ਬਾਅਦ

ਮਾਏਂ ਨੀ----
ਸਹੁਰੀਂ ਮੈਂ ਪਕਾਵਾਂ ਰੋਟੀਆਂ, ਤੇ--ਤੂੰ ਬੜੀ ਯਾਦ ਆਏਂ ਨੀ!!
ਹਾਏ ਹਾਏ---ਪੇਕਾ ਘਰ ਨਹੀਓਂ ਭੁੱਲਦਾ,
ਪਿਆਰ ਪੇਕਿਆਂ ਦਾ ਰਹਿ ਰਹਿ ਸਤਾਏ !!
ਸੌਹੁ ਖਾਨੀ ਆਂ---ਸੱਸ ਸਹੁਰਾ ਰੱਬ ਵਰਗੇ,
ਮਾਹੀ ਮੇਰਾ ਦਿਲ ਜਾਨੀ ਆਂ!!
ਰਹਿਣ ਵਸਦੇ---ਕੁੜਮ ਕੁੜਮਣੀ ਤੇਰੇ,
ਮੈਨੂੰ ਧੀਆਂ ਵਾਂਗ ਖੁਸ਼ ਰੱਖਦੇ !!
ਪਿਆਰ ਦੇਂਦੀਆਂ---ਜਠਾਣੀ ਤੇ ਨਨਾਣ,
ਵਾਹਵਾ ਦਿਲ ਠਾਰ ਦੇਂਦੀਆਂ !!
ਮਨ ਹੱਸਦਾ---ਨਿੱਕਾ ਦਿਓਰ ਜਦੋਂ ਖੇਡਦਾ,
ਭਾਬੀ ਭਾਬੀ ਮੈਨੂੰ ਕਹਿ ਕੇ ਨੱਸਦਾ !!
ਕਰੋ ਮਨਜ਼ੂਰ---ਬਾਬਲੇ ਨੂੰ ਵੇਖੂੰ ਰੱਜ ਕੇ,
ਵੀਰ ਭਾਬੀਆਂ ਭਤੀਜਿਆਂ ਨੂੰ ਮਿਲਾਂਗੀ ਜ਼ਰੂਰ !!
ਜੱਗ ਜਾਣਦਾ---"ਚੰਨ ਜੰਡਿਆਲਵੀ" ਨੇ ਗੀਤ ਲਿਖਿਆ,
ਮੌਕਾ ਮਿਲ ਗਿਆ ਸਾਨੂੰ ਗਾਣ ਦਾ !!



**ਤਰਲੋਚਨ ਸਿੰਘ ਚੰਨ ਜੰਡਿਆਲਵੀ**

## ਅੱਜ ਦੇ ਹਾਲਾਤ


ਅਜ ਪਿਆਰ ਦਿਲਾਂ ਵਿੱਚੋਂ ਉੱਡ ਗਿਆ ਹੈ।
ਹਰ ਪਾਸੇ ਇਕ ਹੀ ਬੀਜ ਨਫਰਤ ਦਾ।
ਆਪਸ ਵਿਚ ਇਤਫ਼ਾਕ ਨਾ ਹੋਣ ਕਰਕੇ।
ਇਕ ਦੂਜੇ ਦੇ ਲਹੂ ਦੇ ਪਿਆਸੇ ਹੋ ਗਏ।

ਪੰਜਾਬ ਨੂੰ ਨਸ਼ਿਆਂ ਨੇ ਖਾ ਲਿਆ ਹੈ।
ਜਵਾਨ ਬੱਚੇ ਨਸ਼ੇ ਦੇ ਆਦੀ ਹੋ ਗਏ।
ਬੁਰਾ ਹਾਲ ਹੈ ਪੰਜਾਬ ਦਾ ।
ਮਾਂ ਪਿਓ ਕੀ ਕਰਣ ਕੋਈ ਬੱਚਾ ਆਖੇ ਨਹੀਂ ਲੱਗਦਾ।
ਮਾਂ ਪਿਓ ਮਜਬੂਰ ਹੋ ਚੁੱਕੇ ਹਨ।
ਭਰੂਣ ਹਤਿਆਂ ਬਹੁਤ ਹੋ ਰਹੀ ਹੈ।
ਧੀਆਂ ਨੂੰ ਕਤੱਲ ਕਰ ਦੇਂਦੇ ਹਨ

ਧੀਆਂ ਦੀ ਗਿਣਤੀ ਘੱਟ ਰਹੀ ਹੈ

ਗਰੀਬ ਦਾਨ ਦਹੇਜ਼ ਪਿੱਛੇ ਆਪ ਮਰ ਰਿਹਾ ਹੈ।
ਅਜ ਕੱਲ ਸਾਉਣ ਕੀ ਮਨਾਣਾ ਹੈ।
ਹੜ੍ਹ ਨੇ ਡੇਰਾ ਲਾਇਆ ਹੈ।
ਅਸੀਂ ਕਲਮਾਂ ਲਿੱਖ ਕੇ ਸਾਵਣ ਦੇ ਗੀਤ ਲਿਖਦੇ ਹਾਂ।
ਇਸ ਵਾਰ ਮੈਂ ਕੋਈ ਗੀਤ ਨਹੀਂ ਲਿਖਿਆ
ਸਾਵਣ ਤੇ ਬਹੁਤ ਦੁਖ ਲਗਾ ਹੈ।

ਅਜ ਝੂਠ ਦਾ ਪਸਾਰਾ ਹੈ ਚਾਰੇ ਪਾਸੇ।
ਇਨਸਾਨ ਵੀ ਕੀ ਕਰੇ ਹਰ ਪਾਸੇ ਆਫਤ ਹੀ ਆਫਤ ਹੈ।
ਅਮੀਰ ਗਰੀਬ ਵਿਚ ਬਹੁਤ ਹੀ ਵਿਤਕਰੇ ਹਨ।




ਕੋਈ ਕਿਸੇ ਦਾ ਬੇਲੀ ਨਹੀਂ ਹੈ।
ਇਹ ਸਾਰਾ ਜਹਾਨ ਮਤਲੱਬੀ ਹੈ।
ਪੀਂਘਾਂ ਪਾਓ ਕਿਵੱਲੀ ਪਾਓ

ਆ ਸਾਵਣ ਮਨਾਂ ਲੈਂ।
ਪੰਜਾਬ ਵਿਚ ਹੜ੍ਹ ਨੇ ਕਮਰ ਤੋੜ ਦਿੱਤੀ ਹੈ।
ਅਜ ਪੰਜਾਬ ਦਾ ਬੁਰਾ ਹਾਲ ਹੈ।

ਸੁਰਜੀਤ ਸਾਰੰਗ

## ਹੈਂਕੜ ਦਾ ਅੰਤ ਮਾੜਾ !

ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268



ਹੈਂਕੜ ਵਿਚ ਚਲਾਉਂਦੇ ਹਨ ਚੰਮ ਦੀਆਂ
ਰਹਿੰਦਾ ਰੱਬ ਨਹੀਂ ਯਾਦ ਹੰਕਾਰਿਆਂ ਦੇ।
ਉਹ ਚੜ੍ਹਿਆਂ ਨੂੰ ਸੱਪ ਵੀ 'ਡੰਗ' ਜਾਂਦਾ
ਆਉਣ ਸਮੇਂ ਜਦ ਕਿਸਮਤਾਂ ਮਾਰਿਆਂ ਦੇ।
ਡੁੱਬਣ ਲੱਗਿਆਂ 'ਤਿਣਕੇ' ਹੀ ਭਾਲਦੇ ਨੇ
ਗੋਤੇ ਖਾਣ ਵਿਚ ਦੋਂਹਾਂ ਕਿਨਾਰਿਆਂ ਦੇ।
ਹੱਥ ਜੋੜ 'ਨਿਮਾਣੇ' ਬਣ ਦੱਸਦੇ ਐ
'ਨਾਟਕ' ਨਵੇਂ ਹੀ ਦੇਖੋ ਦੁਰਕਾਰਿਆਂ ਦੇ।
ਮਗਰੋਂ ਬਾਜੀਆਂ 'ਹਾਰੀਆਂ' ਜਾਪਦੀਆਂ
ਚੜ੍ਹੇ ਗੱਦੀ ਦੇ ਨਸ਼ੇ ਵਿਚ ਜਿੱਤੀਆਂ ਸੀ।
ਫੇਰ ਦੰਦਾਂ ਦੇ ਨਾਲ਼ ਵੀ ਖੁੱਲ੍ਹਦੀਆਂ ਨਹੀਂ
ਨਾਲ਼ ਹੱਥਾਂ ਦੇ ਗੰਢਾਂ ਜੋ ਦਿੱਤੀਆਂ ਸੀ!

* * * * * *

## ਅਕਾਲ ਤਖਤ ਹੈ ਮਹਾਨ

*ਸ: ਪਰਦੀਪ ਸਿੰਘ ਬਾਸੀ,ਵੁਲਵਰਹੈਪਟਨ,ਯੂ ਕੇ*

ਮੀਰੀ ਪੀਰੀ ਦਾ ਸਥਾਨ, ਅਕਾਲ ਤਖਤ ਹੈ ਮਹਾਨ,
ਉੱਥੇ ਝੂਲ ਦੇ ਨਿਸ਼ਾਨ, ਪੰਥ ਖਾਲਸੇ ਦੀ ਸ਼ਾਨ,
ਸਿੰਘੋ ਹੋ ਜਾਏ ਨਾ ਗੁਲਾਮ, ਆਪਾਂ ਏਕਾ ਰੱਖਣਾ,
ਜਿੰਦ ਵਾਰ ਦੇਣੀ ਹੱਸ, ਹੈ ਅਜਾਦ ਰੱਖਣਾ,
ਸਿੰਘੋ ਕੇਸ਼ਰੀ ਨਿਸ਼ਾਨ ਨੂੰ ਬਲੰਦ ਰੱਖਣਾ,



ਹੱਥੀ ਆਪਣੇ ਸੀ, ਛੇਵੇਂ ਪਿਤਾ ਨੇ ਉਸਾਰਿਆ,
ਬਾਕੀ ਤੱਖਤਾ ਤੋ ਉੱਚਾ, ਥੜ੍ਹਾ ਸੀ ਉਸਾਰਿਆ,
ਸ਼ੱਸਤਰਾਂ ਦਾ ਪ੍ਰਕਾਸ਼, ਥੱੜੇ ਉਤੇ ਰੱਖਣਾ,
ਸਿੰਘੋ ਹੋ ਜਾਏ ਨਾ ਗੁਲਾਮ, ਆਪਾਂ ਏਕਾ ਰੱਖਣਾ,
ਜਿੰਦ ਵਾਰ ਦੇਣੀ ਹੱਸ, ਹੈ ਅਜਾਦ ਰੱਖਣਾ,
ਸਿੰਘੋ ਕੇਸ਼ਰੀ ਨਿਸ਼ਾਨ ਨੂੰ ਬਲੰਦ ਰੱਖਣਾ,

ਪੰਜਵੇਂ ਪਿਤਾ ਨੇ, ਹਰਿਮੰਦਰ ਸਾਹਿਬ ਨੂੰ ਉਸਾਰਿਆ,
ਛੇਵੇਂ ਗੁਰ,ਰਾਖੀ ਲਈ ਅਕਾਲ ਤੱਖਤ ਨੂੰ ਉਸਾਰਿਆ,
ਮੀਰੀ ਪੀਰੀ ਦਾ ਸੁਮੇਲ ਸਿੰਘੋ ਉੱਚਾ ਰੱਖਣਾ,
ਸਿੰਘੋ ਹੋ ਜਾਏ ਨਾ ਗੁਲਾਮ, ਆਪਾਂ ਏਕਾ ਰੱਖਣਾ।
ਜਿੰਦ ਵਾਰ ਦੇਣੀ ਹੱਸ, ਹੈ ਅਜਾਦ ਰੱਖਣਾ,
ਸਿੰਘੋ ਕੇਸ਼ਰੀ ਨਿਸ਼ਾਨ ਨੂੰ ਬਲੰਦ ਰੱਖਣਾ,

ਦੇ ਕੇ ਬਾਣੀ ਨਾਲ ਬਾਣਾ, ਸਿੰਘਾ ਤੇਰੇ ਰੂਪ ਨੂੰ ਸ਼ਿੰਗਾਰਿਆ,
ਪੁੱਤ ਵਾਰ ਕੇ ਸੀ ਚਾਰ , ਤੈਨੂੰ ਪੁੱਤ ਕਹਿ ਪੁਕਾਰਿਆ,
ਪੁੱਤਾ ਕੇਸਰੀ ਨਿਸ਼ਾਨ, ਹੇਠਾਂ ਸਿਰ ਰੱਖਣਾ,
ਸਿੰਘੋ ਹੋ ਜਾਏ ਨਾ ਗੁਲਾਮ, ਆਪਾਂ ਏਕਾ ਰੱਖਣਾ,
ਜਿੰਦ ਵਾਰ ਦੇਣੀ ਹੱਸ, ਹੈ ਅਜਾਦ ਰੱਖਣਾ,
ਸਿੰਘੋ ਕੇਸ਼ਰੀ ਨਿਸ਼ਾਨ ਨੂੰ ਬਲੰਦ ਰੱਖਣਾ,

ਦੱਸਮੇ ਪਿਤਾ ਨੇ ਤਿੰਨ ਦਿੱਤੀਆਂ ਨਿਸ਼ਾਨੀਆਂ,
ਨਗਾਰੇ, ਘੋੜੇ ਤੇ ਨਿਸ਼ਾਨ ਸਿੰਘੋ ਸਾਂਭ ਲਉ ਨਿਸ਼ਾਨੀਆਂ,
ਬਾਣੀ ਸ਼ੱਸਤਰਾਂ ਦੇ ਸੰਗ, ਮੰਨ ਨੀਵਾਂ ਰੱਖਣਾ,
ਸਿੰਘੋ ਹੋ ਜਾਏ ਨਾ ਗੁਲਾਮ, ਆਪਾਂ ਏਕਾ ਰੱਖਣਾ,
ਜਿੰਦ ਵਾਰ ਦੇਣੀ ਹੱਸ, ਹੈ ਅਜਾਦ ਰੱਖਣਾ,
ਸਿੰਘੋ ਕੇਸ਼ਰੀ ਨਿਸ਼ਾਨ ਨੂੰ ਬਲੰਦ ਰੱਖਣਾ,

ਅਕਾਲੀ ਫੂਲਾ ਸਿੰਘ ਵਾਂਗ, ਸੰਤਾਂ ਨੇ ਵੰਗਾਰਿਆ,
ਗਲੋ ਲਾਹੁਣ ਲਈ ਗੁਲਾਮੀ, ਮੋਰਚਾ ਸੰਭਾਲਿਆ,
'ਬਾਸੀ' ਸੰਤਾ ਵਾਲੀ ਸੋਚ ਨੂੰ ਬਣਾਕੇ ਰੱਖਣਾ,
ਸਿੰਘੋ ਹੋ ਜਾਏ ਨਾ ਗੁਲਾਮ, ਆਪਾਂ ਏਕਾ ਰੱਖਣਾ,
ਜਿੰਦ ਵਾਰ ਦੇਣੀ ਹੱਸ, ਹੈ ਅਜਾਦ ਰੱਖਣਾ,
ਸਿੰਘੋ ਕੇਸ਼ਰੀ ਨਿਸ਼ਾਨ ਨੂੰ ਬਲੰਦ ਰੱਖਣਾ,

# ਸਿਖ ਇਤਿਹਾਸ ਦਾ ਵਡਮੁੱਲਾ ਸੋਮਾ ਭਾਈ ਕਾਨ੍ਹ ਸਿੰਘ ਨਾਭਾ ਦੀ ਰਚਨਾ ਮਹਾਨ ਕੋਸ਼

ਡਾ. ਜਗਮੇਲ ਸਿੰਘ

• • •


ਪੰਜਾਬ ਉੱਤੇ ਅੰਗਰੇਜ਼ਾਂ ਦਾ ਕਬਜ਼ਾ ਹੋ ਜਾਣ ਤੋਂ ਬਾਅਦ ਇੱਥੇ ਇਕ ਹੋਰ ਨਵਾਂ ਦੌਰ ਸ਼ੁਰੂ ਹੁੰਦਾ ਹੈ। ਈਸਾਈ ਮਿਸ਼ਨਰੀਆਂ ਦੇ ਪ੍ਰਚਾਰ ਅਤੇ ਆਰੀਆ ਸਮਾਜ ਦੀ ਚਲਾਈ 'ਸ਼ੁੱਧ' ਕਰਨ ਦੀ ਲਹਿਰ ਤੋਂ ਪ੍ਰਭਾਵਤ ਹੋ ਕੇ ਪੰਜਾਬੀ ਆਪਣੇ ਮੂਲ ਧਰਮ, ਸਿੱਖ ਧਰਮ ਤੋਂ ਦੂਰ ਹੁੰਦੇ ਜਾ ਰਹੇ ਸਨ। ਪਰ ਇਹ ਵਾਤਾਵਰਨ ਬਹੁਤੀ ਦੇਰ ਕਾਇਮ ਨਾ ਰਹਿ ਸਕਿਆ।

ਉੱਨੀਵੀਂ ਸਦੀ ਦੇ ਪਿਛਲੇਰੇ ਅੱਧ ਵਿਚ ਪੰਜਾਬ ਦੀ ਸੰਸਕ੍ਰਿਤਕ ਅਤੇ ਆਤਮਿਕ ਚੇਤਨਾ ਲਈ ਸਿੰਘ ਸਭਾ ਲਹਿਰ ਨੇ ਜਨਮ ਲਿਆ ਜਿਸ ਨੇ ਪੰਜਾਬ ਦੇ ਜੀਵਨ ਨੂੰ ਨਿਰਮਲ ਤੇ ਨਰੋਆ ਰੱਖਣ ਤੇ ਪ੍ਰਫੁੱਲਤ ਕਰਨ ਦਾ ਭਰਪੂਰ ਉਪਰਾਲਾ ਕੀਤਾ। ਸੰਨ 1872 ਵਿਚ ਆਰੰਭ ਹੋਈ 'ਸਿੰਘ ਸਭਾ ਲਹਿਰ' ਜਦੋਂ ਪੂਰੇ ਜ਼ੋਰ-ਸ਼ੋਰ ਨਾਲ ਚੱਲ ਰਹੀ ਸੀ ਤਾਂ ਅਜਿਹੇ ਮੌਕੇ ਭਰ ਜਵਾਨੀ ਦੀ ਉਮਰੇ ਭਾਈ ਕਾਨ੍ਹ ਸਿੰਘ ਨਾਭਾ (1861-1938 ਈ.) ਦਾ ਮੇਲ-ਮਿਲਾਪ ਲਾਹੌਰ 'ਚ ਸਿੰਘ ਸਭਾਈ ਆਗੂਆਂ ਪ੍ਰੋ. ਗੁਰਮੁਖ ਸਿੰਘ, ਗਿਆਨੀ ਦਿੱਤ ਸਿੰਘ ਅਤੇ ਸਰ ਅਤਰ ਸਿੰਘ ਭਦੌੜ ਨਾਲ ਹੋਇਆ। ਭਾਈ ਸਾਹਿਬ ਦੀ ਵਿਦਵਤਾ ਦਾ ਇਨ੍ਹਾਂ ਸਿੱਖ ਆਗੂਆਂ ਨੇ ਬਹੁਤ ਗਹਿਰਾ ਅਸਰ ਕਬੂਲ ਕੀਤਾ ਅਤੇ ਉਨ੍ਹਾਂ ਨੂੰ ਲਹਿਰ ਨਾਲ ਜੋੜਿਆ।

ਸਮੇਂ ਦੀ ਮੰਗ ਅਨੁਸਾਰ ਭਾਈ ਕਾਨ੍ਹ ਸਿੰਘ ਨਾਭਾ ਨੇ ਸਿੰਘ ਸਭਾ ਲਹਿਰ ਦੇ ਮੁੱਖ ਉਦੇਸ਼ ਸਿੱਖੀ ਸਿਧਾਂਤਾਂ ਤੇ ਸਿੱਖੀ ਜੀਵਨ ਦੇ ਪ੍ਰਚਾਰ ਲਈ 'ਹਮ ਹਿੰਦੂ ਨਹੀਂ' 'ਗੁਰਮਤ ਪ੍ਰਭਾਕਰ' ਤੇ 'ਗੁਰਮਤ ਸੁਧਾਕਰ' ਵਰਗੀਆਂ ਦਰਜਨਾਂ ਲਾਸਾਨੀ ਪੁਸਤਕਾਂ ਦੀ ਰਚਨਾ ਕਰ ਕੇ ਸਿੱਖ ਸੰਗਠਨ ਦੀ ਧਾਰਮਿਕ ਵਿਲੱਖਣਤਾ ਅਤੇ ਸਮਾਜਿਕ ਵੱਖਰੇਪਨ ਨੂੰ ਮਜ਼ਬੂਤ ਕੀਤਾ ਜਿਸ ਨਾਲ ਈਸਾਈ ਮਿਸ਼ਨਰੀਆਂ ਅਤੇ ਸਿੱਖ ਧਰਮ ਦੇ ਹੋਰ ਵਿਰੋਧੀਆਂ, ਖ਼ਾਸ ਕਰਕੇ ਆਰੀਆ ਸਮਾਜ ਵੱਲੋਂ ਸਿੱਖਾਂ ਨੂੰ ਹੜੱਪਣ ਤੇ ਉਨਾਂ ਦੀ ਸੁਤੰਤਰ ਹਸਤੀ ਨੂੰ ਖ਼ਤਮ ਕਰਨ ਦੇ ਯਤਨਾਂ ਦੀ ਸਮਾਪਤੀ ਹੋਈ।

ਸਿੰਘ ਸਭਾ ਲਹਿਰ ਦੀ ਸਿੱਖੀ ਪ੍ਰਚਾਰ ਮੁਹਿੰਮ 'ਚ ਸ਼ਾਮਲ ਹੋਣ ਦੇ ਨਾਲ-ਨਾਲ ਭਾਈ ਕਾਨ੍ਹ ਸਿੰਘ ਨਾਭਾ ਮਹਾਰਾਜਾ ਹੀਰਾ ਸਿੰਘ ਦੀ ਕਿਰਪਾ ਦ੍ਰਿਸ਼ਟੀ ਨਾਲ ਸੰਨ 1884 ਤੋਂ ਨਾਭਾ ਦਰਬਾਰ ਵਿਚ ਵੀ ਪੱਕੇ ਪੈਰੀਂ ਸਥਾਪਤ ਹੋ ਗਏ ਸਨ ਜਿਸ ਬਾਰੇ ਸਿੰਘ ਸਭਾਈ ਆਗੂ ਵੀ ਭਲੀ-ਭਾਂਤ ਜਾਣੂ ਸਨ। ਸਿੱਖੀ ਸਿਧਾਂਤਾਂ ਦੇ ਪ੍ਰਚਾਰ ਤੋਂ ਇਲਾਵਾ ਸਿੰਘ ਸਭਾ ਲਹਿਰ ਦਾ ਦੂਜਾ ਮੁੱਖ ਤੇ ਵੱਡਾ ਉਦੇਸ਼ ਸੀ ਸਿੱਖਾਂ ਵਿਚ ਵਿੱਦਿਆ ਦਾ ਪ੍ਰਚਾਰ-ਪ੍ਰਸਾਰ ਕਰਨਾ।

ਇਸ ਉਦੇਸ਼ ਦੀ ਪੂਰਤੀ ਲਈ ਵੀ ਪ੍ਰੋ. ਗੁਰਮੁਖ ਸਿੰਘ ਨੂੰ ਭਾਈ ਕਾਨ੍ਹ ਸਿੰਘ ਵੱਲੋਂ ਭਰਪੂਰ ਸਹਿਯੋਗ ਮਿਲਿਆ। ਲਗਪਗ ਸੰਨ 1880 ਵਿਚ ਪ੍ਰੋ. ਗੁਰਮੁਖ ਸਿੰਘ ਅਤੇ ਸਭਾ ਦੇ ਹੋਰ ਆਗੂਆਂ ਨੂੰ ਸਿੱਖਾਂ ਵਿਚ ਵਿੱਦਿਆ ਦੇ ਪ੍ਰਚਾਰ ਲਈ ਖ਼ਾਲਸਾ ਕਾਲਜ ਬਣਵਾਉਣ ਦਾ ਫੁਰਨਾ ਫੁਰਿਆ ਤਾਂ ਇਸ ਤੋਂ ਕੁਝ ਸਾਲਾਂ ਬਾਅਦ ਇਸ ਸੁਪਨੇ ਨੂੰ ਸਾਕਾਰ ਕਰਨ ਲਈ ਤੇ ਆਰਥਿਕ ਮਦਦ ਲਈ ਸਿੱਖ ਮਹਾਰਾਜਿਆਂ ਤੇ



ਭਾਈ ਕਾਨ੍ਹ ਸਿੰਘ ਨਾਭਾ ਨੇ ਸਿੰਘ ਸਭਾ ਲਹਿਰ ਦੇ ਮੁੱਖ ਉਦੇਸ਼ ਸਿੱਖੀ ਸਿਧਾਂਤਾਂ ਤੇ ਸਿੱਖੀ ਜੀਵਨ ਦੇ ਪ੍ਰਚਾਰ ਲਈ 'ਹਮ ਹਿੰਦੂ ਨਹੀਂ' 'ਗੁਰਮਤ ਪ੍ਰਭਾਕਰ' ਤੇ 'ਗੁਰਮਤ ਸੁਧਾਕਰ' ਵਰਗੀਆਂ ਦਰਜਨਾਂ ਲਾਸਾਨੀ ਪੁਸਤਕਾਂ ਦੀ ਰਚਨਾ ਕਰ ਕੇ ਸਿੱਖ ਸੰਗਠਨ ਦੀ ਧਾਰਮਿਕ ਵਿਲੱਖਣਤਾ ਅਤੇ ਸਮਾਜਿਕ ਵੱਖਰੇਪਨ ਨੂੰ ਮਜ਼ਬੂਤ ਕੀਤਾ ਜਿਸ ਨਾਲ ਈਸਾਈ ਮਿਸ਼ਨਰੀਆਂ ਅਤੇ ਸਿੱਖ ਧਰਮ ਦੇ ਹੋਰ ਵਿਰੋਧੀਆਂ, ਖ਼ਾਸ ਕਰਕੇ ਆਰੀਆ ਸਮਾਜ ਵੱਲੋਂ ਸਿੱਖਾਂ ਨੂੰ ਹੜੱਪਣ ਤੇ ਉਨਾਂ ਦੀ ਸੁਤੰਤਰ ਹਸਤੀ ਨੂੰ ਖ਼ਤਮ ਕਰਨ ਦੇ ਯਤਨਾਂ ਦੀ ਸਮਾਪਤੀ ਹੋਈ। ਸਿੰਘ ਸਭਾ ਲਹਿਰ ਦੀ ਸਿੱਖੀ ਪ੍ਰਚਾਰ ਮੁਹਿੰਮ 'ਚ ਸ਼ਾਮਲ ਹੋਣ ਦੇ ਨਾਲ-ਨਾਲ ਭਾਈ ਕਾਨ੍ਹ ਸਿੰਘ ਨਾਭਾ ਮਹਾਰਾਜਾ ਹੀਰਾ ਸਿੰਘ ਦੀ ਕਿਰਪਾ ਦ੍ਰਿਸ਼ਟੀ ਨਾਲ ਸੰਨ 1884 ਤੋਂ ਨਾਭਾ ਦਰਬਾਰ ਵਿਚ ਵੀ ਪੱਕੇ ਪੈਰੀਂ ਸਥਾਪਤ ਹੋ ਗਏ ਸਨ ਜਿਸ ਬਾਰੇ ਸਿੰਘ ਸਭਾਈ ਆਗੂ ਵੀ ਭਲੀ-ਭਾਂਤ ਜਾਣੂ ਸਨ। ਸਿੱਖੀ ਸਿਧਾਂਤਾਂ ਦੇ ਪ੍ਰਚਾਰ ਤੋਂ ਇਲਾਵਾ ਸਿੰਘ ਸਭਾ ਲਹਿਰ ਦਾ ਦੂਜਾ ਮੁੱਖ ਤੇ ਵੱਡਾ ਉਦੇਸ਼ ਸੀ ਸਿੱਖਾਂ ਵਿਚ ਵਿੱਦਿਆ ਦਾ ਪ੍ਰਚਾਰ-ਪ੍ਰਸਾਰ ਕਰਨਾ।

ਸਿੱਖ ਰਈਸਾਂ ਨੂੰ ਆਪਣੇ ਨਾਲ ਜੋੜਨ ਲਈ ਭਾਈ ਕਾਨ੍ਹ ਸਿੰਘ ਨੇ ਸਿੰਘ ਸਭਾ ਦੇ ਆਗੂਆਂ ਸਾਹਮਣੇ ਸੁਝਾਅ ਪੇਸ਼ ਕੀਤਾ।

ਬੇਸ਼ੱਕ ਪੰਜਾਬ ਦੀਆਂ ਸਾਰੀਆਂ ਹੀ ਰਿਆਸਤਾਂ ਨੇ ਖ਼ਾਲਸਾ ਕਾਲਜ ਦੀ ਸਥਾਪਤੀ ਲਈ ਖੁੱਲ੍ਹ ਕੇ ਮਦਦ ਕੀਤੀ ਪਰ ਨਾਭਾ ਅਤੇ ਪਟਿਆਲਾ ਰਿਆਸਤ ਦੇ ਮਹਾਰਾਜਿਆਂ ਨਾਲ ਭਾਈ ਕਾਨ੍ਹ ਸਿੰਘ ਦੇ ਬਹੁਤ ਨਜ਼ਦੀਕੀ ਸਬੰਧ ਬਣ ਚੁੱਕੇ ਸਨ ਅਤੇ ਭਾਈ ਸਾਹਿਬ ਦੀ ਪ੍ਰੇਰਨਾ ਨਾਲ ਦੋਵਾਂ ਹੀ ਰਿਆਸਤਾਂ ਨਾਭਾ, ਪਟਿਆਲਾ ਨੇ ਖ਼ਾਲਸਾ ਕਾਲਜ, ਸ੍ਰੀ ਅੰਮ੍ਰਿਤਸਰ ਨੂੰ ਮਨ, ਵਚਨ, ਕਰਮ ਤੋਂ ਸਹਾਇਤਾ ਦੇਣ ਦਾ ਵਚਨ ਦਿੱਤਾ।

ਸਿੱਖ ਕੌਮ ਦੀ ਵਿੱਦਿਅਕ ਉੱਨਤੀ ਲਈ ਖ਼ਾਲਸਾ ਕਾਲਜ ਲਈ ਚੰਦਾ ਇਕੱਤਰ ਕਰਨ ਲਈ ਪਹਿਲ ਵੀ ਭਾਈ ਕਾਨ੍ਹ ਸਿੰਘ ਨੇ ਆਪਣੇ ਘਰੋਂ ਕੀਤੀ। ਭਾਈ ਸਾਹਿਬ ਦੀ ਸੁਪਤਨੀ ਬੀਬੀ ਬੰਸਤ ਕੌਰ ਨੇ ਆਪਣਾ ਚੂੜਾ ਅਤੇ ਭਰਜਾਈ ਪ੍ਰਤਾਪ ਕੌਰ ਨੇ ਆਪਣੇ ਕੜੇ, ਰਿਆਸਤ ਨਾਭਾ ਦੇ ਚੋਬਦਾਰਾਂ ਨੂੰ ਸਪੁਰਦ ਕੀਤੇ। ਮਹਾਰਾਜਾ ਹੀਰਾ ਸਿੰਘ ਦੀ ਆਗਿਆ ਨਾਲ ਰਿਆਸਤ ਦੇ ਫ਼ੌਜੀ ਤੇ ਸਿਵਲ ਅਧਿਕਾਰੀਆਂ ਨੂੰ ਪ੍ਰੇਰਿਤ ਕਰ ਕੇ ਭਾਈ ਸਾਹਿਬ ਨੇ ਚੰਦੇ ਦੀ ਫਹਿਰਿਸਤ ਖੋਲ੍ਹੀ ਜਿਸ ਨੂੰ ਸਭ ਨੇ ਮਨਜ਼ੂਰ ਕੀਤਾ।

ਇਸ ਉਪਰੰਤ 12 ਅਪ੍ਰੈਲ 1904 ਨੂੰ ਖ਼ਾਲਸਾ ਕਾਲਜ ਅੰਮ੍ਰਿਤਸਰ 'ਚ ਸਿੱਖਾਂ ਦਾ ਮਸ਼ਹੂਰ ਦਰਬਾਰ ਹੋਇਆ ਜਿਸ ਦੀ ਪ੍ਰਧਾਨਗੀ ਮਹਾਰਾਜਾ ਹੀਰਾ ਸਿੰਘ ਨੇ ਕੀਤੀ ਅਤੇ ਮਹਾਰਾਜਾ ਦਾ ਪ੍ਰਧਾਨਗੀ ਭਾਸ਼ਣ ਭਾਈ ਕਾਨ੍ਹ ਸਿੰਘ ਨੇ ਪੜ੍ਹ ਕੇ ਸੁਣਾਇਆ। ਲੈਫਟੀਨੈਂਟ ਗਵਰਨਰ ਪੰਜਾਬ ਸਰ ਚਾਰਲਸ ਰਿਵਾਜ ਤੇ ਹੋਰ ਅੰਗਰੇਜ਼ ਉੱਚ ਅਧਿਕਾਰੀਆਂ ਨੇ ਵੀ ਇਸ ਮੌਕੇ ਸ਼ਮੂਲੀਅਤ ਕੀਤੀ ਅਤੇ ਅੰਗਰੇਜ਼ ਸਰਕਾਰ ਨੇ ਇਸ ਸ਼ੁਭ ਕਾਰਜ ਲਈ ਇਕ ਲੱਖ ਦਸ ਹਜ਼ਾਰ ਰੁਪਏ ਦੇ ਕੇ ਸਿੱਖਾਂ ਦਾ ਉਤਸ਼ਾਹ ਵਧਾਇਆ।

ਅਜਿਹੇ ਮੌਕੇ ਭਾਵੁਕ ਹੋ ਕੇ ਸਿੱਖ ਬੱਚਿਆਂ ਦੀ ਵਿੱਦਿਆ ਦੇ ਦਾਨ ਲਈ ਜਦ ਪੰਥਕ ਆਗੂ ਸੁੰਦਰ ਸਿੰਘ ਮਜੀਠੀਆ ਨੇ ਝੋਲੀ ਅੱਡੀ ਤਾਂ ਲਗਪਗ ਵੀਹ ਲੱਖ ਦੀ ਰਾਸ਼ੀ ਦਾ ਚੰਦਾ ਇਕੱਠਾ ਹੋਇਆ। ਇਸ ਤਰ੍ਹਾਂ ਪੈਸੇ ਦੀ ਘਾਟ ਕਾਰਨ ਉਸ ਮੌਕੇ ਟੁੱਟਣ ਜਾਂ ਖ਼ਤਮ ਹੋਣ ਜਾ ਰਹੇ ਖ਼ਾਲਸਾ ਕਾਲਜ ਨੂੰ ਪੱਕੇ ਪੈਰੀਂ ਕਰਨ ਲਈ ਭਾਈ ਕਾਨ੍ਹ ਸਿੰਘ ਨਾਭਾ ਨੇ ਸਿੰਘ ਸਭਾਈ ਆਗੂਆਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕੀਤਾ।

ਇੱਥੇ ਇਹ ਵੀ ਵਰਣਨਯੋਗ ਹੈ ਕਿ ਕਰਨਲ ਡਬਲਯੂ ਆਰਐੱਮ ਹੋਲਰੋਇਡ ਦੀ ਪ੍ਰਧਾਨਗੀ ਹੇਠ ਬਣੀ ਖ਼ਾਲਸਾ ਕਾਲਜ ਸਥਾਪਨਾ ਕਮੇਟੀ ਦੀ 121 ਮੈਂਬਰੀ ਕਮੇਟੀ ਦੇ ਮੈਂਬਰਾਂ ਵਿਚ ਵੀ ਬਤੌਰ ਮੈਂਬਰ ਭਾਈ ਕਾਨ੍ਹ ਸਿੰਘ ਸ਼ਾਮਲ ਸਨ ਅਤੇ ਸੰਨ 1902 'ਚ ਬਣਾਈ ਗਈ ਖ਼ਾਲਸਾ ਕਾਲਜ ਮੈਨੇਜਿੰਗ ਕਮੇਟੀ ਦੇ ਮੈਂਬਰ ਵੀ ਭਾਈ ਸਾਹਿਬ ਦੀ ਰਾਇ ਨਾਲ ਚੁਣੇ ਗਏ ਸਨ।

ਇਸ ਤਰ੍ਹਾਂ ਸਿੰਘ ਸਭਾ ਦੇ ਉਦੇਸ਼ਾਂ ਦੀ ਪੂਰਤੀ ਲਈ ਖ਼ਾਲਸਾ ਕਾਲਜ ਦੀ ਸਥਾਪਤੀ ਲਈ ਭਾਈ ਸਾਹਿਬ ਨੇ ਜਿੱਥੇ ਨਾਭਾ ਰਿਆਸਤ ਰਾਹੀਂ ਆਪਣਾ ਵਿਸ਼ੇਸ਼ ਯੋਗਦਾਨ ਪਾਇਆ ਉੱਥੇ 'ਹਮ ਹਿੰਦੂ ਨਹੀਂ' ਵਰਗੀਆਂ ਬਹੁ-ਚਰਚਿਤ ਪੁਸਤਕਾਂ ਲਿਖ ਕੇ ਹਿੰਦੂ ਤੇ ਮੁਸਲਮਾਨਾਂ ਦੇ ਨਾਲ-ਨਾਲ ਉਸ ਸਮੇਂ ਸਿੱਖ ਹੱਕਾਂ ਦੀ ਅਲਹਿਦਗੀ ਤੇ ਸਿੱਖ ਸੁਤੰਤਰ ਕੌਮ ਦਾ ਵੀ ਮੁੱਢ ਬੰਨ੍ਹਿਆ।

ਇਸ ਵਿਚ ਕੋਈ ਦੋ ਰਾਇ ਨਹੀਂ ਕਿ ਸਿੱਖਾਂ ਦੀ ਵਿੱਦਿਅਕ ਉੱਨਤੀ ਦੇ ਉਦੇਸ਼ ਦੀ ਪੂਰਤੀ ਲਈ ਬਤੌਰ ਲਿਖਾਰੀ ਸਿੰਘ ਸਭਾ ਲਹਿਰ ਲਈ ਭਾਈ ਸਾਹਿਬ ਨੇ ਪੂਰੀ ਉਮਰ ਕੰਮ ਕੀਤਾ ਅਤੇ ਵਿਸ਼ਵ ਕੋਸ਼ੀ ਵਿੱਦਿਆ ਪ੍ਰਣਾਲੀ ਨਾਲ ਸਮੂਹ ਸਿੱਖਾਂ ਤੇ ਪੰਜਾਬੀਆਂ ਨੂੰ ਜੋੜਨ ਲਈ ਗੁਰਸ਼ਬਦ ਰਤਨਾਕਰ ਮਹਾਨ ਕੋਸ਼ ਦੀ ਰਚਨਾ ਕੀਤੀ।

ਉੱਘੇ ਵਿਦਵਾਨ ਸਰਦਾਰ ਖੁਸ਼ਵੰਤ ਸਿੰਘ ਨੇ ਮਹਾਨ ਕੋਸ਼ ਨੂੰ ਸਿੰਘ ਸਭਾ ਲਹਿਰ ਦੀਆਂ ਸਭ ਤੋਂ ਵੱਧ ਪ੍ਰਭਾਵਸ਼ਾਲੀ ਰਚਨਾਵਾਂ ਵਿਚ ਗਿਣਿਆ ਸੀ। ਸਿੱਖ ਪੁਨਰ-ਜਾਗ੍ਰਿਤੀ ਦੇ ਆਰੰਭ ਵਿਚ ਸਿੰਘ ਸਭਾ ਲਹਿਰ ਲਈ ਕੰਮ ਕਰਨ ਵਾਲੇ ਸਮੂਹ ਵਿਦਵਾਨਾਂ ਵਿਚ ਭਾਈ ਕਾਨ੍ਹ ਸਿੰਘ ਦਾ ਸਮੁੱਚਾ ਦ੍ਰਿਸ਼ਟੀਕੋਣ ਆਧੁਨਿਕ, ਤਰਕਸ਼ੀਲ, ਵਿਗਿਆਨਕ ਤੇ ਮਾਨਵਵਾਦੀ ਸੀ।

### 3 ਸਫ਼ੇ ਦੀ ਬਾਕੀ

ਉਨ੍ਹਾਂ ਨੇ ਇਹ ਵੀ ਇਲਜ਼ਾਮ ਲਗਾਏ ਸਨ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪੰਥਕ ਭਾਵਨਾਵਾਂ ਦੀ ਤਰਜਮਾਨੀ ਨਹੀਂ ਕੀਤੀ।

### ਅਕਾਲ ਤਖ਼ਤ ਦੇ ਫੈਸਲੇ ਵਿੱਚ ਬਾਦਲ ਸੀਨੀਅਰ ਵੀ ਸ਼ਾਮਲ

ਅਕਾਲ ਤਖ਼ਤ ਵਿਖੇ ਪੰਜ ਸਿੱਖ ਸਾਹਿਬਾਨਾਂ ਨੇ ਬੀਤੇ ਸ਼ੁੱਕਰਵਾਰ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਉਪ ਮੁੱਖ ਮੰਤਰੀ ਅਤੇ ਪਾਰਟੀ ਪ੍ਰਧਾਨ ਮਰਹੂਮ ਪ੍ਰਕਾਸ਼ ਸਿੰਘ ਦੇ ਹੁੰਦਿਆਂ 2007 ਤੋਂ 2017 ਤੱਕ 'ਕੁਝ ਫ਼ੈਸਲਿਆਂ' ਅਤੇ 'ਗੁਨਾਹਾਂ' ਲਈ 'ਤਨਖਾਹੀਆ' ਕਰਾਰ ਦਿੱਤਾ ਹੈ। ਅਕਾਲ ਤਖਤ ਸਾਹਿਬ ਦੇ ਫੈਸਲੇ ਪ੍ਰਕਾਸ਼ ਸਿੰਘ ਬਾਦਲ ਤੇ ਸੁਖਬੀਰ ਸਿੰਘ ਬਾਦਲ 'ਤੇ ਇਲਜ਼ਾਮ ਲਗਾਉਂਦੇ ਹਨ, ਕਿਉਂਕਿ ਸਿੰਘ ਸਾਹਿਬਾਨ ਨੇ 2007 ਤੋਂ 2017 ਤੱਕ ਦੇ ਸਿੱਖ ਕੈਬਨਿਟ ਮੰਤਰੀਆਂ ਨੂੰ ਨਿੱਜੀ ਤੌਰ 'ਤੇ ਪੇਸ਼ ਹੋ ਕੇ ਸਪੱਸ਼ਟੀਕਰਨ ਦੇਣ ਲਈ ਕਿਹਾ ਸੀ। ਜਿਸ ਸਮੇਂ ਦੌਰਾਨ ਵੱਡੀਆਂ ਗਲਤੀਆਂ ਲਈ ਸੁਖਬੀਰ ਨੂੰ ਜਿੰਮੇਵਾਰ ਠਹਿਰਾਇਆ ਜਾ ਰਿਹਾ ਹੈ, ਉਸ ਸਮੇਂ ਦੌਰਾਨ ਪ੍ਰਕਾਸ਼ ਸਿੰਘ ਬਾਦਲ ਹੀ ਸਨ ਅਤੇ ਇੱਥੋਂ ਤੱਕ ਕਿ ਮੰਤਰੀ ਮੰਡਲ ਨੂੰ ਵੀ ਕਟਹਿਰੇ ਵਿੱਚ ਖੜ੍ਹਾ ਕਰ ਦਿੱਤਾ ਗਿਆ ਹੈ।

### ਸੁਖਬੀਰ ਅਗਲੇ ਦਿਨ ਹੀ ਪਹੁੰਚ ਗਏ ਅਕਾਲ ਤਖਤ ਸਾਹਿਬ

ਸਿੰਘ ਸਾਹਿਬਾਨ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬੀਤੇ ਦਿਨ ਤਨਖਾਹੀਆ ਕਰਾਰ ਦਿੱਤੇ ਗਏ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਅਗਲੇ ਦਿਨ ਦੁਪਹਿਰ ਅਚਾਨਕ ਹਫੜਾ ਦਫੜੀ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੁਜਕੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਨਾਂਅ ਸਪੱਸ਼ਟੀਕਰਨ ਪੱਤਰ ਅਕਾਲ ਤਖ਼ਤ ਸਕੱਤਰੇਤ ਵਿਖੇ ਦਿੱਤਾ ਤੇ ਉਨ੍ਹਾਂ ਜਥੇਦਾਰ ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਜਲਦੀ ਬੁਲਾ ਕੇ ਖਿਮਾ ਯਾਚਨਾ ਦਾ ਮੌਕਾ ਦੇਣ ਦੀ ਅਪੀਲ ਕੀਤੀ। ਇਸ ਦੇ ਨਾਲ ਹੀ ਸਿੰਘ ਸਾਹਿਬਾਨ ਦੇ ਆਦੇਸ਼ ਮੁਤਾਬਿਕ ਤਤਕਾਲੀ ਅਕਾਲੀ ਸਰਕਾਰਾਂ ਸਮੇਂ ਮੰਤਰੀ ਰਹੇ ਡਾ. ਦਲਜੀਤ ਸਿੰਘ ਚੀਮਾ, ਜਥੇਦਾਰ ਗੁਲਜ਼ਾਰ ਸਿੰਘ ਰਣੀਕੇ, ਸ਼ਰਨਜੀਤ ਸਿੰਘ ਢਿੱਲੋਂ ਤੇ ਮਹੇਸ਼ ਇੰਦਰ ਸਿੰਘ ਗਰੇਵਾਲ ਵੀ ਆਪਣੇ ਸਪੱਸ਼ਟੀਕਰਨ ਲੈ ਕੇ ਅਕਾਲ ਤਖ਼ਤ ਸਕੱਤਰੇਤ ਵਿਖੇ ਪੁੱਜੇ ਸਨ। ਅਕਾਲੀ ਆਗੂਆਂ ਵਲੋਂ ਜਥੇਦਾਰ ਦੇ ਨਾਂਅ ਸਪੱਸ਼ਟੀਕਰਨ ਪੱਤਰ ਉਨ੍ਹਾਂ ਦੀ ਗ਼ੈਰ-ਮੌਜੂਦਗੀ ਵਿਚ ਉਨ੍ਹਾਂ ਦੇ ਨਿੱਜੀ ਸਹਾਇਕ ਜਸਪਾਲ ਸਿੰਘ ਢੱਡੇ ਨੂੰ ਸੌਂਪੇ ਗਏ।

ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਅਤੇ ਸਾਬਕਾ ਮੰਤਰੀ ਡਾਕਟਰ ਦਲਜੀਤ ਸਿੰਘ ਚੀਮਾ ਨੇ ਸ਼ਨੀਵਾਰ ਨੂੰ ਅਕਾਲ ਤਖ਼ਤ ਵਿਖੇ ਪੇਸ਼ ਕੀਤੇ ਆਪਣੇ ਸਪੱਸ਼ਟੀਕਰਨ ਵਿੱਚ ਦਲੀਲ ਦਿੱਤੀ ਸੀ ਕਿ ਸਰਕਾਰ ਅਤੇ ਪਾਰਟੀ ਵਿੱਚ ਫੈਸਲੇ ਸਾਂਝੇ ਤੌਰ 'ਤੇ ਲਏ ਜਾਂਦੇ ਹਨ। ਫੈਸਲਿਆਂ ਲਈ ਸਾਰਿਆਂ ਦੀ ਬਰਾਬਰ ਜ਼ਿੰਮੇਵਾਰੀ ਹੈ।"

## ਬਾਗੀ ਅਕਾਲੀਆਂ ਵਲੋਂ ਸੁਖਬੀਰ ਦੇ ਅਸਤੀਫੇ ਦੀ ਮੰਗ




ਬੀਤੇ ਦਿਨੀਂ ਚੰਡੀਗੜ੍ਹ ਵਿਖੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੀ ਪ੍ਰਜੀਡੀਅਮ ਤੇ ਸਲਾਹਕਾਰ ਬੋਰਡ ਤੇ ਐਗਜ਼ੀਕਿਊਟਿਵ ਦੇ ਨਵੇਂ ਮੈਂਬਰਾਂ ਦੀ ਪਹਿਲੀ ਮੀਟਿੰਗ ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਉਘੇ ਅਕਾਲੀ ਆਗੂਆਂ ਨੇ ਵੀ ਸ਼ਮੂਲੀਅਤ ਕੀਤੀ। ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਮਗਰੋਂ ਸੁਖਬੀਰ ਸਿੰਘ ਬਾਦਲ ਨੂੰ ਪ੍ਰਧਾਨਗੀ ਦੇ ਅਹੁਦੇ ਤੋਂ ਪਾਸੇ ਹਟ ਜਾਣਾ ਚਾਹੀਦਾ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਿੰਘ ਸਾਹਿਬਾਨ ਵਲੋਂ ਜੋ ਫ਼ੈਸਲਾ ਸੁਣਾਇਆ ਗਿਆ, ਉਹ ਫ਼ੈਸਲਾ ਸਿੱਖ ਪਰੰਪਰਾ ਅਨੁਸਾਰ ਹੋਇਆ ਅਤੇ ਅਕਾਲ ਤਖ਼ਤ ਸਾਹਿਬ ਦਾ ਮਾਣ ਵਧਿਆ ਹੈ। ਉਨ੍ਹਾਂ 5 ਸਿੰਘ ਸਾਹਿਬਾਨਾਂ, ਸਿੱਖ ਬੁੱਧੀਜੀਵੀਆਂ ਅਤੇ ਪੰਥ ਦਰਦੀਆਂ ਨੂੰ ਅਪੀਲ ਕੀਤੀ ਕਿ ਸਿੱਖ ਕੌਮ ਨੂੰ ਮੁੜ ਇਕ ਮੰਚ 'ਤੇ ਇਕੱਠਾ ਕਰਨ ਲਈ ਧਾਰਮਿਕ ਸ਼ਖਸੀਅਤਾਂ ਦੀ ਕਮੇਟੀ ਬਣਾ ਕੇ ਹਲ ਕੱਢਣ ਦੀ ਪਹਿਲ ਕਰਨ।

ਸਿਖ ਬੋਧਿਕ ਹਲਕਿਆਂ ਦਾ ਮੰਨਣਾ ਹੈ ਕਿ ਤਨਖਾਹੀਆ ਦੇਣ ਬਾਅਦ ਸੁਖਬੀਰ ਬਾਦਲ ਅਕਾਲੀ ਦਲ ਦੀ ਪ੍ਰਧਾਨਗੀ ਨਹੀਂ ਕਰ ਸਕਦੇ ਤੇ ਉਸ ਦੇ ਜੋਟੀਦਾਰ ਵੀ ਬਰਾਬਰ ਦੇ ਗੁਨਾਹਗਾਰ ਹਨ ਇਸ ਕਾਰਣ ਸੁਖਬੀਰ ਬਾਦਲ ਦੀ ਰਾਜਨੀਤੀ ਸ਼ੱਕ ਦੇ ਘੇਰੇ ਵਿਚ ਆ ਗਈ ਹੈ। ਜਿੰਨੀ ਦੇਰ ਅਕਾਲ ਤਖਤ ਸਾਹਿਬ ਦੇ ਫੈਸਲੇ ਵਿਚ ਹੋਵੇਗੀ ਉਨਾ ਵਡਾ ਸਿਆਸੀ ਨੁਕਸਾਨ ਬਾਦਲ ਧੜੇ ਦਾ ਹੋਵੇਗਾ। ਇਸੇ ਕਰਕੇ ਸਿੰਘ ਸਾਹਿਬਾਨ ਉਪਰ ਦਬਾਅ ਪਾਇਆ ਜਾ ਰਿਹਾ ਹੈ ਕਿ ਇਹ ਮਸਲਾ ਜਲਦ ਨਿਪਟਾਇਆ ਜਾਵੇ।

ਸੀਨੀਅਰ ਪੱਤਰਕਾਰ ਅਤੇ ਲੇਖਕ ਜਗਤਾਰ ਸਿੰਘ ਨੇ ਕਿਹਾ, "ਹਾਲਾਂਕਿ, ਹੋਰ ਸਿੱਖ ਵਰਗਾਂ, ਅਸੰਤੁਸ਼ਟ ਅਕਾਲੀ ਆਗੂਆਂ ਦੁਆਰਾ ਅਕਾਲ ਤਖ਼ਤ ਨੂੰ ਸੌਂਪੀ ਗਈ ਸ਼ਿਕਾਇਤ ਵਿੱਚ ਦੱਸੀਆਂ ਗਈਆਂ ਸਾਰੀਆਂ ਵੱਡੀਆਂ ਗਲਤੀਆਂ ਲਈ ਮਰਹੂਮ ਮੁੱਖ ਮੰਤਰੀ ਬਾਦਲ 'ਤੇ ਦੋਸ਼ ਲਗਾ ਰਹੇ ਹਨ ਅਤੇ ਉਨ੍ਹਾਂ ਨੂੰ ਦਿੱਤੀ ਗਈ ਉਪਾਧੀ ਵਾਪਸ ਲੈਣ ਦੀ ਮੰਗ ਕਰ ਰਹੇ ਹਨ।"

ਸਿੰਘ ਸਾਹਿਬਾਨ ਵੱਲੋਂ ਕੀਤੇ ਗਏ ਐਲਾਨ ਨੇ ਸਿੱਖ ਕੈਬਨਿਟ ਮੰਤਰੀਆਂ ਨੂੰ ਅਕਾਲ ਤਖਤ ਸਾਹਿਬ ਉਪਰ ਤਲਬ ਕਰਕੇ ਵਡੇ ਬਾਦਲ ਨੂੰ ਕਟਹਿਰੇ ਵਿਚ ਖੜ੍ਹਾ ਕਰ ਦਿੱਤਾ ਹੈ ਜੋ ਕਿ ਪਾਰਟੀ ਦੇ ਫੈਸਲਿਆਂ 'ਚ ਅੰਤਿਮ ਫੈਸਲਾ ਲੈਂਦੇ ਹਨ, ਜਿਸ ਲਈ ਸੁਖਬੀਰ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ।

## ਗੋਲਡੀ ਬਰਾੜ ਨੇ ਦਿੱਲੀ ਦੇ ਬਿਲਡਰ ਤੋਂ 2 ਕਰੋੜ ਰੁਪਏ ਫਿਰੌਤੀ ਮੰਗੀ, ਕੇਸ ਦਰਜ



ਨਵੀਂ ਦਿੱਲੀ-ਦਿੱਲੀ ਪੁਲਿਸ ਨੇ ਇਕ ਬਿਲਡਰ ਤੋਂ ਫਿਰੌਤੀ ਮੰਗਣ ਦੇ ਸੰਬੰਧ ਵਿਚ ਵਿਦੇਸ਼ ਵਿਚ ਰਹਿਣ ਵਾਲੇ ਗੈਂਗਸਟਰ ਗੋਲਡੀ ਬਰਾੜ 'ਤੇ ਐਫ. ਆਈ. ਆਰ. ਦਰਜ ਕੀਤੀ ਹੈ।ਇਕ ਅਧਿਕਾਰੀ ਨੇ ਇਸ ਦੀ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਵਸੰਤ ਵਿਹਾਰ ਸਥਿਤ ਬਿਲਡਰ ਨੇ ਪੁਲਿਸ ਕੋਲ ਪਹੁੰਚ ਕੀਤੀ ਅਤੇ ਦੋਸ਼ ਲਾਇਆ ਕਿ ਉਸਨੂੰ ਗੋਲਡੀ ਬਰਾੜ ਹੋਣ ਦਾ ਦਾਅਵਾ ਕਰਨ ਵਾਲੇ ਇਕ ਵਿਅਕਤੀ ਦਾ ਵਟਸਐਪ 'ਤੇ ਕਾਲ ਆਇਆ ਅਤੇ ਉਸ ਤੋਂ 2 ਕਰੋੜ ਰੁਪਏ ਦੀ ਮੰਗ ਕੀਤੀ।

## ਬਠਿੰਡਾ ਵਿਚ ਗੁੰਡਾ ਅਨਸਰਾਂ ਨੇ ਗੁਰਦੁਆਰਾ ਸਾਹਿਬ ਦੀ ਇਮਾਰਤ ਦੇ ਸ਼ੀਸ਼ੇ ਭੰਨੇ



ਬਿਊਰੋ ਰਿਪੋਰਟ-ਬਠਿੰਡਾ ਵਿੱਚ ਗੁਰਦੁਆਰਾ ਸਾਹਿਬ 'ਤੇ ਸ਼ਰਾਰਤੀ ਅਨਸਰਾਂ ਨੇ ਰੋੜੇ ਮਾਰ ਕੇ ਸ਼ੀਸ਼ੇ ਤੋੜ ਦਿੱਤੇ ਹਨ। ਬਠਿੰਡਾ ਦੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਪਬਲਿਕ ਸਕੂਲ ਵਿੱਚ ਸਥਿਤ ਗੁਰਦੁਆਰਾ ਸਾਹਿਬ ਸੰਗਤ ਸਿਵਲ ਸਟੇਸ਼ਨ ਦੀ ਡਿਓੜੀ ਦੇ ਸ਼ੀਸੇ ਤੋੜੇ ਹਨ। ਇਸ ਘਟਨਾ ਨੂੰ ਅੰਜਾਮ ਦੇਣ ਤੋਂ ਬਾਅਦ ਮੁਲਜ਼ਮ ਫਰਾਰ ਹੋ ਗਏ ਹਨ।


ਪ੍ਰਬੰਧਕ ਕਮੇਟੀ ਵੱਲੋਂ ਇਸ ਦੀ ਸੂਚਨਾ ਪੁਲਿਸ ਨੂੰ ਦੇ ਦਿੱਤੀ ਹੈ। ਪੁਲਿਸ ਵੱਲੋਂ ਇਸ ਘਟਨਾ ਨੂੰ ਅੰਜਾਮ ਦੇਣ ਵਾਲਿਆਂ ਦੀ ਭਾਲ ਕੀਤੀ ਜਾ ਰਹੀ ਹੈ। ਪੁਲਿਸ ਵੱਲੋਂ ਵੱਡੀ ਗਿਣਤੀ ਵਿੱਚ ਪਹੁੰਚ ਕੇ ਸੀਸੀਟੀਵੀ ਕੈਮਰਿਆਂ ਦੀ ਜਾਂਚ ਕੀਤੀ ਜਾ ਰਹੀ ਹੈ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸੇਖੋਂ ਨੇ ਦੱਸਿਆ ਕਿ ਜਦੋਂ ਉਨ੍ਹਾਂ ਨੂੰ ਇਸ ਦੀ ਜਾਣਕਾਰੀ ਮਿਲੀ ਤਾਂ ਉਨ੍ਹਾਂ ਨੇ ਤੁਰੰਤ ਇਸ ਦੀ ਜਾਣਕਾਰੀ ਪੁਲਿਸ ਨੂੰ ਦਿੱਤੀ। ਉਨ੍ਹਾਂ ਕਿਹਾ ਕਿ ਪੁਲਿਸ ਵੱਲੋਂ ਮੌਕੇ 'ਤੇ ਪਹੁੰਚ ਕੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਇਸ ਦੌਰਾਨ ਡੀਐਸਪੀ ਸਰਬਜੀਤ ਸਿੰਘ ਬਰਾੜ ਨੇ ਕਿਹਾ ਕਿ ਘਟਨਾ ਨੂੰ ਅੰਜਾਮ ਦੇਣ ਵਾਲਿਆਂ ਦੀ ਭਾਲ ਕੀਤੀ ਜਾ ਰਹੀ ਹੈ। ਇਸ ਨੂੰ ਲੈ ਕੇ ਸੀਸੀਟੀਵੀ ਵੀ ਖੰਗਾਲੇ ਜਾ ਰਹੇ ਹਨ। ਉਨ੍ਹਾਂ ਭਰੋਸਾ ਦਵਾਉਂਦੇ ਹੋਏ ਕਿਹਾ ਕਿ ਜਲਦ ਹੀ ਸ਼ਰਾਰਤੀ ਅਨਸਰਾਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ। ਇਸ ਲਈ ਜੋ ਵੀ ਜ਼ਿੰਮੇਵਾਰ ਹੋਵੇਗਾ, ਉਸ 'ਤੇ ਬਣਦੀ ਕਾਰਵਾਈ ਕੀਤੀ ਜਾਵੇਗੀ।

## 2 ਕਰੋੜ 58 ਲੱਖ ਦੀ ਹੈਰੋਇਨ ਸਮੇਤ ਇਕ ਸਮਗਲਰ ਗ੍ਰਿਫਤਾਰ



ਖਾਲੜਾ-ਖਾਲੜਾ ਸੈਕਟਰ ਅਧੀਨ ਆਉਂਦੇ ਸਰਹੱਦੀ ਪਿੰਡ ਡਲੀਰੀ ਦੀਆਂ ਮੜੀਆਂ ਵਿਚੋਂ ਪੰਜਾਬ ਪੁਲਿਸ ਤੇ ਬੀ.ਐੱਸ.ਐੱਫ. ਨੇ ਸਾਂਝੇ ਆਪਰੇਸ਼ਨ ਦੌਰਾਨ ਇਕ ਵਿਅਕਤੀ ਨੂੰ 516 ਗ੍ਰਾਮ ਹੈਰੋਇਨ ਸਮੇਤ ਕਾਬੂ ਕੀਤਾ ਹੈ, ਜਦੋਂਕਿ ਫ਼ੜੇ ਗਏ ਵਿਅਕਤੀ ਨੇ ਮੰਨਿਆ ਕਿ ਉਸਦੇ ਤਿੰਨ ਸਾਥੀ ਮੌਕੇ ਤੋਂ ਦੌੜ ਗਏ ਹਨ। ਐਸ.ਐਚ.ਓ. ਖਾਲੜਾ ਸੱਤਪਾਲ ਸਿੰਘ ਛੀਨਾ ਨੇ ਦੱਸਿਆ ਕਿ ਕਿ ਬੀ.ਐੱਸ.ਐੱਫ. ਅਧਿਕਾਰੀਆਂ ਨੇ ਪੁਲਿਸ ਨੂੰ ਇਤਲਾਹ ਦਿੱਤੀ ਸੀ ਕਿ ਉਨ੍ਹਾਂ ਨੇ ਪਿੰਡ ਡਲੀਰੀ ਦੀਆਂ ਮੜੀਆਂ ਵਿਚ ਇਕ ਨੌਜਵਾਨ ਹੈਰੋਇਨ ਸਮੇਤ ਕਾਬੂ ਕੀਤਾ ਹੈ, ਜਿਸ ਤੇ ਏ.ਐੱਸ.ਆਈ. ਗੁਰਜੀਤ ਸਿੰਘ ਸਮੇਤ ਪੁਲਿਸ ਪਾਰਟੀ ਜਦੋਂ ਉੱਥੇ ਪੁੱਜੇ ਤਾਂ ਬੀ.ਐੱਸ.ਐੱਫ. ਵਲੋਂ ਇਕ ਨੌਜਵਾਨ ਨੂੰ ਇਕ ਪੈਕਟ ਹੈਰੋਇਨ ਤੇ ਮੋਟਰਸਾਈਕਲ ਪਲੈਟੀਨਾ ਸਮੇਤ ਕਾਬੂ ਕੀਤਾ ਹੋਇਆ ਸੀ ਤੇ ਜਦੋਂ ਫ਼ੜੀ ਹੈਰੋਇਨ ਦਾ ਵਜ਼ਨ ਕੀਤਾ ਗਿਆ ਤਾਂ ਉਹ 516 ਗ੍ਰਾਮ ਹੋਇਆ, ਜਿਸ ਦੀ ਅੰਤਰਰਾਸ਼ਟਰੀ ਬਾਜ਼ਾਰ ਵਿਚ ਕੀਮਤ ਕਰੀਬ 2 ਕਰੋੜ 58 ਲੱਖ ਰੁਪਏ ਆਂਕੀ ਜਾਂਦੀ ਹੈ। ਫ਼ੜੇ ਵਿਅਕਤੀ ਦੀ ਪਹਿਚਾਣ ਗੁਰਵਿੰਦਰ ਸਿੰਘ ਉਰਫ ਦਵਿੰਦਰ ਸਿੰਘ ਉਰਫ ਟੋਮ ਵਾਸੀ ਭਗਵਾਨਪੁਰਾ ਵਾਸੀ ਡਲੀਰੀ ਵਜੋਂ ਹੋਈ ਹੈ ਤੇ ਜਦੋਂ ਉਕਤ ਫ਼ੜੇ ਵਿਅਕਤੀ ਨੂੰ ਸਖ਼ਤੀ ਨਾਲ ਪੁੱਛਗਿੱਛ ਕੀਤੀ ਗਈ ਤਾਂ ਉਸਨੇ ਮੰਨਿਆ ਕਿ ਹਰਪਾਲ ਸਿੰਘ ਵਾਸੀ ਡੱਲ, ਆਕਾਸ਼ਦੀਪ ਸਿੰਘ ਵਾਸੀ ਡੱਲ ਤੇ ਗੁੱਲੂ ਵਾਸੀ ਚੇਲਾ ਥਾਣਾ ਭਿੱਖੀਵਿੰਡ ਉਸਦੇ ਸਾਥੀ ਹਨ ਅਤੇ ਮੌਕੇ ਤੋਂ ਦੌੜ ਗਏ ਹਨ।



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼
ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**


***NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW***

Respectable Jatt Sikh family seek a suitable match for their good looking son. He is 35 years old, 5'11" tall, education Msc Accounting and Finance and runs his own Business, Girl should be from Jatt Sikh family, divorce & student welcome with no children. Please contact Mobile: 07859 056930 or reply to ref. 872 (3048)

For Hindu boy, very handsome, never married, 50 years, 5'10, M.S & B.E in IT, Software professional in Reading city. Looking Sikh/Hindu bride, tall, well educated professional match. Please contact: 07472 334567 or email: s2009king@gmail.com or reply to ref. 844 (3044)

## ਕੈਲੀਫੋਰਨੀਆ ਵਿਚ ਇਕ ਘਰ ਦੇ ਹੇਠਾਂ ਬਣੇ ਤਹਿਖਾਨੇ ਵਿਚੋਂ ਮਨੁੱਖੀ ਅਵਸ਼ੇਸ਼ ਮਿਲੇ

### * ਬਰਾਮਦ ਅਵਸ਼ੇਸ਼ ਲਾਪਤਾ ਬਜ਼ੁਰਗ ਜੋੜੇ ਦੇ ਹੋਣ ਦਾ ਸੰਦੇਹ, ਇਕ ਗ੍ਰਿਫਤਾਰ



ਲਾਪਤਾ ਜੋੜੇ ਦੀਆਂ ਤਸਵੀਰਾਂ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਪੁਲਿਸ ਨੂੰ ਕੈਲੀਫੋਰਨੀਆ ਵਿਚ ਇਕ ਘਰ ਹੇਠਾਂ ਬਣੇ ਤਹਿਖਾਨੇ ਵਿਚੋਂ ਮਨੁੱਖੀ ਅਵਸ਼ੇਸ਼ ਮਿਲਣ ਦੀ ਖਬਰ ਹੈ। ਰੈਡਲੈਂਡਜ ਪੁਲਿਸ ਵਿਭਾਗ ਦੇ ਲੋਕ ਸੰਪਰਕ ਅਫਸਰ ਕਾਰਲ ਬੇਕਰ ਨੇ ਕਿਹਾ ਹੈ ਕਿ ਮਨੁੱਖੀ ਅੰਗਾਂ ਦੀ ਅਜੇ ਪਛਾਣ ਕੀਤੀ ਜਾਣੀ ਹੈ ਪਰੰਤੂ ਸਮਝਿਆ ਜਾਂਦਾ ਹੈ ਕਿ ਇਹ ਅਵਸ਼ੇਸ਼ ਪਿਛਲੇ ਦਿਨੀ ਲਾਪਤਾ ਹੋਏ ਇਕ ਬਜੁਰਗ ਜੋੜੇ ਦੇ ਹਨ। ਇਸ ਤੋਂ ਪਹਿਲਾਂ ਪੁਲਿਸ ਨੇ ਐਲਾਨ ਕੀਤਾ ਸੀ ਕਿ ਉਸ ਨੇ ਮਿਸ਼ੈਲ ਰੋਇਸੀ ਸਪਾਰਕਸ (62) ਨੂੰ ਗ੍ਰਿਫਤਾਰ ਕਰਕੇ ਉਸ ਵਿਰੁੱਧ ਲਾਪਤਾ ਜੋੜੇ ਦੀਆਂ ਮੌਤਾਂ ਸਬੰਧੀ ਦੋਸ਼ ਆਇਦ ਕਰਨ ਦੀ ਸਿਫਾਰਿਸ਼ ਕੀਤੀ ਹੈ ਜੋ ਜੋੜਾ ਉਸ ਦੇ ਗਵਾਂਢ ਵਿਚ ਕੈਲੀਫੋਰਨੀਆ ਨੂਡਿਸਟ ਰਿਜ਼ਾਰਟ ਵਿਚ ਰਹਿੰਦਾ ਸੀ। ਡੈਨੀਅਲ ਮੀਨਾਰਡ (79) ਤੇ ਉਸ ਦੀ 73 ਸਾਲਾ ਪਤਨੀ ਸ਼ਨਿਚਰਵਾਰ ਤੋਂ ਲਾਪਤਾ ਸਨ। ਬੇਕਰ ਨੇ ਕਿਹਾ ਕਿ ਮਨੁੱਖੀ ਅਵਸ਼ੇਸ਼ ਸਪਾਰਕਸ ਦੇ ਮੋਬਾਇਲ ਘਰ ਹੇਠਾਂ ਬਣੇ ਤਹਿਖਾਨੇ ਵਿਚੋਂ ਮਿਲੇ ਹਨ। ਤਲਾਸ਼ੀ ਉਪਰੰਤ ਰੈਡਲੈਂਡਜ ਪੁਲਿਸ ਨੇ ਸ਼ੱਕੀ ਦੋਸ਼ੀ ਦਾ ਲਾਸ ਏਂਜਲਸ ਦੇ ਦੱਖਣ ਵਿਚ ਤਕਰੀਬਨ 65 ਮੀਲ ਦੂਰ ਓਲੀਵ ਡੈਲ ਰੈਂਚ ਆਰ ਵੀ ਪਾਰਕ ਸਥਿੱਤ ਘਰ ਸੀਲ ਕਰ ਦਿੱਤਾ ਹੈ। ਸਪਾਰਕਸ ਨੇ ਗ੍ਰਿਫਤਾਰੀ ਵੇਲੇ ਆਪਣੇ ਆਪ ਨੂੰ ਘਰ ਵਿਚ ਬੰਦ ਕਰ ਲਿਆ ਤੇ ਉਸ ਨੇ ਆਪਣੇ ਆਪ ਨੂੰ ਗੋਲੀ ਮਾਰਨ ਦੀ ਕੋਸ਼ਿਸ਼ ਵੀ ਕੀਤੀ ਪਰੰਤੂ ਉਹ ਨਾਕਾਮ ਰਿਹਾ।

# CHANGE OF NAME

Please one tick box
☐ £30 Print in UK only
☐ £60 Print UK & India
☐ £80 Print UK & India (Express)

NOTE: Please allow 28 days for publication in India

I MR / MRS / MISS ______________________

SON / DAUGHTER / WIFE OF MR ______________________

WHOSE PERMANENT ADDRESS IN INDIA IS ______________________

______________________

AND IS NOW LIVING AT ______________________

______________________ HEREBY GIVE NOTICE OF MY INTENTION

TO CHANGE MY NAME TO ______________________

TEL ______________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd
Account No: 20853011 Sort Code: 20-25-85

# ਦੱਖਣੀ ਕੋਰੀਆ ਫਸਿਆ ਘੱਟ ਰਹੀ ਅਬਾਦੀ ਦੇ ਸੰਕਟ ਵਿਚ

## ✡ ਵਿਆਹ ਕਰਵਾਉਣ ਲਈ ਦੇ ਰਿਹਾ 31 ਲੱਖ ਰੁਪਏ
## ✡ ਵਿਆਹ ਕਰਵਾਉਣ ਲਈ ਉਤਸ਼ਾਹਿਤ ਕਰਨ ਲਗਾ ਜਪਾਨ



ਟੋਕੀਓ-ਦੱਖਣੀ ਕੋਰੀਆ ਹੁਣ ਆਬਾਦੀ ਦੀ ਸਮੱਸਿਆ ਤੋਂ ਗੁਜ਼ਰ ਰਿਹਾ ਹੈ ਅਤੇ ਇਸ ਨਾਲ ਨਜਿੱਠਣ ਲਈ ਸਰਕਾਰ ਨੇ ਲੋਕਾਂ ਨੂੰ ਪੈਸੇ ਦੇਣੇ ਸ਼ੁਰੂ ਕਰ ਦਿੱਤੇ ਹਨ। ਇੱਥੋਂ ਦੀ ਸਰਕਾਰ ਲੋਕਾਂ ਅਤੇ ਜੋੜਿਆਂ ਨੂੰ ਉਤਸ਼ਾਹਿਤ ਕਰ ਰਹੀ ਹੈ ਤਾਂ ਜੋ ਜਨਮ ਦਰ ਵਧ ਸਕੇ। ਕੁਝ ਦਿਨ ਪਹਿਲਾਂ ਦੱਖਣੀ ਕੋਰੀਆ ਦੇ ਮਸ਼ਹੂਰ ਸ਼ਹਿਰ ਸਾਹਾ, ਬੁਸਾਨ ਵਿੱਚ ਇੱਕ ਪ੍ਰੋਗਰਾਮ ਦੌਰਾਨ ਕਿਹਾ ਗਿਆ ਸੀ ਕਿ ਸਰਕਾਰ ਨਵੇਂ ਵਿਆਹੇ ਜੋੜਿਆਂ ਨੂੰ 31 ਲੱਖ ਰੁਪਏ ਯਾਨੀ 38000 ਡਾਲਰ ਦੇ ਰਹੀ ਹੈ।

### ਬੱਚੇ ਪੈਦਾ ਕਰਨ ਲਈ ਕੀਤਾ ਜਾ ਰਿਹਾ ਉਤਸ਼ਾਹਿਤ

ਇਸ ਸਮੇਂ ਦੱਖਣੀ ਕੋਰੀਆ ਆਬਾਦੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਦੇਸ਼ ਵਿੱਚ ਜਨਮ ਦਰ ਘਟ ਕੇ ਪ੍ਰਤੀ ਔਰਤ 0.72 ਬੱਚੇ ਰਹਿ ਗਈ ਹੈ। ਸਰਕਾਰ ਹੁਣ ਆਬਾਦੀ ਵਾਧੇ ਲਈ ਕਈ ਨੀਤੀਆਂ ਦੇ ਨਾਲ-ਨਾਲ ਜੋੜਿਆਂ ਨੂੰ ਪ੍ਰੋਤਸਾਹਨ ਦੇ ਰਹੀ ਹੈ ਅਤੇ ਉਨ੍ਹਾਂ ਨੂੰ ਬੱਚੇ ਪੈਦਾ ਕਰਨ ਲਈ ਉਤਸ਼ਾਹਿਤ ਕਰ ਰਹੀ ਹੈ। ਦੇਸ਼ ਵਿਆਹ ਲਈ ਜੋੜਿਆਂ ਨੂੰ ਪੈਸੇ ਦੇ ਰਿਹਾ ਹੈ। ਇਹ ਗੱਲ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ। ਲੋਕਾਂ ਨੇ ਪੋਸਟ ਨੂੰ ਬਹੁਤ ਪੜ੍ਹਿਆ ਅਤੇ ਬਹੁਤ ਸਾਰੀਆਂ ਟਿੱਪਣੀਆਂ ਕੀਤੀਆਂ। ਕਈ ਯੂਜ਼ਰਸ ਨੇ ਤਾਂ ਇੱਥੋਂ ਤੱਕ ਲਿਖਿਆ ਕਿ ਉਨ੍ਹਾਂ ਦੇ ਪਾਸਪੋਰਟ ਕੱਢਣ ਦਾ ਸਮਾਂ ਆ ਗਿਆ ਹੈ। ਜਦੋਂ ਕਿ ਇੱਕ ਨੇ ਲਿਖਿਆ ਕਿ ਕੁਝ ਦਿਨਾਂ ਬਾਅਦ ਇਹ ਦੇਸ਼ ਦੁਨੀਆ ਦੇ ਨਕਸ਼ੇ ਤੋਂ ਗਾਇਬ ਹੋ ਜਾਵੇਗਾ।

### ਜਾਪਾਨ ਨੇ ਵੀ ਚੁੱਕੇ ਕਦਮ

ਦੱਖਣੀ ਕੋਰੀਆ ਹੀ ਨਹੀਂ ਜਾਪਾਨ ਵੀ ਆਬਾਦੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਜਾਪਾਨ ਦੀ ਜਨਮ ਦਰ 50 ਸਾਲਾਂ ਦੇ ਰਿਕਾਰਡ ਤੋਂ ਹੇਠਾਂ ਡਿੱਗ ਰਹੀ ਹੈ। ਇੱਥੇ ਜਨਮ ਦਰ 50 ਲੱਖ ਸਾਲਾਨਾ ਸੀ, ਜੋ ਹੁਣ ਘਟ ਕੇ ਸਿਰਫ਼ 7 ਲੱਖ 60 ਹਜ਼ਾਰ ਰਹਿ ਗਈ ਹੈ। ਸਰਕਾਰ ਨੇ ਅੰਦਾਜ਼ਾ ਲਗਾਇਆ ਹੈ ਕਿ ਦੇਸ਼ ਸਾਲ 2035 ਤੋਂ ਪਹਿਲਾਂ ਆਬਾਦੀ ਦੀ ਸਮੱਸਿਆ ਨੂੰ ਹੱਲ ਕਰ ਸਕਦਾ ਹੈ। ਇਸੇ ਲਈ ਜਾਪਾਨ ਵੀ ਹੁਣ ਲੋਕਾਂ ਨੂੰ ਬੱਚੇ ਪੈਦਾ ਕਰਨ ਅਤੇ ਵਿਆਹ ਕਰਵਾਉਣ ਲਈ ਉਤਸ਼ਾਹਿਤ ਕਰ ਰਿਹਾ ਹੈ।

## ਇਜ਼ਰਾਈਲ ਵਾਸੀਆਂ ਨੇ ਸਰਕਾਰ ਖ਼ਿਲਾਫ਼ ਕੀਤੀ ਹੜਤਾਲ

ਯੇਰੂਸ਼ਲਮ- ਗਾਜ਼ਾ ਚ ਬੰਦੀ ਬਣਾਏ ਲੋਕਾਂ ਦੀ ਵਾਪਸੀ ਚ ਨਾਕਾਮ ਰਹਿਣ ਤੇ ਇਜ਼ਰਾਈਲ ਚ ਲੋਕਾਂ ਨੇ ਸਰਕਾਰ ਖ਼ਿਲਾਫ਼ ਰੋਸ ਵਜੋਂ ਹੜਤਾਲ ਕੀਤੀ। ਦੇਸ਼ ਚ ਮੁੱਖ ਕੌਮਾਂਤਰੀ ਹਵਾਈ ਅੱਡੇ ਸਮੇਤ ਜ਼ਿਆਦਾਤਰ ਥਾਵਾਂ ਤੇ ਦੁਕਾਨਾਂ ਅਤੇ ਹੋਰ ਅਦਾਰੇ ਬੰਦ ਰਹੇ। ਉਂਜ ਕੁਝ ਇਲਾਕਿਆਂ ਫ਼ਰਸਤੋਚ ਬੰਦ ਦਾ ਅਸਰ ਘੱਟ ਹੀ ਦੇਖਣ ਨੂੰ ਮਿਲਿਆ ਜਿਸ ਕਾਰਨ ਮੁਲਕ ਅੰਦਰ ਸਿਆਸੀ ਵੰਡੀਆਂ ਵੀ ਉਜਾਗਰ ਹੋ ਗਈਆਂ ਹਨ। ਗਾਜ਼ਾ ਚ ਛੇ ਬੰਦੀਆਂ ਦੀਆਂ ਲਾਸ਼ਾਂ ਮਿਲਣ ਮਗਰੋਂ ਐਤਵਾਰ ਨੂੰ ਹਜ਼ਾਰਾਂ ਇਜ਼ਰਾਇਲੀ ਸੜਕਾਂ ਤੇ ਆ ਗਏ ਸਨ। ਬੰਦੀਆਂ ਦੇ ਪਰਿਵਾਰਾਂ ਅਤੇ ਆਮ ਲੋਕਾਂ ਨੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੂੰ ਦੋਸ਼ੀ ਠਹਿਰਾਉਂਦਿਆਂ ਕਿਹਾ ਕਿ ਜੇ ਉਸ ਨੇ ਹਮਾਸ ਨਾਲ ਸਮਝੌਤਾ ਕਰ ਲਿਆ ਹੁੰਦਾ ਤਾਂ ਉਨ੍ਹਾਂ ਦੇ ਜੀਅ ਅੱਜ ਜਿਊਂਦਾ ਘਰ ਪਰਤ ਆਉਂਦੇ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਬਾਕੀ ਬਚੇ ਬੰਦੀਆਂ ਦੀ ਰਿਹਾਈ ਯਕੀਨੀ ਬਣਾਉਣ ਲਈ ਹਮਾਸ ਨਾਲ ਗੋਲੀਬੰਦੀ ਦਾ ਸਮਝੌਤਾ ਕਰੇ।

## CHANGE OF NAME

I, SIRAT D/O MR HARDEEP SINGH WHOSE PERMANENT ADDRESS IN INDIA IS VILL. DAULATPUR P.O. SARAN, YAMUNA NAGAR, PIN: 133103, HARYANA, AND NOW LIVING AT 41 KING GEORGE'S AVENUE, COVENTRY, CV6 6FE HEREBY GIVE NOTICE OF MY INTENTION TO CHANGE MY NAME TO SIRAT SAINI. (U/I)

I, CHANDA W/O MR SUKHDAVE SINGH LOHA WHOSE PERMANENT ADDRESS IN INDIA IS H.NO. 35 MOHALLA: JAILDAR, DORAHA, TEHSIL: PAYAL KHANNA, DISST: LUDHIANA, PIN: 141421, PUNJAB AND NOW LIVING AT 1372 COVENTRY ROAD, YARDLEY, BIRMINGHAM, B25 8AF HEREBY GIVE NOTICE OF MY INTENTION TO CHANGE MY NAME TO CHANDA KAUR. (U/I)

I, BAVI WIFE OF MR LAKHBIR SINGH WHOSE PERMANENT ADDRESS IN INDIA IS VPO BHATTIAN, GURDASPUR, PIN 1435517, PUNJAB AND NOW LIVING AT 48 WHITMORE PARK ROAD, COVENTRY, CV6 4DP HEREBY GIVE NOTICE OF MY INTENTION TO CHANGE MY NAME TO BAVI KAUR. (U/I)


# ਇੰਗਲੈਂਡ 'ਚ ਪੰਜਾਬੀ ਮੂਲ ਦੀ ਮਹਿਲਾ ਨੇ ਆਪਣੀ 10 ਸਾਲ ਦੀ ਬੇਟੀ ਦਾ ਕੀਤਾ ਕਤਲ ਕਬੂਲਿਆ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਇੰਗਲੈਂਡ 'ਚ ਭਾਰਤੀ ਮੂਲ ਦੀ 33 ਸਾਲਾ ਜਸਕੀਰਤ ਕੌਰ ਉਰਫ਼ ਜੈਸਮੀਨ ਕੰਗ ਨੇ ਸ਼ੁੱਕਰਵਾਰ ਨੂੰ ਆਪਣੀ 10 ਸਾਲ ਦੀ ਧੀ ਸ਼ੇਅ ਕੰਗ ਦੀ ਹੱਤਿਆ ਦਾ ਜੁਰਮ ਕਬੂਲ ਲਿਆ ਹੈ। ਲੜਕੀ ਦੀ ਲਾਸ਼ ਇਸ ਸਾਲ ਦੇ ਸ਼ੁਰੂ ਵਿਚ ਇੰਗਲੈਂਡ ਦੇ 'ਵੈਸਟ ਮਿਡਲੈਂਡਜ਼' ਖੇਤਰ ਦੇ ਇਕ ਕਸਬੇ ਵਿਚ ਉਸ ਦੇ ਘਰ ਤੋਂ ਮਿਲੀ ਸੀ। ਵੈਸਟ ਮਿਡਲੈਂਡਜ਼ ਪੁਲਿਸ ਅਨੁਸਾਰ ਸ਼ੇਅ ਕੰਗ ਦੀ ਲਾਸ਼ 4 ਮਾਰਚ ਨੂੰ ਰੌਬਿਨ ਕਲੋਜ਼, ਰੌਲੇ ਰੇਗਿਸ, ਵੈਸਟ ਮਿਡਲੈਂਡ ਦੇ ਘਰ ਤੋਂ ਮਿਲੀ ਸੀ। ਜਸਕੀਰਤ ਕੌਰ ਨੇ ਜੇਲ੍ਹ ਤੋਂ ਵੀਡੀਓ ਕਾਨਫਰੰਸ ਰਾਹੀਂ ਵੁਲਵਰਹੈਂਪਟਨ ਕਰਾਊਨ ਕੋਰਟ ਵਿੱਚ ਇੱਕ ਸੰਖੇਪ ਸੁਣਵਾਈ ਦੌਰਾਨ ਦੋਸ਼ ਸਵੀਕਾਰ ਕੀਤਾ। ਬਲੈਕ ਕੰਟਰੀ ਕੋਰੋਨਰ ਅਦਾਲਤ ਵਿੱਚ ਮਾਰਚ ਮਹੀਨੇ ਸੁਣਵਾਈ ਦੌਰਾਨ ਦੱਸਿਆ ਗਿਆ ਸੀ ਕਿ ਸ਼ੇਅ ਕੰਗ ਦੀ ਮੌਤ ਛਾਤੀ ਵਿੱਚ ਹੋਏ ਡੂੰਘੇ ਜਖ਼ਮ ਕਾਰਨ ਹੋਈ ਸੀ। ਅਦਾਲਤ ਦੀ ਰਿਪੋਰਟ ਅਨੁਸਾਰ ਜੱਜ ਮਾਈਕਲ ਚੈਂਬਰਜ਼ ਕੇ ਸੀ ਨੇ ਦੋਸ਼ੀ ਕਰਾਰ ਦਿੰਦੇ ਹੋਏ ਕਿਹਾ ਕਿ ਦੋਸ਼ੀ ਨੂੰ 25 ਅਕਤੂਬਰ ਨੂੰ ਸਜ਼ਾ ਸੁਣਾਈ ਜਾਵੇਗੀ।




[Frames subject to availability]. Cannot be used with any other offers. Second pair from the same price range or below. Both pairs include standard 1.5 single-vision lenses (or 1.6 for £170 Rimless ranges). Varifocal/bifocal: pay for lenses in first pair only. Both pairs must be purchased in one transaction. Excludes SuperDigital, SuperDrive varifocals, SuperReaders 1-2-3 occupational lenses and safety eyewear. Additional charge for extra lens options.




**Aged 18 or older only. Eligibility criteria applies.**
Issued by HSBC UK Bank plc, 1 Centenary Square, Birmingham, B1 1HQ, United Kingdom. ©HSBC Group 2024. AC65124

CURRENT ACCOUNT
SWITCH
GUARANTEE

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਡਾ.ਭਗਵੰਤ ਸਿੰਘ ਤੇ ਡਾ.ਰਮਿੰਦਰ ਕੌਰ ਦੀ ਮਹਾਰਾਜਾ ਰਣਜੀਤ ਸਿੰਘ ਖੋਜੀ ਪੁਸਤਕ

**ਉਜਾਗਰ ਸਿੰਘ**



ਡਾ.ਭਗਵੰਤ ਸਿੰਘ ਅਤੇ ਡਾ.ਰਮਿੰਦਰ ਕੌਰ ਦੀ ਸੰਪਾਦਿਤ ਪੁਸਤਕ ਮਹਾਰਾਜਾ ਰਣਜੀਤ ਸਿੰਘ ਖਾਲਸਾ ਰਾਜ ਦੇ ਸੰਕਲਪ ਦੀ ਵਿਆਖਿਆ ਕਰਨ ਅਤੇ ਸੰਗਠਤ ਜਾਣਕਾਰੀ ਦੇਣ ਵਾਲੀ ਪੁਸਤਕ ਹੈ। ਇਸ ਪੁਸਤਕ ਦੀ ਖ਼ੂਬੀ ਹੈ ਕਿ ਇਹ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਸਾਰੇ ਪੱਖਾਂ ਦੀ ਉਚ ਕੋਟੀ ਦੇ 14 ਵਿਦਵਾਨ ਇਤਿਹਾਸਕਾਰਾਂ ਵੱਲੋਂ ਆਪਣੇ ਲੇਖਾਂ ਵਿੱਚ ਦਿੱਤੀ ਗਈ ਸਾਰਥਿਕ ਤੱਥਾਂ 'ਤੇ ਅਧਾਰਤ ਜਾਣਕਾਰੀ ਪ੍ਰਦਾਨ ਕਰਦੀ ਹੈ। ਇਹ ਪੁਸਤਕ ਖੋਜੀ ਵਿਦਿਆਰਥੀਆਂ ਲਈ ਬਹੁਤ ਹੀ ਲਾਭਦਾਇਕ ਸਾਬਤ ਹੋਵੇਗੀ ਕਿਉਂਕਿ ਇੱਕ ਪੁਸਤਕ ਵਿੱਚ ਹੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਪ੍ਰਬੰਧ ਦੇ ਸਾਰੇ ਪੱਖਾਂ ਦੀ ਜਾਣਕਾਰੀ ਉਪਲਭਧ ਹੈ। ਪ੍ਰੋ.ਤੇਜਾ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਇਤਿਹਾਸਕ ਪਿਛੋਕੜ ਬਾਰੇ ਲਿਖਦਿਆਂ ਰਾਜ ਦਾ ਆਧਾਰ ਸਿੱਖ ਧਰਮ ਦੀ ਧਰਮ ਨਿਰਪੱਖ ਵਿਚਾਰਧਾਰਾ ਦੱਸਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਦੇ ਵਰੋਸਾਏ ਬਾਬਾ ਬੰਦਾ ਸਿੰਘ ਬਹਾਦਰ ਨੇ ਇਸ ਵਿਚਾਰਧਾਰਾ 'ਤੇ ਸਿੱਖ ਰਾਜ ਸਥਾਪਤ ਕੀਤਾ ਸੀ। ਮਹਾਰਾਜਾ ਰਣਜੀਤ ਸਿੰਘ ਨੇ ਉਸ ਸੰਕਲਪ ਨੂੰ ਅੱਗੇ ਵਧਾਇਆ ਹੈ। 1809 ਤੱਕ ਸ੍ਰੀ ਅਕਾਲ ਤਖ਼ਤ ਅੰਮ੍ਰਿਤਸਰ ਨੇ ਰਾਜਨੀਤਕ ਸ਼ਕਤੀ ਨੂੰ ਧਾਰਮਿਕ ਸਰਦਾਰੀ ਨਾਲ ਸੰਮਿਲਤ ਕੀਤਾ ਹੋਇਆ ਸੀ। ਮਹਾਰਾਜਾ ਰਣਜੀਤ ਸਿੰਘ ਨੇ ਇਸ ਗੁਰਮਤੇ ਨੂੰ ਰਾਜਨੀਤਕ ਮਾਮਲਿਆਂ ਦੇ ਸੰਬੰਧ ਵਿੱਚ ਸਮਾਪਤ ਕਰ ਦਿੱਤਾ, ਜਿਸ ਅਨੁਸਾਰ ਸਿੱਖਾਂ ਅਤੇ ਗ਼ੈਰ ਸਿੱਖ ਸਲਾਹਕਾਰਾਂ ਦੀ ਸਲਾਹ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਜ਼ਾਤ ਬਰਾਦਰੀ ਨੂੰ ਤਿਲਾਂਜ਼ਲੀ ਦੇ ਕੇ ਰਾਜ ਪ੍ਰਬੰਧ ਚਲਾਇਆ। ਡਾ.ਗੰਡਾ ਸਿੰਘ ਦੇ ਪੁਸਤਕ ਵਿੱਚ ਤਿੰਨ ਲੇਖ ਹਨ। ਉਨ੍ਹਾਂ ਨੇ ਆਪਣੇ ਖੋਜੀ ਲੇਖਾਂ ਵਿੱਚ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਬਾਰੇ ਪੁਰਖਿਆਂ ਤੋਂ ਸ਼ੁਰੂ ਕਰਕੇ ਅਖ਼ੀਰ ਤੱਕ ਹੋਈਆਂ ਘਟਨਾਵਾਂ ਦਾ ਵਿਸਤਾਰ ਪੂਰਬਕ ਤੱਥਾਂ 'ਤੇ ਅਧਾਰਤ ਜਾਣਕਾਰੀ ਦਿੱਤੀ ਹੈ। ਕਿਵੇਂ ਮਹਾਰਾਜਾ ਰਣਜੀਤ ਸਿੰਘ ਨੇ ਮਿਸਲਾਂ ਨੂੰ ਆਪਣੇ ਰਾਜ ਵਿੱਚ ਸ਼ਾਮਲ ਕੀਤਾ ਤੇ ਤਲਵਾਰ ਲੈ ਕੇ ਹਰ ਮੁਹਿੰਮ ਦੀ ਬਹਾਦਰੀ ਨਾਲ ਅਗਵਾਈ ਕਰਦੇ ਰਹੇ। ਰਣਜੀਤ ਸਿੰਘ ਦੀ ਪ੍ਰਸ਼ਾਸ਼ਨਿਕ ਅਤੇ ਯੁਧ ਨੀਤੀ ਬਾਰੇ ਜਾਣਕਰੀ ਦਿੱਤੀ ਹੋਈ ਹੈ। ਮਹਾਰਾਜਾ ਰਣਜੀਤ ਸਿੰਘ ਦੀ ਪ੍ਰਸਿਧੀ ਕਰਕੇ 1822 ਵਿੱਚ ਇਟਲੀ ਦੇ ਵੈਨਤੂਰਾ ਅਤੇ ਫਰਾਂਸ ਦੇ ਐਲਾਰਡ ਲਾਹੌਰ ਵੱਲ ਆਕਰਸ਼ਿਤ ਹੋਏ, ਉਨ੍ਹਾਂ ਨੂੰ ਕ੍ਰਮ ਅਨੁਸਾਰ ਪੈਦਲ ਸੈਨਾ ਅਤੇ ਘੋੜ ਸਵਾਰ ਫ਼ੌਜ ਵਿੱਚ 2500 ਰੁਪਏ ਪ੍ਰਤੀ ਮਹੀਨਾ ਭਰਤੀ ਕਰ ਲਿਆ। ਉਨ੍ਹਾਂ ਮਹਾਰਾਜਾ ਰਣਜੀਤ ਸਿੰਘ ਦੇ ਸਿੱਖ ਰਾਜ ਦੇ ਪਤਨ ਬਾਰੇ ਵੀ ਤੱਥਾਂ ਨਾਲ ਸਬੂਤ ਦਿੰਦਿਆਂ ਲਿਖਿਆ ਹੈ। ਗੰਡਾ ਸਿੰਘ ਨੇ ਮਹਾਰਾਜਾ ਦੇ ਪਰਿਵਾਰ ਦੇ ਮੈਂਬਰਾਂ ਦੀ ਕਾਰਗੁਜ਼ਾਰੀ ਦਾ ਬਿਨਾ ਲਿਹਾਜ ਕੀਤਿਆਂ ਚਿੱਠਾ ਖੋਲ੍ਹ ਕੇ ਰੱਖ ਦਿੱਤਾ। ਸੀਤਾ ਰਾਮ ਕੋਹਲੀ ਨੇ ਆਪਣੇ ਲੇਖ ਵਿੱਚ ਸਿੱਖ ਮਿਸਲਾਂ ਦਾ ਸੰਗਠਨ ਅਤੇ ਖ਼ਾਲਸਾ ਫ਼ੌਜ ਬਾਰੇ ਦੱਸਿਆ ਕਿ ਉਨ੍ਹਾਂ ਦੇ ਰਾਜ ਦੇ ਆਲੇ ਦੁਆਲੇ ਛੋਟੀਆਂ ਛੋਟੀਆਂ ਰਿਆਸਤਾਂ ਅਤੇ 12 ਸਿੱਖ ਮਿਸਲਾਂ ਆਜ਼ਾਦ ਰਾਜ ਕਰਦੀਆਂ ਸਨ ਪ੍ਰੰਤੂ ਇਹ ਅੰਦਰੂਨੀ ਲੜਾਈ ਝਗੜਿਆਂ ਵਿੱਚ ਮਸਤ ਸਨ। ਰਾਜਸੀ ਸੂਝ ਬੂਝ ਨਾਲ ਉਨ੍ਹਾਂ ਨੂੰ ਇੱਕ ਝੰਡੇ ਹੇਠ ਇਕੱਠਾ ਕਰਕੇ ਆਪਣੇ ਅਧੀਨ ਲਿਆਂਦਾ। ਇੱਕ ਠੋਸ ਰਾਜ ਦੀ ਸਥਾਪਨਾ ਮਹਾਰਾਜੇ ਦੀ ਕਾਬਲੀਅਤ ਦਾ ਸਬੂਤ ਸੀ। ਫ਼ੌਜ ਦੇ ਸਾਰੇ ਅੰਗਾਂ ਵਿੱਚ ਇੱਕ ਲੱਖ ਵਿਅਕਤੀਆਂ ਦੀਆਂ ਲੋੜਾਂ ਦੀ ਪੂਰਤੀ ਕਰਨ ਵਾਲੇ ਉਦਯੋਗਾਂ ਦਾ ਰਾਜ ਦੁਆਰਾ ਲਗਾਏ ਗਏ ਕਾਰਖਾਨਿਆਂ ਵਿੱਚ ਲੜਾਈ ਦਾ ਸਾਮਾਨ ਬਣਨ ਲੱਗ ਪਿਆ। ਫ਼ੌਜੀ ਅਧਿਕਾਰੀਆਂ ਦੀਆਂ ਨਿਯੁਕਤੀਆਂ ਜ਼ਾਤਾਂ 'ਤੇ ਅਧਾਰਤ ਨਹੀਂ ਸਗੋਂ ਕਾਬਲੀਅਤ 'ਤੇ ਕੀਤੀਆਂ। ਇਹ ਸੋਚ ਕਾਬਲੇ ਤਾਰੀਫ਼ ਸੀ। ਆਪਣੀ ਹਿਫ਼ਾਜ਼ਤ ਲਈ ਗਰੁਪ ਬਣੇ ਤੇ ਗਰੁਪ ਲੀਡਰਾਂ ਨੂੰ ਨਵਾਬ ਕਪੂਰ ਸਿੰਘ ਨੇ ਇਕੱਠਿਆਂ ਕੀਤਾ ਤੇ ਦਲ ਖਾਲਸਾ ਬਣਾਇਆ। ਮਹਾਰਾਜਾ ਰਣਜੀਤ ਸਿੰਘ ਨੇ ਪੈਦਲ ਫ਼ੌਜ ਦੇ ਨਾਲ ਆਧੁਨਿਕ ਤਕਨੀਕਾਂ ਵਰਤਣ ਦੀ ਸਕੀਮ ਬਣਾਈ। ਪੈਦਲ ਤੇ ਤੋਪਖਾਨਾ ਫ਼ੌਜ ਨੂੰ ਸਿਖਲਾਈ ਦਵਾਈ। ਹਰੀ ਰਾਮ ਗੁਪਤਾ ਨੇ ਵਿਸਤਾਰ ਨਾਲ ਦੱਸਿਆ ਕਿ ਮਹਾਰਾਜਾ ਰਣਜੀਤ ਸਿੰਘ ਦੀ ਦੂਰਅੰਦੇਸ਼ੀ ਨੇ ਪੈਦਲ ਤੇ ਤੋਪਖਾਨਾ ਫ਼ੌਜੀਆਂ ਦੀਆਂ ਤਨਖਾਹਾਂ ਆਦਿ ਦਾ ਸੁਚੱਜਾ ਪ੍ਰਬੰਧ ਕੀਤਾ। ਯੂਰਪੀਨ ਅਧਿਕਾਰੀ ਅਤੇ ਤੋਪਚੀ ਫ਼ੌਜੀਆਂ ਨੂੰ ਸਿੱਖਿਅਤ ਕਰਨ ਲਈ ਬੁਲਾਏ ਗਏ। ਤੋਪਖਾਨੇ ਨੂੰ ਵੱਖ ਵੱਖ ਵਿਭਾਗਾਂ ਵਿੱਚ ਵੰਡ ਕੇ ਵਰਗੀਕਰਣ ਕੀਤਾ ਗਿਆ। ਤੋਪਾਂ ਦੀ ਢਲਾਈ ਲਈ ਲਾਹੌਰ ਵਿੱਚ ਫ਼ਾਊਂਡਰੀ ਬਣਾਈ ਹੋਈ ਸੀ। ਘੋੜ ਸਵਾਰ ਫ਼ੌਜ ਨੂੰ ਪੱਛਵੀਂ ਲੀਹਾਂ 'ਤੇ ਸਿਖਲਾਈ ਕੋਰਸ ਕਰਵਾਏ ਜਾਂਦੇ ਸਨ। ਅਨੁਸ਼ਾਸਨ ਦੇ ਕਠੋਰ ਨਿਯਮ ਸਨ। ਇਨ੍ਹਾਂ ਦੇ ਵਰਗੀਕਰਣ ਵਿੱਚ ਨਿਯਮਤ ਘੋੜ ਸਵਾਰ, ਘੋੜਚੜ੍ਹਾ ਫ਼ੌਜ ਅਤੇ ਜਾਗੀਰਦਾਰੀ ਫ਼ੌਜ। ਜਿਨ੍ਹਾਂ ਸ਼ਾਸ਼ਕਾਂ ਨੂੰ ਹਰਾਇਆ ਤੇ ਆਪਣੇ ਨਾਲ ਜੋੜਿਆ, ਉਨ੍ਹਾਂ ਦੀ ਵਫ਼ਦਾਰੀ ਜਿੱਤਣ ਲਈ ਬਖ਼ਸ਼ਿਸ਼ਾਂ ਦਿੱਤੀਆਂ ਜਾਂਦੀਆਂ ਸਨ। ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਕੁਝ ਭੱਤੇ ਦਿੱਤੇ ਜਾਂਦੇ ਸਨ। ਇਸ ਤੋਂ ਇਲਾਵਾ ਪੁਰਸਕਾਰ ਵਿੱਚ ਖਿਲਅਤ ਦਿੱਤੀ ਜਾਂਦੀ ਸੀ, ਉਸ ਵਿੱਚ ਬਸਤਰ, ਗਹਿਣੇ ਆਦਿ ਅਤੇ ਖਿਤਾਬ ਵੀ ਦਿੱਤੇ ਜਾਂਦੇ ਸਨ। ਪੱਛਵੀਂ ਤਰਜ 'ਤੇ 'ਆਰਡਰ ਆਫ ਮੈਰਿਟ ਜਾਂ ਸਟਾਰ ਆਫ ਦਾ ਪੰਜਾਬ' ਜਿਸ ਵਿੱਚ ਬਹੁਤ ਮਹਿੰਗੀਆਂ ਚੀਜ਼ਾਂ ਦਿੱਤੀਆਂ ਜਾਂਦੀਆਂ ਸਨ। ਡਾ.ਜੀ ਐਲ.ਚੋਪੜਾ ਨੇ ਆਪਣੇ ਲੇਖ ਵਿੱਚ ਦੱਸਿਆ ਸਿਵਲ ਪ੍ਰਸ਼ਾਸਨ ਚਲਾਉਣ ਲਈ 15 ਵਿਭਾਗ ਸਥਾਪਤ ਕੀਤੇ ਸਨ। ਇਸ ਤੋਂ ਬਾਅਦ 'ਟਾਲ ਮਟੋਲ ਵਾਲੇ ਮਹਿਕਮੇ' ਸਨ, ਜਿਸ ਤੋਂ ਭਾਵ ਹੈ ਕਿ ਸਾਰਾ ਕੰਮ ਇੱਕ ਨਿਯਮਤ ਢੰਗ ਨਾਲ ਕੀਤਾ ਜਾਂਦਾ ਸੀ। ਮਹਾਰਾਜੇ ਦਾ ਹੁਕਮ ਇੱਕ ਤੋਂ ਬਾਅਦ ਅੱਗੇ ਤੋਂ ਅੱਗੇ ਸਾਰੇ ਮਹਿਕਮਿਆਂ ਨੂੰ ਭੇਜਿਆ ਜਾਂਦਾ ਸੀ। ਕੋਈ ਹੇਰਾਫੇਰੀ ਨਹੀਂ ਹੋ ਸਕਦੀ ਸੀ। 'ਵਿੱਤੀ ਪ੍ਰਸ਼ਾਸਨ' ਵਿੱਚ ਦੱਸਿਆ ਗਿਆ ਕਿ ਖ਼ਰਚੇ ਦਾ ਸਹੀ ਢੰਗ ਨਾਲ ਹਿਸਾਬ ਕਿਤਾਬ ਰੱਖਿਆ ਜਾਂਦਾ ਸੀ। ਬਾਕਾਇਦਾ ਨਿਯੁਕਤ ਕੀਤੇ ਮੁੱਖ ਮੰਤਰੀ ਤੇ ਵਿੱਤ ਮੰਤਰੀ ਰਾਹੀਂ ਮਹਾਰਾਜੇ ਦੇ ਹੁਕਮ ਲਾਗੂ ਹੁੰਦੇ ਸੀ। ਇਲਾਕਾਈ ਵੰਡ ਵਿੱਚ ਚਾਰ ਸੂਬੇ ਲਾਹੌਰ, ਮੁਲਤਾਨ, ਕਸ਼ਮੀਰ ਅਤੇ ਪੇਸ਼ਾਵਰ ਸਨ। ਲਾਹੌਰ ਵਿੱਚ ਇੱਕ ਵਿਸ਼ੇਸ਼ ਅਦਾਲਤ ਸੀ। ਗ਼ਲਤ ਫ਼ੈਸਲੇ ਨਹੀਂ ਹੁੰਦੇ ਸਨ ਕਿਉਂਕਿ ਮਹਾਰਾਜੇ ਦਾ ਡਰ ਬਰਕਰਾਰ ਰਹਿੰਦਾ ਸੀ। ਅਦਾਲਤੀ ਪ੍ਰਬੰਧ ਵਿੱਚ ਲਿਖਤੀ ਕੋਈ ਪ੍ਰਣਾਲੀ ਨਹੀਂ ਸੀ। ਪਿੰਡ ਪੱਧਰ 'ਤੇ ਪੰਚਾਇਤ, ਸਾਲਸੀ, ਕਾਰਦਾਰਾਂ ਅਤੇ ਮਹੱਤਵਪੂਰਨ ਮਸਲਿਆਂ ਲਈ ਅਧਿਕਾਰੀ ਨਿਯੁਕਤ ਕੀਤੇ ਜਾਂਦੇ ਸਨ। ਕਤਲ ਦੇ ਕੇਸਾਂ ਵਿੱਚ ਜ਼ੁਰਮਾਨੇ ਹੁੰਦੇ ਸਨ। ਜ਼ਮੀਨਾ ਦੇ ਫ਼ੈਸਲੇ ਰਿਕਾਰਡ ਅਨੁਸਾਰ ਹੁੰਦੇ ਸਨ। ਹਰਦਿੱਤ ਸਿੰਘ ਢਿਲੋਂ ਨੇ ਕਰ ਪ੍ਰਣਾਲੀ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਹੈ ਕਿ ਪ੍ਰਣਾਲੀ ਬਹੁਤ ਸਰਲ ਸੀ। ਜ਼ਮੀਨ ਤੋਂ ਕਰ ਇਕੱਤਰ ਕਰਨ ਦੀ ਪ੍ਰਣਾਲੀ ਬਿਲਕੁਲ ਵਰਤਮਾਨ ਪੰਜਾਬ ਵਰਗੀ 7 ਪ੍ਰਕਾਰ ਦੀ ਸੀ। ਬਟਾਈ, ਕਨਕੂਤ, ਨਕਦ ਭੁਗਤਾਨ, ਮਿਸ਼੍ਰਿਤ ਪ੍ਰਣਾਲੀ, ਬਿੱਘਾ-ਆਧਾਰ ਪ੍ਰਣਾਲੀ, ਹਲ-ਆਧਾਰ ਪ੍ਰਣਾਲੀ ਅਤੇ ਖੂਹ-ਆਧਾਰ ਪ੍ਰਣਾਲੀ ਸੀ। ਇਹ ਕਰ ਭੂਮੀ ਦੀ ਉਪਜਾਊ ਸ਼ਕਤੀ ਅਨੁਸਾਰ ਨਿਸ਼ਚਤ ਕੀਤੇ ਜਾਂਦੇ ਸਨ। ਸਾਲ ਵਿਚ ਦੋ ਵਾਰ ਕਰ ਲਿਆ ਜਾਂਦਾ ਸੀ। ਸੀਮਾ ਕਰ ਤੇ ਆਬਕਾਰੀ ਕਰ ਵੀ ਲਾਗੂ ਸੀ। ਜਾਗੀਰਾਂ, ਇਜਾਰੇਦਾਰੀਆਂ ਨਿਆਇਕ ਸੰਸਥਾਵਾਂ ਦਾ ਕਰ ਅਤੇ ਕਿੱਤਾ ਕਰ ਵੀ ਲਗਾਏ ਹੋਏ ਸਨ। ਹਰਬੰਸ ਸਿੰਘ ਨੇ ਖੇਤੀਬਾੜੀ ਪ੍ਰਬੰਧ ਦੀ ਜਾਣਕਾਰੀ ਦਿੱਤੀ, ਜਿਸ ਅਨੁਸਾਰ ਕਿਸਾਨਾ ਦਾ ਖਾਸ ਧਿਆਨ ਰੱਖਿਆ ਜਾਂਦਾ ਸੀ। ਜਿਥੇ ਸਿੰਜਾਈ ਦਾ ਪ੍ਰਬੰਧ ਨਹੀਂ ਸੀ ਉਥੇ ਨਹਿਰ ਪੁੱਟ ਕੇ ਸਿੰਜਾਈ ਦਾ ਪ੍ਰਬੰਧ ਕੀਤਾ ਜਾਂਦਾ ਸੀ। ਬੈਰਾਨੀ ਇਲਾਕਿਆਂ ਵਿੱਚ ਪਸ਼ੂ ਪਾਲਣ 'ਤੇ ਜ਼ੋਰ ਦਿੱਤਾ ਜਾਂਦਾ ਸੀ। ਕਣਕ ਮੁੱਖ ਫਸਲ ਸੀ। ਸਿੰਜਾਈ ਵਿਵਸਥਾ ਬਾਰੇ ਗੁਰਦਿੱਤ ਸਿੰਘ ਨੇ ਲਿਖਿਆ ਕਿ ਮਹਾਰਾਜਾ ਨੇ ਬੰਜਰ ਇਲਾਕੇ ਤੇ ਖਾਸ ਤੌਰ 'ਤੇ ਮੁਲਤਾਨ ਦੇ ਇਲਾਕੇ ਲਈ ਨਹਿਰਾਂ ਖੁਦਵਾ ਕੇ ਨਹਿਰੀ ਸਿੰਜਾਈ ਦਾ ਪ੍ਰਬੰਧ ਕੀਤਾ। 16 ਨਹਿਰਾਂ ਵਿੱਚੋਂ 9 ਸਤਲੁਜ 7 ਝਨਾਅ ਦਰਿਆ 'ਚੋਂ ਕੱਢੀਆਂ ਗਈਆਂ ਸਨ। ਲਗਪਗ 10 ਲੱਖ ਏਕੜ ਨਹਿਰੀ ਸਿੰਜਾਈ ਅਧੀਨ ਲਿਆਂਦਾ। ਆਬਿਆਨਾ 12 ਰੁਪਏ ਪ੍ਰਤੀ ਝਲਾਰ ਲਿਆ ਜਾਂਦਾ ਸੀ। ਖੂਹ ਟੈਕਸ ਰੱਬੀ ਫ਼ਸਲ ਲਈ 1 ਰੁਪਿਆ ਤੇ ਖਰੀਫ਼ ਲਈ 2 ਰੁਪਏ ਸੀ। ਪ੍ਰੋ. ਸੱਯਦ ਅਬਦੁਲ ਕਾਦਿਰ ਅੰਗਰੇਜ਼ਾਂ ਨਾਲ ਸੰਬੰਧਾਂ ਬਾਰੇ ਲਿਖਦਾ ਹੈ ਕਿ ਮਹਾਰਾਜਾ ਨੇ ਬਹੁਤ ਹੀ ਸਿਆਣਪ ਨਾਲ ਅੰਗਰੇਜ਼ਾਂ ਨਾਲ ਕੋਈ ਪੰਗਾ ਨਹੀਂ ਲਿਆ, ਸਗੋਂ ਸਦਭਾਵਨਾ ਦਾ ਮਾਹੌਲ ਬਣਾਈ ਰੱਖਿਆ, ਜਿਸ ਦੇ ਸਿੱਟੇ ਵਜੋਂ ਸਤਲੁਜ ਦੇ ਉਰਾਰ ਦੀਆਂ ਰਿਆਸਤਾਂ ਨੂੰ ਆਪਣੀ ਸਿੱਖਾਂ ਦਾ ਰਾਜਾ ਬਣਨ ਦੀ ਇੱਛਾ ਪੂਰੀ ਨਾ ਕਰ ਸਕਿਆ ਪ੍ਰੰਤੂ ਇਸ ਪਾਸਿਉਂ ਉਸ ਨੂੰ ਅੰਗਰੇਜ਼ਾਂ ਤੋਂ ਕੋਈ ਡਰ ਨਾ ਰਿਹਾ। ਜਿਸ ਕਰਕੇ ਮੁਲਤਾਨ, ਝੰਗ, ਕਸ਼ਮੀਰ, ਡੇਰਾ ਇਸਮਾਈਲ ਖ਼ਾਨ, ਡੇਰਾ ਗਾਜ਼ੀ ਖਾਨ, ਪੇਸ਼ਾਵਰ ਅਤੇ ਪੰਜਾਬ ਦੇ ਮੈਦਾਨੀ ਇਲਾਕੇ, ਲਾਹੌਰ ਤੋਂ ਖੈਬਰ ਦੱਰੇ ਤੱਕ ਤੇ ਦੂਜੇ ਪਾਸੇ ਲਾਹੌਰ ਤੋਂ ਸਿੰਧ ਦਰਿਆ ਤੱਕ ਸਾਰਾ ਇਲਾਕਾ ਜਿੱਤ ਲਿਆ। ਇੱਕ ਕਿਸਮ ਨਾਲ ਸਿੱਖਾਂ ਦਾ ਰੱਖਿਅਕ ਵੀ ਅਖਵਾਇਆ। ਸਿੰਧ, ਸ਼ਿਕਾਰਪੁਰ ਤੇ ਫ਼ੀਰੋਜਪੁਰ ਵੀ ਅੰਗਰੇਜ਼ਾਂ ਨੇ ਮਹਾਰਾਜਾ ਨੂੰ ਨਾ ਦਿੱਤੇ। ਤਿਪੱਖੀ ਸੰਧੀ ਵੀ ਮਜ਼ਬੂਰਨ ਕਰਨੀ ਪਈ। ਇਹ ਕਿਹਾ ਜਾ ਸਕਦਾ ਹੈ ਕਿ ਅੰਗਰੇਜ਼ਾਂ ਦੇ ਵਾਅਦਿਆਂ ਤੋਂ ਮੁਕਰਨ ਦੇ ਬਾਵਜੂਦ ਮਹਾਰਾਜਾ ਦੀ ਸਮਝੌਤਾ ਰੁਚੀ ਹੀ ਕੂਟਨੀਤੀ ਦੀ ਆਤਮਾ ਹੈ। ਉਹ ਅੰਗਰੇਜ਼ਾਂ ਨਾਲ ਟਕਰਾਓ ਤੋਂ ਬਚਦਾ ਰਿਹਾ। ਪ੍ਰੋ.ਗੁਲਸ਼ਨ ਰਾਏ ਨੇ ਰਣਜੀਤ ਸਿੰਘ ਅਤੇ ਭਾਰਤ ਦੀ ਉੱਤਰ ਪੱਛਮੀ ਸੀਮਾ ਬਾਰੇ ਲੇਖ ਵਿੱਚ ਲਿਖਿਆ ਕਿ ਅੰਗਰੇਜ਼ਾਂ ਨਾਲ ਸਮਝੌਤੇ, ਉਨ੍ਹਾਂ ਦੀਆਂ ਕੂਟਨੀਤਕ ਚਾਲਾਂ ਕਰਕੇ ਰਣਜੀਤ ਸਿੰਘ ਸਿਰਫ ਪੱਛਮ ਵਲ ਹੀ ਆਪਣਾ ਰਾਜ ਸਥਾਪਤ ਕਰ ਸਕਿਆ। ਪ੍ਰੋ.ਗੁਰਮੁਖ ਨਿਹਾਲ ਸਿੰਘ ਨੇ ਰਣਜੀਤ ਸਿੰਘ ਦੀਆਂ ਮਜ਼ਬੂਰੀਆਂ ਅਤੇ ਚਾਰ ਮੁੱਖ ਸਫਲਤਾਵਾਂ ਅਸਫਲਤਾਵਾਂ ਦਾ ਜ਼ਿਕਰ ਕਰਦਿਆਂ ਲਿਖਿਆ ਹੈ ਕਿ ਉਸਦੇ ਸ਼ਾਸ਼ਨ ਦਾ ਰਾਸ਼ਟਰੀ ਸਰੂਪ ਸੀ, ਅਧਿਕਾਰ ਭਾਵੇਂ ਵੰਡੇ ਹੋਏ ਸਨ ਪ੍ਰੰਤੂ ਆਖ਼ਰੀ ਹੁਕਮ ਉਸਦਾ ਹੁੰਦਾ ਸੀ, ਕੁਝ ਬੰਦਿਆਂ ਨੂੰ ਜ਼ਿਆਦਾ ਅਧਿਕਾਰ ਦਿੱਤੇ ਹੋਏ ਸਨ, ਜਿਹੜੇ ਸਿੱਖ ਰਾਜ ਦੇ ਖਾਤਮੇ ਦਾ ਕਾਰਨ ਬਣੇ ਅਤੇ ਚੌਥਾ ਨਿਆਂ ਅਧਿਕਾਰੀਆਂ ਤੇ ਸਰਦਾਰਾਂ ਕੋਲ ਸੀ ਪ੍ਰੰਤੂ ਉਸਦਾ ਫ਼ੈਸਲਾ ਆਖਰੀ ਹੁੰਦਾ ਸੀ ਕਿਉਂਕਿ ਉਹ ਆਪ ਦੌਰੇ ਬਹੁਤ ਕਰਦਾ ਸੀ। ਬਾਵਾ ਪ੍ਰੇਮ ਸਿੰਘ ਹੋਤੀ ਲਿਖਦੇ ਹਨ ਕਿ ਮਹਾਰਾਜਾ ਨੇ 40 ਸਾਲ ਰਾਜ ਕੀਤਾ, ਕਿਸੇ ਨੂੰ ਵੀ ਮੌਤ ਦੀ ਸਜਾ ਨਹੀਂ ਦਿੱਤੀ। ਬਚਨ ਦਾ ਪੱਕਾ ਸੀ। ਨਿਆਇਕ ਪ੍ਰਣਾਲੀ ਭਾਵ ਪੂਰਤ ਸੀ। ਸ਼ਾਸ਼ਨ ਧਾਰਮਿਕ ਭੇਦਭਾਵ ਤੋਂ ਰਹਿਤ ਲੋਕ ਸ਼ਾਸ਼ਨ ਸੀ। ਗ਼ਲਤੀ ਸੁਧਾਰਨ ਦੇ ਹੱਕ ਵਿੱਚ ਸੀ। ਸਿੱਖੀ ਦਾ ਪੱਕਾ ਪ੍ਰੰਤੂ ਸਾਰੇ ਧਰਮਾ ਦਾ ਸਤਿਕਾਰ ਕਰਦਾ ਸੀ। ਕੇ.ਸੀ.ਖੰਨਾ ਮਹਾਰਾਜਾ ਦੇ ਰਾਸ਼ਟਰ ਨਿਰਮਾਤਾ ਦੇ ਰੂਪ ਵਿੱਚ ਕੀਤੇ ਕੰਮਾ ਬਾਰੇ ਲਿਖਦਾ ਹੈ ਕਿ ਉਸ ਨੇ ਧਰਮ ਦੀ ਥਾਂ ਧਰਮ ਨਿਰਪੱਖਤਾ ਨੂੰ ਆਪਣੀ ਸੱਤਾ ਦਾ ਆਧਾਰ ਬਣਾਇਆ ਸੀ।

ਰਣਜੀਤ ਸਿੰਘ ਨੇ ਉਚਿਤ ਕੰਮ ਲਈ ਉਚਿਤ ਬੰਦੇ ਚੁਣੇ ਜ਼ਾਤ ਤੇ ਧਰਮ ਦੀ ਥਾਂ ਕੁਸ਼ਲਤਾ ਨੂੰ ਤਰਜੀਹ ਦਿੱਤੀ। ਮਹਾਰਾਜਾ ਨੇ ਸਰਕਾਰ ਚਲਾਉਣ ਲਈ ਸਾਰੀਆਂ ਸੰਪਰਦਾਵਾਂ ਦੀ ਇਕਸਾਰਤਾ ਰੱਖੀ, ਜਿਸ ਕਰਕੇ ਉਸ ਦਾ ਸ਼ਾਸਨ ਰਾਸ਼ਟਰੀ ਪ੍ਰਤੀਤ ਹੁੰਦਾ ਹੈ। ਸਰ ਜੋਗੇਂਦਰਾ ਸਿੰਘ ਨੇ ਆਪਣੇ ਲੇਖ ਵਿੱਚ ਮਹਾਰਾਜਾ ਦੀ ਕੁਸ਼ਲ ਪ੍ਰਬੰਧਕੀ ਕਾਬਲੀਅਤ ਨੂੰ ਸਲਾਮ ਅਤੇ ਹਰਬੰਸ ਸਿੰਘ ਨੇ ਘੋੜਿਆਂ ਦੇ ਪ੍ਰੇਮ ਬਾਰੇ ਜਾਣਕਾਰੀ ਦਿੱਤੀ ਹੈ। ਇਸ ਤੋਂ ਇਲਾਵਾ ਪੁਸਤਕ ਦੇ ਪਹਿਲੇ ਐਡੀਸ਼ਨ ਬਾਰੇ ਪ੍ਰਤੀਕਰਮ ਦਿੱਤੇ ਗਏ ਹਨ।

304 ਪੰਨਿਆਂ, 350 ਰੁਪਏ ਕੀਮਤ ਵਾਲੀ ਇਹ ਪੁਸਤਕ ਲੋਕਗੀਤ ਪ੍ਰਕਾਸ਼ਨ ਮੋਹਾਲੀ ਨੇ ਪ੍ਰਕਾਸ਼ਤ ਕੀਤੀ ਹੈ।

* * * * *

# ਆਓ ! ਕਿਤਾਬਾਂ ਨੂੰ ਬਜਟ ਵਿੱਚ ਥਾਂ ਦੇਈਏ

ਮਾਸਟਰ ਸੰਜੀਵ ਧਰਮਾਣੀ
9478561356



ਹਰ ਕੋਈ ਆਪਣੀ ਆਮਦਨ, ਜ਼ਰੂਰਤਾਂ, ਖਰਚ ਆਦਿ ਦੇ ਅਨੁਸਾਰ ਆਪਣਾ ਨਿਰਧਾਰਿਤ ਬਜਟ ਨਿਸ਼ਚਿਤ ਕਰਕੇ ਯੋਜਨਾਬੰਦੀ ਬਣਾ ਰੱਖਦਾ ਹੈ । ਇਸ ਯੋਜਨਾਬੰਦੀ ਵਿੱਚ ਅਨੇਕਾਂ ਵਸਤਾਂ, ਜ਼ਰੂਰਤਾਂ, ਖਰੀਦਦਾਰੀਆਂ, ਮਨੋਰੰਜਨ ਸਾਧਨਾਂ ਅਤੇ ਮੁਢਲੀਆਂ ਜ਼ਰੂਰਤਾਂ ਨੂੰ ਪਹਿਲ ਦਿੱਤੀ ਜਾਂਦੀ ਹੈ । ਜੋ ਕਿ ਘਰ - ਪਰਿਵਾਰ ਚਲਾਉਣ ਲਈ ਬਹੁਤ ਜ਼ਰੂਰੀ ਹੈ , ਪਰ ਅਕਸਰ ਦੇਖਣ ਵਿੱਚ ਆਉਂਦਾ ਹੈ ਕਿ ਅਸੀਂ ਆਪਣੀਆਂ ਵੱਖ - ਵੱਖ ਜ਼ਰੂਰਤਾਂ ਅਤੇ ਲੋੜਾਂ ਦੇ ਅਨੁਸਾਰ ਤਾਂ ਪੈਸੇ ਦਾ ਪ੍ਰਬੰਧ ਕਰਦੇ ਹੀ ਹਾਂ, ਪਰ ਆਪਣੇ ਬੌਧਿਕ ਤੇ ਮਾਨਸਿਕ ਵਿਕਾਸ ਦੇ ਲਈ ਇਸ ਵੱਲ ਉਚੇਚਾ ਧਿਆਨ ਦੇਣ ਤੋਂ ਅਵੇਸਲੇ ਹੋ ਜਾਂਦੇ ਹਾਂ । ਇਸ ਤੋਂ ਇਲਾਵਾ ਦੇਖਣ ਵਿੱਚ ਇਹ ਵੀ ਆਉਂਦਾ ਹੈ ਕਿ ਅਸੀਂ ਜਦੋਂ ਵੀ ਬਾਜ਼ਾਰ ਆਦਿ ਵਿੱਚ ਖਰੀਦਦਾਰੀ ਕਰ ਰਹੇ ਹੁੰਦੇ ਹਾਂ, ਤਾਂ ਹਰ ਸਸਤੀ ਤੇ ਮਹਿੰਗੀ ਵੱਖ - ਵੱਖ ਤਰ੍ਹਾਂ ਦੀ ਖਰੀਦਦਾਰੀ ਕਰਦੇ ਹੀ ਹਾਂ ਅਤੇ ਕਾਫੀ ਖ਼ਰਚਾ ਵੀ ਕਰਦੇ ਹਾਂ, ਪਰ ਚੰਗੀਆਂ ਅਤੇ ਜੀਵਨ ਸੇਧ ਦੇਣ ਵਾਲੀਆਂ ਕਿਤਾਬਾਂ - ਰਸਾਲੇ ਆਦਿ ਖ਼ਰੀਦਣ ਤੋਂ ਗੁਰੇਜ਼ ਕਰਨ ਲੱਗ ਪੈਂਦੇ ਹਾਂ ਅਤੇ ਅਜਿਹੀ ਖਰੀਦਦਾਰੀ ਵੱਲ ਬਹੁਤਾ ਧਿਆਨ ਨਹੀ ਦਿੰਦੇ । ਅਕਸਰ ਇਹ ਵੀ ਦੇਖਣ ਵਿੱਚ ਆਉਂਦਾ ਹੈ ਕਿ ਵੀਹ ਤੋਂ ਪੰਜਾਹ ਲੱਖ ਰੁਪਏ ਤੱਕ ਦੀ ਬਣਾਈ ਕੋਠੀ /ਘਰ ਵਿੱਚ ਹੋਰ ਭੌਤਿਕ ਸੁੱਖ - ਸਹੂਲਤਾਂ ਦੇ ਸਾਧਨਾਂ ਦੀ ਤਾਂ ਬਹੁਤ ਭਰਮਾਰ ਹੁੰਦੀ ਹੈ, ਪਰ ਇੰਨੀ ਮਹਿੰਗੀ ਕੋਠੀ ਜਾਂ ਘਰ ਵਿੱਚ ਕੋਈ ਕਿਤਾਬ ਲੱਭਿਆਂ ਵੀ ਨਹੀਂ ਮਿਲਦੀ । ਜੋ ਕਿ ਸਾਡੇ ਲਈ, ਸਾਡੇ ਸਮਾਜ ਲਈ ਅਤੇ ਸਾਡੇ ਪਰਿਵਾਰ ਦੇ ਲਈ ਬਹੁਤ ਚਿੰਤਾ ਵਾਲੀ ਗੱਲ ਹੈ, ਕਿਉਂਕਿ ਘਰ - ਪਰਿਵਾਰ ਵਿੱਚ ਮੌਜੂਦ ਕਿਤਾਬਾਂ, ਰਸਾਲੇ, ਅਖ਼ਬਾਰਾਂ ਆਦਿ ਪਰਿਵਾਰਕ ਜੀਆਂ ਦੇ ਬੌਧਿਕ ਪੱਧਰ , ਉਨ੍ਹਾਂ ਦੀ ਸੋਚ ਅਤੇ ਉਨ੍ਹਾਂ ਦੇ ਗਿਆਨ ਦੀ ਝਲਕ ਹੁੰਦੀਆਂ ਹਨ । ਇੱਥੋਂ ਹੀ



ਪਰਿਵਾਰ ਦੀ ਬੌਧਿਕਤਾ, ਸੋਚ ਅਤੇ ਗਿਆਨ ਦਾ ਪਤਾ ਲੱਗਦਾ ਹੈ । ਇਸ ਵਿੱਚ ਕੋਈ ਦੋ - ਰਾਏ ਨਹੀਂ ਕਿ ਬੌਧਿਕ ਖੁਸ਼ਹਾਲੀ, ਬੌਧਿਕ ਪ੍ਰਫੁੱਲਤਾ ਅਤੇ ਬੌਧਿਕ ਤੇ ਮਾਨਸਿਕ ਵਿਕਾਸ ਦੇ ਲਈ ਚੰਗੀਆਂ ਕਿਤਾਬਾਂ ਅਤੇ ਰਸਾਲਿਆਂ ਦੀ ਹੀ ਬਹੁਤ ਵੱਡੀ, ਮਹੱਤਵਪੂਰਨ ਅਤੇ ਅਹਿਮ ਭੂਮਿਕਾ ਹੁੰਦੀ ਹੈ ।ਇਹ ਪੁਸਤਕਾਂ ਸਾਨੂੰ ਉਚੇਚਾ ਗਿਆਨ ਪ੍ਰਦਾਨ ਕਰਕੇ ਸਾਡਾ ਬੌਧਿਕ ਪੱਧਰ ਉੱਚਾ ਤੇ ਸੁੱਚਾ ਬਣਾ ਦਿੰਦੀਆਂ ਹਨ । ਜਿਸ ਬਾਰੇ ਕਿ ਅਸੀਂ ਕਈ ਵਾਰ ਸੋਚ ਵੀ ਨਹੀਂ ਸਕਦੇ। ਚੰਗੀਆਂ ਕਿਤਾਬਾਂ - ਰਸਾਲੇ ਸਾਡੀ ਸ਼ਬਦਾਵਲੀ ਵਿੱਚ ਵਾਧਾ ਕਰਦੇ ਹੀ ਹਨ, ਨਾਲ ਹੀ ਦੇਸ਼ - ਵਿਦੇਸ਼, ਇਤਿਹਾਸ, ਤੱਤਕਾਲੀਨ ਸਮੇਂ ਬਾਰੇ ਅਤੇ ਹੋਰ ਜਾਗਰੂਕਤਾ ਪੈਦਾ ਕਰਕੇ ਸਾਨੂੰ ਸੂਝਵਾਨ ਨਾਗਰਿਕ ਵੀ ਬਣਾਉਂਦੇ ਹਨ । ਅਸੀਂ ਚੰਗੀਆਂ ਕਿਤਾਬਾਂ ਪੜ੍ਹ ਕੇ ਅਤੇ ਚੰਗੇ ਰਸਾਲੇ ਪੜ੍ਹ ਕੇ ਚੰਗੇ ਮੁਕਾਮ ਵੀ ਹਾਸਲ ਕਰ ਸਕਦੇ ਹਾਂ । ਚੰਗੀਆਂ ਪੁਸਤਕਾਂ ਤੇ ਚੰਗੇ ਰਸਾਲਿਆਂ ਦੀ ਸਿਫ਼ਤ ਕਰਨਾ ਸ਼ਾਇਦ ਕਲਮ ਦੇ ਵੱਸ ਵਿੱਚ ਨਹੀਂ ਹੈ । ਚੰਗੀਆਂ ਕਿਤਾਬਾਂ ਸਾਨੂੰ ਕੀ ਕੁਝ ਦੇ ਛਡਦੀਆਂ ਹਨ, ਇਹ ਤਾਂ ਕਿਤਾਬਾਂ ਪੜ੍ਹਨ ਵਾਲੇ ਕਿਤਾਬਾਂ ਦੇ ਰਸੀਏ ਹੀ ਜਾਣ ਸਕਦੇ ਹਨ । ਚੰਗੀਆਂ ਕਿਤਾਬਾਂ ਪੜ੍ਹਨਾ ਸਾਡੀ ਰੂਹ ਦੀ ਖ਼ੁਰਾਕ ਲਈ ਬਹੁਤ ਹੀ ਜ਼ਰੂਰੀ ਹੈ । ਵਿਦਵਾਨਾਂ ਦਾ ਵੀ ਕਥਨ ਹੈ ਕਿ ਕਿਤਾਬਾਂ ਪੜ੍ਹਨਾ ਮਨੋਰੰਜਨ ਦਾ ਬਹੁਤ ਵੱਡਾ ਸਾਧਨ ਹੈ। ਸਾਡੇ ਮਹਾਨ ਵਿਦਵਾਨ, ਮਹਾਂਪੁਰਖ, ਬੁੱਧੀਜੀਵੀ ਤੇ ਦੇਸ਼ ਭਗਤ ਕਿਸੇ ਨਾ ਕਿਸੇ ਤਰ੍ਹਾਂ ਚੰਗੀਆਂ ਕਿਤਾਬਾਂ, ਚੰਗੇ ਰਸਾਲਿਆਂ, ਅਖ਼ਬਾਰਾਂ ਆਦਿ ਨਾਲ ਜੁੜੇ ਹੀ ਰਹੇ। ਕਿਤਾਬਾਂ ਜਿੱਥੇ ਸਾਡਾ ਮਨੋਰੰਜਨ ਕਰਦੀਆਂ ਹਨ , ਉੱਥੇ ਸਾਨੂੰ ਵੱਡੇ - ਵੱਡੇ ਮੁਕਾਮ ਵੀ ਹਾਸਲ ਕਰਵਾਉਣ ਵਿੱਚ ਸਾਡੀ ਸਹਾਇਤਾ ਕਰਦੀਆਂ ਹਨ। ਇਸ ਸਭ ਦੇ ਲਈ ਜ਼ਰੂਰੀ ਹੈ ਕਿ ਅਸੀਂ ਆਪਣੇ ਬਜਟ ਵਿੱਚ ਚੰਗੀਆਂ ਕਿਤਾਬਾਂ, ਚੰਗੇ ਰਸਾਲਿਆਂ ਅਤੇ ਅਖ਼ਬਾਰਾਂ ਨੂੰ ਜ਼ਰੂਰ ਥਾਂ ਦੇਈਏ, ਤਾਂ ਜੋ ਘਰ ਦੇ ਵਿੱਚ ਹੋਰ ਸਾਰੇ ਵਿਕਾਸ ਹੋਣ ਦੇ ਨਾਲ - ਨਾਲ ਪਰਿਵਾਰ ਦਾ ਬੌਧਿਕ ਤੇ ਮਾਨਸਿਕ ਵਿਕਾਸ ਵੀ ਜ਼ਰੂਰ ਹੋਵੇ ਅਤੇ ਜੇਕਰ ਘਰ ਦੇ ਵਿੱਚ ਨਿਰਧਾਰਿਤ ਥਾਂ 'ਤੇ ਛੋਟੀ -ਵੱਡੀ ਲਾਇਬ੍ਰੇਰੀ ਬਣਾ ਲਈ ਜਾਵੇ ਤਾਂ ਇਹ ਸੋਨੇ 'ਤੇ ਸੁਹਾਗੇ ਵਾਲੀ ਗੱਲ ਹੋਵੇਗੀ ; ਕਿਉਂਕਿ ਕਿਤਾਬਾਂ ਸਾਡੇ ਦਿਲ - ਦਿਮਾਗ ਦੀਆਂ ਖਿੜਕੀਆਂ ਅਤੇ ਰੋਸ਼ਨਦਾਨ ਵਾਂਗ ਹੀ ਹੁੰਦੀਆਂ ਹਨ । ਇੱਥੇ ਹੀ ਬੱਸ ਨਹੀਂ ਕਿ ਕਿਤਾਬਾਂ ਲਈ ਢੁੱਕਵਾਂ ਬਜਟ ਬਣਾ ਲਿਆ ਜਾਵੇ ਜਾਂ ਘਰ ਵਿੱਚ ਛੋਟੀ - ਮੋਟੀ ਲਾਇਬ੍ਰੇਰੀ ਬਣਾ ਲਈ ਜਾਵੇ, ਸਗੋਂ ਇਹ ਵੀ ਬਹੁਤ ਜ਼ਰੂਰੀ ਹੈ ਕਿ ਖਰੀਦੀਆਂ ਗਈਆਂ ਪੁਸਤਕਾਂ - ਰਸਾਲਿਆਂ ਨੂੰ ਜ਼ਰੂਰ ਹੀ ਸਮਾਂ ਕੱਢ ਕੇ ਪੜਿਆ ਵੀ ਜਾਵੇ ਅਤੇ ਪਰਿਵਾਰਕ ਮੈਂਬਰਾਂ ਅਤੇ ਸਬੰਧੀਆਂ ਨੂੰ ਵੀ ਕਿਤਾਬਾਂ ਪੜ੍ਹਨ ਦੀ ਚੇਟਕ ਲਗਾਈ ਜਾਵੇ । ਕਦੇ ਵੀ ਇਹ ਭੁੱਲ ਨਹੀਂ ਕਰਨੀ ਚਾਹੀਦੀ ਕਿ ਕਿਤਾਬਾਂ ਪੜ੍ਹਨੀਆਂ ਤਾਂ ਸਮਾਂ ਵਿਅਰਥ ਗਵਾਉਣ ਵਾਲ਼ੀ ਗੱਲ ਹੈ; ਕਿਉਂਕਿ ਕਿਤਾਬਾਂ ਨਾਲ ਪਾਇਆ ਪਿਆਰ ਅਤੇ ਕਿਤਾਬਾਂ ਲਈ ਦਿੱਤਾ ਗਿਆ ਸਮਾਂ ਜ਼ਿੰਦਗੀ ਵਿੱਚ ਸਾਨੂੰ ਕੁਝ ਨਾ ਕੁਝ ਕਦੇ ਨਾ ਕਦੇ ਜ਼ਰੂਰ ਕੁੱਝ ਦੇ ਕੇ ਹੀ ਜਾਂਦਾ ਹੈ ।

**ਸਟੇਟ ਐਵਾਰਡੀ ਮਾਸਟਰ ਸੰਜੀਵ ਧਰਮਾਣੀ**
**ਸ੍ਰੀ ਅਨੰਦਪੁਰ ਸਾਹਿਬ**
9478561356

# ਝੂੱਲ੍ਹੇ ਬੇਰ / ਮਿੰਨੀ ਕਹਾਣੀ

ਮਹਿੰਦਰ ਸਿੰਘ ਮਾਨ ਕੈਨਾਲ ਰੋਡ ਫੋਨ - 9915803554



**ਬਲਵਿੰਦਰ ਦੀਆਂ ਤਿੰਨ ਵੱਡੀਆਂ ਭੈਣਾਂ ਸਨ। ਉਨ੍ਹਾਂ ਤਿੰਨਾਂ ਦੇ ਵਿਆਹ ਉਸ ਦੇ ਮੰਮੀ, ਡੈਡੀ ਨੇ ਸਮੇਂ ਸਿਰ ਕਰ ਦਿੱਤੇ ਸਨ। ਉਹ ਆਪਣੇ ਸਹੁਰੇ ਘਰ ਖ਼ੁਸ਼ੀ, ਖ਼ੁਸ਼ੀ ਰਹਿ ਰਹੀਆਂ ਸਨ। ਉਸ ਦਾ ਵਿਆਹ ਕਈ ਸਾਲ ਲੇਟ ਹੋਇਆ ਸੀ ਕਿਉਂ ਕਿ ਉਹ ਕਿਸੇ ਸੋਹਣੇ, ਸੁਨੱਖੇ ਮੁੰਡੇ ਨਾਲ ਵਿਆਹ ਕਰਵਾਉਣਾ ਚਾਹੁੰਦੀ ਸੀ। ਉਸ ਦੀ ਇਹ ਇੱਛਾ ਪੂਰੀ ਤਾਂ ਹੋ ਗਈ, ਪਰ ਉਸ ਦਾ ਪਤੀ ਹਰਬੰਸ ਉਸ ਨੂੰ ਖਰਚਣ ਲਈ ਕੋਈ ਪੈਸਾ ਨਹੀਂ ਸੀ ਦਿੰਦਾ ਅਤੇ ਨਾ ਹੀ ਉਹ ਬੀਮਾਰ ਹੋਣ ਤੇ ਉਸ ਨੂੰ ਕਿਸੇ ਡਾਕਟਰ ਕੋਲੋਂ ਦਵਾਈ ਲਿਆ ਕੇ ਦਿੰਦਾ ਸੀ। ਉਸ ਨੂੰ ਸ਼ਰਾਬ ਪੀਣ ਦੀ ਮਾੜੀ ਆਦਤ ਵੀ ਸੀ। ਇਹ ਸਭ ਕੁੱਝ ਵੇਖ ਕੇ ਉਹ ਆਪਣੇ ਮੰਮੀ, ਡੈਡੀ ਕੋਲ ਆ ਕੇ ਰਹਿਣ ਲੱਗ ਪਈ। ਕੁੱਝ ਮਹੀਨਿਆਂ ਬਾਅਦ ਉਸ ਦੇ ਡੈਡੀ ਦੀ ਹਰਟ ਅਟੈਕ ਨਾਲ ਮੌਤ ਹੋ ਗਈ। ਇਸ ਕਰਕੇ ਘਰ ਦਾ ਗੁਜ਼ਾਰਾ ਚੱਲਣਾ ਔਖਾ ਹੋ ਗਿਆ। ਉਸ ਨੇ ਅਤੇ ਉਸ ਦੀ ਮੰਮੀ ਨੇ ਔਖੇ, ਸੌਖੇ ਚਾਰ ਸਾਲ ਕੱਟ ਲਏ। ਉਸ ਦਾ ਪਤੀ ਹਰਬੰਸ ਉਸ ਨੂੰ ਲੈਣ ਲਈ ਕਈ ਵਾਰ ਆਇਆ ਸੀ, ਪਰ ਉਸ ਵਲੋਂ ਕੋਈ ਭਰੋਸਾ ਨਾ ਮਿਲਣ ਕਰਕੇ ਉਹ ਉਸ ਨਾਲ ਨਾ ਗਈ।**

**ਅੱਜ ਸਵੇਰੇ ਉੱਠ ਕੇ ਉਹ ਆਪਣੀ ਮੰਮੀ ਨੂੰ ਆਖਣ ਲੱਗੀ," ਵੇਖ ਮੰਮੀ, ਜੇ ਮੈਂ ਤਲਾਕ ਲੈਂਨੀ ਆਂ, ਤਾਂ ਨਾ ਮੈਨੂੰ ਚੰਗਾ ਮੁੰਡਾ ਮਿਲਣਾ, ਨਾ ਚੰਗਾ ਘਰ ਮਿਲਣਾ। ਜੋ ਕੁੱਝ ਇਸ ਵੇਲੇ ਹੈ, ਕਿਤੇ ਮੈਂ ਉਸ ਤੋਂ ਵੀ ਜਾਂਦੀ ਨਾ ਲੱਗਾਂ। ਤੂੰ ਹਰਬੰਸ ਨੂੰ ਫੋਨ ਕਰ ਦੇ, ਉਹ ਆ ਕੇ ਮੈਨੂੰ ਲੈ ਜਾਵੇ। ਮੈਂ ਉੱਥੇ ਜਾ ਕੇ ਸੰਘਰਸ਼ ਕਰਕੇ ਉਸ ਨੂੰ ਆਪੇ ਸਿੱਧੇ ਰਸਤੇ ਪਾ ਲਵਾਂਗੀ।"**

**ਬਲਵਿੰਦਰ ਦੀਆਂ ਇਹ ਗੱਲਾਂ ਸੁਣ ਕੇ ਉਸ ਦੀ ਮੰਮੀ ਦੇ ਮੂੰਹੋਂ ਆਪ ਮੁਹਾਰੇ ਨਿਕਲ ਗਿਆ," ਧੀਏ ਕਿੰਨਾ ਚੰਗਾ ਹੁੰਦਾ, ਜੇ ਤੂੰ ਇਹੋ ਕੁੱਛ ਪਹਿਲਾਂ ਸੋਚ ਲੈਂਦੀ। ਤੇਰੇ ਚਾਰ ਸਾਲ ਖਰਾਬ ਹੋਣ ਤੋਂ ਬਚ ਜਾਣੇ ਸੀ। ਚੱਲ ਹਾਲੇ ਵੀ ਝੂੱਲ੍ਹੇ ਬੇਰਾਂ ਦਾ ਕੁੱਛ ਨਹੀਂ ਵਿਗੜਿਆ। ਮੈਂ ਹੁਣੇ ਹਰਬੰਸ ਨੂੰ ਫੋਨ ਕਰਕੇ ਸੱਦ ਲੈਂਨੀ ਆਂ।"**

# ਇਟਲੀ ਚ, ਪੰਜਾਬੀ ਤਸ਼ਕੀਰਤ ਸਿੰਘ ਨੇ ਵਿੱਦਿਅਕ ਖੇਤਰ ਵਿੱਚ ਮੱਲਾ ਮਾਰਕੇ ਹਾਸ਼ਲ ਕੀਤੀ ਸਕਾਲਰਸ਼ਿਪ



ਰੋਮ ਇਟਲੀ-(ਗੁਰਸ਼ਰਨ ਸਿੰਘ ਸੋਨੀ)- ਵਿੱਦਿਅਕ ਇੱਕ ਅਜਿਹਾ ਗਹਿਣਾ ਹੈ ਜੋ ਇਸ ਨੂੰ ਇੱਕ ਵਾਰ ਪਾ ਲਵੇ ਉਸ ਨੂੰ ਕੋਈ ਵੀ ਖੋਹ ਨਹੀ ਸਕਦਾ। ਕਿਉਂਕਿ ਵਿੱਦਿਆ ਵਿਚਾਰੀ ਤਾਂ ਪਰਉਪਕਾਰੀ ਹੈ। ਅਜਿਹਾ ਹੀ ਪਿਛਲੇ ਕੁਝ ਸਾਲਾ ਤੋ ਇਟਲੀ ਦੇ ਵਿੱਦਿਆਦਕ ਖੇਤਰਾਂ ਵਿੱਚ 100/100 ਨੰਬਰ ਲੈ ਭਾਰਤੀਆ ਬੱਚਿਆਂ ਵੱਲੋ ਮਚਾਈ ਜਾ ਰਹੀ ਧੂਮ ਨੇ ਭਾਰਤੀ ਭਾਈਚਾਰੇ ਦੇ ਨਾਲ ਭਾਰਤ ਦੇਸ਼ ਦਾ ਰੁਤਬਾ ਇਟਲੀ ਵਿੱਚ ਹੋਰ ਉੱਚਾ ਕਰ ਦਿੱਤਾ ਹੈ। ਇਟਲੀ ਵਿੱਚ ਰਹਿ ਰਹੇ ਭਾਰਤੀ ਭਾਈਚਾਰੇ ਦੇ ਬੱਚੇ ਆਏ ਦਿਨ ਵਿੱਦਿਆਂ ਦੇ ਖੇਤਰ ਵਿੱਚ ਵੱਡੀਆਂ ਮਾਲਾ ਮਾਰਕੇ ਅਪਣੇ ਪਰਿਵਾਰਾਂ ਤੇ ਭਾਰਤ ਦੇਸ਼ ਦਾ ਨਾਮ ਉੱਚਾ ਕਰ ਰਹੇ ਹਨ। ਇਸੇ ਲੜੀ ਤਹਿਤ ਪੰਜਾਬ ਦੇ ਵਿੱਦਿਆ ਦੇ ਮਾਮਲੇ ਵਿੱਚ ਪ੍ਰਸਿੱਧ ਜਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਬੂਰੇ ਜੱਟਾਂ ਨਾਲ ਸਬੰਧਿਤ ਦਾਦਾ ਸਵ: ਜਗਤਾਰ ਸਿੰਘ ਦਾ ਪੋਤਾ ਤੇ ਪਿਤਾ ਨਵਦੀਪ ਸਿੰਘ ਦਾ ਹੋਣ ਹਾਰ ਸਪੁੱਤਰ ਤਸ਼ਕੀਰਤ ਸਿੰਘ (14) ਨੇ ਅੱਠਵੀ ਕਲਾਸ (ਤੈਰਸਾ ਮੈਦੀਆਂ) ਵਿੱਚ ਫਾਰਾਨੌਵਾ ਰੇਜੇ (ਨੌਵਾਰਾ) ਇਲਾਕੇ ਦੇ ਸਾਰੇ ਸਕੂਲਾਂ ਦੇ ਵਿਦਿਆਰਥੀਆਂ ਵਿੱਚੋ ਟੌਪ ਕਰਕੇ ਜਿੱਥੇ ਅਪਣੇ ਪਰਿਵਾਰ ਦਾ ਨਾਮ ਰੌਸ਼ਨ ਕੀਤਾ ਉੱਥੇ ਹੀ ਭਾਰਤੀ ਭਾਈਚਾਰੇ ਦਾ ਵੀ ਨਾਮ ਰੌਸ਼ਨ ਕੀਤਾ। ਇਟਾਲੀਅਨ ਇੰਡੀਅਨ ਪ੍ਰੈੱਸ ਕਲੱਬ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅੱਜ ਮੈਨੂੰ ਅਪਣੇ ਪੱਤਰ ਤੇ ਮਾਣ ਹੈ ਕਿ ਵਿਦੇਸ਼ੀ ਧਰਤੀ ਤੇ ਉਨ੍ਹਾ ਦੀ ਭਾਸ਼ਾ ਵਿੱਚ ਇਟਾਲੀਅਨ ਮੂਲ ਦੇ ਬੱਚਿਆਂ ਨੂੰ ਪਛਾੜ ਕੇ ਇਲਾਕੇ ਦੇ ਸਕੂਲਾ ਵਿਚੋ ਅੱਵਲ ਰਹਿਣਾ ਕੋਈ ਸਾਡੇ ਪਰਿਵਾਰ ਲਈ ਛੋਟੀ ਗੱਲ ਨਹੀ ਹੈ । ਕਿਉਕਿ ਸਿੱਖਿਆ ਵਿਭਾਗ ਵਲੋ ਵਿਸ਼ੇਸ ਤੌਰ ਤੇ ਪ੍ਰੋਗਰਾਮ ਕਰਵਾ ਕੇ ਸਕਾਲਰਸ਼ਿੱਪ ਤੇ ਸਰਟੀਫਿਕੇਟ ਦੇ ਨਿਭਾਜਿਆ ਗਿਆ। ਇਸ ਮੌਕੇ ਤਸ਼ਕੀਰਤ ਸਿੰਘ ਨਾਲ ਇੱਕ ਇਟਾਲੀਅਨ ਲੜਕੀ ਨੇ ਵੀ ਤਸ਼ਕੀਰਤ ਸਿੰਘ ਦੇ ਬਰਾਬਰ ਦਰਜਾ ਹਾਸ਼ਲ ਕੀਤਾ ।ਪਿਤਾ ਨਵਦੀਪ ਸਿੰਘ ਨੇ ਕਿਹਾ ਕਿ ਵਿਭਾਗ ਵਲੋ ਵਿਸ਼ਵਾਸ ਦਵਾਇਆ ਗਿਆ ਕਿ ਜੇਕਰ ਭਵਿੱਖ ਵਿੱਚ ਜੇਕਰ ਤਸ਼ਕੀਰਤ ਸਿੰਘ ਇਸੇ ਤਰ੍ਹਾ ਵਿੱਦਿਆ ਖੇਤਰ ਵਿੱਚ ਅੱਵਲ ਆਉਦਾ ਰਹੇਗਾਂ ਤਾ ਤਸ਼ਕੀਰਤ ਦਾ ਹਮੇਸ਼ਾ ਹੀ ਸਾਥ ਦਿੰਦੇ ਰਹਾਗੇ। ਦੱਸਣਯੋਗ ਹੈ ਕਿ ਅਪਣੇ ਮਾਤਾ ਪਿਤਾ ਦੇ ਇਟਲੀ ਦੇ ਜਿਲ੍ਹਾ ਨੌਵਾਰਾ ਦੇ ਬੌਰੀਓਨਾ ਵਿਖੇ ਰਹਿ ਰਿਹਾ ਹੈ।

# ਅੰਮ੍ਰਿਤਸਰ ਵਿਕਾਸ ਮੰਚ ਵਲੋਂ ਪੰਜਾਬ ਸਰਕਾਰ ਨੂੰ ਲਿਖੇ ਜਾਂਦੇ ਪੱਤਰਾਂ ਦੇ ਉਤਰ ਦੇਣ ਲਈ ਸਮਾਂ ਨਿਰਧਾਰਿਤ ਕਰਨ ਦੀ ਮੰਗ



ਅੰਮ੍ਰਿਤਸਰ- ਅੰਮ੍ਰਿਤਸਰ ਵਿਕਾਸ ਮੰਚ ਨੇ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਅਤੇ ਚੀਫ ਸੈਕਟਰੀ ਪੰਜਾਬ ਨੂੰ ਪੱਤਰ ਲਿਖ ਕੇ ਮੰਚ ਵੱਲੋਂ ਪੰਜਾਬ ਸਰਕਾਰ ਨੂੰ ਲਿਖੇ ਜਾਂਦੇ ਪੱਤਰਾਂ ਦੇ ਜੁਆਬ ਨਾ ਦੇਣ ਦਾ ਦੋਸ਼ ਲਾਉਂਦੇ ਹੋਇ ਮੰਗ ਕੀਤੀ ਹੈ ਕਿ ਪੱਤਰਾਂ ਦੇ ਜੁਆਬ ਦੇਣ ਦਾ ਸਮਾਂ ਨਿਰਧਾਰਿਤ ਕਰਨ ਲਈ ਕਾਨੂੰਨ ਬਣਾਇਆ ਜਾਵੇ। ਮੰਚ ਦੇ ਸਰਪ੍ਰਸਤ ਡਾ. ਚਰਨਜੀਤ ਸਿੰਘ ਗੁਮਟਾਲਾ, ਮਨਮੋਹਨ ਸਿੰਘ ਬਰਾੜ, ਪ੍ਰਿੰਸੀਪਲ ਕੁਲਵੰਤ ਸਿੰਘ ਅਣਖੀ ਤੇ ਪ੍ਰਧਾਨ ਇੰਜ. ਹਰਜਾਪ ਸਿੰਘ ਔਜਲਾ ਵੱਲੋਂ ਲਿਖੇ ਇੱਕ ਸਾਂਝੇ ਪੱਤਰ ਵਿੱਚ ਕਿਹਾ ਗਿਆ ਹੈ ਕਿ ਅੰਮ੍ਰਿਤਸਰ ਵਿਕਾਸ ਮੰਚ ਵੱਲੋਂ ਵੱਖ ਵੱਖ ਮਸਲਿਆਂ ਸੰਬੰਧੀ ਸਮੇਂ ਸਮੇਂ ਜੋ ਪੱਤਰ ਡਾਕ ਰਾਹੀਂ ਤੇ ਈ-ਮੇਲ ਰਾਹੀਂ ਭੇਜੇ ਜਾਂਦੇ ਹਨ, ਉਨ੍ਹਾਂ ਦਾ ਜੁਆਬ ਨਹੀਂ ਦਿੱਤਾ ਜਾਂਦਾ ਜਦ ਕਿ ਇਹ ਸੰਬਧਿਤ ਅਧਿਕਾਰੀਆਂ ਦੀ ਡਿਊਟੀ ਹੈ ਕਿ ਹਰੇਕ ਪੱਤਰ ਦਾ ਜੁਆਬ ਦੇਣ। ਇਹ ਮਸਲਾ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਸ. ਪ੍ਰਤਾਪ ਸਿੰਘ ਬਾਜਵਾ ਨੇ ਵੀ ਵਿਧਾਨ ਸਭਾ ਦੇ ਪਹਿਲੇ ਦਿਨ ਦੇ ਅਜਲਾਸ ਵਿਚ ਉਠਾਇਆ ਕਿ ਉਨ੍ਹਾਂ ਵਲੋਂ ਲਿਖੇ ਜਾਂਦੇ ਪਤਰਾਂ ਦੇ ਕੋਈ ਵੀ ਅਧਿਕਾਰੀ ਜੁਆਬ ਨਹੀਂ ਦੇਂਦਾ।ਅਜਿਹਾ ਇਸ ਕਰਕੇ ਹੋ ਰਿਹਾ ਹੈ ਕਿ ਜੁਆਬ ਨਾ ਦੇਣ ਵਾਲੇ ਅਧਿਕਾਰੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ।

ਉਦਾਹਰਨ ਦੇ ਤੌਰ 'ਤੇ 6 ਅਕਤੂਬਰ 2012 ਨੂੰ ਉਪ-ਮੁੱਖ ਮੰਤਰੀ ਸ. ਸੁਖਬੀਰ ਸਿੰਘ ਬਾਦਲ ਦਾ ਬਿਆਨ ਅਖ਼ਬਾਰਾਂ ਵਿਚ ਆਇਆ ਸੀ ਕਿ ਆਉਂਦੇ ਦੋ ਸਾਲਾਂ ਵਿੱਚ ਅੰਮ੍ਰਿਤਸਰ ਸ਼ਹਿਰ ਦੀ ਕਾਇਆ ਕਲਪ ਕਰ ਦਿੱਤੀ ਜਾਵੇਗੀ ਤੇ ਅੰਮ੍ਰਿਤਸਰ ਵਿਸ਼ਵ ਦੇ ਨਕਸ਼ੇ 'ਤੇ ਚਮਕੇਗਾ। ਇਸ ਉਦੇਸ਼ ਲਈ ਸ਼ਹਿਰ ਵਿੱਚ ਓਪਨ ਏਅਰ ਥੀਏਟਰ, ਇੰਨ ਡੋਰ ਆਡੀਟੋਰੀਅਮ, ਏਅਰ ਕੰਡੀਸ਼ਨ ਟਰੇਡ ਸੈਂਟਰ ਆਦਿ ਦਾ ਨਿਰਮਾਣ ਦੋ ਸਾਲਾਂ ਵਿੱਚ ਕੀਤਾ ਜਾਵੇਗਾ। ਇਸ ਤੋਂ ਪਹਿਲਾਂ 24 ਜੁਲਾਈ 2008 ਨੂੰ ਉਸ ਸਮੇਂ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦਾ ਇੱਕ ਬਿਆਨ ਆਇਆ ਸੀ ਕਿ ਪੰਜਾਬ ਸਰਕਾਰ ਵਲੋਂ ਅੰਮ੍ਰਿਤਸਰ ਵਿਖੇ ਇੱਕ ਵਰਲਡ ਕਲਾਸ ਯੂਨੀਵਰਸਿਟੀ ਸਥਾਪਤ ਕਰਨ ਲਈ ਕੇਂਦਰ ਸਰਕਾਰ ਦੀ ਪ੍ਰਪੋਜਲ ਨੂੰ ਪਹਿਲਾਂ ਹੀ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ ਅਤੇ ਇਸ ਯੂਨੀਵਰਸਿਟੀ ਲਈ ਸਤ ਸੌ ਏਕੜ ਜ਼ਮੀਨ ਦੀ ਭਾਲ ਕੀਤੀ ਜਾ ਰਹੀ ਹੈ।ਅੰਮ੍ਰਿਤਸਰ ਵਿਕਾਸ ਮੰਚ ਇਨ੍ਹਾਂ ਦੋਵਾਂ ਬਿਆਨਾਂ ਨੂੰ ਆਧਾਰ ਬਣਾ ਕੇ ਮੰਚ ਵੱਲੋਂ 2 ਦਸੰਬਰ 2013 ਨੂੰ ਸ. ਸੁਖਬੀਰ ਸਿੰਘ ਬਾਦਲ ਨੂੰ ਇੱਕ ਪੱਤਰ ਪੰਜਾਬ ਸਰਕਾਰ ਵੱਲੋਂ ਇੰਟਰਨੈਟ ਉਪਰ ਬਣਾਏ ਗਏ ਪਬਲਿਕ ਗ੍ਰੀਵੈਂਸ ਵੈਬਸਾਇਟ 'ਤੇ ਭੇਜਿਆ ਗਿਆ ਸੀ ਜੋ ਕਿ ਉਪ-ਮੁੱਖ ਮੰਤਰੀ ਦੇ ਦਫ਼ਤਰ ਵਲੋਂ ਇਹ ਪੱਤਰ 9 ਜਨਵਰੀ 2014 ਤੋਂ ਗ੍ਰਹਿ ਵਿਭਾਗ ਅਤੇ ਜਸਟਿਸ ਵਿਭਾਗ ਪਾਸ ਪਿਆ ਹੈ।

ਇਸ ਦਾ ਜੁਆਬ ਅਜੇ ਤੀਕ ਨਹੀਂ ਆਇਆ।28 ਸਤੰਬਰ 2022 ਨੂੰ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਨੂੰ ਇੱਕ ਈ-ਮੇਲ ਭੇਜੀ ਗਈ ਕਿ ਮੌਜੂਦਾ ਵਿਧਾਨ ਸਭਾ ਅਜਲਾਸ ਵਿਚ ਲਾਇਬਰੇਰੀ ਬਿਲ ਪਾਸ ਕਰਨ ਦੀ ਖੇਚਲ ਕੀਤੀ ਜਾਵੇ । ਸਾਰੇ ਸੂਬੇ ਅਜਿਹੇ ਕਾਨੂੰਨ ਪਾਸ ਕਰਕੇ ਪਿੰਡ-ਪਿੰਡ ਲਾਇਬ੍ਰੇਰੀਆਂ ਖੋਲ੍ਹ ਚੁੱਕੇ ਹਨ, ਪਰ ਪੰਜਾਬ ਅੱਜੇ ਵੀ ਫਾਡੀ ਹੈ। ਮੰਚ ਵਲੋਂ 15 ਮਾਰਚ 2016 ਤੋਂ ਇਸ ਸਬੰਧੀ ਪੱਤਰ ਲਿਖੇ ਜਾ ਰਹੇ ਹਨ ਪਰ ਕੋਈ ਜੁਆਬ ਨਹੀਂ ਆਉਂਦਾ।ਪੰਜਾਬ ਸਰਕਾਰ ਵਲੋਂ ਅੰਮ੍ਰਿਤਸਰ ਅੰਤਰ-ਰਾਸ਼ਟਰੀ ਹਵਾਈ ਅੱਡੇ ਤੋਂ ਵੱਖ ਵੱਖ ਸ਼ਹਿਰਾਂ ਨੂੰ ਪੰਜਾਬ ਰੋਡਵੇਜ ਤੇ ਪੈਪਸੂ ਟਰਾਂਸਪੋਰਟ ਕਾਰਪੋਰੇਸ਼ਨ ਦੀਆਂ ਬੱਸਾਂ ਚਲਾਉਣ ਲਈ ਅਕਾਲੀ ਸਰਕਾਰਾਂ ਤੇ ਕਾਂਗਰਸੀ ਸਰਕਾਰਾਂ ਤੇ ਹੁਣ ਆਪ ਸਰਕਾਰ ਨੂੰ ਪੱਤਰ ਲਿਖੇ ਗਏ।ਨਾ ਤਾ ਅਜੇ ਤੀਕ ਬੱਸਾਂ ਚਲੀਆਂ ਹਨ ਤੇ ਨਾ ਹੀ ਇਨ੍ਹਾਂ ਪੱਤਰਾਂ ਦਾ ਕੋਈ ਉਤਰ ਅਜੇ ਤੀਕ ਆਇਆ ਹੈ।ਹੈਰਾਨੀ ਵਾਲੀ ਗੱਲ ਹੈ ਕਿ ਟਰਾਂਸਪੋਰਟ ਮੰਤਰੀ ਸ. ਲਾਲਜੀਤ ਸਿੰਘ ਭੁਲਰ ਜੋ ਕਿ ਮਾਝੇ ਦੇ ਸ਼ਹਿਰ ਪੱਟੀ ਤੋਂ ਹਨ ਉਨ੍ਹਾਂ ਨੇ ਵੀ ਇਸ ਸੰਬੰਧੀ ਅੱਖਾਂ ਮੀਟੀਆਂ ਹੋਈਆਂ ਹਨ।

ਅੰਮ੍ਰਿਤਸਰ ਹਵਾਈ ਅੱਡੇ ਤੋਂ ਵੱਖ ਵੱਖ ਮੁਲਕਾਂ ਦੀਆਂ ਏਅਰ ਲਾਈਨਾਂ ਉਡਾਣਾਂ ਸ਼ੁਰੂ ਕਰਨ ਲਈ ਆਗਿਆ ਮੰਗ ਰਹੀਆਂ ਹਨ ਪਰ ਉਨ੍ਹਾਂ ਨੂੰ ਆਗਿਆ ਨਹੀਂ ਦਿੱਤੀ ਜਾ ਰਹੀ ।ਮੰਚ ਵਲੋਂ ਪਹਿਲੇ ਮੁੱਖ ਮੰਤਰੀਆਂ ਨੂੰ ਅਤੇ ਹੁਣ ਦੇ ਮੁੱਖ ਮੰਤਰੀ ਨੂੰ ਇਹ ਮਾਮਲਾ ਪ੍ਰਧਾਨ ਮੰਤਰੀ ਨਾਲ ਉਠਾਉਣ ਲਈ ਪੱਤਰ ਲਿਖੇ ਜਾ ਰਹੇ ਹਨ ਪਰ ਇਨ੍ਹਾਂ ਦਾ ਕੋਈ ਉਤਰ ਨਹੀਂ ਦੇ ਰਿਹਾ ਅਤੇ ਨਾ ਹੀ ਉਨ੍ਹਾਂ ਨੇ ਇਹ ਮਸਲਾ ਕਦੇ ਉਠਾਇਆ। ਹਾਂ ਉਨ੍ਹਾਂ ਵਲੋਂ ਮੁਹਾਲੀ ਅਤੇ ਆਦਮਪੁਰ ਦੇ ਹਵਾਈ ਅੱਡਿਆਂ ਤੋਂ ਸਿੱਧੀਆਂ ਰਾਸਟਰੀ ਅਤੇ ਅੰਤਰ - ਰਾਸ਼ਟਰੀ ਉਡਾਣਾਂ ਚਲਾਉਣ ਲਈ ਪ੍ਰਧਾਨ ਮੰਤਰੀਆਂ ਤੇ ਸ਼ਹਿਰੀ ਹਵਾਬਾਜੀ ਮੰਤਰੀਆਂ ਨੂੰ ਮਿਲਣ ਦੀਆਂ ਖ਼ਬਰਾਂ ਆਇ ਦਿਨ ਜ਼ਰੂਰ ਆਉਂਦੀਆਂ ਰਹਿੰਦੀਆਂ ਹਨ।

ਪੰਜਾਬ ਦੀ ਖੇਤੀਬਾੜੀ ਦੀ ਬਿਹਤਰੀ ਲਈ ਕੇਂਦਰ ਸਰਕਾਰ ਨੇ 2015 ਵਿੱਚ ਹੌਰਟੀਕਲਚਰ ਇੰਸਟੀਚਿਊਟ ਅੰਮ੍ਰਿਤਸਰ ਵਿੱਚ ਸਥਾਪਤ ਕਰਨ ਦਾ ਫੈਸਲਾ ਕੀਤਾ। ਇਸ ਪ੍ਰੈਜੈਕਟ 'ਤੇ ਕੇਂਦਰ ਸਰਕਾਰ ਨੇ ਕੋਈ ਦੋ ਹਜ਼ਾਰ ਕਰੋੜ ਰੁਪਏ ਖਰਚ ਕਰਨੇ ਹਨ। ਬਾਕੀ ਸਾਰੀਆਂ ਕਾਰਵਾਈਆਂ ਪੂਰੀਆਂ ਹੋ ਚੁੱਕੀਆਂ ਹਨ। ਕੇਵਲ 30 ਏਕੜ ਜ਼ਮੀਨ ਖ਼੍ਰੀਦਣੀ ਹੈ ਜੋ ਕਿ ਨਾ ਤਾਂ ਪਿਛਲੇ ਮੁੱਖ ਮੰਤਰੀਆਂ ਜ਼ਮੀਨ ਖ਼੍ਰੀਦੀ ਤੇ ਨਾ ਹੀ ਮੌਜੂਦਾ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਖ਼੍ਰੀਦ ਰਹੇ ਹਨ। ਇਸ ਸੰਬੰਧੀ ਮੰਚ ਵੱਲੋਂ ਲਿਖੀਆਂ ਗਈਆਂ ਚਿੱਠੀਆਂ ਦਾ ਅਜੇ ਕੋਈ ਜੁਆਬ ਨਹੀਂ ਆਇਆ ਕਿ ਇਸ ਜ਼ਮੀਨ ਨੂੰ ਖ਼੍ਰੀਦਣ ਵਿਚ ਕੀ ਮੁਸ਼ਕਲ ਹੈ?

ਸ਼ਰਾਬ ਮਾਫੀਆ ਨੂੰ ਨੱਥ ਪਾਉਣ ਲਈ ਤਾਮਿਲਨਾਡੂ ਵਾਂਗ ਸ਼ਰਾਬ ਦੇ ਕਾਰੋਬਾਰ ਆਪਣੇ ਹੱਥ ਵਿੱਚ ਲੈਣ ਲਈ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਨੂੰ 11 ਮਾਰਚ 2023 ਨੂੰ ਇੱਕ ਪੱਤਰ ਈ-ਮੇਲ ਰਾਹੀਂ ਭੇਜਿਆ ਸੀ। ਜਿਸ ਵਿੱਚ ਅਸੀਂ ਲਿਖਿਆ ਸੀ ਕਿ ਤਾਮਿਲਨਾਡੂ ਸਰਕਾਰ ਨੇ 1983 ਦਾ ਸ਼ਰਾਬ ਦਾ ਕਾਰੋਬਾਰ ਆਪਣੇ ਹੱਥ ਵਿੱਚ ਲਿਆ ਹੋਇਆ ਹੈ ਤੇ ਉਸ ਨੂੰ 2021-22 ਵਿੱਚ 26 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਕਮਾਈ ਹੋਈ ਹੈ। ਸ. ਨਵਜੋਤ ਸਿੰਘ ਸਿੱਧੂ 11 ਜਨਵਰੀ 2022 ਨੂੰ ਪ੍ਰੈਸ ਕਾਨਫਰੰਸ ਵਿੱਚ ਕਿਹਾ ਸੀ ਕਿ ਜੇ ਅਸੀਂ ਤਾਮਿਲਨਾਡੂ ਵਾਂਗ ਸ਼ਰਾਬ ਮਾਫੀਆ 'ਤੇ ਕਾਬੂ ਪਾ ਲਈਏ ਤਾਂ 50 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਸਾਲਾਨਾ ਕਮਾਈ ਹੋ ਸਕਦੀ ਹੈ। ਸਿੱਧੂ ਨੇ ਇਹ ਵੀ ਕਿਹਾ ਸੀ ਕਿ ਜੇ ਰੇਤ ਮਾਫੀਆ, ਕੇਬਲ ਮਾਫੀਆ ਇਸ਼ਤਿਹਾਰਬਾਜੀ 'ਤੇ ਸਰਕਾਰ ਨੱਥ ਪਾ ਲਵੇ ਸਰਕਾਰ ਨੂੰ ਕਮਾਈ ਹੋ ਸਕਦੀ ਹੈ।

ਪਰ ਨਾ ਤਾਂ ਪਹਲੀਆਂ ਸਰਕਾਰਾਂ ਨੇ ਨੱਠ ਪਾਈ ਹੈ ਤੇ ਨਾ ਹੀ ਮੌਜੂਦਾ ਆਪ ਸਰਕਾਰ ਮਾਫ਼ੀਆ ਰਾਜ ਨੂੰ ਨਥ ਪਾ ਰਹੀ ਹੈ, ਜਿਸ ਨਾਲ ਸਰਕਾਰੀ ਖ਼ਜ਼ਾਨੇ ਨੂੰ ਅਰਬਾਂ ਰੁਪਏ ਦਾ ਨੁਕਸਾਨ ਹੋ ਰਿਹਾ ਹੈ।

2016 ਦਾ ਪੰਜਾਬ ਸਟਰੀਟ ਵੈਂਡਰ ਐਕਟ ਲਾਗੂ ਕਰਨ ਸਬੰਧੀ ਮੰਚ ਵੱਲੋਂ 28 ਮਈ 2024 ਨੂੰ ਇੱਕ ਪੱਤਰ ਈ-ਮੇਲ ਰਾਹੀਂ ਮੁੱਖ-ਮੰਤਰੀ ਨੂੰ ਭੇਜਿਆ ਗਿਆ ਜਿਸ ਅਨੁਸਾਰ ਨਗਰ ਨਿਗਮ ਨੇ ਰੇਹੜੀਆਂ ਰਜਿਸਟਰਡ ਕਰਨੀਆਂ ਹਨ। ਹਰੇਕ ਰੇਹੜੀ ਵਾਲੇ ਕੋਲੋਂ ਇੱਕ ਹਜ਼ਾਰ ਰੁਪਏ ਮਹੀਨੇ ਨਗਰ ਨਿਗਮ ਨੇ ਲੈਣੇ ਹਨ। 8 ਸਾਲ ਤੋਂ ਵੱਧ ਸਮਾਂ ਹੋ ਗਿਆ ਹੈ, ਪੰਜਾਬ ਸਰਕਾਰ ਨੇ ਇਸ ਕਾਨੂੰਨ ਤੇ ਅਜੇ ਤੱਕ ਅਮਲ ਨਹੀਂ ਕੀਤ ਹੋਇਆ ਤੇ ਨਾ ਹੀ ਕੋਈ ਉਤਰ ਆਇਆ ਹੈ। ਇਸ ਤਰ੍ਹਾਂ ਅਰਬਾਂ ਰੁਪਏ ਦਾ ਨੁਕਸਾਨ ਹੋ ਰਿਹਾ ਹੈ।ਇਸ ਤਰ੍ਹਾਂ ਦੇ ਬਹੁਤ ਸਾਰੇ ਹੋਰ ਮਸਲਿਆਂ ਬਾਰੇ ਪੱਤਰ ਲਿਖੇ ਗਏ ਹਨ ਜਿਨ੍ਹਾਂ ਦਾ ਅਜੇ ਤੀਕ ਕੋਈ ਜੁਆਬ ਨਹੀਂ ਆਇਆ।

ਜੇ ਪੱਤਰਾਂ ਦਾ ਜੁਆਬ ਦੇਣ ਲਈ ਸਮਾਂ ਨਿਰਧਾਰਿਤ ਹੋ ਜਾਵੇ ਤੇ ਉਸ ਸਮੇਂ ਬਾਦ ਜੁਰਮਾਨੇ ਕਰਨ ਦੀ ਵਿਵਸਥਾ ਹੋ ਜਾਵੇ ਤਾਂ ਹੀ ਇਹ ਮਸਲਾ ਹੱਲ ਹੋ ਸਕਦਾ ਹੈ। ਮੰਚ ਵਲੋਂ ਸਮੂਹ ਵਿਧਾਇਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਪਾਰਟੀਬਾਜੀ ਤੋਂ ਉਪਰ ਉੱਠ ਕੇ ਇਸ ਸਮੇਂ ਚਲ ਰਹੇ ਅਜਲਾਸ ਵਿਚ ਇਹ ਮਾਮਲਾ ਉਠਾਣ।ਮੰਚ ਆਗੂਆਂ ਨੇ ਸਪਸ਼ਟ ਕੀਤਾ ਕਿ ਜੇ ਪੰਜਾਬ ਸਰਕਾਰ ਅਜਿਹਾ ਨਹੀਂ ਕਰਦੀ ਤਾਂ ਮੰਚ ਵੱਲੋਂ ਅਦਾਲਤ ਦਾ ਦਰਵਾਜਾ ਖੜਕਾਇਆ ਜਾਵੇਗਾ।

## ਪਾਕਿਸਤਾਨੀ ਕਬੱਡੀ ਖਿਡਾਰੀ ਗੁਰਦੁਆਰਾ ਨਾਨਕਸਰ ਨਤਮਸਤਕ ਹੋਣ ਲਈ ਪੁੱਜੇ

**ਵੈਨਕੂਵਰ-( ਮਲਕੀਤ ਸਿੰਘ) ਕੈਨੇਡਾ ਚ ਕਰਵਾਏ ਜਾ ਰਹੇ ਵੱਖ-ਵੱਖ ਕਬੱਡੀ ਮੈਚਾਂ ਚ ਸਰੀਰਕ ਸਮਰਥਾ ਵਿਖਾਉਣ ਲਈ ਪਾਕਿਸਤਾਨ ਤੋਂ ਵਿਸ਼ੇਸ਼ ਤੌਰ ਤੇ ਕਨੇਡਾ ਦੌਰੇ 'ਤੇ ਪੁੱਜੇ ਪਾਕਿਸਤਾਨੀ ਕਬੱਡੀ ਖਿਡਾਰੀ ਵੈਨਕੂਵਰ ਨਾਲ ਲੱਗਦੇ ਰਿਚ ਮੰਡ ਚ ਸਥਿਤ ਗੁਰਦੁਆਰਾ ਨਾਨਕਸਰ ਵਿਖੇ ਨਤਮਸਤਕ ਹੋਣ ਲਈ ਪੁੱਜੇ ਇੱਥੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਉਨਾਂ ਨੂੰ ਜੀ ਆਇਆ ਕਿਹਾ ਗਿਆ ਲ ਉੱਘੇ ਰਿਆਲਟਰ ਪ੍ਰੈਟੀ ਰਸੂਲਪੁਰ ਨੇ ਉਕਤ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਗੁਰੂ ਘਰ 'ਚ ਪੁੱਜਣ ਵਾਲੇ ਇਹਨਾਂ ਖਿਡਾਰੀਆਂ 'ਚ ਅਰਸਲਾਨ ਵੱਟੂ, ਅਲੀ ਵੜੈਚ, ਨਾਫੀਸ ਗੁਜਰ, ਸਾਜਾ ਗੁਜਰ, ਰਾਣਾ ਅਤੀ,ਅਕਮਲ ਡੋਗਰ, ਅਤੇ ਅਬੂ ਬਾਕਰ ਡੋਗਰ ਆਦਿ ਦੇ ਨਾਮ ਸ਼ਾਮਲ ਹਨ ਲ ਇਸ ਮੌਕੇ ਇੰਦਰਜੀਤ ਗਿੱਲ ਅਤੇ ਚਰਨਜੀਤ ਬਰਾੜ, ਮਾਇਕ ਹੋਨਜਨ, ਹਰਪਾਲ ਸਿੰਘ ਗਰੇਵਾਲ, ਅਮਰੀਕ ਸਿੰਘ ਨਿੱਜਰ, ਬਲਦੇਵ ਸਿੰਘ ਬਰਾੜ ਅਤੇ ਗੁਰਦੀਪ ਸਿੰਘ ਵਾਹਿਦ ਮੌਜੂਦ ਸਨ ।**

## 'ਬਾਬਾ ਬੁੱਢਾ ਜੀ ਦੀ ਯਾਦ 'ਚ ਗੁ: ਦੁਖ ਨਿਵਾਰਨ ਸਾਹਿਬ 'ਚ ਕੀਰਤਨ ਦਰਬਾਰ 12 ਸਤੰਬਰ ਤੋਂ ਪੰਥ ਪ੍ਰਸਿੱਧ ਕਥਾਵਾਚਕ ਭਾਈ ਪਿੰਦਰਪਾਲ ਸਿੰਘ, ਰਾਗੀ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਕਰਨਗੇ ਸ਼ਿਰਕਤ

**ਵੈਨਕੂਵਰ-(ਮਲਕੀਤ ਸਿੰਘ)-ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪਹਿਲੇ ਹੈਡ ਗ੍ਰੰਥੀ ਅਤੇ ਮਹਾਨ ਬ੍ਰਹਮ ਗਿਆਨੀ ਧੰਨ-ਧੰਨ ਬਾਬਾ ਬੁੱਢਾ ਜੀ ਦੀ ਮਿੱਠੀ ਯਾਦ ਨੂੰ ਸਮਰਪਿਤ ਸਰੀ ਸਥਿਤ ਗੁ: ਦੁਖ ਨਿਵਾਰਨ ਸਾਹਿਬ ਵਿਖੇ 12 ਤੋਂ 24 ਸਤੰਬਰ ਤੀਕ ਇਕ ਮਹਾਨ ਅੰਮ੍ਰਿਤ ਰਸ ਕੀਰਤਨ ਦਰਬਾਰ ਕਰਵਾਇਆ ਜਾ ਰਿਹਾ ਹੈ ਅਤੇ ਸੰਗਤਾਂ ਦੇ ਸਹਿਯੋਗ ਨਾਲ ਇਸ ਸਬੰਧੀ ਲੋੜੀਂਦੇ ਪ੍ਰਬੰਧਾਂ ਨੂੰ ਅੰਤਿਮ ਛੋਹਾਂ ਦਿੱਤੀਆਂ ਜਾ ਗਈਆਂ ਹਨ। ਉਕਤ ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਨਰਿੰਦਰ ਸਿੰਘ ਨੇ ਇਸ ਸਬੰਧੀ ਵਿਸਥਾਰਿਤ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਇਸ ਕੀਰਤਨ ਦਰਬਾਰ 'ਚ ਪੰਥ ਪ੍ਰਸਿੱਧ ਕਥਾਵਾਚਕ ਭਾਈ ਪਿੰਦਰਪਾਲ ਸਿੰਘ (ਲੁਧਿਆਣੇ ਵਾਲੇ) ਪੰਜਾਬ ਤੋਂ ਕੈਨੇਡਾ ਪਹੁੰਚ ਕੇ ਜਿੱਥੇ ਕਿ ਸੰਗਤਾਂ ਨੂੰ ਗੁਰੂ ਇਤਿਹਾਸ ਨਾਲ ਜੋੜਨਗੇ, ਉਥੇ ਪੰਥ ਪ੍ਰਸਿੱਧ ਰਾਗੀ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਅਤੇ ਭਾਈ ਮਨਿੰਦਰ ਸਿੰਘ ਦੇ ਰਾਗੀ ਜੱਥਿਆਂ ਵੱਲੋਂ ਵੀ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਦੌਰਾਨ ਅੰਮ੍ਰਿਤ ਸੰਚਾਰ ਵੀ ਕੀਤਾ ਜਾਵੇਗਾ।**

# MEDITATION AS PER GURMAT

**Kirpal Singh**
*Wellington, New Zealand*

Contemplation on Gurbani creates peace of mind in the first place by helping one to lose one's houmai and dubidha and not the other way around.

As the understanding of Gurbani grows, one goes gradually in to contemplative peaceful mood as explained in the Pauris on 'Khands' and four steps of Lavaan – leading to permanent bliss.

Guru Nanak jee admonishes us: Sikhee sikhiaa gur veecahaar.

ਸਿਖੀ ਸਿਖਿਆ ਗੁਰ ਵੀਚਾਰਿ ॥

(Raag Asa M. 1, GGS. 465-10).

Sikhee Sikhiaa Gur Veechaar ||

Contemplating the Guru, I have been taught these teachings;

ਨਦਰੀ ਕਰਮਿ ਲਘਾਏ ਪਾਰਿ ॥

Nadharee Karam Laghaaeae Paar ||

Granting His Grace, He carries His servants across.

We are asked here to reflect deeply on the Teachings of our Guru -Guru Granth Sahib and live by them. That is Sikhi or the Sikh faith GGS: 465

ਮਨਿ ਜੀਤੈ ਜਗੁ ਜੀਤੁ ॥

(Jap,Guru Nanak, GGS. 6-17).

Conquer your own mind, and conquer the world.

Gurabani asks us to examine the type of life we are leading Reflect or meditate on our flaws or vices and try to lead more truthful, contented lives . We have to acknowledge that we are filled with Five Vices or Five Destructive Emotions: Kaam-lust , excessive desire, Krodh-Anger, Wrath, Lobh-Greed, Avarice, Moh-Worldly love /attachment and Ahankaar - Ego , Pride. We need to reflect / meditate on how we can subdue them and inculcate virtues or spiritual qualities like Contentment, Truthfulness, Compassion etc.

Guru Ram Das JI tells us:-

ਕਾਮਿ ਕਰੋਧਿ ਨਗਰੁ ਬਹੁ ਭਰਿਆ
ਮਿਲਿ ਸਾਧੂ ਖੰਡਲ ਖੰਡਾ ਹੇ ॥

(Raag Gauri M. 4, GGS. 171-6)

Kaam Karodhh Nagar Bahu Bhariaa Mil Saadhhoo Khanddal Khanddaa Hae ||

The body (town) is filled with



lust and anger. By meeting the Holy Saint i.e. Guru,-cut these into pieces-i.e. overcome lust and anger and purify the mind.

To stress again, we need to meditate on our flaws, our vices with a view to be fully aware of them and tackle them to become better persons or Sachiaraa- True, Righteous. . You cannot overcome the destructive emotions till you subject them to rigorous and hawk like scrutiny through meditation every day.Guru Nanak Sahib tells in Mool Mantar to contemplate (JAP) on: – 'Aad sach jugad sach, hebi sach Nanak hosi bhi sach' .

The entire Gurbani in essence proclaims: –

ਸਾਸਿ ਸਾਸਿ ਸਿਮਰਹੁ ਗੋਬਿੰਦ ॥
ਮਨ ਅੰਤਰ ਕੀ ਉਤਰੈ ਚਿੰਦ ॥

(Raag Gauri M. 5, GGS. 295-4).

With each and every breath, stay in remembrance on the Lord of the Universe with Divine Gratitude; And the anxiety within your mind shall depart.

The brand of meditation that some are promoting (Harvard Style, Kundalini, Yoga or rest) without contemplating on Truth is just short lived hoax and is just waste of breath and time spent in looking for stillness of mind – and it is anti-Gurmat.

Bhagat Namdev Ji gives his perception of Meditation in the following Sabd in Guru Granth Sahib:-

ਤੀਰਥ ਦੇਖਿ ਨ ਜਲ ਮਹਿ ਪੈਸਉ
ਜੀਅ ਜੰਤ ਨ ਸਤਾਵਉਗੋ ॥

(Raag Raamkali Bhagat Namdev, GGS. 973-3).

I do not go to see sacred shrines of pilgrimage, or bathe in their waters; I do not bother any beings or creatures.

ਅਠਸਠਿ ਤੀਰਥ ਗੁਰੂ ਦਿਖਾਏ
ਘਟ ਹੀ ਭੀਤਰਿ ਨ੍ਹਾਉਗੋ ॥੩॥

The Guru has shown me the sixty-eight places of pilgrimage within my own heart, where I now take my cleansing bath. ||3||

………..

ਸਬਦਿ ਅਤੀਤ ਅਨਾਹਦਿ ਰਾਤਾ– Bhagat Nam Deo Ji relates his state of spiritual awakening by imbibing in the spirit of Sabd.

Bhagat Ji claims a Sehaj Awastha and as a result he does not feel the need for a traditional holy pilgrimage or wondering to sixty eight holy places for his salvation.

ਬੇਦ ਪੁਰਾਨ ਸਾਸਤ੍ਰ ਆਨੰਤਾ ਗੀਤ ਕਬਿਤ ਨ ਗਾਵਉਗੋ ॥ ਅਖੰਡ ਮੰਡਲ ਨਿਰੰਕਾਰ ਮਹਿ ਅਨਹਦ ਬੇਨੁ ਬਜਾਵਉਗੋ ॥੧॥

There are countless Vedas, Puraanas and Shaastras; I do not sing their songs and hymns. In the imperishable realm of the Formless Lord, I play the flute of the unstruck sound current. ||1||

ਬੈਰਾਗੀ ਰਾਮਹਿ ਗਾਵਉਗੋ ॥ ਸਬਦਿ ਅਤੀਤ ਅਨਾਹਦਿ ਰਾਤਾ ਆਕੁਲ ਕੈ ਘਰਿ ਜਾਉਗੋ ॥੧॥ ਰਹਾਉ ॥

Becoming detached, I sing the Lord's Praises. Imbued with the unattached, unstruck Word of the Sbad, I shall go to the home of the Lord, who has no ancestors. ||1||Pause||

Kabir Ji advises:-

- ਮਨੁ ਜੀਤੇ ਜਗੁ ਜੀਤਿਆ ਜਾਂ ਤੇ ਬਿਖਿਆ ਤੇ ਹੋਇ ਉਦਾਸੁ ॥੨॥

(Raag Maaroo Bhagat Kabir, GGS. 1103-7).

Man Jeethae Jag Jeethiaa Jaan Thae Bikhiaa Thae Hoe Oudhaas ||2||

Conquering the mind, one conquers the world, and then remains detached from corruption. ||2||

ਅੰਜਨੁ ਦੇਇ ਸਭੈ ਕੋਈ
ਟੁਕੁ ਚਾਹਨ ਮਾਹਿ ਬਿਡਾਨੁ ॥

Anjan Dhaee Sabhai Koee Ttuk Chaahan Maahi Biddaan ||

They all apply make-up to their eyes; there is little difference between their objectives.

I have tried the so called Meditation – stilling of mind in sitting in secluded places and in prescribed poses. But it did not work in my case.

However, when I contemplate on the following, I feel peaceful and feel like repeating again and again as a Nit-nem/Meditation:-

1. Pauris on Khands in Jap Ji Sahib (3 minutes) - Guru Nanak Dev Ji
2. Bani of Lavaan (3 minutes), - Guru Ram Dass Ji and
3. 1st & 2nd Ashtpadi of Sukhmani Sahib (8 minutes) - Guru Arjan Dev Ji

My meditation lasts for less than15 minutes or so – be in a room,walking in a park or waiting to see my GP or waiting for food in a restaurant, travelling in a car, bus or by an aeroplane…….. (I have a multiple recording of these three portions of Banis, which on playing moves me in to a meditative mood).

Would the members of Sikh Sangat and other members like to try thisout for a month or so for positive results to go into a meditative mood?

Finally, a message of advice from Guru Nanak Sahib:-

ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ ॥ Jap, Guru Nanak, GGS. 2-12).

Math Vich Rathan Javaahar Maanik Jae Eik Gur Kee Sikh Sunee ||

Within the mind are gems, jewels and rubies, if you listen to the Guru's Teachings, even once.

ਗੁਰਾ ਇਕ ਦੇਹਿ ਬੁਝਾਈ ॥

Guraa Eik Dhaehi Bujhaaee ||

The Guru has given me this one understanding:

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੬॥

Sabhanaa Jeeaa Kaa Eik Dhaathaa So Mai Visar N Jaaee ||6||

There is only the One, the Giver of all souls. May I never forget Him! ||6||